

# Moving to Indiana?

Contact Ray Dhaliwal @ 317-993-4987

*Ray Dhaliwal*
*Real Estate Broker*

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Helpful in Easy and Accessible Home Loans at low Interest Rates.

CENTURY 21 SCHEETZ
RAYD@C21Scheetz.com



Twenty First Year of Publication | *ਨਿਊ ਯਾਰਕ ਐਡੀਸ਼ਨ* | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 45, November 7, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਐਤਕੀਂ ਰਾਸ਼ਟਰਪਤੀ ਦੀ ਚੋਣ ਦਾ ਪੇਚ ਫਸਿਆ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਡੈਮੋਕ੍ਰੈਟਿਕ ਉਮੀਦਵਾਰ ਜੋਅ ਬਾਇਡਨ ਵਿਚਾਲੇ ਵ੍ਹਾਈਟ ਹਾਊਸ ਜਿੱਤਣ ਲਈ ਲੱਗੀ ਦੌੜ ਦਾ ਪੇਚ ਫਸਦਾ ਲੱਗਦਾ ਹੈ। ਡੋਨਲਡ ਟਰੰਪ ਕਿਸੇ ਵੀ ਹਾਲ ਵਿਚ ਵ੍ਹਾਈਟ ਹਾਊਸ ਛੱਡਣ ਲਈ ਤਿਆਰ ਨਹੀਂ ਅਤੇ ਉਨ੍ਹਾਂ ਨੇ ਵੋਟਾਂ ਦੀ ਗਿਣਤੀ ਵਿਚ ਧੋਖਾ ਹੋਣ ਦਾ ਦਾਅਵਾ ਕਰਦਿਆਂ ਸੁਪਰੀਮ ਕੋਰਟ ਦਾ ਰੁਖ ਕਰ ਲਿਆ ਹੈ। ਉਨ੍ਹਾਂ ਇਸ ਚੋਣ ਨੂੰ ਹੀ 'ਅਮਰੀਕੀ ਲੋਕਾਂ ਨਾਲ ਧੋਖਾ ਕਰਾਰ ਦਿੱਤਾ ਹੈ। ਉਧਰ, ਬਾਇਡਨ ਨੇ ਕਿਹਾ ਹੈ ਕਿ ਚੋਣਾਂ ਬਾਰੇ ਅਦਾਲਤੀ ਕਾਰਵਾਈ ਲਈ ਉਨ੍ਹਾਂ ਦੀਆਂ ਕਾਨੂੰਨੀ ਟੀਮਾਂ ਤਿਆਰ ਹਨ।

ਕੁੱਲ 538 ਮੈਂਬਰੀ ਇਲੈਕਟੋਰਲ ਕਾਲਜ ਵਿਚੋਂ ਰਾਸ਼ਟਰਪਤੀ ਚੋਣਾਂ ਦੇ ਜੇਤੂ ਨੂੰ ਘੱਟੋ-ਘੱਟ 270 ਵੋਟਾਂ ਹਾਸਲ ਕਰਨੀਆਂ ਲਾਜ਼ਮੀ ਹਨ। ਕੁੱਲ 50 ਵਿਚੋਂ 45 ਸਟੇਟਾਂ ਦੇ ਨਤੀਜੇ ਸਪਸ਼ਟ ਹੋਣ ਤੋਂ ਬਾਅਦ ਡੈਮੋਕ੍ਰੈਟਿਕ ਆਗੂ ਜੋਅ ਬਾਇਡਨ 270 ਵੋਟਾਂ ਦੇ ਜਾਦੂਈ ਅੰਕੜੇ ਦੇ ਨੇੜੇ (264) ਪੁੱਜ ਗਏ ਹਨ ਅਤੇ ਉਨ੍ਹਾਂ ਦੇ ਵਿਰੋਧੀ ਡੋਨਲਡ ਟਰੰਪ ਨੂੰ 214 ਵੋਟਾਂ ਮਿਲੀਆਂ ਹਨ। ਇਸ ਤੋਂ ਪਹਿਲਾਂ ਬਾਇਡਨ ਨੇ ਕੈਲੀਫੋਰਨੀਆ (55 ਵੋਟਾਂ), ਵਾਸ਼ਿੰਗਟਨ (12), ਓਰੇਗਨ (7), ਐਰੀਜ਼ੋਨਾ (11), ਨਿਊ ਮੈਕਸੀਕੋ (5), ਕੋਲੋਰਾਡੋ (9), ਮਿਨੇਸੋਟਾ (10), ਮਿਸ਼ੀਗਨ (16), ਵਿਸਕੌਨਸਨ (10), ਇਲੀਨਾਏ (20), ਨਿਊ ਯਾਰਕ (29), ਵਰਮੌਂਟ (3), ਨਿਊ ਹੈਂਪਸ਼ਾਇਰ (4), ਮੈਨੇ (3), ਮੈਸਾਚੂਸੈੱਟਸ (11), ਕੁਨੈਕਟੀਕੱਟ (7), ਰ੍ਹੋਡ ਆਈਲੈਂਡ (4), ਨਿਊ ਜਰਸੀ (14), ਡੈਲਾਵਰੇ (3), ਮੇਰੀਲੈਂਡ (10), ਵਿਰਜੀਨੀਆ (13), ਹਵਾਈ (4) ਸਟੇਟ ਜਿੱਤ ਲਏ। ਟਰੰਪ ਨੇ ਇਡਾਹੋ (4), ਮੌਨਟਾਨਾ (3), ਵਿਓਮਿੰਗ (3), ਊਟਾਹ (6), ਨਾਰਥ ਡਕੋਟਾ (3), ਸਾਊਥ ਡਕੋਟਾ (3), ਨੈਬਰਾਸਕਾ (3), ਕੈਨਸਾਸ (6), ਓਕਲਹੋਮਾ (7), ਟੈਕਸਾਸ (38), ਲੂਸੀਆਨਾ (8), ਆਰਕੈਨਸਾਸ (6), ਮਿਜ਼ੂਰੀ (10), ਆਇਓਵਾ (6), ਮਿਸੀਸਿਪੀ (6), ਅਲਬਾਮਾ (9), ਟੈਨੇਸੀ (11), ਕੈਂਟਕੀ (8), ਇੰਡੀਆਨਾ (11), ਓਹਾਇਓ (18), ਵੈਸਟ ਵਿਰਜੀਨੀਆ (5), ਫਲੋਰਿਡਾ (29), ਸਾਊਥ ਕੈਰੋਲਾਈਨਾ (9) ਵਿਚ ਜਿੱਤ ਹਾਸਲ ਕਰ ਲਈ। ਅਲਾਸਕਾ, ਨੇਵਾਡਾ, ਜਾਰਜੀਆ, ਨਾਰਥ ਕੈਰੋਲਾਈਨਾ ਤੇ ਪੈਨਸਿਲਵੇਨੀਆ ਦੇ ਨਤੀਜੇ ਅਜੇ ਆਉਣੇ ਹਨ।



*ਜੋਅ ਬਾਇਡਨ* | *ਡੋਨਲਡ ਟਰੰਪ*

ਜੋਅ ਬਾਇਡਨ ਅਮਰੀਕੀ ਰਾਸ਼ਟਰਪਤੀ ਚੋਣ ਦੇ ਇਤਿਹਾਸ ਵਿਚ ਸਭ ਤੋਂ ਵੱਧ ਵੋਟਾਂ ਨਾਲ ਜੇਤੂ ਉਮੀਦਵਾਰ ਹੋਣਗੇ। ਇਸ ਚੋਣ ਵਿਚ ਬਾਇਡਨ ਨੂੰ 7 ਕਰੋੜ ਤੋਂ ਵੱਧ ਵੋਟਾਂ ਪ੍ਰਾਪਤ ਹੋਈਆਂ ਹਨ। ਇਸ ਤੋਂ ਪਹਿਲਾਂ ਇਹ ਰਿਕਾਰਡ ਬਰਾਕ ਓਬਾਮਾ ਦੇ ਨਾਮ ਸੀ ਜਿਸ ਨੇ 2008 ਦੀਆਂ ਚੋਣਾਂ ਵਿੱਚ 6 ਕਰੋੜ 94 ਲੱਖ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ ਸਨ। ਬਾਇਡਨ ਨੇ ਟਰੰਪ ਦੇ ਖਾਤੇ ਵਿਚ ਰਹੇ ਮਿਸ਼ੀਗਨ ਵਿਚ ਵੀ ਜਿੱਤ ਪ੍ਰਾਪਤ ਕੀਤੀ।

ਇਸੇ ਦੌਰਾਨ ਡੈਮੋਕ੍ਰੈਟਿਕ ਪਾਰਟੀ ਦੇ ਚਾਰੇ ਭਾਰਤੀ-ਅਮਰੀਕੀ ਕਾਨੂੰਨਸਾਜ਼ ਡਾ. ਅਮੀ ਬੇਰਾ, ਪ੍ਰਮਿਲਾ ਜੈਪਾਲ, ਰੋ ਖੰਨਾ ਅਤੇ ਰਾਜਾ ਕ੍ਰਿਸ਼ਨਾਮੂਰਤੀ ਮੁੜ ਅਮਰੀਕਾ ਦੇ ਹਾਊਸ ਆਫ ਰੀਪ੍ਰਜ਼ੈਂਟੇਟਿਵਜ਼ (ਹੇਠਲੇ ਸਦਨ) ਲਈ ਚੋਣ ਜਿੱਤ ਗਏ ਹਨ। ਕ੍ਰਿਸ਼ਨਾਮੂਰਤੀ ਵਲੋਂ ਇਨ੍ਹਾਂ ਭਾਰਤੀ-ਅਮਰੀਕੀ ਕਾਨੂੰਨਸਾਜ਼ਾਂ ਦੇ ਗੈਰ-ਰਸਮੀ ਸਮੂਹ ਨੂੰ 'ਸਮੋਸਾ ਕਾਕਸ' ਦਾ ਨਾਂ ਦਿੱਤਾ ਗਿਆ ਸੀ। ਰਾਜਾ ਕ੍ਰਿਸ਼ਨਾਮੂਰਤੀ (47) ਨੇ ਕੁੱਲ ਵੋਟਾਂ ਵਿਚੋਂ ਕਰੀਬ 71 ਫੀਸਦ ਵੋਟਾਂ ਪ੍ਰਾਪਤ ਕਰਕੇ ਲਿਬਰਟੇਰੀਅਨ ਪਾਰਟੀ ਦੇ ਪ੍ਰੈਸਟਨ ਨੈਲਸਨ (30) ਨੂੰ ਆਸਾਨੀ ਨਾਲ ਮਾਤ ਦਿੱਤੀ ਹੈ। ਰੋ ਖੰਨਾ (44) ਨੇ ਰਿਪਬਲਿਕਨ ਪਾਰਟੀ ਦੇ ਭਾਰਤੀ-ਅਮਰੀਕੀ ਉਮੀਦਵਾਰ ਰਿਤੇਸ਼ ਟੰਡਨ (48) ਨੂੰ ਕੈਲੀਫੋਰਨੀਆ ਦੇ 17ਵੇਂ ਚੁਣਾਵੀ ਜ਼ਿਲ੍ਹੇ ਵਿਚ 50 ਫੀਸਦ ਤੋਂ ਵੱਧ ਅੰਕਾਂ ਦੇ ਫਰਕ ਨਾਲ ਅਸਾਨੀ ਨਾਲ ਹਰਾਇਆ। ਇਹ ਉਨ੍ਹਾਂ ਦੀ ਲਗਾਤਾਰ ਤੀਜੀ ਵਾਰ ਜਿੱਤ ਹੈ।

ਡਾ. ਅਮੀ ਬੇਰਾ (55) ਨੇ ਕੈਲੀਫੋਰਨੀਆ

*(ਬਾਕੀ ਸਫਾ 6 ਉਤੇ)*

## ਮੋਦੀ ਸਰਕਾਰ ਦੀ ਅੜੀ ਕਾਰਨ ਤਲਖੀ ਵਧਣ ਲੱਗੀ

**ਚੰਡੀਗੜ੍ਹ:** ਕੇਂਦਰ ਸਰਕਾਰ ਦੀ ਅੜੀ ਕਾਰਨ ਪੰਜਾਬ ਵਿਚ ਖੇਤੀ ਕਾਨੂੰਨਾਂ ਵਿਰੁਧ ਵਿੱਢਿਆ ਸੰਘਰਸ਼ ਟਕਰਾਅ ਵਾਲੇ ਪਾਸੇ ਵਧ ਰਿਹਾ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਅਤੇ ਸਿਆਸੀ ਧਿਰਾਂ ਵਲੋਂ ਦਿੱਲੀ ਉਤੇ ਚੜ੍ਹਾਈ ਦਾ ਐਲਾਨ ਸਪਸ਼ਟ ਸੰਕੇਤ ਦਿੰਦਾ ਹੈ ਕਿ ਪਿਛਲੇ ਡੇਢ ਮਹੀਨੇ ਤੋਂ ਪੰਜਾਬ ਵਿਚ ਸ਼ਾਂਤੀ ਨਾਲ ਰੋਸ ਮੁਜ਼ਾਹਰੇ ਕਰ ਰਹੀਆਂ ਸੰਘਰਸ਼ੀ ਜਥੇਬੰਦੀਆਂ ਨੇ ਹੁਣ ਕੇਂਦਰ ਨਾਲ ਸਿੱਧਾ ਮੱਥਾ ਲਾਉਣ ਦੀ ਰਣਨੀਤੀ ਬਣਾ ਲਈ ਹੈ। ਇਥੋਂ ਤੱਕ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਪੰਜਾਬ ਤੋਂ ਕੇਂਦਰ ਨੂੰ ਚਿੱਠੀਆਂ ਪਾਉਣ ਦੀ ਥਾਂ ਦਿੱਲੀ ਵਿਚ ਮੋਰਚਾ ਸੰਭਾਲ ਲਿਆ ਹੈ। ਕੈਪਟਨ ਨੇ ਭਾਜਪਾ ਦੇ ਕੌਮੀ ਪ੍ਰਧਾਨ ਨੂੰ ਪੱਤਰ ਲਿਖ ਕੇ ਸਾਫ ਆਖ ਦਿੱਤਾ ਹੈ ਕਿ ਕੇਂਦਰ ਦੀ ਅੜੀ ਪੰਜਾਬ ਵਿਚ ਮੁੜ ਕਾਲਾ ਦੌਰ ਲਿਆ ਸਕਦੀ ਹੈ।

ਯਾਦ ਰਹੇ ਕਿ ਕਿਸਾਨ ਜਥੇਬੰਦੀਆਂ ਤੇ ਪੰਜਾਬ ਦੀਆਂ ਸਿਆਸੀ ਧਿਰਾਂ ਪਿਛਲੇ ਡੇਢ ਮਹੀਨੇ ਤੋਂ ਕੇਂਦਰ ਸਰਕਾਰ ਤੋਂ ਮਸਲੇ ਦਾ ਗੱਲਬਾਤ ਨਾਲ ਹੱਲ ਕੱਢਣ ਦੀ ਆਸ ਲਾਈ ਬੈਠੀਆਂ ਹਨ ਪਰ ਕੇਂਦਰ ਦੀ ਭਾਜਪਾ ਸਰਕਾਰ ਹਮੇਸ਼ਾ ਟਕਰਾਅ ਵਾਲਾ ਮਾਹੌਲ ਬਣਾਉਣ ਵਾਲੇ ਪਾਸੇ ਚੱਲੀ। ਹੁਣ ਪੰਜਾਬ ਦੀ ਵਿੱਤੀ ਘੇਰਾਬੰਦੀ ਨੂੰ ਮੋਦੀ ਸਰਕਾਰ ਦੀ ਅਖੀਰ ਮੰਨ ਸੰਘਰਸ਼ੀ ਜਥੇਬੰਦੀਆਂ ਦਾ ਪਾਰਾ ਚੜ੍ਹਿਆ ਹੋਇਆ ਹੈ। ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਦੀ ਅਗਵਾਈ ਵਿਚ 22 ਸੂਬਿਆਂ ਦੀਆਂ 346 ਕਿਸਾਨ ਜਥੇਬੰਦੀਆਂ ਵਲੋਂ ਵਿਖਾਇਆ ਏਕਾ ਕੇਂਦਰ ਦੀ ਜੜ੍ਹਾਂ ਹਿਲਾਉਣ ਵਾਲਾ ਜਾਪ ਰਿਹਾ ਹੈ।


ਉਧਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਾਲ ਗੱਡੀਆਂ ਨਾ ਚੱਲਣ ਕਰ ਕੇ ਸੂਬੇ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਡਾ ਨੂੰ ਖੁੱਲ੍ਹਾ ਪੱਤਰ ਲਿਖਿਆ ਹੈ, ਜਿਸ ਵਿਚ ਉਨ੍ਹਾਂ ਨੇ ਅਸਰ ਪੰਜਾਬ ਤੋਂ ਇਲਾਵਾ ਜੰਮੂ ਕਸ਼ਮੀਰ ਅਤੇ ਲੱਦਾਖ 'ਤੇ ਵੀ ਪਵੇਗਾ, ਜਿਥੇ ਸਾਡੀਆਂ ਸੈਨਾਵਾਂ ਸਰਹੱਦਾਂ ਉਤੇ ਮੌਜੂਦ ਹਨ। ਵੱਡੀਆਂ ਕੰਪਨੀਆਂ ਨਾਲ ਜੁੜੇ ਅਦਾਰਿਆਂ ਸਾਹਮਣੇ ਲਗਾਏ ਧਰਨਿਆਂ ਨਾਲ ਜਿਥੇ ਕੰਮ ਰੁਕ ਗਿਆ ਹੈ, ਉਥੇ ਟੋਲ ਪਲਾਜ਼ਿਆਂ 'ਤੇ ਲਗਾਏ ਧਰਨਿਆਂ ਦੇ ਟੋਲ ਮੁਕਤ ਹੋਣ ਨਾਲ ਨਿੱਤ ਦਿਨ ਸਰਕਾਰ ਅਤੇ ਕੰਪਨੀਆਂ ਨੂੰ ਕਰੋੜਾਂ

*(ਬਾਕੀ ਸਫਾ 6 ਉਤੇ)*

## ਸਿਆਸੀ ਵਿਰੋਧੀਆਂ ਨੂੰ ਕੈਪਟਨ 'ਤੇ ਸ਼ੱਕ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਵੇਂ ਖੇਤੀ ਕਾਨੂੰਨਾਂ ਖਿਲਾਫ ਅੱਗੇ ਹੋ ਕੇ ਲੜਾਈ ਲੜਨ ਦੇ ਦਾਅਵੇ ਕਰ ਰਹੇ ਹਨ ਪਰ ਪੰਜਾਬ ਵਿਚ ਸਿਆਸੀ ਵਿਰੋਧੀਆਂ ਨੂੰ ਉਨ੍ਹਾਂ ਦੀ ਨੀਅਤ ਉਤੇ ਸ਼ੱਕ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾਅਵਾ ਕਰ ਰਹੇ ਹਨ ਕਿ ਕੈਪਟਨ ਸਰਕਾਰ ਮਿਲੀਭੁਗਤ ਨਾਲ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਕੇ ਰਾਜ ਦਾ ਵੱਡਾ ਨੁਕਸਾਨ ਕਰ ਰਹੀ ਹੈ। ਕੈਪਟਨ ਸਰਕਾਰ ਵਲੋਂ ਖੇਤੀ ਕਾਨੂੰਨਾਂ ਖਿਲਾਫ ਲਿਆਂਦੇ ਬਿੱਲਾਂ ਨੂੰ ਪਰਦੇ ਪਿੱਛੇ ਕਿਸਾਨਾਂ ਨਾਲ ਵੱਡਾ ਧੋਖਾ ਮੰਨਿਆ ਜਾ ਰਿਹਾ ਹੈ। ਆਮ ਆਦਮੀ ਪਾਰਟੀ (ਆਪ) ਅਤੇ ਅਕਾਲੀ ਦਲ ਦਾ ਸਵਾਲ ਹੈ ਕਿ ਕੈਪਟਨ, ਮੋਦੀ ਨਾਲ ਸਿੱਧੀ ਗੱਲ ਕਰਨ ਦੀ ਥਾਂ ਕਦੇ ਭਾਜਪਾ ਪ੍ਰਧਾਨ ਨੂੰ ਚਿੱਠੀਆਂ ਪਾ ਰਹੇ ਹਨ ਤੇ ਕਦੇ ਰਾਸ਼ਟਰਪਤੀ ਅੱਗੇ ਮੁਲਾਕਾਤ ਦੇ ਤਰਲੇ ਲੈ ਰਹੇ ਹਨ।


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832

**Ad Space Available**

Please call
Ph: 847-359-0746



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਮੋਦੀ ਸਰਕਾਰ ਦੇ ਨਵੇਂ ਆਰਡੀਨੈਂਸ ਨੇ ਕਿਸਾਨੀ ਸੰਘਰਸ਼ ਹੋਰ ਭਖਾਇਆ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਤੋਂ ਬਾਅਦ ਹੁਣ ਕੇਂਦਰ ਸਰਕਾਰ ਵੱਲੋਂ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਜਾਰੀ ਨਵੇਂ ਆਰਡੀਨੈਂਸ ਨੇ ਕਿਸਾਨਾਂ ਵਿਚ ਰੋਹ ਭਖਾ ਦਿੱਤਾ ਹੈ। ਕਿਸਾਨ ਧਿਰਾਂ ਨੇ ਇਸ ਆਰਡੀਨੈਂਸ ਨੂੰ ਨਵਾਂ ਕੇਂਦਰੀ ਹੱਲਾ ਦੱਸਿਆ ਹੈ। ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ੀ ਮੈਦਾਨ ਵਿਚ ਬੈਠੇ ਕਿਸਾਨ ਨਵੇਂ ਆਰਡੀਨੈਂਸ ਨੂੰ ਜਖਮਾਂ ਉਤੇ ਲੂਣ ਪਾਉਣ ਦੀ ਕਾਰਵਾਈ ਦੱਸ ਰਹੇ ਹਨ।

ਦੱਸਣਯੋਗ ਹੈ ਕਿ ਨਵੇਂ ਆਰਡੀਨੈਂਸ ਨੂੰ ਪੰਜਾਬ, ਹਰਿਆਣਾ, ਦਿੱਲੀ ਅਤੇ ਯੂਪੀ ਵਿਚ ਫੌਰੀ ਪ੍ਰਭਾਵ ਤੋਂ ਲਾਗੂ ਕੀਤਾ ਗਿਆ ਹੈ ਜਿਸ ਵਿਚ ਪੰਜ ਸਾਲ ਦੀ ਕੈਦ ਅਤੇ ਇਕ ਕਰੋੜ ਰੁਪਏ ਦੇ ਜਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਨੇ ਕੇਂਦਰ ਸਰਕਾਰ ਵਲੋਂ ਪਾਸ ਤਾਜ਼ਾ ਹਵਾ ਪ੍ਰਦੂਸ਼ਣ ਰੋਕਣ ਲਈ ਬਣਾਏ ਆਰਡੀਨੈਂਸ ਦਾ ਸਖਤ ਵਿਰੋਧ ਕਰਦਿਆਂ ਕਿਹਾ ਹੈ ਕਿ ਇਹ ਨਵਾਂ ਕਾਨੂੰਨ ਪਹਿਲਾਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਵਾਂਗ ਹੀ ਗੈਰ-ਲੋਕਤੰਤਰੀ, ਰਾਜਾਂ ਦੇ ਅਧਿਕਾਰਾਂ ਉਤੇ ਛਾਪਾ ਮਾਰਨ ਵਾਲਾ ਤੇ ਕਿਸਾਨ ਵਿਰੋਧੀ ਹੈ।

ਕਮੇਟੀ ਨੇ ਦੋਸ਼ ਲਾਇਆ ਹੈ ਕਿ ਇਹ ਕਾਨੂੰਨ ਪਾਸ ਕਰ ਕੇ ਕੇਂਦਰ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਗਈ ਹੈ ਤੇ ਰਾਜ ਸਰਕਾਰਾਂ ਨੂੰ ਹੁਕਮ ਜਾਰੀ ਕਰਨ ਲਈ ਕਮਿਸ਼ਨ ਨੂੰ ਅਧਿਕਾਰ ਦੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸੁਪਰੀਮ ਕੋਰਟ ਦੁਆਰਾ ਨਿਯੁਕਤ ਕਮੇਟੀ ਨਹੀਂ ਚਾਹੁੰਦੀ ਜਿਸ ਨਾਲ ਕੇਂਦਰ ਸਰਕਾਰ ਵੀ ਜੁਆਬਦੇਹ ਹੁੰਦੀ ਹੈ, ਕਮੇਟੀ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਕਮਿਸ਼ਨ ਨੂੰ ਇਕ ਸੁਪਰ ਅਥਾਰਟੀ ਵਜੋਂ ਸਥਾਪਤ ਕਰ ਦਿੱਤਾ ਹੈ ਜਿਸ ਦੇ ਹੁਕਮ ਪੰਜਾਬ, ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਉੱਪਰ ਲਾਗੂ ਹੋਣਗੇ। ਕਮਿਸ਼ਨ ਨੂੰ ਕਿਸੇ ਵੀ ਵਿਅਕਤੀ, ਅਧਿਕਾਰੀ ਜਾਂ ਅਥਾਰਟੀ ਨੂੰ ਹੁਕਮ ਜਾਰੀ ਕਰਨ ਦੀਆਂ ਤਾਕਤਾਂ ਦਿੱਤੀਆਂ ਹਨ, ਕਮੇਟੀ ਨੇ ਹਵਾ ਪ੍ਰਦੂਸ਼ਣ ਲਈ ਸਿੱਧਾ ਇਕੱਲੇ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜਦਕਿ ਸੁਪਰੀਮ ਕੋਰਟ ਨੇ ਝੋਨੇ ਦੀ ਪਰਾਲੀ ਦੇ ਪ੍ਰਬੰਧ ਲਈ ਕਿਸਾਨਾਂ ਨੂੰ ਬਦਲ ਮੁਹੱਈਆ ਕਰਨ ਦਾ ਆਦੇਸ਼ ਦਿੱਤਾ ਹੈ ਤੇ ਅਦਾਲਤ ਵਲੋਂ ਨਿਰਦੇਸ਼ਾਂ ਦੇ ਬਾਵਜੂਦ ਲੋੜੀਂਦੀ ਵਿੱਤੀ ਸਹਾਇਤਾ ਵੀ ਪ੍ਰਦਾਨ ਨਹੀਂ ਕੀਤੀ। ਹੁਣ ਜਦੋਂ ਉਚ ਅਦਾਲਤ ਨੇ ਇਸ ਦੀ ਘੋਖ ਕਰਨ ਲਈ ਇਕ ਮੈਂਬਰ ਕਮੇਟੀ ਨਿਯੁਕਤ ਕੀਤੀ ਹੈ ਤਾਂ ਇਸ ਕਾਰਵਾਈ ਨੂੰ ਰੋਕਣ ਲਈ ਜਲਦਬਾਜ਼ੀ 'ਚ ਆਰਡੀਨੈਂਸ ਜਾਰੀ ਕਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਅਸਲ ਮੁੱਦਿਆਂ ਨੂੰ ਹੱਲ ਕਰਨ 'ਚ ਮਦਦ ਕਰਨ ਦੀ ਬਜਾਏ ਕਿਸਾਨਾਂ ਨੂੰ ਜੇਲ੍ਹਾਂ 'ਚ ਸੁੱਟਣ ਦਾ ਕਾਨੂੰਨ ਬਣਾ ਦਿੱਤਾ ਹੈ।

ਕੇਂਦਰ ਸਰਕਾਰ ਨੇ ਪ੍ਰਦੂਸ਼ਣ ਦਾ ਹੱਲ ਲੱਭਣ ਦੀ ਥਾਂ ਜ਼ਿਆਦਤੀ ਵਾਲਾ ਰਾਹ ਫੜਿਆ ਹੈ। ਲੋੜ ਇਸ ਗੱਲ ਦੀ ਸੀ ਕਿ ਪਰਾਲੀ ਦੇ ਪ੍ਰਬੰਧਨ ਲਈ ਲੋੜੀਂਦੇ ਬਦਲ ਪੇਸ਼ ਕੀਤੇ ਜਾਂਦੇ ਅਤੇ ਵਿੱਤੀ ਮਦਦ ਕਿਸਾਨਾਂ ਨੂੰ ਦਿੱਤੀ ਜਾਂਦੀ। ਪੰਜਾਬ ਵਿਚ ਅੱਜ ਟੌਲ ਪਲਾਜ਼ਿਆਂ ਅਤੇ ਰਿਲਾਇੰਸ ਪੰਪਾਂ ਤੋਂ ਇਲਾਵਾ ਦੋ ਦਰਜਨ ਰੇਲਵੇ ਸਟੇਸ਼ਨਾਂ 'ਤੇ ਬੈਠੇ ਕਿਸਾਨਾਂ ਦੇ ਇਕੱਠਾਂ ਵਿਚ ਇਸ ਨਵੇਂ ਆਰਡੀਨੈਂਸ ਦੀ ਗੂੰਜ ਪੈਂਦੀ ਰਹੀ। ਕਿਸਾਨਾਂ ਨੇ ਇਸ ਨਵੇਂ ਆਰਡੀਨੈਂਸ ਲਈ ਕੇਂਦਰ ਸਰਕਾਰ ਦੀ ਬਦਲਾ ਲਊ ਭਾਵਨਾ ਨੂੰ ਜ਼ਿੰਮੇਵਾਰ ਠਹਿਰਾਇਆ।

ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਦਾ ਪ੍ਰਦੂਸ਼ਣ ਸਿਰਫ 15 ਦਿਨਾਂ ਲਈ ਹੁੰਦਾ ਹੈ ਜੋ ਕਿ ਸਿਰਫ 6 ਫੀਸਦੀ ਬਣਦਾ ਹੈ। ਉਨ੍ਹਾਂ ਤਰਕ ਦਿੱਤਾ ਕਿ ਪੂਰਾ ਸਾਲ ਕਿਸਾਨਾਂ ਦੀਆਂ ਫਸਲਾਂ ਬਾਕੀ ਪ੍ਰਦੂਸ਼ਣ ਨੂੰ ਕਾਟ ਕਰਨ ਲਈ ਆਕਸੀਜਨ ਦਿੰਦੀਆਂ ਹਨ। ਕੇਂਦਰ ਸਰਕਾਰ ਨੇ ਨਿਸ਼ਾਨਾ ਇਕੱਲੇ ਕਿਸਾਨਾਂ ਨੂੰ ਬਣਾਇਆ ਹੈ, ਜਦਕਿ ਖੇਤੀ ਦਾ ਸਿਰਫ 6 ਫੀਸਦ ਪ੍ਰਦੂਸ਼ਣ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਮੁਆਵਜ਼ਾ ਦੇਣ ਤੋਂ ਭੱਜ ਗਈ ਹੈ ਅਤੇ ਉਲਟਾ ਕੈਦ ਤੇ ਜਰਮਾਨੇ ਵਾਲਾ ਰਾਹ ਫੜ ਲਿਆ ਹੈ।




### ਨਾਦਰਸ਼ਾਹੀ ਫੈਸਲੇ ਥੋਪ ਰਹੀ ਹੈ ਮੋਦੀ ਸਰਕਾਰ: ਢੀਂਡਸਾ

**ਲਹਿਰਾਗਾਗਾ:** ਅਕਾਲੀ ਦਲ ਡੈਮੋਕ੍ਰੈਟਿਕ ਦੇ ਸੀਨੀਅਰ ਆਗੂ ਅਤੇ ਹਲਕਾ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਪੰਜਾਬ ਦੇ ਲੋਕਾਂ ਅਤੇ ਕਿਸਾਨਾਂ ਉਤੇ ਨਾਦਰਸ਼ਾਹੀ ਫੈਸਲੇ ਥੋਪ ਰਹੀ ਹੈ। ਖੇਤੀ ਵਿਰੋਧੀ ਕਾਨੂੰਨਾਂ ਮਗਰੋਂ ਕੇਂਦਰ ਵੱਲੋਂ ਪ੍ਰਦੂਸ਼ਣ ਸਬੰਧੀ ਇਕ ਕਰੋੜ ਦੇ ਜੁਰਮਾਨੇ ਵਾਲਾ ਕਿਸਾਨ ਵਿਰੋਧੀ ਆਰਡੀਨੈਂਸ ਜਾਰੀ ਕਰ ਦਿੱਤਾ ਗਿਆ ਹੈ। ਢੀਂਡਸਾ ਨੇ ਹਲਕੇ ਦੀਆਂ ਅਨਾਜ ਮੰਡੀਆਂ ਦਾ ਦੌਰਾ ਕਰਨ ਮੌਕੇ ਗੱਲਬਾਤ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਲਏ ਫੈਸਲੇ ਮੁਤਾਬਕ ਪਰਾਲੀ ਨੂੰ ਅੱਗ ਨਾ ਲਗਾਉਣ ਬਦਲੇ ਪੰਜਾਬ ਸਰਕਾਰ ਕਿਸਾਨਾਂ ਨੂੰ 3 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇ, ਮਸ਼ੀਨਰੀ ਉਤੇ ਸਬਸਿਡੀ ਦੇਵੇ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਕਦੇ ਨਹੀਂ ਮੰਨੇਗਾ।

### ਮਾਲ ਗੱਡੀਆਂ ਦਾ ਮਸਲਾ ਸੁਲਝਾਇਆ ਜਾਵੇ: ਕੈਪਟਨ

**ਚੰਡੀਗੜ੍ਹ:** ਕਿਸਾਨਾਂ ਵਲੋਂ ਰੇਲ ਰੋਕਾਂ ਹਟਾਉਣ ਦੇ ਬਾਵਜੂਦ ਰੇਲਵੇ ਦੁਆਰਾ ਮਾਲ ਗੱਡੀਆਂ ਦੀ ਆਵਾਜਾਈ ਮੁਅੱਤਲ ਰੱਖਣ ਉਤੇ ਚਿੰਤਾ ਜ਼ਾਹਰ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਜੇ.ਪੀ. ਨੱਢਾ ਨੂੰ ਖੁੱਲ੍ਹਾ ਪੱਤਰ ਲਿਖ ਕੇ ਇਸ ਮਸਲੇ ਨੂੰ ਸਮੂਹਿਕ ਇੱਛਾ ਅਤੇ ਸੂਝ-ਬੂਝ ਨਾਲ ਸੁਲਝਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਮਸਲੇ ਨੂੰ ਨਾ ਸੁਲਝਾਇਆ ਗਿਆ ਤਾਂ ਨਾ ਸਿਰਫ ਪੰਜਾਬ ਲਈ ਸਗੋਂ ਲੱਦਾਖ ਅਤੇ ਕਸ਼ਮੀਰ 'ਚ ਤਾਇਨਾਤ ਹਥਿਆਰਬੰਦ ਸੈਨਾਵਾਂ ਸਮੇਤ ਸਮੁੱਚੇ ਮੁਲਕ ਲਈ ਖਤਰਨਾਕ ਸਿੱਟੇ ਨਿਕਲ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਨਾਜ਼ੁਕ ਪਲ 'ਚ ਸਾਨੂੰ ਸਾਰਿਆਂ ਨੂੰ ਆਪਣੇ ਸਿਆਸੀ ਹਿੱਤਾਂ ਨੂੰ ਅੱਗੇ ਵਧਾਉਣ ਦੀ ਬਜਾਏ ਅਜਿਹੀ ਕਿਸੇ ਵੀ ਲਾਲਸਾ ਨੂੰ ਲਾਂਭੇ ਕਰ ਦੇਣਾ ਚਾਹੀਦਾ ਹੈ।

## –ਧਰਨਿਆਂ 'ਚ ਮੌਤਾਂ–
## ਕਿਸਾਨ ਸੰਘਰਸ਼ ਅੱਗੇ ਝੁਕੀ ਸਰਕਾਰ

**ਮਾਨਸਾ:** ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਦੇ ਝੰਡੇ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦਾ ਮੁਕੰਮਲ ਘਿਰਾਓ ਕਰ ਕੇ ਪੱਕੇ ਮੋਰਚੇ ਉਤੇ ਡਟੇ ਕਿਸਾਨਾਂ ਦਾ ਸੰਘਰਸ਼ ਜੇਤੂ ਹੋ ਨਿੱਬੜਿਆ। ਜ਼ਿਲ੍ਹਾ ਪ੍ਰਸ਼ਾਸਨ ਨੇ ਕਿਸਾਨ ਜਥੇਬੰਦੀਆਂ ਨਾਲ ਮੀਟਿੰਗਾਂ ਕਰ ਕੇ ਧਰਨਾਕਾਰੀਆਂ ਦੀਆਂ ਮੰਗਾਂ ਪ੍ਰਵਾਨ ਕਰਦਿਆਂ ਪਰਿਵਾਰਾਂ ਨੂੰ ਪੰਜ-ਪੰਜ ਲੱਖ ਦੇ ਚੈੱਕ ਧਰਨਾ ਸਥਾਨਾਂ ਉਤੇ ਜਾ ਕੇ ਸੌਂਪੇ ਅਤੇ ਬਾਕੀ ਦੇ ਪੰਜ-ਪੰਜ ਲੱਖ ਮ੍ਰਿਤਕਾਂ ਦੇ ਅੰਤਿਮ ਅਰਦਾਸ ਸਮਾਗਮ 'ਚ ਦੇਣ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਪ੍ਰਸ਼ਾਸਨ ਨੇ ਦੋਵਾਂ ਪਰਿਵਾਰਾਂ ਦੇ ਇਕ-ਇਕ ਜੀਅ ਨੂੰ ਸਰਕਾਰੀ ਨੌਕਰੀ ਅਤੇ ਕਰਜ਼ਾ ਮੁਆਫੀ ਲਈ ਕੇਸ ਬਣਾ ਕੇ ਸਰਕਾਰ ਨੂੰ ਭੇਜਣ ਦਾ ਭਰੋਸਾ ਦਿੱਤਾ।

ਜ਼ਿਕਰਯੋਗ ਹੈ ਕਿ ਮਾਤਾ ਤੇਜ ਕੌਰ 9 ਅਕਤੂਬਰ ਨੂੰ ਬੁਢਲਾਡਾ ਰੇਲਵੇ ਸਟੇਸ਼ਨ ਉਤੇ ਧਰਨੇ ਦੌਰਾਨ ਪੈਰ ਤਿਲਕਣ ਕਾਰਨ ਰੇਲ ਪਟੜੀ 'ਤੇ ਡਿੱਗ ਪਈ ਸੀ, ਜਿਸ ਕਾਰਨ ਉਸ ਦੀ ਮੌਕੇ ਉਤੇ ਮੌਤ ਹੋ ਗਈ ਸੀ। ਉਸ ਦਿਨ ਤੋਂ ਮਾਤਾ ਦੀ ਦੇਹ ਬੁਢਲਾਡਾ ਦੇ ਸਰਕਾਰੀ ਹਸਪਤਾਲ ਵਿਚ ਰੱਖੀ ਹੋਈ ਸੀ। ਕਿਸਾਨ ਜਥੇਬੰਦੀ ਵੱਲੋਂ 13 ਅਕਤੂਬਰ ਤੋਂ ਡੀਸੀ ਦਫਤਰ ਦਾ ਘਿਰਾਓ ਅਤੇ ਡੀਸੀ ਦੀ ਰਿਹਾਇਸ਼ ਅੱਗੇ ਧਰਨਾ ਦਿੱਤਾ ਜਾ ਰਿਹਾ ਸੀ, ਜੋ ਸਮਝੌਤੇ ਮਗਰੋਂ ਖਤਮ ਹੋ ਗਿਆ। ਜ਼ਿਕਰਯੋਗ ਹੈ ਕਿ ਕਿਸਾਨ ਮੇਘ ਰਾਜ ਨਾਗਰੀ ਦੀ 9 ਅਕਤੂਬਰ ਨੂੰ ਬੇਨੜਾ ਰਿਲਾਇੰਸ ਪੰਪ ਅੱਗੇ ਧਰਨੇ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ।

# ਖੇਤੀ ਕਾਨੂੰਨ: ਲੋਕ ਰੋਹ ਦੇ ਡਰੋਂ ਵਿਚਾਲੇ ਲਟਕੀ ਭਾਜਪਾ ਦੀ ਜਾਗਰੂਕ ਮੁਹਿੰਮ

**ਜਲੰਧਰ:** ਕੇਂਦਰੀ ਖੇਤੀ ਕਾਨੂੰਨਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪੰਜਾਬ ਭਾਜਪਾ ਦੇ ਆਗੂਆਂ ਦੀ ਪੈਂਫਲੇਟ ਵੰਡਣ ਦੀ ਯੋਜਨਾ ਸਿਰੇ ਨਹੀਂ ਚੜ੍ਹ ਰਹੀ ਹੈ। ਭਾਜਪਾ ਆਗੂ ਵਿਰੋਧ ਦੇ ਡਰੋਂ ਖੇਤੀ ਕਾਨੂੰਨ ਪੱਖੀ ਪੈਂਫਲੇਟ ਵੰਡਣ ਤੋਂ ਕੰਨੀ ਕਤਰਾ ਰਹੇ ਹਨ।

ਦੱਸ ਦਈਏ ਕਿ ਭਾਜਪਾ ਹਾਈਕਮਾਨ ਨੇ ਪੰਜਾਬ ਦੇ ਆਗੂਆਂ ਦੀ ਡਿਊਟੀ ਲਗਾਈ ਹੈ ਕਿ ਖੇਤੀ ਕਾਨੂੰਨਾਂ ਦੇ ਹੱਕ ਵਿਚ ਪ੍ਰਚਾਰ ਕੀਤਾ ਜਾਵੇ। ਉਧਰ, ਮਾਲ ਗੱਡੀਆਂ ਬੰਦ ਕਰਨ, ਹਵਾ ਪ੍ਰਦੂਸ਼ਣ ਬਾਰੇ ਸਖਤ ਕਾਨੂੰਨ ਬਣਾਉਣ ਕਰਕੇ ਕਿਸਾਨਾਂ 'ਚ ਰੋਹ ਹੋਰ ਵਧਿਆ ਹੋਇਆ ਹੈ। ਜਿਸ ਨੂੰ ਵੇਖ ਕੇ ਪੰਜਾਬ ਭਾਜਪਾ ਆਗੂ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਬਣਾਏ ਪੈਂਫਲੇਟ ਵੰਡਣੇ ਤੋਂ ਟਲ ਰਹੇ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪਾਰਟੀ ਆਗੂਆਂ ਦੀ ਮੀਟਿੰਗ ਵਿਚ ਕਿਸਾਨਾਂ ਨੂੰ ਕੇਂਦਰੀ ਖੇਤੀ ਕਾਨੂੰਨਾਂ ਨੂੰ ਉਨ੍ਹਾਂ ਦੇ ਹੱਕ ਬਾਰੇ ਜਾਗਰੂਕ ਕਰਨ ਲਈ ਪੈਂਫਲੇਟ ਜਾਰੀ ਕੀਤੇ ਸਨ।

ਪੰਜਾਬ ਭਾਜਪਾ ਨੇ ਇਹ ਪੈਂਫਲੇਟ ਪੇਂਡੂ ਹਲਕਿਆਂ ਵਿਚ ਵੰਡਣੇ ਸਨ। 8 ਲੱਖ ਪੰਜਾਬੀ ਭਾਸ਼ਾ ਅਤੇ 2 ਲੱਖ ਪੈਂਫਲੇਟ ਹਿੰਦੀ ਭਾਸ਼ਾ ਵਿਚ ਛਪਵਾਏ ਗਏ ਸਨ। ਹਿੰਦੀ 'ਚ ਛਪਵਾਏ ਪੈਂਫਲੇਟ ਮਾਲਵਾ ਖੇਤਰ ਵਿਚ ਵੰਡੇ ਜਾਣੇ ਸਨ। ਕੁਝ ਇਲਾਕਿਆਂ ਨੂੰ ਛੱਡ ਕੇ ਤਾਂ ਇਹ ਪੈਂਫਲੇਟ ਵੰਡਣ ਦੀ ਭਾਜਪਾ ਆਗੂ ਹਿੰਮਤ ਨਹੀਂ ਕਰ ਸਕੇ ਹਨ। ਚਰਚਾ ਤਾਂ ਇਹ ਵੀ ਕਈ ਆਗੂਆਂ ਨੇ ਤਾਂ ਇਨ੍ਹਾਂ ਪੈਂਫਲੇਟਾਂ ਦੀ ਬਿਲਕੁਲ ਵੰਡ ਨਹੀਂ ਕੀਤੀ ਹੈ ਤੇ ਪੇਂਡੂ ਹਲਕਿਆਂ ਦੇ ਕਈ ਆਗੂ ਤਾਂ ਸ਼ਹਿਰ ਵਿਚ ਪ੍ਰਚਾਰ ਕਰਦੇ ਨਜ਼ਰ ਆ ਰਹੇ ਹਨ। ਕਈ ਭਾਜਪਾ ਆਗੂਆਂ ਨੂੰ ਪੈਂਫਲੇਟ ਪੇਂਡੂ ਹਲਕਿਆਂ 'ਚ ਵੰਡਣ ਲਈ ਕਿਹਾ ਸੀ ਪਰ ਕਈ ਤਾਂ ਪੇਂਡੂ ਹਲਕਿਆਂ ਵਿਚ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨ ਦੀ ਜਗ੍ਹਾ ਸੋਸ਼ਲ ਮੀਡੀਆ ਉਤੇ ਹੀ ਕਿਸਾਨਾਂ ਨੂੰ ਖੇਤੀ ਕਾਨੂੰਨਾਂ ਬਾਰੇ ਜਾਣਕਾਰੀ ਦਿੰਦੇ ਨਜ਼ਰ ਆ ਰਹੇ ਹਨ।

## ਭਾਜਪਾ ਯੂਥ ਜਨਰਲ ਸਕੱਤਰ ਨੇ ਅਸਤੀਫਾ ਦਿੱਤਾ

**ਬਠਿੰਡਾ:** ਭਾਜਪਾ ਪੰਜਾਬ ਦੇ ਯੂਥ ਜਨਰਲ ਸਕੱਤਰ ਬਰਿੰਦਰ ਸਿੰਘ ਸੰਧੂ ਨੇ ਖੇਤੀ ਕਾਨੂੰਨਾਂ ਖਿਲਾਫ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ।

ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਭਾਜਪਾ ਪੰਜਾਬ ਯੂਥ ਦੇ ਪ੍ਰਧਾਨ ਭਾਨੂ ਪ੍ਰਤਾਪ ਰਾਣਾ ਨੂੰ ਭੇਜੇ ਪੱਤਰ ਵਿਚ ਉਨ੍ਹਾਂ ਕਿਹਾ ਹੈ ਕਿ ਮੌਜੂਦਾ ਹਾਲਾਤ ਵਿਚ ਕਿਸਾਨ ਯੂਨੀਅਨਾਂ, ਆੜ੍ਹਤੀਆਂ, ਛੋਟੇ ਵਪਾਰੀ ਅਤੇ ਮਜ਼ਦੂਰ ਵਰਗ ਕੇਂਦਰ ਵੱਲੋਂ ਪਾਸ ਕੀਤੇ ਖੇਤੀਬਾੜੀ ਕਾਨੂੰਨਾਂ ਵਿਰੁੱਧ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮੌਜੂਦਾ ਹਾਲਾਤ ਨੂੰ ਵੇਖਦਿਆਂ ਉਹ ਭਾਜਪਾ ਪੰਜਾਬ ਯੂਥ ਜਨਰਲ ਸੱਕਤਰ ਅਤੇ ਪਾਰਟੀ ਤੋਂ ਅਸਤੀਫਾ ਦੇ ਰਹੇ ਹਨ।

## ਪੰਜਾਬ ਸਰਕਾਰ ਕੋਲ ਸੂਬੇ ਅੰਦਰ ਨਵੀਆਂ ਮੰਡੀਆਂ ਬਣਾਉਣ ਦਾ ਅਧਿਕਾਰ

**ਲੁਧਿਆਣਾ:** ਪੰਜਾਬ ਨੂੰ ਇਕ ਮੰਡੀ ਬਣਾਏ ਜਾਣ ਦਾ ਮਾਮਲਾ ਪਿਛਲੇ ਸਮੇਂ ਕਾਫੀ ਚਰਚਾ ਵੀ ਚੱਲ ਰਿਹਾ ਹੈ ਪਰ ਪੰਜਾਬ ਸਰਕਾਰ ਕੋਲ ਪਹਿਲਾਂ ਹੀ ਰਾਜ ਅੰਦਰ ਕਿਸੇ ਵੀ ਥਾਂ ਉਤੇ ਨਵੀਂ ਮੰਡੀ ਬਣਾਉਣ ਦਾ ਅਧਿਕਾਰ ਹੈ, ਜਿਸ ਕਰਕੇ ਹੁਣ ਸਾਰੇ ਪੰਜਾਬ ਨੂੰ ਮੰਡੀ ਐਲਾਨੇ ਜਾਣ ਦਾ ਬਿੱਲ ਲਿਆਉਣ ਦੀ ਕੋਈ ਤੁਕ ਨਹੀਂ ਹੈ।

ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਕੋਲ ਇਹ ਅਧਿਕਾਰ ਹੈ ਕਿ ਉਹ ਪੰਜਾਬ ਅੰਦਰ ਲੋੜ ਪੈਣ ਉਤੇ ਕਿਸੇ ਵੀ ਥਾਂ 'ਤੇ ਆਰਜ਼ੀ ਮੰਡੀ, ਖਰੀਦ ਕੇਂਦਰ ਜਾਂ ਫੜ੍ਹ ਬਣਾ ਸਕਦੀ ਹੈ, ਜਿਸ ਤਹਿਤ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵਲੋਂ ਮੰਡੀ ਬੋਰਡ ਨਾਲ ਰਾਬਤਾ ਕਾਇਮ ਕਰਕੇ ਨਵੀਂ ਮੰਡੀ, ਫੜ੍ਹ ਜਾਂ ਖਰੀਦ ਕੇਂਦਰ ਬਣਾਉਣ ਦਾ ਮਤਾ ਪਾਸ ਕਰ ਦਿੱਤਾ ਜਾਂਦਾ ਹੈ। ਪੰਜਾਬ ਸਰਕਾਰ ਵਲੋਂ ਇਸੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਪੰਜਾਬ ਵਿਚਲੀਆਂ 1872 ਦਾਣਾ ਮੰਡੀ ਤੇ ਖਰੀਦ ਕੇਂਦਰਾਂ ਦੀ ਝੋਨੇ ਦੇ ਚਾਲੂ ਸੀਜ਼ਨ ਵਿਚ ਗਿਣਤੀ ਵਧਾ ਕੇ 4400 ਦੇ ਕਰੀਬ ਕਰ ਦਿੱਤੀ ਗਈ ਹੈ। ਕਰੋਨਾ ਮਹਾਂਮਾਰੀ ਕਰਕੇ ਕਿਸਾਨਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਆਪਣੀ ਜਿਣਸ ਵੇਚਣ ਦੀ ਸਹੂਲਤ ਦੇਣ ਲਈ ਸ਼ੈਲਰਾਂ, ਮੈਰਿਜ ਪੈਲੇਸਾਂ, ਖਾਲੀ ਸਰਕਾਰੀ ਥਾਵਾਂ ਨੂੰ ਮੰਡੀ ਐਲਾਨਿਆ ਗਿਆ ਸੀ, ਜਿਸ ਸਬੰਧੀ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਅਤੇ ਮੰਡੀ ਬੋਰਡ ਵਲੋਂ ਬਕਾਇਦਾ ਨੋਟੀਫਿਕੇਸ਼ਨ ਕੀਤਾ ਗਿਆ ਸੀ।

# ਕਿਸਾਨਾਂ ਨੂੰ ਵਿਆਜ ਮੁਆਫੀ 'ਚੋਂ ਬਾਹਰ ਰੱਖਣ ਖਿਲਾਫ ਰੋਹ ਭਖਿਆ

**ਚੰਡੀਗੜ੍ਹ:** ਕਰੋਨਾ ਕਾਲ ਦੌਰਾਨ ਕਿਸਾਨਾਂ ਨੂੰ ਕਰਜ਼ੇ ਉਤੇ ਵਿਆਜ ਮੁਆਫੀ ਵਿਚੋਂ ਬਾਹਰ ਰੱਖਣਾ ਦਾ ਮਾਮਲਾ ਭਖ ਗਿਆ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਤੇ ਕਿਸਾਨ ਜਥੇਬੰਦੀਆਂ ਨੇ ਇਸ ਨੂੰ ਮੋਦੀ ਸਰਕਾਰ ਦੀ ਬਦਲਾ-ਲਊ ਨੀਤੀ ਤੋਂ ਪ੍ਰੇਰਿਤ ਫੈਸਲਾ ਦੱਸਿਆ ਹੈ।

ਦੱਸ ਦਈਏ ਕਿ ਵਿੱਤ ਮੰਤਰਾਲੇ ਨੇ ਸਾਫ ਕਰ ਦਿੱਤਾ ਹੈ ਕਿ ਖੇਤੀਬਾੜੀ ਅਤੇ ਇਸ ਨਾਲ ਸਬੰਧਤ ਹੋਰਨਾਂ ਸਰਗਰਮੀਆਂ ਲਈ ਲਏ ਕਰਜ਼ੇ ਪਿਛਲੇ ਹਫਤੇ ਸਰਕਾਰ ਵੱਲੋਂ ਐਲਾਨੀ ਵਿਆਜ 'ਤੇ ਵਿਆਜ ਮੁਆਫੀ ਸਕੀਮ ਦੇ ਯੋਗ ਨਹੀਂ ਹਨ। ਲਿਹਾਜ਼ਾ ਕਿਸਾਨਾਂ, ਜਿਨ੍ਹਾਂ ਨੇ ਖੇਤੀ ਕੰਮਾਂ ਜਾਂ ਟਰੈਕਟਰਾਂ ਜਾਂ ਹੋਰ ਸੰਦਾਂ ਲਈ ਕਰਜ਼ੇ ਲਏ ਹਨ, ਨੂੰ ਇਸ ਸਕੀਮ ਦਾ ਲਾਭ ਨਹੀਂ ਮਿਲੇਗਾ। ਹਾਲਾਂਕਿ ਕਿਸਾਨ ਜਥੇਬੰਦੀਆਂ ਸਵਾਲ ਕਰ ਰਹੀਆਂ ਹਨ ਕਿ ਕਿਸਾਨਾਂ ਨੂੰ ਕਰੋਨਾ ਮਹਾਮਾਰੀ ਕਾਰਨ ਪਏ ਮਾਰੂ ਅਸਰ ਤੋਂ ਕਿਸ ਆਧਾਰ ਉਤੇ ਬਾਹਰ ਰੱਖ ਕੇ ਰਾਹਤ ਦੇਣ ਤੋਂ ਵਾਂਝਾ ਕੀਤਾ ਜਾ ਰਿਹਾ ਹੈ।

ਚੇਤੇ ਰਹੇ ਕਿ ਸਰਕਾਰ ਨੇ ਪਿਛਲੇ ਦਿਨੀਂ ਦੋ ਕਰੋੜ ਰੁਪਏ ਤੱਕ ਦੇ ਕਰਜ਼ਿਆਂ ਉਤੇ ਵਿਆਜ 'ਤੇ ਵਿਆਜ ਮੁਆਫ ਕਰਨ ਦਾ ਐਲਾਨ ਕੀਤਾ ਸੀ, ਪਰ ਵਿੱਤ ਮੰਤਰਾਲੇ ਸਪਸ਼ਟ ਕਰ ਦਿੱਤਾ ਕਿ ਇਹ ਰਾਹਤ ਖੇਤੀਬਾੜੀ ਜਾਂ ਟਰੈਕਟਰਾਂ ਲਈ ਕਰਜ਼ਿਆਂ ਉਪਰ ਲਾਗੂ ਨਹੀਂ ਹੋਵੇਗੀ। ਸੁਪਰੀਮ ਕੋਰਟ ਦੀਆਂ ਹਦਾਇਤਾਂ ਉਤੇ ਐਲਾਨੀ ਵਿਆਜ 'ਤੇ ਵਿਆਜ ਮੁਆਫੀ ਸਕੀਮ ਨਾਲ ਸਰਕਾਰੀ ਖਜ਼ਾਨੇ 'ਤੇ 6500 ਕਰੋੜ ਰੁਪਏ ਦਾ ਬੋਝ ਪਏਗਾ। ਸਕੀਮ ਦਾ ਉਨ੍ਹਾਂ ਕਰਜ਼ਦਾਰਾਂ ਨੂੰ ਵੀ ਲਾਹਾ ਮਿਲੇਗਾ, ਜਿਨ੍ਹਾਂ ਨੇ ਮੋਰਾਟੋਰੀਅਮ ਸਕੀਮ ਦਾ ਲਾਭ ਨਾ ਲੈਂਦਿਆਂ ਕਰਜ਼ੇ ਦੀਆਂ ਕਿਸ਼ਤਾਂ ਦੀ ਅਦਾਇਗੀ ਨੂੰ ਜਾਰੀ ਰੱਖਿਆ।

ਵਿਭਾਗ ਨੇ ਕਿਹਾ ਕਿ ਸਕੀਮ ਤਹਿਤ ਯੋਗ ਕਰਜ਼ਦਾਰਾਂ ਜਿਨ੍ਹਾਂ ਦਾ 29 ਫਰਵਰੀ 2020 ਤੱਕ ਕਰਜ਼ਾ ਬਕਾਇਆ 2 ਕਰੋੜ ਰੁਪਏ ਤੋਂ ਵੱਧ ਦਾ ਨਹੀਂ ਹੋਵੇਗਾ, ਉਨ੍ਹਾਂ ਨੂੰ ਛੇ ਮਹੀਨਿਆਂ (1 ਮਾਰਚ ਤੋਂ 31 ਅਗਸਤ 2020) ਦੇ ਅਰਸੇ ਲਈ ਚੱਕਰਵਰਤੀ ਵਿਆਜ ਤੇ ਸਾਧਾਰਨ ਵਿਆਜ ਵਿਚਲਾ ਫਰਕ, ਐਕਸਗ੍ਰੇਸ਼ੀਆ ਵਜੋਂ ਅਦਾ ਕੀਤਾ ਜਾਵੇਗਾ। ਵਿੱਤ ਮੰਤਰਾਲੇ ਮੁਤਾਬਕ ਯੋਗ ਕਰਜ਼ਦਾਰਾਂ ਦੇ ਖਾਤਿਆਂ ਵਿਚ ਬਣਦੇ ਐਕਸਗ੍ਰੇਸ਼ੀਆ ਦੀ ਅਦਾਇਗੀ ਦੀਵਾਲੀ ਤੋਂ ਕਿਤੇ ਪਹਿਲਾਂ 5 ਨਵੰਬਰ ਤੱਕ ਕਰ ਦਿੱਤੀ ਜਾਵੇਗੀ। ਮਕਾਨ ਕਰਜ਼ਾ, ਸਿੱਖਿਆ ਕਰਜ਼ਾ, ਕਰੈਡਿਟ ਕਾਰਡ ਬਕਾਇਆ, ਵਾਹਨ ਕਰਜ਼ੇ, ਐਮ. ਐਸ. ਐਮ.ਈ. ਕਰਜ਼ੇ, ਕੰਜ਼ਿਊਮਰ ਡਿਊਰੇਬਲ ਕਰਜ਼ੇ ਤੇ ਖਪਤ ਵਾਲੀਆਂ ਵਸਤਾਂ ਲਈ ਕਰਜ਼ਾ ਲੈਣ ਵਾਲਿਆਂ ਨੂੰ ਇਸ ਸਕੀਮ ਦਾ ਲਾਭ ਮਿਲੇਗਾ।

ਵਿੱਤ ਮੰਤਰਾਲੇ ਨੇ ਇਸ ਮਸਲੇ ਬਾਰੇ ਸਾਫ ਕਿਹਾ ਕਿ ਕਰਜ਼ਦਾਰਾਂ ਨੂੰ 29 ਫਰਵਰੀ ਤੱਕ ਕਰੈਡਿਟ ਕਾਰਡ 'ਤੇ ਬਕਾਏ ਲਈ ਵੀ ਇਸ ਯੋਜਨਾ ਦਾ ਲਾਭ ਮਿਲੇਗਾ। ਐਫ.ਏ.ਕਿਊਜ਼. ਵਿਚ ਕਿਹਾ ਗਿਆ ਹੈ ਕਿ ਇਸ ਰਾਹਤ ਲਈ ਬੈਂਚਮਾਰਕ ਦਰ ਕਰਾਰ ਦੀ ਦਰ ਹੋਵੇਗੀ, ਜਿਸ ਦਾ ਇਸਤੇਮਾਲ ਕਰੈਡਿਟ ਕਾਰਡ ਜਾਰੀ ਕਰਤਾ ਵਲੋਂ ਈ.ਐਮ.ਆਈ. ਕਰਜ਼ਿਆਂ ਲਈ ਕੀਤਾ ਜਾਂਦਾ ਹੈ। ਸਕੀਮ ਤਹਿਤ ਕਰਜ਼ੇ ਦੇਣ ਵਾਲੀਆਂ ਸਾਰੀਆਂ ਸੰਸਥਾਵਾਂ ਯੋਗ ਕਰਜ਼ਦਾਰਾਂ ਨੂੰ ਚੱਕਰਵਰਤੀ ਵਿਆਜ ਤੇ ਸਾਧਾਰਨ ਵਿਆਜ ਵਿਚਲਾ ਫਰਕ ਉਨ੍ਹਾਂ ਦੇ ਖਾਤਿਆਂ ਵਿਚ ਤਬਦੀਲ ਕਰਨਗੀਆਂ। ਕਰਜ਼ਦਾਰਾਂ ਨੇ ਆਰ.ਬੀ.ਆਈ. ਵੱਲੋਂ 27 ਮਾਰਚ 2020 ਨੂੰ ਐਲਾਨੀ ਕਰਜ਼ਾ ਮੋਰਾਟੋਰੀਅਮ ਸਕੀਮ ਦਾ ਜੇਕਰ ਮੁਕੰਮਲ ਜਾਂ ਆਰਜ਼ੀ ਫਾਇਦਾ ਲਿਆ ਹੈ ਤਾਂ ਵੀ ਉਨ੍ਹਾਂ ਦੇ ਖਾਤੇ ਵਿਚ ਉਪਰੋਕਤ ਰਾਸ਼ੀ ਤਬਦੀਲ ਕੀਤੀ ਜਾਵੇਗੀ।

### ਵਿਆਜ ਮੁਆਫੀ ਦੇ ਫੈਸਲੇ ਨੂੰ ਵਾਪਸ ਕਰਵਾਉਣ ਮੋਦੀ: ਸੁਖਬੀਰ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਖੇਤੀਬਾੜੀ ਕਰਜ਼ਿਆਂ 'ਤੇ ਪਿਛਲੇ ਛੇ ਮਹੀਨਿਆਂ ਦੇ ਵਿਆਜ ਉਤੇ ਵਿਆਜ ਮੁਆਫ ਨਾ ਕਰਨ ਦੇ ਵਿਤਕਰੇ ਭਰਪੂਰ ਫੈਸਲੇ 'ਚ ਦਖਲ ਦੇ ਕੇ ਵਿੱਤ ਮੰਤਰਾਲੇ ਨੂੰ ਇਹ ਫੈਸਲਾ ਵਾਪਸ ਲੈਣ ਦੀ ਹਦਾਇਤ ਕਰਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਫਸਲੀ ਅਤੇ ਸਹਾਇਕ ਗਤੀਵਿਧੀਆਂ ਲਈ ਲਏ ਕਰਜ਼ਿਆਂ ਨੂੰ ਮੁਆਫ ਕਰਨ ਦੀ ਥਾਂ ਵਿਆਜ ਮੁਆਫੀ ਦੇਣ ਤੋਂ ਵੀ ਮੂੰਹ ਮੋੜ ਲਿਆ ਹੈ। ਪ੍ਰਧਾਨ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਫਰਮਾਨ ਵੀ ਕਿਸਾਨਾਂ ਵਾਸਤੇ ਮੁਸ਼ਕਲਾਂ ਪੈਦਾ ਕਰਨ ਵਾਲਾ ਹੈ।

# ਬਜੁਰਗਾਂ ਦੀਆਂ ਪੱਗਾਂ ਨੇ ਬਚਾਈ ਦੋ ਕੁੜੀਆਂ ਦੀ ਜਾਨ

**ਕੈਲਗਰੀ, ਕੈਨੇਡਾ (ਸੁਖਵੀਰ ਗਰੇਵਾਲ):** ਪੰਜਾਬੀਆਂ ਦੇ ਸਿਰ ਦੀ ਸ਼ਾਨ ਪੱਗ ਦੀ ਦੇਸ਼-ਵਿਦੇਸ਼ ਵਿਚ ਪੈਂਦੀ ਗੂੰਜ ਤਾਂ ਤੁਸੀਂ ਸੁਣੀ ਹੀ ਹੋਵੇਗੀ, ਪਰ ਕੈਨੇਡਾ ਦੇ ਸ਼ਹਿਰ ਕੈਲਗਰੀ ਵਿਚ ਵਾਪਰੀ ਘਟਨਾ ਬਾਰੇ ਸੁਣ ਕੇ ਪੱਗ ਬੰਨ੍ਹਣ ਤੇ ਪੱਗ ਦਾ ਸਤਿਕਾਰ ਕਰਨ ਵਾਲਿਆਂ ਦੇ ਮਨਾਂ ਵਿਚ ਪੱਗ ਬਾਰੇ ਸਤਿਕਾਰ ਹੋਰ ਵੀ ਵੱਧ ਜਾਵੇਗਾ। ਨਾਰਥ-ਈਸਟ ਵਿਚ 60 ਸਟਰੀਟ 'ਤੇ ਪੈਂਦੇ ਇੱਕ ਝੀਲ ਨੁਮਾ ਛੱਪੜ ਵਿਚ ਡੁੱਬ ਰਹੀਆਂ ਦੋ ਜਵਾਨ ਕੁੜੀਆਂ ਦੀ ਜਾਨ ਰਾਹਗੀਰ ਪੱਗ ਦੀ ਮਦਦ ਨਾਲ ਬਚਾਉਣ ਵਿਚ ਸਫਲ ਰਹੇ।

ਕੈਲਗਰੀ ਵਿਚ ਮੌਸਮ ਖੁਸ਼ਗਵਾਰ ਹੋਣ ਕਾਰਨ ਲੋਕ ਇਸ ਜਗ੍ਹਾ 'ਤੇ ਟਹਿਲ ਰਹੇ ਸਨ ਕਿ ਉਨ੍ਹਾਂ ਕੁੜੀਆਂ ਦੀਆਂ ਚੀਕਾਂ ਸੁਣੀਆਂ। ਇਹ ਚੀਕਾਂ ਉਨ੍ਹਾਂ ਕੁੜੀਆਂ ਦੀਆਂ ਸਨ, ਜੋ ਠੰਢੇ ਪਾਣੀ ਵਿਚ ਡੁੱਬ ਰਹੀਆਂ ਸਨ ਤੇ ਬਚਾਓ ਲਈ ਗੁਹਾਰ ਪਾ ਰਹੀਆਂ ਸਨ।

ਜ਼ਿਕਰਯੋਗ ਹੈ ਕਿ ਇਸ ਥਾਂ ਪੰਜਾਬੀ ਬਜੁਰਗ ਅਕਸਰ ਬੈਠਦੇ ਹਨ। ਉਨ੍ਹਾਂ ਬਜੁਰਗਾਂ ਨੇ ਕੁੜੀਆਂ ਦੀਆਂ ਚੀਕਾਂ ਸੁਣ ਕੇ ਪਾਈਪਾਂ ਪਾਣੀ ਵਿਚ ਸੁੱਟੀਆਂ, ਪਰ ਗੱਲ ਨਾ ਬਣਦੀ ਵੇਖ ਕੇ ਕਈ ਬਜੁਰਗਾਂ ਨੇ ਪੱਗਾਂ ਲਾਹ ਲਈਆਂ ਤੇ ਗੰਢਾਂ ਬੰਨ ਕੇ ਇੱਕ ਪੱਗ ਬਣਾ ਕੇ ਪਾਣੀ ਵਿਚ ਸੁੱਟੀ, ਜਿਸ ਦੀ ਮਦਦ ਨਾਲ ਇੱਕ ਕੁੜੀ ਬਾਹਰ ਆ ਗਈ ਤੇ ਦੂਜੀ ਨੂੰ ਵੀ ਇੱਕ ਰਾਹਗੀਰ ਨੇ ਬਚਾ ਲਿਆ। ਜਿੰਨੀ ਦੇਰ ਤੱਕ ਮੁਢਲੀ ਸਹਾਇਤਾ ਦੀ ਗੱਡੀ ਪੁੱਜਦੀ, ਬਜੁਰਗਾਂ ਨੇ ਕੁੜੀਆਂ ਨੂੰ ਬਚਾ ਲਿਆ ਸੀ। ਮੌਕੇ 'ਤੇ ਹਾਜ਼ਰ ਲੋਕਾਂ ਨੇ ਬਜੁਰਗਾਂ ਦੁਆਰਾ ਪੱਗਾਂ ਰਾਹੀਂ ਕੀਤੇ ਤੁਰੰਤ ਉਪਰਾਲੇ ਦੀ ਭਰਵੀਂ ਸ਼ਲਾਘਾ ਕੀਤੀ ਤੇ ਇਸ ਝੀਲ ਦੇ ਦੁਆਲੇ ਵਾੜ ਲਾਉਣ ਦੀ ਵੀ ਮੰਗ ਕੀਤੀ।

ਦੂਜੇ ਪਾਸੇ ਐਮਰਜੈਂਸੀ ਵਿਭਾਗ ਦੇ ਸਟੂਆਰਟ ਬਰਾਈਡਾਕਸ ਨੇ ਦੱਸਿਆ ਕਿ ਸਰਦੀ ਦੇ ਦਿਨਾਂ ਵਿਚ ਜਦੋਂ ਜੰਮਿਆ ਪਾਣੀ ਪਿਘਲ ਜਾਂਦਾ ਹੈ ਤਾਂ ਝੀਲਾਂ ਦੇ ਕਿਨਾਰੇ ਰਹਿੰਦੇ ਲੋਕਾਂ ਨੂੰ ਹੋਰ ਵੀ ਸੁਚੇਤ ਰਹਿਣ ਦੀ ਲੋੜ ਹੈ।

## ਸ਼ਾਸਨ ਵਿਵਸਥਾ ਵਿਚ ਪੰਜਾਬ ਦਾ ਪ੍ਰਦਰਸ਼ਨ ਔਸਤ

**ਨਵੀਂ ਦਿੱਲੀ:** ਸ਼ਾਸਨ ਤੇ ਵਿਵਸਥਾ ਦੇ ਮਾਮਲੇ ਵਿਚ ਪੰਜਾਬ ਦੇਸ਼ ਦੇ 18 ਵੱਡੇ ਰਾਜਾਂ ਵਿਚੋਂ ਅੱਠਵੇਂ ਨੰਬਰ ਉਤੇ ਹੈ ਜਦਕਿ ਗੁਆਂਢੀ ਰਾਜਸਥਾਨ 11ਵੇਂ ਅਤੇ ਹਰਿਆਣਾ 14ਵੇਂ ਨੰਬਰ ਉਤੇ ਹੈ। ਦੂਜੇ ਪਾਸੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇਸ਼ ਦੇ 7 ਕੇਂਦਰੀ ਸ਼ਾਸਿਤ ਪ੍ਰਦੇਸ਼ਾਂ 'ਚੋਂ ਪਹਿਲੇ ਨੰਬਰ ਉਤੇ ਹੈ। ਇਹ ਅੰਕੜੇ ਪਬਲਿਕ ਅਫੇਅਰ ਇੰਡੈਕਸ (ਸੀ.ਪੀ.ਏ.ਆਈ.) 2020 ਵਲੋਂ ਜਾਰੀ ਕੀਤੇ ਗਏ ਹਨ।

ਬੈਂਗਲੁਰੂ ਦੀ ਇਸ ਐਨ.ਜੀ.ਓ. ਵਲੋਂ ਜਿਸ ਦੀ ਪ੍ਰਧਾਨਗੀ ਇਸਰੋ ਦੇ ਸਾਬਕਾ ਮੁਖੀ ਕੇ. ਕਸਤੂਰੀਰੰਗਨ ਵਲੋਂ ਕੀਤੀ ਜਾ ਰਹੀ ਹੈ, ਰਾਜਾਂ ਦੀ ਸ਼ਾਸਨ ਵਿਵਸਥਾ, ਵਿਕਾਸ, ਬਰਾਬਰੀ ਆਦਿ ਹੋਰ ਸੂਚਕ ਅੰਕਾਂ ਨੂੰ ਲੈ ਕੇ ਇਹ ਅੰਕੜੇ 2016 ਤੋਂ ਹਰ ਸਾਲ ਜਾਰੀ ਕੀਤੇ ਜਾਂਦੇ ਹਨ। ਕੇਰਲ ਸਭ ਤੋਂ ਵੱਧ ਸੁਸ਼ਾਸਿਤ ਅਤੇ ਉਤਰ ਪ੍ਰਦੇਸ਼ ਸਭ ਤੋਂ ਵੱਧ ਕੁਸ਼ਾਸਨ ਵਾਲਾ ਸੂਬਾ ਹੈ। ਪੰਜਾਬ ਨੂੰ ਜਿਨ੍ਹਾਂ ਨੁਕਤਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਹਨ ਸਮਾਜਿਕ ਸੁਰੱਖਿਆ, ਸਰਕਾਰੀ ਸਕੀਮ ਲਾਗੂ ਕਰਨ 'ਚ ਢਿੱਲ ਤੇ ਜੰਗਲਾਤ ਸਬੰਧੀ ਮਾਮਲੇ।

# ਪੰਜਾਬ ਵਿਚ ਬਿਜਲੀ ਸੰਕਟ ਹੋਰ ਡੂੰਘਾ ਹੋਇਆ

**ਪਟਿਆਲਾ:** ਪੰਜਾਬ ਵਿਚ ਮਾਲ ਗੱਡੀਆਂ ਦੀ ਆਮਦ ਰੁਕਣ ਕਾਰਨ ਬਿਜਲੀ ਸੰਕਟ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਕੋਲੇ ਦੀ ਸੰਭਾਵੀ ਤੋਟ ਦੇ ਮੱਦੇਨਜ਼ਰ ਸੂਬੇ 'ਚ ਅਣ ਐਲਾਨੇ 'ਬਿਜਲੀ ਕੱਟ' ਲਾਉਣ ਦਾ ਅੰਦਰਖਾਤੇ ਫੈਸਲਾ ਲੈ ਲਿਆ ਹੈ। ਬਿਜਲੀ ਪੈਦਾਵਾਰ 'ਚ ਕਮੀ ਹੋਣ ਕਰਕੇ ਦਿਨ ਵੇਲੇ ਦੋ ਤੋਂ ਤਿੰਨ ਘੰਟੇ ਤੱਕ 'ਪਾਵਰ ਕੱਟ' ਲਾਏ ਜਾਣ ਦੀ ਨੌਬਤ ਆ ਸਕਦੀ ਹੈ। ਦੱਸਣਯੋਗ ਹੈ ਕਿ ਕਿਸਾਨ ਅੰਦੋਲਨ ਤੇ ਮਗਰੋਂ ਕੇਂਦਰ ਸਰਕਾਰ ਵੱਲੋਂ ਮਾਲ ਗੱਡੀਆਂ ਰੋਕਣ ਕਾਰਨ ਸੂਬੇ 'ਚ ਕਈ ਹਫਤੇ ਤੋਂ ਕੋਲੇ ਦੀ ਸਪਲਾਈ ਨਹੀਂ ਹੋ ਰਹੀ ਹੈ। ਇਸ ਕਾਰਨ ਸੂਬੇ ਦੇ ਥਰਮਲਾਂ 'ਚ ਕੋਲੇ ਦੀ ਵੱਡੀ ਤੋਟ ਪੈਦਾ ਹੋ ਗਈ ਹੈ।

ਸੂਬੇ ਦੀ ਬਿਜਲੀ ਮੰਗ ਦਾ ਵੱਡਾ ਭਾਰ ਬਿਜਲੀ ਖਰੀਦ ਸਮਝੌਤਿਆਂ ਦੇ ਸਿਰ ਹੈ। ਇਸ ਵੇਲੇ ਬਿਜਲੀ ਖਰੀਦ ਸਮਝੌਤਿਆਂ ਤੋਂ 4341 ਮੈਗਾਵਾਟ ਬਿਜਲੀ ਪ੍ਰਾਪਤ ਹੋ ਰਹੀ ਜਦੋਂ ਕਿ ਸੂਬੇ 'ਚ ਬਿਜਲੀ ਮੰਗ ਕੁੱਲ 5021 ਮੈਗਾਵਾਟ ਦੇ ਕਰੀਬ ਹੈ। ਇਸ ਵੇਲੇ ਬਿਜਲੀ ਨਿਗਮ ਸੂਬੇ ਵਿਚ ਖਰੀਦ ਸਮਝੌਤਿਆਂ, ਆਪਣੇ ਸੌਰ ਊਰਜਾ, ਨਵਿਆਉਣਯੋਗ ਸਰੋਤਾਂ, ਪਣ ਬਿਜਲੀ ਘਰਾਂ ਅਤੇ ਨਿੱਜੀ ਥਰਮਲ ਪਲਾਂਟਾਂ ਤੋਂ ਬਿਜਲੀ ਮੰਗ ਪੂਰੀ ਕਰ ਰਿਹਾ ਹੈ। ਉਕਤ ਬਿਜਲੀ ਸਮਝੌਤੇ ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਦੇ ਕੀਤੇ ਹੋਏ ਹਨ, ਜਿਨ੍ਹਾਂ ਨੂੰ ਲੈ ਕੇ ਮੌਜੂਦਾ ਦੌਰ ਵਿਚ ਕਾਫੀ ਵਿਵਾਦ ਚੱਲਿਆ ਅਤੇ ਕੈਪਟਨ ਸਰਕਾਰ ਇਨ੍ਹਾਂ ਸਮਝੌਤਿਆਂ ਨੂੰ ਮਹਿੰਗੇ ਦੱਸ ਕੇ ਰੱਦ ਕਰਨ ਦੀ ਗੱਲ ਕਰਦੀ ਆ ਰਹੀ ਹੈ। ਕੋਲੇ ਦੀ ਕਮੀ ਕਾਰਨ ਬਿਜਲੀ ਪੈਦਾਵਾਰ ਆਏ ਦਿਨ ਡਿੱਗ ਰਹੀ ਹੈ ਜਦੋਂਕਿ ਕੌਮੀ ਗਰਿੱਡ 'ਚੋਂ ਲੋੜੀਂਦੀ ਬਿਜਲੀ ਖਰੀਦਣ ਲਈ ਸੂਬੇ ਕੋਲ ਪੈਸਾ ਨਹੀਂ ਹੈ। ਅਜਿਹੇ ਹਾਲਾਤ 'ਚ ਪਾਵਰਕੌਮ ਮੈਨੇਜਮੈਂਟ ਨੇ ਬਿਜਲੀ ਦੀ ਲੋੜ ਨਾਲ ਨਜਿੱਠਣ ਲਈ ਪੰਜਾਬ 'ਚ ਅਣਐਲਾਨੇ ਬਿਜਲੀ ਕੱਟਾਂ ਦਾ ਸਹਾਰਾ ਲੈਣਾ ਬਿਹਤਰ ਸਮਝਿਆ ਹੈ।

ਰਾਤ ਨੂੰ ਮੌਸਮ ਠੰਢਾ ਹੋਣ ਕਾਰਨ ਬਿਜਲੀ ਦੀ ਮੰਗ ਕਰੀਬ 15 ਸੌ ਤੋਂ 2 ਹਜ਼ਾਰ ਮੈਗਾਵਾਟ ਮਨਫੀ ਹੋ ਜਾਂਦੀ ਹੈ ਪਰ ਦਿਨ ਵੇਲੇ 5500 ਤੋਂ 6500 ਮੈਗਾਵਾਟ ਦਰਮਿਆਨ ਤੱਕ ਦੇ ਬਿਜਲੀ ਪ੍ਰਬੰਧਾਂ ਨੂੰ ਕਾਇਮ ਰੱਖਣ ਲਈ ਦੋ ਤੋਂ ਤਿੰਨ ਘੰਟੇ ਬਿਜਲੀ ਕੱਟ ਲਾਉਣ ਦੀ ਨੌਬਤ ਆ ਸਕਦੀ ਹੈ।

# Matrimonials

## ਲੜਕੀ ਦੀ ਲੋੜ ਹੈ

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com 44-

ਅਮਰੀਕਾ ਵਿਚ ਵੈੱਲ ਸੈੱਟਲਡ ਬਿਜਨਸਮੈਨ 38 ਸਾਲਾ, 5'-6", ਗੁਰ ਸਿੱਖ ਲੜਕੇ ਲਈ ਗੁਰ ਸਿੱਖ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 317-989-4241 ਜਾਂ 317-797-1811 42-45

ਸਰਸਵਤ ਬ੍ਰਾਹਮਣ (ਤਲਾਕਸ਼ੁਦਾ), ਉਮਰ 35 ਸਾਲ, 5'-8", ਯੂ. ਐਸ. ਏ. ਵਿਚ ਵਰਕ ਪਰਮਿਟ 'ਤੇ, ਟਰੱਕ ਡਰਾਈਵਰ ਲੜਕੇ ਲਈ ਕੈਨੇਡੀਅਨ-ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਭਾਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। 15 ਏਕੜ ਕਮਰਸ਼ੀਅਲ ਜ਼ਮੀਨ ਤੇ ਚਾਰ ਦੁਕਾਨਾਂ ਹਨ। ਸੰਪਰਕ ਕਰੋ, ਫੋਨ: 91-85095 80002 (ਇੰਡੀਆ) ਜਾਂ 785-213-2555 (ਅਮਰੀਕਾ)। 37-40

## ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102 40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com 36-39

*Visit us on the web:*
***www.punjabtimesusa.com***

## ਬੱਸ ਅਪਰੇਟਰਾਂ ਉਤੇ ਮਿਹਰਬਾਨ ਹੋਈ ਕੈਪਟਨ ਸਰਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਬੱਸ ਅਪਰੇਟਰਾਂ ਨੂੰ ਵੱਡੀ ਰਾਹਤ ਦਿੰਦਿਆਂ ਸਾਰੀਆਂ ਸਟੇਟ ਕੈਰਿਜ, ਮਿਨੀ ਅਤੇ ਸਕੂਲ ਬੱਸਾਂ ਲਈ ਮੋਟਰ ਵਹੀਕਲ ਕਰ ਉਤੇ ਸੌ ਫੀਸਦੀ ਕਰ (ਟੈਕਸ) ਮੁਆਫੀ 31 ਦਸੰਬਰ ਤਕ ਵਧਾ ਦਿੱਤੀ ਹੈ। ਕਰਾਂ ਦੇ ਬਕਾਏ (ਵਿਆਜ ਅਤੇ ਜੁਰਮਾਨੇ ਤੋਂ ਬਿਨਾਂ) ਦੀ ਅਦਾਇਗੀ 31 ਮਾਰਚ 2021 ਤੱਕ ਅੱਗੇ ਪਾ ਦਿੱਤੀ ਗਈ ਹੈ। ਇਸ ਕਦਮ ਨਾਲ ਟਰਾਂਸਪੋਰਟ ਖੇਤਰ ਨੂੰ 100 ਕਰੋੜ ਰੁਪਏ ਦਾ ਕੁੱਲ ਵਿੱਤੀ ਲਾਭ ਹੋਵੇਗਾ। ਮੁੱਖ ਮੰਤਰੀ ਨੇ ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੂੰ ਨਿਰਦੇਸ਼ ਦਿੱਤੇ ਹਨ ਕਿ ਮਿਨੀ ਪ੍ਰਾਈਵੇਟ ਬੱਸ ਮਾਲਕਾਂ ਨੂੰ ਦਰਪੇਸ਼ ਮੁੱਦੇ ਅਗਲੇ ਹਫਤੇ ਤੱਕ ਨਿਪਟਾ ਦਿੱਤੇ ਜਾਣ।

LAW OFFICES OF VIVEK MALIK
Follow us on :

ACCOMPLISHED IMMIGRATION Attorneys help FAMILIES REUNITE in the UNITED STATES
Our Global & Nationwide Services in the field of U.S. Immigration & Nationality Law
Come talk to an experienced immigration attorney
Toll Free No. 866-424-4000
Business Immigration & Worksite Compliance
ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵਰਸ
OUR OFFICES
• 432 S Emerson Ave, Suite 220, Greenwood, IN 46143 Phone: 317.560.4777
• 1067 N Mason Rd., Suite 4, St Louis, Missouri 63141 Phone: 314.416.8000
• 2440 W Shaw Ave., Suite 205, Fresno, California 93711 Phone: 559.578.4344
www.usa-immigrationlaw.com
Languages SPOKEN Punjabi | Hindi | Urdu | Spanish & English

ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ
ਸਿਨਸਿਨੈਟੀ (ਓਹਾਇਓ) ਇਲਾਕੇ 'ਚ ਇੰਡੀਅਨ ਰੈਸਟੋਰੈਂਟ ਵਾਸਤੇ ਸਰਵਰ, ਕੁੱਕ ਤੇ ਤੰਦੂਰੀਏ ਦੀ ਲੋੜ ਹੈ।
ਵਾਜਬ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ, ਫੋਨ: 513-203-6315
43-

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

# ਕੇਂਦਰ ਨੇ ਪੰਜਾਬ ਦੀ ਵਿੱਤੀ ਘੇਰਾਬੰਦੀ ਕਰਨ ਲਈ ਪੂਰਾ ਟਿੱਲ ਲਾਇਆ



**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਭਖੇ ਰੋਹ ਨੂੰ ਠੰਢਾ ਕਰਨ ਦੀ ਥਾਂ ਮੋਦੀ ਸਰਕਾਰ ਬਦਲੀ ਉਤੇ ਤੇਲ ਪਾਉਣ ਵਾਲਾ ਕੰਮ ਕਰ ਰਹੀ ਹੈ। ਪੰਜਾਬ ਵਿਚ ਮਾਲ ਗੱਡੀਆਂ ਰੋਕਣ ਤੋਂ ਬਾਅਦ ਹੁਣ ਕੇਂਦਰ ਸਰਕਾਰ ਨੇ ਸੂਬਾ ਸਰਕਾਰ ਵਲੋਂ ਝੋਨੇ ਦੀ ਖਰੀਦ ਉਪਰ ਵਸੂਲੇ ਜਾਣ ਵਾਲੇ ਪੇਂਡੂ ਵਿਕਾਸ ਫੰਡ ਦੇ ਇਕ ਹਜ਼ਾਰ ਕਰੋੜ ਰੁਪਏ ਰੋਕ ਲਏ ਹਨ।

ਕੇਂਦਰ ਵਲੋਂ 26 ਅਕਤੂਬਰ ਨੂੰ ਪੰਜਾਬ ਦੇ ਖੁਰਾਕ ਸਪਲਾਈ ਵਿਭਾਗ ਨੂੰ ਭੇਜੇ ਪੱਤਰ ਵਿਚ ਪੇਂਡੂ ਵਿਕਾਸ ਫੰਡ ਦਾ ਪੈਸਾ ਰੋਕ ਲੈਣ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਖਰੀਦ ਬਾਰੇ ਨਿਯਮਾਂ 'ਚ ਸੋਧ ਕਰਦਿਆਂ ਫੈਸਲਾ ਕੀਤਾ ਹੈ ਕਿ ਸਿਰਫ ਉਹੀ ਖਰਚੇ ਜੋ ਖਰੀਦ ਕੇਂਦਰਾਂ ਦੇ ਬੁਨਿਆਦੀ ਢਾਂਚੇ ਦੀ ਸਹੂਲਤ ਤੇ ਸੁਧਾਰ ਲਈ ਵਰਤੇ ਜਾਂਦੇ ਹਨ, ਹੀ ਜ਼ਰੂਰੀ ਖਰਚਿਆਂ ਲਈ ਵਿੱਤੀ ਸਹਾਇਤਾ ਦੇਣ 'ਚ ਸ਼ਾਮਲ ਕੀਤੇ ਜਾਣਗੇ।

ਇਹ ਫੈਸਲਾ ਕੇਂਦਰ ਸਰਕਾਰ ਨੇ 24 ਫਰਵਰੀ, 2020 ਨੂੰ ਕੀਤਾ। ਪੱਤਰ 'ਚ ਕਿਹਾ ਗਿਆ ਹੈ ਕਿ 2020-21 ਦੀ ਸਾਉਣੀ ਫਸਲ ਦੀ ਖਰੀਦ 'ਚ ਉਪਰਲੇ ਫੈਸਲੇ ਮੁਤਾਬਕ ਪੰਜਾਬ ਅੰਦਰ ਪਹਿਲਾਂ ਇਹ ਦੱਸ ਕੇ ਲਗਾਏ ਜਾਂਦੇ ਪੇਂਡੂ ਵਿਕਾਸ ਫੰਡ ਦਾ ਕਿੰਨਾ ਹਿੱਸਾ ਖਰੀਦ ਕੇਂਦਰਾਂ ਦੇ ਢਾਂਚੇ ਦੇ ਵਿਕਾਸ ਉਪਰ ਖਰਚਿਆ ਜਾਂਦਾ ਹੈ। ਦੱਸ ਦਈਏ ਕਿ ਪੰਜਾਬ ਦੇ ਕਿਸਾਨਾਂ ਨਾਲ ਗੱਲਬਾਤ ਕਰ ਕੇ ਮਾਮਲਾ ਨਿਬੇੜਨ ਦੀ ਥਾਂ ਕੇਂਦਰ ਸਰਕਾਰ ਲਗਾਤਾਰ ਪੰਜਾਬ ਦੀ ਬਾਂਹ ਮਰੋੜਨ ਵਾਲੇ ਫੈਸਲੇ ਕਰ ਰਹੀ ਹੈ। ਬਿਨਾ ਕਿਸੇ ਤਿਆਰੀ ਦੇ ਕਿਸਾਨ ਜਥੇਬੰਦੀਆਂ ਨੂੰ ਦਿੱਲੀ ਬੁਲਾ ਕੇ ਕੋਈ ਗੰਭੀਰਤਾ ਨਾ ਦਿਖਾਉਣਾ ਅਤੇ ਫਿਰ ਨਿਰੋਲ ਬਹਾਨੇਬਾਜ਼ੀ ਨਾਲ ਮਾਲ ਗੱਡੀਆਂ ਰੋਕ ਦੇਣ ਦਾ ਫੈਸਲਾ ਰੋਹ ਨੂੰ ਹੋਰ ਭਖਾਉਣ ਵਾਲਾ ਹੈ।

ਪੰਜਾਬ ਵਿਚੋਂ ਕਣਕ ਤੇ ਝੋਨੇ ਦੀ ਖਰੀਦ ਲਈ ਰਿਜ਼ਰਵ ਬੈਂਕ ਵਲੋਂ ਕੇਂਦਰ ਸਰਕਾਰ ਦੀ ਗਾਰੰਟੀ ਨਾਲ ਰਾਜ ਸਰਕਾਰ ਨੂੰ ਕਰਜ਼ਾ ਮਨਜ਼ੂਰ ਕੀਤਾ ਜਾਂਦਾ ਹੈ। ਰਾਜ ਸਰਕਾਰ ਦੀਆਂ ਖਰੀਦ ਏਜੰਸੀਆਂ ਇਹ ਜਿਣਸਾਂ ਖਰੀਦ ਕੇ ਐਫ.ਸੀ.ਆਈ. ਦੇ ਹਵਾਲੇ ਕਰ ਦਿੰਦੀਆਂ ਹਨ। ਖਰੀਦੀ ਜਿਣਸ ਦੀ ਖਰੀਦ ਕੀਮਤ, ਮੰਡੀ ਫੀਸ, ਪੇਂਡੂ ਵਿਕਾਸ ਫੰਡ, ਆੜ੍ਹਤ, ਮਜ਼ਦੂਰੀ ਤੇ ਢੋਆ-ਢੁਆਈ, ਕਰਜ਼ੇ ਦਾ ਵਿਆਜ ਤੇ ਕੁਝ ਹੋਰ ਖਰਚਾ ਪਾ ਕੇ ਕੀਮਤ ਦਾ ਬਿੱਲ ਕੇਂਦਰ ਸਰਕਾਰ ਨੂੰ ਭੇਜ ਦਿੰਦੀ ਹੈ। ਇਹ ਬਿੱਲ ਪ੍ਰਵਾਨ ਹੋਣ ਬਾਅਦ ਫਸਲ ਐਫ.ਸੀ.ਆਈ. ਵਲੋਂ ਚੁੱਕੇ ਜਾਣ ਵਾਲੇ ਕਰਜ਼ਾ ਰਕਮ ਬੈਂਕ ਦੇ ਖਾਤੇ 'ਚ ਚਲੀ ਜਾਂਦੀ ਹੈ ਤੇ ਪੰਜਾਬ ਦੀ ਫੀਸ ਫੰਡ ਉਸ ਨੂੰ ਮਿਲ ਜਾਂਦੇ ਹਨ। ਜਨਵਰੀ 2017 'ਚ ਕੇਂਦਰ ਸਰਕਾਰ ਨੇ ਖਰੀਦ ਮਾਮਲੇ ਵਿਚ 31 ਹਜ਼ਾਰ ਕਰੋੜ ਰੁਪਏ ਦਾ ਕਸਾਰਾ ਦੱਸ ਕੇ ਇਹ ਰਕਮ ਪੰਜਾਬ ਸਰਕਾਰ ਤੋਂ ਵਸੂਲ ਕੀਤੀ ਸੀ ਤੇ ਪੰਜਾਬ ਸਰਕਾਰ ਨੇ ਬੈਂਕਾਂ ਤੋਂ ਕਰਜ਼ਾ ਚੁੱਕ ਕੇ ਕੇਂਦਰ ਨੂੰ ਇਹ ਰਕਮ ਮੋੜੀ।

ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਫਰਵਰੀ 2020 'ਚ ਲਏ ਨਵੇਂ ਫੈਸਲੇ ਬਾਰੇ ਕੇਂਦਰ ਸਰਕਾਰ ਨੇ ਕਦੇ ਭਿਣਕ ਵੀ ਨਹੀਂ ਪੈਣ ਦਿੱਤੀ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਨਵੇਂ ਖੇਤੀ ਕਾਨੂੰਨਾਂ ਵਿਚ ਵੀ ਕਿਹਾ ਗਿਆ ਹੈ ਕਿ ਸਰਕਾਰ ਏ.ਪੀ.ਐਮ.ਪੀ. ਕਾਨੂੰਨ ਤਹਿਤ ਟੈਕਸ ਜਾਂ ਲੈਵੀ ਲਗਾਉਣ ਲਈ ਅਧਿਕਾਰਤ ਹੈ। ਪੇਂਡੂ ਵਿਕਾਸ ਫੰਡ ਉਕਤ ਕਾਨੂੰਨ ਤਹਿਤ ਨੋਟੀਫਾਈਡ ਮੰਡੀਆਂ 'ਚ ਕੀਤੀ ਜਾ ਰਹੀ ਖਰੀਦ ਉਪਰ ਹੀ ਕਈ ਦਹਾਕਿਆਂ ਤੋਂ ਲੱਗਦਾ ਆ ਰਿਹਾ ਹੈ।

## ਦਿਹਾਤੀ ਵਿਕਾਸ ਫੰਡਾਂ ਦੀ ਸਦਾ ਦੁਰਵਰਤੋਂ ਹੋਈ: 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਦਿਹਾਤੀ ਵਿਕਾਸ ਫੰਡ ਰੋਕਣ ਦੀ ਕਾਰਵਾਈ ਨੂੰ ਪੰਜਾਬ ਦੇ ਅੰਦਰੂਨੀ ਮਾਮਲਿਆਂ 'ਚ ਨਾਜਾਇਜ਼ ਦਖਲਅੰਦਾਜ਼ੀ ਅਤੇ ਕਾਲੇ ਕਾਨੂੰਨਾਂ ਨੂੰ ਧੋਖੇ ਨਾਲ ਲਾਗੂ ਕਰਨ ਦੀ ਸ਼ੁਰੂਆਤ ਦੱਸਿਆ ਹੈ। ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਦੋਸ਼ ਲਾਇਆ ਕਿ ਮੌਜੂਦਾ ਕੈਪਟਨ ਅਮਰਿੰਦਰ ਸਿੰਘ ਸਰਕਾਰ ਅਤੇ ਪਿਛਲੀ ਬਾਦਲ ਸਰਕਾਰ ਨੇ ਦਿਹਾਤੀ ਖੇਤਰ ਦੇ ਵਿਕਾਸ ਲਈ ਆਉਂਦੇ ਫੰਡਾਂ ਦੀ ਦੁਰਵਰਤੋਂ ਕੀਤੀ ਹੈ। ਉਨ੍ਹਾਂ ਨੇ ਵਿਕਾਸ ਲਈ ਆਏ ਫੰਡਾਂ ਨੂੰ ਕਰਜ਼ਿਆਂ ਦਾ ਵਿਆਜ ਚੁਕਾਉਣ ਲਈ ਵਰਤਿਆ ਹੈ। ਪੰਜਾਬ ਸਰਕਾਰ ਨੇ ਫੰਡਾਂ ਦੀ ਦੁਰਵਰਤੋਂ ਕਰ ਕੇ ਮੋਦੀ ਸਰਕਾਰ ਨੂੰ ਫੰਡ ਰੋਕਣ ਦਾ ਬਹਾਨਾ ਦੇ ਦਿੱਤਾ ਹੈ।

## ਫੰਡਾਂ 'ਤੇ ਰੋਕ ਬਾਰੇ ਗੌਰ ਕਰੇ ਕੇਂਦਰ ਸਰਕਾਰ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦਿਹਾਤੀ ਵਿਕਾਸ ਬੋਰਡ ਦੀ ਮੀਟਿੰਗ ਵਿਚ ਕੇਂਦਰ ਸਰਕਾਰ ਵੱਲੋਂ ਦਿਹਾਤੀ ਵਿਕਾਸ ਫੰਡ ਰੋਕੇ ਜਾਣ ਦਾ ਸਖਤ ਨੋਟਿਸ ਲਿਆ ਅਤੇ ਕੇਂਦਰ ਸਰਕਾਰ ਨੂੰ ਦਿਹਾਤੀ ਵਿਕਾਸ ਫੰਡ ਰੋਕਣ ਦੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਫੈਸਲੇ ਨਾਲ ਪੰਜਾਬ ਦੇ ਪੇਂਡੂ ਵਿਕਾਸ ਕਾਰਜਾਂ ਨੂੰ ਢਾਹ ਲੱਗੇਗੀ। ਦਿਹਾਤੀ ਵਿਕਾਸ ਫੰਡ ਜਾਰੀ ਨਾ ਕਰਨ ਦੀ ਅਜਿਹੀ ਕੋਈ ਰਵਾਇਤ ਨਹੀਂ ਹੈ ਤੇ ਪੰਜਾਬ ਸਰਕਾਰ ਵਰਤੇ ਗਏ ਦਿਹਾਤੀ ਵਿਕਾਸ ਫੰਡਾਂ ਦੀ ਵਰਤੋਂ ਬਾਰੇ ਵੇਰਵੇ ਕੇਂਦਰ ਸਰਕਾਰ ਨੂੰ ਦੇਵੇਗੀ।

# ਐਸ.ਐਫ.ਜੇ. ਵਲੋਂ ਏਅਰ ਇੰਡੀਆ ਦੀਆਂ ਉਡਾਣਾਂ 'ਚ ਅੜਿੱਕਾ ਪਾਉਣ ਦੀ ਧਮਕੀ

**ਨਵੀਂ ਦਿੱਲੀ:** ਵੱਖਵਾਦੀ ਜਥੇਬੰਦੀ ਸਿਖਸ ਫਾਰ ਜਸਟਿਸ (ਐਸ.ਐਫ.ਜੇ.) ਨੇ 5 ਨਵੰਬਰ ਨੂੰ ਏਅਰ ਇੰਡੀਆ ਦੀਆਂ ਦਿੱਲੀ ਤੋਂ ਲੰਡਨ ਉਡਾਣਾਂ 'ਚ ਅੜਿੱਕਾ ਪਾਉਣ ਦਾ ਸੱਦਾ ਦਿੱਤਾ ਹੈ। ਇਸ ਐਲਾਨ ਮਗਰੋਂ ਦਿੱਲੀ 'ਚ ਸਖਤ ਚੌਕਸੀ ਰੱਖੀ ਜਾ ਰਹੀ ਹੈ। ਸਮਝਿਆ ਜਾ ਰਿਹਾ ਹੈ ਕਿ ਪਾਬੰਦੀਸ਼ੁਦਾ ਜਥੇਬੰਦੀ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਹੋਏ ਸਿੱਖ ਕਤਲੇਆਮ ਦੇ ਵਿਰੋਧ 'ਚ ਇਹ ਸੱਦਾ ਦਿੱਤਾ ਹੈ।

ਖੁਫੀਆ ਏਜੰਸੀਆਂ ਨੇ ਦਿੱਲੀ ਪੁਲਿਸ, ਸੀ.ਆਈ.ਐਸ.ਐਫ. ਅਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਚੌਕਸ ਕਰ ਦਿੱਤਾ ਹੈ। ਐਸ.ਐਫ.ਜੇ. ਨੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ 5 ਨਵੰਬਰ ਨੂੰ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਉਤੇ ਜੁੜਨ ਅਤੇ ਲੰਡਨ ਜਾਣ ਵਾਲੀਆਂ ਉਡਾਣਾਂ ਏਆਈ-111 ਅਤੇ ਏਆਈ-531 'ਚ ਸਫਰ ਕਰਨ ਵਾਲੇ ਮੁਸਾਫਰਾਂ ਨੂੰ ਰੋਕਣ।

ਵੀਡੀਓ ਸੁਨੇਹੇ 'ਚ ਐਸ.ਐਫ.ਜੇ. ਦੇ ਗੁਰਪਤਵੰਤ ਸਿੰਘ ਪਨੂੰ ਨੇ ਕਿਹਾ ਕਿ ਗਾਂਧੀ ਤੋਂ ਲੈ ਕੇ ਮੋਦੀ ਤੱਕ ਭਾਰਤ ਦੇ ਹਾਕਮਾਂ ਨੇ ਸਿੱਖ ਕਤਲੇਆਮ ਉਤੇ ਪਰਦਾ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ਜਿਸ ਦਾ ਪਰਦਾਫਾਸ਼ ਕਰਨ ਦੀ ਲੋੜ ਹੈ। ਉਸ ਨੇ ਏਅਰ ਇੰਡੀਆ ਦੇ ਮੁਸਾਫਰਾਂ ਨੂੰ ਕਿਹਾ ਹੈ ਕਿ ਉਹ ਸਿੱਖ ਪੀੜਤਾਂ ਦਾ ਸਾਥ ਦੇਣ ਲਈ 5 ਨਵੰਬਰ ਨੂੰ ਉਡਾਣਾਂ ਦਾ ਬਾਈਕਾਟ ਕਰਨ। ਪਨੂੰ ਨੇ ਦੋਸ਼ ਲਾਇਆ ਕਿ ਕਾਂਗਰਸ ਅਤੇ ਭਾਜਪਾ ਇਕੋ ਸਿੱਕੇ ਦੇ ਦੋ ਪਾਸੇ ਹਨ।

# ਜਲ੍ਹਿਆਂਵਾਲਾ ਬਾਗ ਤੋਂ ਤੁਰਿਆ 'ਪੰਜਾਬ ਬਚਾਓ ਕਾਫਲਾ'

**ਅੰਮ੍ਰਿਤਸਰ:** ਪੰਜਾਬ ਦੀ ਮੌਜੂਦਾ ਸਥਿਤੀ ਤੋਂ ਚਿੰਤਤ ਪੰਜਾਬ ਹਿਤੈਸ਼ੀ ਜਥੇਬੰਦੀਆਂ, ਬੁੱਧੀਜੀਵੀਆਂ ਅਤੇ ਹੋਰ ਸ਼ਖਸੀਅਤਾਂ ਨੇ ਇਥੇ 'ਪਿੰਡ ਬਚਾਓ, ਪੰਜਾਬ ਬਚਾਓ' ਯਾਤਰਾ ਤਹਿਤ ਅਕਾਲ ਤਖਤ ਉਤੇ ਅਰਦਾਸ ਕਰਨ ਮਗਰੋਂ ਜਲ੍ਹਿਆਂਵਾਲਾ ਬਾਗ ਤੋਂ 'ਪੰਜਾਬ ਬਚਾਓ ਕਾਫਲੇ' ਦੀ ਸ਼ੁਰੂਆਤ ਕੀਤੀ। ਇਸ ਮੌਕੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਸਾਬਕਾ ਵਿਧਾਇਕ ਕਾਮਰੇਡ ਤਰਸੇਮ ਜੋਧਾਂ, ਕਿਰਨਜੀਤ ਕੌਰ, ਐਡਵੋਕੇਟ ਜਸਵਿੰਦਰ ਸਿੰਘ, ਡਾ. ਸ਼ਿਆਮ ਸੁੰਦਰ ਦੀਪਤੀ, ਕੁਲਜੀਤ ਸਿੰਘ ਨੇ ਵਿਚਾਰ ਰੱਖੇ।




ਇਸ ਦੌਰਾਨ ਕਰਨੈਲ ਸਿੰਘ ਜਖੇਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਯਤਨਸ਼ੀਲ ਹੈ। ਅਜਿਹੀ ਸਥਿਤੀ ਵਿਚ ਪੰਜਾਬ ਨੇ ਸੰਘਰਸ਼ ਦਾ ਰਾਹ ਅਖਤਿਆਰ ਕਰ ਲਿਆ ਹੈ। ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਪੰਜਾਬ ਹੁਣ ਜਾਗ ਗਿਆ ਹੈ ਤੇ ਆਪਣੇ ਹੱਕਾਂ ਲਈ ਲਹਿਰ ਸਿਰਜਣ ਲਈ ਯਤਨਸ਼ੀਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਅਜਿਹੇ ਵਾਰਸ ਚਾਹੀਦੇ ਹਨ, ਜਿਹੜੇ ਲੋਕਾਂ ਦੇ ਹੱਕਾਂ ਦੀ ਰਾਖੀ ਕਰ ਸਕਣ। ਪੰਜਾਬੀ ਜੰਗ ਨਹੀਂ ਚਾਹੁੰਦੇ, ਇਸ ਲਈ ਸਰਕਾਰ ਸਰਹੱਦਾਂ ਖੋਲ੍ਹੇ ਅਤੇ ਵਪਾਰ ਸ਼ੁਰੂ ਕਰੇ। ਉਨ੍ਹਾਂ ਦੱਸਿਆ ਕਿ ਇਹ ਕਾਫਲਾ 31 ਜਨਵਰੀ ਤੱਕ ਮਾਝਾ, ਮਾਲਵਾ ਤੇ ਦੁਆਬਾ ਦੇ 22 ਜ਼ਿਲ੍ਹਿਆਂ ਵਿਚ ਯਾਤਰਾ ਕਰੇਗਾ ਤੇ ਸੰਵਾਦ ਰਚਾਏਗਾ।

ਐਡਵੋਕੇਟ ਜਸਵਿੰਦਰ ਸਿੰਘ ਨੇ ਕਿਹਾ ਕਿ ਇਹ ਕਾਫਲਾ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਹੈ ਕਿ ਉਹ ਗੁਲਾਮੀ ਦੀ ਬਿਰਤੀ ਤੋਂ ਬਾਹਰ ਨਿਕਲਣ ਤਾਂ ਜੋ ਪਿੰਡਾਂ ਵਿਚ ਭਾਈਚਾਰੇ ਨੂੰ ਮੁੜ ਮਜ਼ਬੂਤ ਕੀਤਾ ਜਾਵੇ। ਕੁਲਜੀਤ ਸਿੰਘ ਨੇ ਕਿਹਾ ਕਿ ਇਹ ਕਾਫਲਾ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਧੇਰੇ ਹੱਕਾਂ ਦੀ ਪ੍ਰਾਪਤੀ ਵਾਸਤੇ ਲੋਕਾਂ ਨੂੰ ਸੁਚੇਤ ਕਰੇਗਾ। ਕਾਫਲੇ ਵਿਚ 15 ਤੋਂ 20 ਸਾਥੀ ਹੋਣਗੇ, ਜਿਹੜੇ ਲੋਕਾਂ ਨਾਲ ਸੰਪਰਕ ਬਣਾਉਣਗੇ।

ਗਿਆਨੀ ਕੇਵਲ ਸਿੰਘ ਨੇ ਦੱਸਿਆ ਕਿ ਕਾਫਲਾ ਹਰੇਕ ਜ਼ਿਲ੍ਹੇ ਵਿਚ ਚਾਰ ਦਿਨ ਰਹੇਗਾ ਅਤੇ ਹਰ ਰੋਜ਼ ਤਿੰਨ ਕਾਨਫਰੰਸਾਂ ਰਾਹੀਂ ਲੋਕਾਂ ਨਾਲ ਸੰਵਾਦ ਰਚਾਏਗਾ। ਪਹਿਲੇ ਪੜਾਅ ਵਜੋਂ ਪਹਿਲੀ ਤੋਂ 16 ਨਵੰਬਰ ਤੱਕ ਮਾਝੇ ਦੇ ਚਾਰ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ ਅਤੇ ਤਰਨ ਤਾਰਨ ਵਿਚ ਕਾਫਲਾ ਲੋਕਾਂ ਤੱਕ ਪਹੁੰਚ ਕਰੇਗਾ।

# ਪੰਜਾਬ ਦਿਵਸ: ਪੰਜਾਬੀ ਦੀ ਚੜ੍ਹਦੀ ਕਲਾ ਲਈ ਇਕਜੁੱਟ ਹੋ ਕੇ ਹੰਭਲਾ ਮਾਰਨ ਦਾ ਸੱਦਾ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਵੱਲੋਂ 'ਪੰਜਾਬ ਦਿਵਸ' ਮੌਕੇ ਕਰਵਾਏ ਸਮਾਗਮ ਦੌਰਾਨ ਮਾਤ ਭਾਸ਼ਾ ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਦੀ ਤਰੱਕੀ ਲਈ ਇਕਜੁੱਟ ਹੋ ਕੇ ਹੰਭਲਾ ਮਾਰਨ ਦਾ ਸੱਦਾ ਦਿੱਤਾ ਗਿਆ। ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਪੰਜਾਬੀ ਕਵੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਸਿੰਘ ਬੁੱਟਰ ਸ਼ਾਮਲ ਹੋਏ। ਪ੍ਰਧਾਨਗੀ ਸ਼੍ਰੋਮਣੀ ਬਾਲ ਸਾਹਿਤਕਾਰ ਡਾ. ਦਰਸ਼ਨ ਸਿੰਘ ਆਸ਼ਟ ਨੇ ਕੀਤੀ।

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |

ਸਮਾਗਮ ਦੀ ਸ਼ੁਰੂਆਤ ਵਿਚ ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਕਰਮਜੀਤ ਕੌਰ ਨੇ ਸਾਹਿਤਕਾਰਾਂ ਅਤੇ ਪਤਵੰਤਿਆਂ ਨੂੰ ਜੀ ਆਇਆਂ ਆਖਦਿਆਂ ਵਿਭਾਗੀ ਸਰਗਰਮੀਆਂ ਉਤੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਕਰੋਨਾ ਕਾਲ ਵਿਚ ਅਜਿਹੇ ਸਮਾਗਮ ਕਰਵਾਉਣਾ ਵਿਭਾਗ ਦੀ ਵੱਡੀ ਪਹਿਲਕਦਮੀ ਹੈ। ਮੁੱਖ ਮਹਿਮਾਨ ਸ੍ਰੀ ਬੁੱਟਰ ਨੇ ਜਿਥੇ ਭਾਸ਼ਾ ਵਿਭਾਗ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ, ਉਥੇ ਹੀ ਪੰਜਾਬ ਦੀਆਂ ਸਮੂਹ ਲੇਖਕ ਜਥੇਬੰਦੀਆਂ ਅਤੇ ਲੇਖਕਾਂ ਨੂੰ ਮਾਤ ਭਾਸ਼ਾ ਪੰਜਾਬੀ ਦੀ ਉੱਨਤੀ ਲਈ ਇਕੱਠੇ ਹੋ ਕੇ ਹੰਭਲਾ ਮਾਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਲੰਮੇ ਸਮੇਂ ਤੋਂ ਮਾਤ ਭਾਸ਼ਾ ਦੇ ਵਿਕਾਸ ਲਈ ਯਤਨਸ਼ੀਲ ਹੈ। ਇਸ ਲਈ ਸਰਕਾਰ ਵੱਲੋਂ ਵਿਭਾਗ ਦੀ ਵਿੱਤੀ ਮਦਦ ਅਤੇ ਸਟਾਫ ਦੀ ਭਰਤੀ ਲਈ ਅੱਗੇ ਆਉਣਾ ਚਾਹੀਦਾ ਹੈ।

ਡਾ. ਦਰਸ਼ਨ ਸਿੰਘ ਆਸ਼ਟ ਨੇ ਪੰਜਾਬੀ ਭਾਸ਼ਾ ਦੀ ਵਿਦੇਸ਼ਾਂ ਵਿਚ ਚੜ੍ਹਤ ਬਾਰੇ ਜ਼ਿਕਰ ਕਰਦਿਆਂ ਸਰਕਾਰ ਨੂੰ ਪੰਜਾਬ ਵਿਚ ਪੰਜਾਬੀ ਨੂੰ ਪੂਰਨ ਤੌਰ ਉਤੇ ਲਾਗੂ ਕਰਵਾਉਣ ਲਈ ਵਿਭਾਗ ਨੂੰ ਹੋਰ ਸ਼ਕਤੀਆਂ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪਰਿਵਾਰਾਂ ਵਿਚੋਂ ਪੰਜਾਬੀ ਬੋਲਣ ਦਾ ਚਲਨ ਖਤਮ ਹੋ ਰਿਹਾ ਹੈ, ਜੋ ਪੰਜਾਬੀ ਦੇ ਚਿੰਤਕਾਂ ਲਈ ਖਤਰੇ ਦੀ ਘੰਟੀ ਹੈ। ਇਸ ਸਬੰਧੀ ਸਮੂਹ ਪੰਜਾਬੀਆਂ ਨੂੰ ਇਕਮੁੱਠ ਹੋ ਕੇ ਕਾਰਜ ਕਰਨਾ ਚਾਹੀਦਾ ਹੈ। ਜੇ ਪੰਜਾਬੀ ਭਾਸ਼ਾ ਪਰਿਵਾਰ, ਵਪਾਰ, ਰੁਜ਼ਗਾਰ ਤੇ ਸਰਕਾਰ ਦੀ ਭਾਸ਼ਾ ਬਣ ਜਾਵੇ ਤਾਂ ਪੰਜਾਬੀਆਂ ਦੇ ਬਹੁਤ ਸਾਰੇ ਮਸਲੇ ਹੱਲ ਹੋ ਸਕਦੇ ਹਨ।

ਡਾ. ਸਿਕੰਦਰ ਸਿੰਘ ਨੇ ਚਿੰਤਾ ਪ੍ਰਗਟਾਈ ਕਿ ਸਾਜ਼ਿਸ਼ ਤਹਿਤ ਪੰਜਾਬੀ ਭਾਸ਼ਾ ਵਿਚ ਹੋਰ ਭਾਸ਼ਾਵਾਂ ਨੂੰ ਰਲਗੱਡ ਕੀਤਾ ਜਾ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਦੇ ਡੀਨ ਭਾਸ਼ਾਵਾਂ ਡਾ. ਸਤਨਾਮ ਸਿੰਘ ਸੰਧੂ ਨੇ ਭਾਸ਼ਾ ਅਤੇ ਸੱਭਿਆਚਾਰ ਨੂੰ ਆਉਣ ਵਾਲੀਆਂ ਚੁਣੌਤੀਆਂ ਬਾਰੇ ਸੁਚੇਤ ਕਰਦਿਆਂ ਦੱਸਿਆ ਕਿ ਕਿਵੇਂ ਭਾਸ਼ਾ ਅਤੇ ਸੱਭਿਆਚਾਰ ਰੇਤ ਵਾਂਗ ਕਿਰ ਰਿਹਾ ਹੈ। ਉਨ੍ਹਾਂ ਸਮੂਹ ਲੇਖਕਾਂ, ਵਿਦਵਾਨਾਂ ਅਤੇ ਪੰਜਾਬੀਆਂ ਨੂੰ ਆਪਣੀ ਮਾਤ ਭਾਸ਼ਾ ਪ੍ਰਤੀ ਸੁਚੇਤ ਹੋਣ ਅਤੇ ਗੁਰੂਆਂ ਵੱਲੋਂ ਰਚੀ ਬਾਣੀ 'ਤੇ ਪਹਿਰਾ ਦੇਣ ਦਾ ਹੋਕਾ ਦਿੱਤਾ।

## ਦਲ ਖਾਲਸਾ ਦੀ ਭਾਸ਼ਾ, ਕਿਸਾਨੀ ਤੇ ਨੌਜਵਾਨੀ ਦੇ ਹੱਕ 'ਚ ਰੈਲੀ

**ਅੰਮ੍ਰਿਤਸਰ:** ਦਲ ਖਾਲਸਾ ਨੇ 'ਪੰਜਾਬ ਦਿਵਸ' ਮੌਕੇ ਪੰਜਾਬ ਦੇ ਲੁੱਟੇ ਜਾ ਰਹੇ ਪਾਣੀਆਂ, ਪੰਜਾਬੀ ਭਾਸ਼ਾ ਨੂੰ ਦਰਕਿਨਾਰ ਕਰਨ, ਨਸਲਕੁਸ਼ੀ ਦੀ ਸ਼ਿਕਾਰ ਨੌਜਵਾਨੀ ਅਤੇ ਉਜਾੜੀ ਜਾ ਰਹੀ ਕਿਸਾਨੀ ਵਿਰੁੱਧ ਰੈਲੀ ਕੀਤੀ। ਰੈਲੀ ਮਗਰੋਂ ਜਥੇਬੰਦੀ ਦੇ ਪ੍ਰਧਾਨ ਐਚ. ਐਸ. ਧਾਮੀ ਦੀ ਅਗਵਾਈ ਹੇਠ ਨੌਜਵਾਨਾਂ ਨੇ ਮਸ਼ਾਲਾਂ ਫੜ ਕੇ ਨਵੰਬਰ 1984 ਦੇ ਸ਼ਹੀਦਾਂ ਦੀ ਯਾਦ ਵਿਚ ਭੰਡਾਰੀ ਪੁਲ ਤੋਂ ਅਕਾਲ ਤਖਤ ਤੱਕ ਮਾਰਚ ਕੀਤਾ। ਇਸ ਦੌਰਾਨ ਆਗੂਆਂ ਨੇ ਸਖਤ ਲਹਿਜ਼ੇ ਵਿਚ ਕਿਹਾ ਕਿ ਯੂ.ਐਨ.ਓ. ਦੀ ਚੁੱਪ ਨੇ ਸਿੱਖ ਕੌਮ ਅਤੇ ਪੀੜਤਾਂ ਨੂੰ ਨਿਰਾਸ਼ ਕੀਤਾ ਹੈ। ਰੈਲੀ ਵਿਚ ਨੌਜਵਾਨਾਂ ਨੇ ਕਿਸਾਨੀ ਸੰਕਟ ਨਾਲ ਸਬੰਧਤ ਬੈਨਰ ਫੜੇ ਸਨ। ਇਸ ਦੌਰਾਨ ਸ. ਧਾਮੀਨੇ ਕਿਹਾ ਕਿ ਪੰਜਾਬ ਦੇ ਵਸਨੀਕ ਆਪਣੀ ਹੋਂਦ ਅਤੇ ਹੱਕਾਂ ਲਈ ਲੜ ਰਹੇ ਹਨ ਅਤੇ ਇਹ ਲੜਾਈ ਜਾਰੀ ਰੱਖੀ ਜਾਵੇਗੀ।

## ਪੰਜਾਬ ਸਰਕਾਰ ਵਲੋਂ 'ਪੰਜਾਬੀ ਹਫਤਾ' ਮਨਾਉਣ ਦਾ ਐਲਾਨ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ 'ਪੰਜਾਬ ਦਿਵਸ' ਮੌਕੇ ਅਹਿਮ ਫੈਸਲਾ ਲੈਂਦਿਆਂ 'ਪੰਜਾਬੀ ਹਫਤਾ-2020' ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਤਹਿਤ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਸੱਤ ਸਮਾਗਮ ਕਰਵਾਏ ਜਾਣਗੇ ਅਤੇ ਵਿਦਾਇਗੀ ਸਮਾਗਮ ਮੌਕੇ ਸਰਬੋਤਮ ਸਾਹਿਤਕ ਪੁਰਸਕਾਰ ਦਿੱਤਾ ਜਾਵੇਗਾ। ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਸਮਾਗਮਾਂ ਦੀ ਸ਼ੁਰੂਆਤ ਪਟਿਆਲਾ ਵਿਚ 'ਪੰਜਾਬ ਦਿਵਸ' ਨੂੰ ਸਮਰਪਿਤ ਸਮਾਗਮ ਤੋਂ ਹੋ ਗਈ ਹੈ। ਉਚੇਰੀ ਸਿੱਖਿਆ ਵਿਭਾਗ ਦੇ ਸਕੱਤਰ ਰਾਹੁਲ ਭੰਡਾਰੀ ਨੇ ਦੱਸਿਆ ਕਿ 6 ਨਵੰਬਰ ਨੂੰ ਸੁਲਤਾਨਪੁਰ ਲੋਧੀ, 9 ਤੇ 12 ਨਵੰਬਰ ਨੂੰ ਪਟਿਆਲਾ ਦੇ ਭਾਸ਼ਾ ਭਵਨ, 17 ਨਵੰਬਰ ਫਤਹਿਗੜ੍ਹ ਚੂੜੀਆਂ ਤੇ 23 ਨਵੰਬਰ ਨੂੰ ਫਤਹਿਗੜ੍ਹ ਸਾਹਿਬ ਵਿਚ ਸਮਾਗਮ ਕਰਵਾਏ ਜਾਣਗੇ। ਵਿਦਾਇਗੀ ਸਮਾਗਮ 27 ਨਵੰਬਰ ਨੂੰ ਪਟਿਆਲਾ ਦੇ ਭਾਸ਼ਾ ਭਵਨ ਵਿਚ ਹੋਵੇਗਾ।

# ਮੋਦੀ ਖਿਲਾਫ ਲਾਮਬੰਦੀ ਦਾ ਹੋਕਾ ਦੇ ਗਿਆ 'ਮੇਲਾ ਗਦਰੀ ਬਾਬਿਆਂ ਦਾ'

**ਜਲੰਧਰ:** ਗਦਰ ਪਾਰਟੀ ਦੇ ਸੰਸਥਾਪਕ ਸੋਹਣ ਸਿੰਘ ਭਕਨਾ ਦੀ 150ਵੀਂ ਜਨਮ ਵਰ੍ਹੇਗੰਢ ਨੂੰ ਸਮਰਪਿਤ 29ਵਾਂ 'ਮੇਲਾ ਗਦਰੀ ਬਾਬਿਆਂ' ਦਾ ਪੰਜਾਬ ਦੇ ਲੋਕਾਂ ਨੂੰ ਮੌਜੂਦਾ ਹਾਲਾਤ ਵਿਰੁੱਧ ਇਕਜੁੱਟਤਾ ਨਾਲ ਲੜਨ ਦਾ ਸੱਦਾ ਦਿੰਦਿਆਂ ਸਮਾਪਤ ਹੋ ਗਿਆ। ਦੇਸ਼ ਭਗਤ ਯਾਦਗਾਰ ਹਾਲ ਵਿਚ ਬੁਲਾਰਿਆਂ ਨੇ ਮੋਦੀ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ, ਸੰਘੀ ਢਾਂਚੇ ਨੂੰ ਤਹਿਸ-ਨਹਿਸ ਕਰਨ ਅਤੇ ਜਮਹੂਰੀਅਤ ਦੇ ਕੀਤੇ ਜਾ ਰਹੇ ਘਾਣ ਵਿਰੁੱਧ, ਦੇਸ਼ ਨੂੰ ਇਕੋ ਰੰਗ ਵਿਚ ਰੰਗੇ ਜਾਣ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਅਤੇ ਕਿਸਾਨਾਂ ਦੇ ਅੰਦੋਲਨਾਂ ਨੂੰ ਸਾਰੇ ਪੰਜਾਬੀਆਂ ਵੱਲੋਂ ਸਾਥ ਦੇਣ ਦੀ ਅਪੀਲ ਕੀਤੀ।



ਮੇਲੇ ਦੀ ਰਸਮੀ ਸ਼ੁਰੂਆਤ ਝੰਡਾ ਚੜ੍ਹਾਉਣ ਨਾਲ ਹੋਈ। ਕਾਮਰੇਡ ਸੁਰਿੰਦਰ ਸਿੰਘ ਜਲਾਲਦੀਵਾਲ ਨੇ ਝੰਡਾ ਝੁਲਾ ਕੇ ਮੇਲੇ ਦੀ ਸ਼ੁਰੂਆਤ ਕੀਤੀ। ਕਾਮਰੇਡ ਅਮੋਲਕ ਦਾ ਲਿਖਿਆ ਝੰਡੇ ਦਾ ਗੀਤ 'ਮਸ਼ਾਲਾਂ ਬਾਲ ਕੇ ਚੱਲਣਾ' ਇਸ ਵਾਰ ਵੀ ਮੇਲੇ ਦਾ ਸਿਖਰ ਹੋ ਨਿਬੜਿਆ। ਕਾਮਰੇਡ ਅਮੋਲਕ ਨੇ ਇਸ ਗੀਤ ਰਾਹੀਂ ਹਾਥਰਸ ਕਾਂਡ, ਖੇਤੀ ਕਾਨੂੰਨਾਂ ਖਿਲਾਫ ਆਵਾਜ਼ ਬੁਲੰਦ ਕਰਨ ਅਤੇ ਹੋਰ ਅਨੇਕਾਂ ਮਸਲਿਆਂ ਨੂੰ ਉਭਾਰਿਆ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਡਾ. ਪਰਮਿੰਦਰ, ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਚਿਰੰਜੀ ਲਾਲ ਕੰਗਣੀਵਾਲ, ਹਰਦੇਵ ਅਰਸ਼ੀ, ਮੰਗਤ ਰਾਮ ਪਾਸਲਾ, ਸੀਤਲ ਸਿੰਘ ਸੰਘਾ ਸ਼ਾਮਲ ਸਨ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਦੇਸ਼ ਬਹੁਤ ਨਾਜ਼ੁਕ ਦੌਰ ਵਿਚੋਂ ਲੰਘ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਹਰ ਹਰਬਾ ਵਰਤ ਕੇ ਲੋਕਤੰਤਰ ਦੀ ਆਵਾਜ਼ ਬੰਦ ਕੀਤੀ ਜਾ ਰਹੀ ਹੈ। ਬਹੁਤ ਸਾਰੇ ਪੱਤਰਕਾਰ, ਬੁੱਧੀਜੀਵੀ, ਰੰਗਕਰਮੀ, ਪ੍ਰੋਫੈਸਰ, ਲੇਖਕ ਜੇਲ੍ਹਾਂ ਵਿਚ ਬੰਦ ਕੀਤੇ ਗਏ ਹਨ, ਉਨ੍ਹਾਂ ਦੀ ਜ਼ੁਬਾਨ ਬੰਦ ਕੀਤੀ ਜਾ ਰਹੀ ਹੈ।

ਮੇਲੇ ਵਿਚ ਮੁੱਖ ਬੁਲਾਰੇ ਵਜੋਂ ਪੁੱਜੇ ਉੱਘੇ ਨਾਟਕਕਾਰ ਡਾ. ਸਵਰਾਜਬੀਰ ਨੇ ਪੰਜਾਬ ਤੇ ਹਰਿਆਣਾ ਦੀ ਸਾਂਝੀ ਸਭਿਆਚਾਰਕ ਵਿਰਾਸਤ ਦੀ ਗੱਲ ਕੀਤੀ ਅਤੇ ਦੱਸਿਆ ਕਿ ਮੱਧ ਕਾਲੀਨ ਸਾਹਿਤ ਵਿਚ ਪੰਜਾਬ ਦੀ ਧਰਨਾ ਕਿਵੇਂ ਉੱਭਰੀ। ਉਨ੍ਹਾਂ 1669-1672 ਵਿਚ ਹਰਿਆਣਾ ਵਿਚ ਹੋਏ ਸਤਨਾਮੀ ਅੰਦੋਲਨ ਦਾ ਜ਼ਿਕਰ ਕੀਤਾ ਤੇ ਉਸ ਨੂੰ ਅੱਜ ਦੇ ਕਿਸਾਨ ਅੰਦੋਲਨ ਤੇ ਨਾਗਰਿਕਤਾ ਸੋਧ ਕਾਨੂੰਨਾਂ ਵਿਰੋਧੀ ਅੰਦੋਲਨਾਂ ਨਾਲ ਜੋੜਿਆ। ਪੰਜਾਬੀ ਯੂਨੀਵਰਸਿਟੀ ਤੋਂ ਪ੍ਰੋ. ਅਨੁਪਮਾ ਨੇ ਨਵੇਂ ਖੇਤੀ ਕਾਨੂੰਨਾਂ ਦੇ ਕਿਸਾਨਾਂ ਅਤੇ ਮੁਲਕ ਦੇ ਆਮ ਲੋਕਾਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਦੱਸਿਆ। ਉਨ੍ਹਾਂ ਦੇਸ਼ ਵਿਚ ਦਲਿਤਾਂ, ਔਰਤਾਂ, ਘੱਟ-ਗਿਣਤੀਆਂ 'ਤੇ ਹੋ ਰਹੇ ਹਮਲਿਆਂ ਦਾ ਜ਼ਿਕਰ ਕੀਤਾ।

### ਪੁਸਤਕ ਮੇਲਾ ਬਣਿਆ ਖਿੱਚ ਦਾ ਕੇਂਦਰ

ਪੁਸਤਕ ਮੇਲਾ ਵੀ ਪੁਸਤਕ ਪ੍ਰੇਮੀਆਂ ਦੀ ਖਿੱਚ ਦਾ ਕੇਂਦਰ ਬਣਿਆ ਰਿਹਾ। ਇਸ ਮੌਕੇ ਸੈਮੀਨਾਰ ਤੇ ਕਈ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ। ਇਨਕਲਾਬੀ ਰਸੂਲਪੁਰੀ ਕਵੀਸ਼ਰੀ ਜਥੇ ਨੇ ਵਾਰਾਂ ਤੇ ਗੀਤ ਪੇਸ਼ ਕੀਤੇ। ਲਘੂ ਨਾਟਕ, ਗੀਤ ਸੰਗੀਤ ਤੇ ਕਵੀ ਦਰਬਾਰ ਵੀ ਹੋਇਆ। ਕਵੀ ਦਰਬਾਰ 'ਚ ਮੰਗਤ ਰਾਮ ਪਾਸਲਾ, ਕਾਮਰੇਡ ਦਰਸ਼ਨ ਖਟਕੜ, ਸੁਰਜੀਤ ਜੱਜ, ਡਾ. ਪਾਲ ਕੌਰ, ਜਸਵਿੰਦਰ ਯੋਧਾ, ਨੀਤੂ ਅਰੋੜਾ, ਮਨਜਿੰਦਰ ਕੰਵਲ ਨੇ ਰਚਨਾਵਾਂ ਪੇਸ਼ ਕੀਤੀਆਂ। ਗ਼ਦਰੀ ਬਾਬਿਆਂ ਦਾ ਮੇਲਾ ਨਾਟਕਾਂ ਅਤੇ ਗੀਤਾਂ ਭਰੀ ਸ਼ਾਮ ਨਾਲ ਸਮਾਪਤ ਹੋਇਆ।

## ਦਲ ਤੋਂ ਬਾਦਲਾਂ ਦਾ ਗਲਬਾ ਖਤਮ ਕਰਾਂਗੇ: ਢੀਂਡਸਾ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਦਲ ਪਰਿਵਾਰ ਦਾ ਗਲਬਾ ਹਟਾਉਣ ਲਈ ਸਭ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਸ੍ਰੀ ਢੀਂਡਸਾ ਨੇ ਇਥੇ ਆਪਣੀ ਰਿਹਾਇਸ਼ ਵਿਖੇ ਇਕ ਸਮਾਗਮ ਦੌਰਾਨ ਕਿਹਾ ਕਿ ਸ਼੍ਰੋਮਣੀ ਅਕਾਲ ਦਲ (ਡੈਮੋਕਰੈਟਿਕ) ਵੱਲੋਂ ਸਾਰੀਆਂ ਧਿਰਾਂ ਨਾਲ ਰਾਬਤਾ ਕਾਇਮ ਕਰ ਕੇ ਸਦੀ ਪੁਰਾਣੇ ਸ਼੍ਰੋਮਣੀ ਅਕਾਲੀ ਦਲ ਤੋਂ ਬਾਦਲ ਪਰਿਵਾਰ ਦਾ ਗਲਬਾ ਖਤਮ ਕੀਤਾ ਜਾਵੇਗਾ ਕਿਉਂਕਿ ਬਾਦਲਾਂ ਨੇ ਉਸ ਦਲ ਨੂੰ ਬਦਨਾਮ ਕਰ ਦਿੱਤਾ ਜਿਸ ਦਾ ਕੁਰਬਾਨੀਆਂ ਭਰਿਆ ਇਤਿਹਾਸ ਹੈ। ਉਨ੍ਹਾਂ ਕਿਹਾ ਕਿ ਬਾਦਲਾਂ ਤੋਂ ਹਰ ਹਿਸਾਬ ਲਿਆ ਜਾਵੇਗਾ। ਸ੍ਰੀ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਜਾਂ ਦਿੱਲੀ ਕਮੇਟੀ ਦੀਆਂ ਚੋਣਾਂ ਲਈ ਉਹੀ ਉਮੀਦਵਾਰ ਐਲਾਨੇ ਜਾਣਗੇ ਜੋ ਸਿਆਸੀ ਅਹੁਦਿਆਂ ਦੇ ਇੱਛੁਕ ਨਾ ਹੋਣ। ਉਨ੍ਹਾਂ ਦੱਸਿਆ ਕਿ 13 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ 100 ਸਾਲ ਪੂਰੇ ਹੋਣ ਸਬੰਧੀ ਮੋਗਾ ਵਿਚ ਇਕ ਵੱਡਾ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਦਿੱਲੀ ਦੇ ਸਿੱਖਾਂ ਨਾਲ ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇਗਾ ਤੇ ਭ੍ਰਿਸ਼ਟਾਚਾਰੀਆਂ ਨੂੰ ਸਬਕ ਸਿਖਾਇਆ ਜਾਵੇਗਾ।

## ਜਥੇਦਾਰ ਨੇ ਸਤਿਕਾਰ ਕਮੇਟੀ ਦੇ ਮੁਖੀ ਤੋਂ 10 ਦਿਨਾਂ 'ਚ ਸਪਸ਼ਟੀਕਰਨ ਮੰਗਿਆ

**ਅੰਮ੍ਰਿਤਸਰ:** ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੁਰਾਤਨ ਪਾਵਨ ਸਰੂਪ ਉਤੇ ਲਕੀਰਾਂ ਮਾਰਨ ਦੇ ਮਾਮਲੇ ਵਿਚ ਹਰਮਨਜੀਤ ਸਿੰਘ ਵਾਸੀ ਉਚਾ ਸਰਾਜਗੰਜ (ਜਲੰਧਰ) ਵਲੋਂ ਅਕਾਲ ਤਖਤ ਸਾਹਿਬ ਵਿਖੇ ਕੀਤੀ ਸ਼ਿਕਾਇਤ ਦੇ ਮਾਮਲੇ ਵਿਚ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਮੁਖੀ ਭਾਈ ਬਲਬੀਰ ਸਿੰਘ ਮੁੱਛਲ ਨੂੰ ਇਸ ਸਬੰਧੀ ਅਕਾਲ ਤਖਤ ਸਾਹਿਬ ਵਿਖੇ 10 ਦਿਨਾਂ ਦੇ ਅੰਦਰ ਲਿਖਤੀ ਸਪੱਸ਼ਟੀਕਰਨ ਦੇਣ ਦਾ ਆਦੇਸ਼ ਜਾਰੀ ਕੀਤਾ ਗਿਆ ਹੈ।



ਇਸੇ ਦੌਰਾਨ ਭਾਈ ਬਲਬੀਰ ਸਿੰਘ ਮੁੱਛਲ ਦਾ ਕਹਿਣਾ ਹੈ ਕਿ ਪਾਵਨ ਸਰੂਪਾਂ ਦੀ ਸਹੀ ਸੰਭਾਲ ਨਾ ਹੋਣ ਕਰਕੇ ਪਾਵਨ ਸਰੂਪ ਜਲੰਧਰ ਤੋਂ ਸਤਿਕਾਰ ਸਹਿਤ ਲਿਆਂਦੇ ਗਏ ਸਨ ਤੇ ਜਲੰਧਰ ਦੇ ਹੀ ਇਕ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਸੁਸ਼ੋਭਿਤ ਕੀਤਾ ਸੀ।

ਉਨ੍ਹਾਂ ਕਿਹਾ ਕਿ ਪਰਿਵਾਰ ਦੀ ਮੰਗ 'ਤੇ ਕੁਝ ਮਹੀਨੇ ਪਹਿਲਾਂ ਜਦੋਂ ਇਹ ਪੁਰਾਤਨ ਸਰੂਪ ਜਦੋਂ ਪਰਿਵਾਰ ਨੂੰ ਪਿੰਡ ਸਿਆਲਕਾ ਵਿਖੇ ਵਾਪਸ ਕੀਤਾ ਗਿਆ ਸੀ ਤਾਂ ਸਾਡੇ ਵਲੋਂ ਇਸ ਵਿਚ ਕੋਈ ਵੀ ਵਾਧ ਘਾਟ ਨਹੀਂ ਸੀ ਕੀਤੀ ਗਈ। ਉਨ੍ਹਾਂ ਕਿਹਾ ਕਿ ਹੁਣ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਤੋਂ ਇਸ ਸਬੰਧੀ ਪੱਤਰ ਮਿਲਿਆ ਹੈ, ਜਿਸ ਦਾ ਉਹ ਜਲਦੀ ਹੀ ਜਵਾਬ ਦੇਣਗੇ।

## ਲੌਂਗੋਵਾਲ ਨੇ ਕੈਪਟਨ ਸਰਕਾਰ ਖਿਲਾਫ ਮੋਰਚਾ ਖੋਲ੍ਹਿਆ

**ਚੰਡੀਗੜ੍ਹ:** ਅੰਮ੍ਰਿਤਸਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਸਾਹਮਣੇ ਪਿਛਲੇ ਦਿਨੀਂ ਧਰਨਾਕਾਰੀਆਂ ਨਾਲ ਹੋਏ ਹਿੰਸਕ ਟਾਕਰੇ ਦੇ ਮਾਮਲੇ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਕਮੇਟੀ ਮੈਂਬਰਾਂ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ਦੇ ਬਾਹਰ ਧਰਨਾ ਲਾ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਮੁਲਾਜ਼ਮਾਂ ਉਤੇ ਕਰਵਾਇਆ ਗਿਆ ਕਰਾਸ ਕੇਸ ਰੱਦ ਕਰਨ ਦੀ ਮੰਗ ਕੀਤੀ ਗਈ।



ਧਰਨੇ ਮਗਰੋਂ ਉਨ੍ਹਾਂ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਵੀ ਦਿੱਤਾ, ਜਿਸ 'ਚ ਲੌਂਗੋਵਾਲ ਨੇ ਕਿਹਾ ਕਿ ਬੀਤੇ ਦਿਨੀਂ ਅਖੌਤੀ ਸਤਿਕਾਰ ਕਮੇਟੀ ਦੇ ਜਿਨ੍ਹਾਂ ਵਿਅਕਤੀਆਂ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਅਧਿਕਾਰੀਆਂ ਉਤੇ ਕਾਤਲਾਨਾ ਹਮਲਾ ਕਰਕੇ ਮੁਲਾਜ਼ਮਾਂ ਨੂੰ ਗੰਭੀਰ ਜਖਮੀ ਕੀਤਾ ਸੀ, ਉਨ੍ਹਾਂ ਨੂੰ ਤੁਰਤ ਗ੍ਰਿਫਤਾਰ ਕੀਤਾ ਜਾਵੇ ਅਤੇ ਕਾਨੂੰਨ ਅਨੁਸਾਰ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਉਨ੍ਹਾਂ ਕਿਹਾ ਕਿ ਇਕ ਪਾਸੇ ਇਨ੍ਹਾਂ ਲੋਕਾਂ ਨੇ ਸ਼੍ਰੋਮਣੀ ਕਮੇਟੀ ਦਫਤਰ ਦੇ ਮੁੱਖ ਦਰਵਾਜ਼ੇ ਨੂੰ ਤਾਲੇ ਲਗਾ ਕੇ ਲੰਗਰ ਛਕਣ ਜਾ ਰਹੇ ਮੁਲਾਜ਼ਮਾਂ ਨੂੰ ਮੰਦੀ ਭਾਸ਼ਾ ਵਰਤੀ ਅਤੇ ਇਸ ਮਗਰੋਂ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਕਈਆਂ ਨੂੰ ਜਖਮੀ ਕਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਮੁਲਾਜ਼ਮਾਂ ਉਤੇ ਕੀਤੇ ਗਏ ਕਾਤਲਾਨਾ ਹਮਲੇ ਮਗਰੋਂ ਉਲਟਾ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਮੁਲਾਜ਼ਮਾਂ 'ਤੇ ਕਰਾਸ ਕੇਸ ਦਰਜ ਕੀਤਾ ਗਿਆ, ਜਿਸ ਨੂੰ ਤੁਰਤ ਰੱਦ ਕੀਤਾ ਜਾਵੇ।

ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣ ਗਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਵੱਡੀ ਗਿਣਤੀ ਮੈਂਬਰਾਂ ਵਲੋਂ ਕੁਝ ਸਮੇਂ ਲਈ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਧਰਨਾ ਦਿੱਤਾ, ਜਿਸ ਮਗਰੋਂ ਮੁੱਖ ਮੰਤਰੀ ਦੇ ਓ.ਐਸ.ਡੀ. ਅੰਕਿਤ ਬਾਂਸਲ ਨੇ ਮੰਗ ਪੱਤਰ ਲੈ ਲਿਆ ਅਤੇ ਭਰੋਸਾ ਦਵਾਇਆ ਕਿ ਮੰਗ ਪੱਤਰ ਜਲਦ ਮੁੱਖ ਮੰਤਰੀ ਨੂੰ ਸੌਂਪ ਦੇਣਗੇ।

ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਲੌਂਗੋਵਾਲ ਅਤੇ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਨੇ ਇਥੇ ਇਕ ਭਰਵੀਂ ਇਕੱਤਰਤਾ ਕਰਕੇ ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੀਆਂ ਚੱਲੀਆਂ ਜਾ ਰਹੀਆਂ ਚਾਲਾਂ ਦੀ ਕਰੜੇ ਸ਼ਬਦਾਂ 'ਚ ਨਿੰਦਾ ਕੀਤੀ ਅਤੇ ਅਜਿਹੇ ਵਰਤਾਰੇ ਤੋਂ ਬਾਜ਼ ਆਉਣ ਦੀ ਤਾੜਨਾ ਵੀ ਕੀਤੀ।

### ਸਿੱਖ ਜਥੇਬੰਦੀਆਂ ਦੀ ਮੁੜ ਮੋਰਚੇ ਸਬੰਧੀ ਮੀਟਿੰਗ 10 ਨੂੰ

**ਅੰਮ੍ਰਿਤਸਰ:** ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ 'ਚ ਸ਼੍ਰੋਮਣੀ ਕਮੇਟੀ ਖਿਲਾਫ ਧਰਨਾ ਲਾਉਣ ਵਾਲੀਆਂ ਸਿੱਖ ਜਥੇਬੰਦੀਆਂ ਦੇ ਆਗੂ 10 ਨਵੰਬਰ ਨੂੰ ਮੁੜ ਤੋਂ ਮੋਰਚਾ ਲਾਉਣ ਬਾਰੇ ਅਗਲਾ ਫੈਸਲਾ ਲੈਣਗੇ। ਸਤਿਕਾਰ ਕਮੇਟੀ ਦੇ ਆਗੂ ਬਲਬੀਰ ਸਿੰਘ ਮੁੱਛਲ ਨੇ ਦੱਸਿਆ ਕਿ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਕਰਵਾਉਣ ਲਈ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ ਮੋਰਚਾ ਲਗਾਇਆ ਗਿਆ ਸੀ, ਜਿਸ ਨੂੰ 24 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਨੇ ਆਪਣੀ ਟਾਸਕ ਫੋਰਸ ਦੀ ਮਦਦ ਨਾਲ ਹਟਾ ਦਿੱਤਾ ਸੀ।

## ਮਲੇਰਕੋਟਲਾ 'ਚ ਫਰਾਂਸ ਦੇ ਰਾਸ਼ਟਰਪਤੀ ਖਿਲਾਫ ਜ਼ਬਰਦਸਤ ਰੋਸ ਮੁਜ਼ਾਹਰਾ

**ਮਲੇਰਕੋਟਲਾ (ਬਿਊਰੋ):** ਫਰਾਂਸ ਵਿਚ ਪੈਗੰਬਰ ਮੁਹੰਮਦ (ਸਲ.) ਦੇ ਕਾਰਟੂਨ ਅਤੇ ਵਾਪਰੇ ਹੱਤਿਆ ਕਾਂਡ ਕਾਰਨ ਆਲਮੇ ਇਸਲਾਮ 'ਚ ਫਰਾਂਸ ਦੇ ਸਦਰ ਅਤੇ ਇਕ ਵਿਸ਼ੇਸ਼ ਪੱਤ੍ਰਿਕਾ ਖਿਲਾਫ ਰੋਸ ਵਧਦਾ ਜਾ ਰਿਹਾ ਹੈ। ਮਲੇਰਕੋਟਲਾ ਦੇ ਸਰਹਿੰਦੀ ਗੇਟ ਬਾਹਰ ਵੱਡੀ ਗਿਣਤੀ ਮੁਸਲਮਾਨਾਂ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਅਤੇ ਫਰਾਂਸੀਸੀ ਸਰਕਾਰ ਖਿਲਾਫ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ।

ਪ੍ਰਦਰਸ਼ਨਕਾਰੀਆਂ ਨੇ ਫਰਾਂਸ ਦੇ ਰਾਸ਼ਟਰਪਤੀ ਅਤੇ ਫਰਾਂਸ ਦੇ ਝੰਡੇ ਫੂਕ ਕੇ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ। ਜੁਮੇ ਦੀ ਨਮਾਜ਼ ਤੋਂ ਬਾਅਦ ਕੀਤੇ ਰੋਸ ਪ੍ਰਦਰਸ਼ਨ 'ਚ ਸ਼ਾਮਲ ਵੱਡੀ ਗਿਣਤੀ ਮੁਸਲਮਾਨਾਂ ਨੂੰ ਸੰਬੋਧਨ ਕਰਦਿਆਂ ਮੁਸਲਿਮ ਫੈਡਰੇਸ਼ਨ ਆਫ ਪੰਜਾਬ ਦੇ ਮੁਖੀ ਐਡਵੋਕੇਟ ਮੁਬੀਨ ਫਾਰੂਕੀ, ਵਸੀਮ ਸ਼ੇਖ, ਐਡਵੋਕੇਟ ਮੁਹੰਮਦ ਜਮੀਲ ਜੌੜਾ, ਜਮੀਲ ਉਰ ਰਹਿਮਾਨ ਅਤੇ ਮੁਕੱਰਮ ਸ਼ੈਫੀ ਆਦਿ ਆਗੂਆਂ ਨੇ ਫਰਾਂਸ 'ਚ ਵਾਪਰੀ ਹਜ਼ਰਤ ਮੁਹੰਮਦ ਸਾਹਿਬ (ਸਲ.) ਦੇ ਕਾਰਟੂਨ ਦਿਖਾਉਣ ਦੀ ਘਟਨਾ ਤੋਂ ਬਾਅਦ ਫਰਾਂਸ ਦੇ ਰਾਸ਼ਟਰਪਤੀ ਵਲੋਂ ਦਿੱਤੇ ਬਿਆਨ ਦੀ ਨਿੰਦਾ ਕਰਦਿਆਂ ਕਿਹਾ ਕਿ ਹੁਣ ਫਰਾਂਸ ਸਮੇਤ ਯੂਰਪੀ ਦੇਸ਼ਾਂ 'ਚ ਬੋਲਣ ਦੀ ਆਜ਼ਾਦੀ ਦੇ ਨਾਂ ਉਤੇ ਪ੍ਰਦਰਸ਼ਨ ਕਰਕੇ ਮੁਸਲਮਾਨਾਂ ਦੇ ਜਜ਼ਬਾਤਾਂ ਅਤੇ ਭਾਵਨਾਵਾਂ ਨਾਲ ਖੇਡਿਆਂ ਜਾ ਰਿਹਾ ਹੈ।

ਬੁਲਾਰਿਆਂ ਨੇ ਫਰਾਂਸ ਦੀਆਂ ਬਣੀਆਂ ਵਸਤਾਂ ਦਾ ਬਾਈਕਾਟ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਫਰਾਂਸ ਦੀ ਸਰਕਾਰ ਨੇ ਆਪਣੀਆਂ ਨੀਤੀਆਂ ਨਾ ਸੁਧਾਰੀਆਂ ਤਾਂ ਫਰਾਂਸ ਨੂੰ ਇਸ ਦਾ ਖਮਿਆਜ਼ਾ ਲਾਜ਼ਮੀ ਭੁਗਤਣਾ ਪਵੇਗਾ।

## ਕਤਲੇਆਮ 84: ਮਾਰੇ ਗਏ ਸਿੱਖਾਂ ਨੂੰ ਸੱਚ ਦੀ ਕੰਧ 'ਤੇ ਦਿੱਤੀ ਸ਼ਰਧਾਂਜਲੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1984 ਦੇ ਸਿੱਖ ਕਤਲੇਆਮ ਦੇ ਮ੍ਰਿਤਕਾਂ ਦੀ ਯਾਦ 'ਚ ਬਣਾਈ ਗਈ 'ਸੱਚ ਦੀ ਕੰਧ' ਉਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਿੱਖ ਕਤਲੇਆਮ ਨੂੰ ਦੇਸ਼ ਦੇ ਪ੍ਰਸ਼ਾਸਕੀ ਤੇ ਨਿਆਇਕ ਚਿਹਰੇ ਉਪਰ ਡੂੰਘਾ ਦਾਗ ਕਰਾਰ ਦਿੱਤਾ। ਇਸ ਤੋਂ ਪਹਿਲਾਂ ਗੁਰਦੁਆਰਾ ਬੰਗਲਾ ਸਾਹਿਬ 'ਚ ਮ੍ਰਿਤਕਾਂ ਦੀ ਯਾਦ 'ਚ ਧਾਰਮਿਕ ਸਮਾਗਮ ਵੀ ਕਰਵਾਇਆ ਗਿਆ।

ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾ ਕੇ ਦਮ ਲਿਆ ਜਾਵੇਗਾ। ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਬੀਤੇ ਸਮੇਂ ਵਿਚ ਕਮੇਟੀਆਂ ਨੇ ਸਿੱਖਾਂ ਦੇ ਕਾਤਲਾਂ ਨੂੰ ਸਿਰੋਪਾਓ ਦਿੱਤੇ ਪਰ ਸ਼੍ਰੋਮਣੀ ਅਕਾਲੀ ਦਲ ਨੇ ਅਦਾਲਤਾਂ ਤੋਂ ਸੰਸਦ ਤੱਕ ਇਨਸਾਫ ਦੀ ਲੜਾਈ ਲੜੀ। ਬਾਅਦ ਵਿਚ




ਮ੍ਰਿਤਕਾਂ ਦੀ ਯਾਦ ਵਿਚ ਬਣੇ ਸਥਾਨ ਉਪਰ ਮੋਮਬੱਤੀਆਂ ਜਗਾ ਕੇ ਸਿੱਖ ਕਤਲੇਆਮ ਦੌਰਾਨ ਮਾਰੇ ਗਏ ਬੇਕਸੂਰ ਅਤੇ ਨਿਹੱਥੇ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਤੇ ਸਰਕਾਰਾਂ ਨੂੰ ਜਗਾਉਣ ਲਈ ਇਹ ਮੋਮਬੱਤੀਆਂ ਜਲਾਈਆਂ ਗਈਆਂ ਹਨ। ਸਿੱਖ ਕਤਲੇਆਮ ਦੀ ਅਹਿਮ ਗਵਾਹ ਜਗਦੀਸ਼ ਕੌਰ ਨੇ ਆਪਣੇ ਤੇ ਪਰਿਵਾਰ ਨਾਲ ਬੀਤੇ ਭਾਣੇ ਦੀ ਦਰਦ ਭਰੀ ਦਾਸਤਾਂ ਸੁਣਾਈ। ਇਸ ਮੌਕੇ ਸਿੱਖ ਕਤਲੇਆਮ ਨਾਲ ਜੁੜੀਆਂ ਘਟਨਾਵਾਂ ਬਾਰੇ ਇਕ ਚਿੱਤਰ ਪ੍ਰਦਰਸ਼ਨੀ ਸੱਚ ਦੀ ਕੰਧ ਉਤੇ ਲਾਈ ਗਈ। ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਰਿਹਾਇਸ਼ 'ਤੇ ਸਮਾਗਮ ਦੌਰਾਨ ਦੋ ਮਿੰਟ ਦਾ ਮੌਨ ਧਾਰ ਕੇ 1 ਨਵੰਬਰ ਤੋਂ 3 ਨਵੰਬਰ 1984 ਦੌਰਾਨ ਦਿੱਲੀ ਸਮੇਤ ਦੇਸ਼ ਦੇ ਹੋਰ ਹਿੱਸਿਆਂ ਵਿਚ ਭੜਕੀ ਭੀੜ ਵੱਲੋਂ ਮਾਰੇ ਗਏ ਬੇਦੋਸ਼ੇ ਤੇ ਨਿਹੱਥੇ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਸ੍ਰੀ ਢੀਂਡਸਾ ਨੇ ਕਿਹਾ ਕਿ ਸਿੱਖ ਕਤਲੇਆਮ ਦੇਸ਼ ਦੇ ਲੋਕਤੰਤਰ ਉਤੇ ਕਾਲਾ ਧੱਬਾ ਹੈ। ਤਿਲਕ ਨਗਰ ਦੇ ਤਿਲਕ ਵਿਹਾਰ ਸਥਿਤ ਗੁਰਦੁਆਰਾ ਸ਼ਹੀਦ ਗੰਜ 'ਚ ਵੀ ਧਾਰਮਿਕ ਸਮਾਗਮ ਕਰਵਾਇਆ ਗਿਆ। ਮਾਨਸਰੋਵਰ ਗਾਰਡਨ 'ਚ ਖੂਨਦਾਨ ਕੈਂਪ ਲਾਇਆ ਗਿਆ ਜੋ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਲਾਏ ਗਏ ਨਾਅਰੇ 'ਖੂਨ ਦਾ ਬਦਲਾ ਖੂਨ' ਦਾ ਪ੍ਰਤੀਕ ਸੀ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਰਾਜਸਥਾਨ ਵੀ ਖੇਤੀ ਕਾਨੂੰਨਾਂ ਖਿਲਾਫ ਡਟਿਆ, ਵਿਧਾਨ ਸਭਾ ਵਿਚ ਬਿੱਲ ਪਾਸ

**ਜੈਪੁਰ:** ਰਾਜਸਥਾਨ ਵਿਧਾਨ ਸਭਾ ਨੇ ਕੇਂਦਰ ਦੇ ਖੇਤੀ ਕਾਨੂੰਨਾਂ ਦੇ ਟਾਕਰੇ ਲਈ ਤਿੰਨ ਬਿੱਲਾਂ ਨੂੰ ਜ਼ਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ। ਇਸ ਤੋਂ ਪਹਿਲਾਂ ਭਾਜਪਾ ਵਿਧਾਇਕਾਂ ਨੇ ਸਦਨ 'ਚੋਂ ਵਾਕਆਊਟ ਕੀਤਾ। ਰਾਜਸਥਾਨ ਦੂਜਾ ਸੂਬਾ ਬਣ ਗਿਆ ਹੈ ਜਿਸ ਨੇ ਪੰਜਾਬ ਤੋਂ ਬਾਅਦ ਕੇਂਦਰੀ ਕਾਨੂੰਨਾਂ ਨੂੰ ਰੱਦ ਕਰਕੇ ਆਪਣੇ ਖੇਤੀ ਬਿੱਲ ਪਾਸ ਕੀਤੇ ਹਨ। ਖੇਤੀ ਬਿੱਲਾਂ ਉਤੇ ਬਹਿਸ ਦਾ ਜਵਾਬ ਦਿੰਦਿਆਂ ਰਾਜਸਥਾਨ ਦੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਸ਼ਾਂਤੀ ਧਾਰੀਵਾਲ ਨੇ ਕਿਹਾ ਕਿ ਪੂਰਾ ਮੁਲਕ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਖੇਤੀ ਕਾਨੂੰਨਾਂ ਖਿਲਾਫ ਹੈ।

ਉਨ੍ਹਾਂ ਕਿਹਾ, "ਮੈਂ ਪੂਰੀ ਗਾਰੰਟੀ ਨਾਲ ਆਖ ਸਕਦਾ ਹਾਂ ਕਿ ਜ਼ਮੀਨ ਐਕੁਜ਼ੀਸ਼ਨ ਐਕਟ ਵਾਂਗ ਸਾਰੇ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣਾ ਪਵੇਗਾ।" ਕੇਂਦਰੀ ਕਾਨੂੰਨਾਂ ਦਾ ਬਚਾਅ ਕਰਦਿਆਂ ਵਿਰੋਧੀ ਧਿਰ ਦੇ ਆਗੂ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਸੰਸਦ 'ਚ ਅਚਾਨਕ ਹੀ ਪੇਸ਼ ਨਹੀਂ ਕੀਤਾ ਗਿਆ ਸੀ ਸਗੋਂ ਸਾਰਿਆਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਧਿਆਨ 'ਚ ਰੱਖਿਆ ਗਿਆ ਸੀ ਜੋ ਇਕ ਮੁਲਕ, ਇਕ ਮੰਡੀ, ਠੇਕੇ ਉਤੇ ਖੇਤੀ ਅਤੇ ਅਸਿੱਧੇ ਮੰਡੀ ਟੈਕਸਾਂ ਦੇ ਖਾਤਮੇ ਦੀ ਗੱਲ ਕਰਦੇ ਹਨ।

## ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ ਇਥੇ ਦਰਬਾਰ ਸਾਹਿਬ 'ਚ ਸ਼੍ਰੋਮਣੀ ਕਮੇਟੀ ਤੇ ਸੰਗਤ ਵੱਲੋਂ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸੁੰਦਰ ਜਲੌਅ ਸਜਾਏ ਗਏ ਤੇ ਵੱਖ-ਵੱਖ ਤਰ੍ਹਾਂ ਦੇ ਫੁੱਲਾਂ ਨਾਲ ਸਜਾਵਟ ਕੀਤੀ ਗਈ।

ਇਸ ਦੌਰਾਨ ਦਰਸ਼ਨ ਕਰਨ ਵਾਲੀ ਸੰਗਤ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਰਹੀਆਂ। ਭਾਵੇਂ ਕਰੋਨਾ ਦਾ ਸੰਕਟ ਬਰਕਰਾਰ ਹੈ ਪਰ ਇਸ ਮਹਾਮਾਰੀ 'ਤੇ ਸ਼ਰਧਾਲੂਆਂ ਦੀ ਆਸਥਾ ਭਾਰੀ ਰਹੀ। ਸੰਗਤ ਨੇ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਮੱਥਾ ਟੇਕਣ ਮਗਰੋਂ ਕੀਰਤਨ ਦਾ ਆਨੰਦ ਮਾਣਿਆ। ਇਸ ਦੌਰਾਨ ਦਰਬਾਰ ਸਾਹਿਬ ਅਤੇ ਗੁਰਦੁਆਰਾ ਬਾਬਾ ਅਟਲ ਰਾਏ 'ਚ ਜਲੌਅ ਸਜਾਏ ਗਏ ਅਤੇ ਪੁਰਾਤਨ ਵੇਲੇ ਦੀਆਂ ਬੇਸ਼ਕੀਮਤੀ ਵਸਤਾਂ ਦਰਸ਼ਨਾਂ ਵਾਸਤੇ ਰੱਖੀਆਂ ਗਈਆਂ। ਸਵੇਰੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼ਮੂਲੀਅਤ ਕਰਦਿਆਂ ਸੰਗਤ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਇਸੇ ਤਰ੍ਹਾਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਵਧਾਈ ਦਿੰਦਿਆਂ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਆ। ਇਸ ਦੌਰਾਨ ਮੁੰਬਈ ਦੀ ਸੰਗਤ ਵੱਲੋਂ ਸ੍ਰੀ ਹਰਿਮੰਦਰ ਸਾਹਿਬ, ਅਕਾਲ ਤਖਤ, ਦਰਸ਼ਨੀ ਡਿਉਢੀ ਆਦਿ ਥਾਵਾਂ ਉਤੇ ਕੀਤੀ ਗਈ ਫੁੱਲਾਂ ਦੀ ਸਜਾਵਟ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ।

## ਡਾ. ਬੂਟਾ ਸਿੰਘ ਸਿੱਧੂ ਪੀ.ਟੀ.ਯੂ. ਦੇ ਨਵੇਂ ਉਪ ਕੁਲਪਤੀ

**ਬਠਿੰਡਾ:** ਉਘੇ ਵਿਦਵਾਨ ਅਤੇ ਖੋਜਕਰਤਾ ਡਾ. ਬੂਟਾ ਸਿੰਘ ਸਿੱਧੂ ਨੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਦੇ ਨਵੇਂ ਉਪ ਕੁਲਪਤੀ ਵਜੋਂ ਆਪਣਾ ਅਹੁਦਾ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸੰਭਾਲ ਲਿਆ।

ਰਾਜਪਾਲ ਪੰਜਾਬ ਵਲੋਂ ਡਾ. ਬੂਟਾ ਸਿੰਘ ਸਿੱਧੂ ਨੂੰ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਉਪ-ਕੁਲਪਤੀ ਵਜੋਂ ਮਨਜ਼ੂਰੀ ਦਿੱਤੀ ਸੀ। ਉਹ ਯੂਨੀਵਰਸਿਟੀ ਦੇ ਬੋਰਡ ਆਫ ਗਵਰਨਰਜ਼ (ਬੀ.ਓ.ਜੀ.) ਦੁਆਰਾ ਪ੍ਰਵਾਨਿਤ ਤਿੰਨ ਉਮੀਦਵਾਰਾਂ ਦੇ ਪੈਨਲ ਵਿਚ ਸ਼ਾਮਲ ਸਨ। ਇਸ ਤੋਂ ਪਹਿਲਾਂ ਉਹ ਐਮ. ਆਰ. ਐਸ. ਪੀ. ਟੀ. ਯੂ. ਦੇ ਡੀਨ, ਯੋਜਨਾਬੰਦੀ ਅਤੇ ਵਿਕਾਸ ਅਤੇ ਕਾਰਜਕਾਰੀ ਰਜਿਸਟਰਾਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ।

ਡਾ. ਸਿੱਧੂ ਨੇ ਯੂਨੀਵਰਸਿਟੀ ਦੇ ਬਾਨੀ ਉਪ ਕੁਲਪਤੀ ਪ੍ਰੋ. (ਡਾ.) ਮੋਹਨ ਪਾਲ ਸਿੰਘ ਈਸ਼ਰ ਤੋਂ ਚਾਰਜ ਸੰਭਾਲਿਆ, ਜਿਨ੍ਹਾਂ ਨੇ ਲਗਭਗ ਸਾਢੇ 5 ਸਾਲ ਤੋਂ ਉਪਰ ਯੂਨੀਵਰਸਿਟੀ ਦੇ ਉਪ ਕੁਲਪਤੀ ਵਜੋਂ ਸੇਵਾਵਾਂ ਨਿਭਾਈਆਂ।

## ਹਰਦੀਪ ਪੁਰੀ ਤੇ 9 ਹੋਰ ਬਿਨਾ ਵਿਰੋਧ ਰਾਜ ਸਭਾ ਲਈ ਚੁਣੇ ਗਏ

**ਲਖਨਊ:** ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅਤੇ 9 ਹੋਰ ਆਗੂ ਬਿਨਾਂ ਵਿਰੋਧ ਦੇ ਉਤਰ ਪ੍ਰਦੇਸ਼ ਤੋਂ ਰਾਜ ਸਭਾ ਲਈ ਚੁਣੇ ਗਏ ਹਨ। ਇਨ੍ਹਾਂ 'ਚੋਂ ਅੱਠ ਭਾਜਪਾ ਅਤੇ ਇਕ-ਇਕ ਸਮਾਜਵਾਦੀ ਪਾਰਟੀ ਤੇ ਬਸਪਾ ਦੇ ਉਮੀਦਵਾਰ ਹਨ। ਸੰਸਦ ਦੇ ਉਪਰਲੇ ਸਦਨ ਲਈ ਨੀਰਜ ਸ਼ੇਖਰ, ਅਰੁਣ ਸਿੰਘ, ਗੀਤਾ ਸ਼ਾਕਿਆ, ਹਰਿਦੁਆਰ ਦੂਬੇ, ਬ੍ਰਿਜਲਾਲ, ਬੀ ਐੱਲ ਵਰਮਾ, ਸੀਮਾ ਦਿਵੇਦੀ (ਸਾਰੇ ਭਾਜਪਾ), ਰਾਮ ਗੋਪਾਲ ਯਾਦਵ (ਸਮਾਜਵਾਦੀ ਪਾਰਟੀ) ਅਤੇ ਰਾਮਜੀ ਗੌਤਮ (ਬਸਪਾ) ਚੁਣੇ ਗਏ ਹਨ। ਚੁਣੇ ਗਏ ਸਾਰੇ 10 ਉਮੀਦਵਾਰਾਂ ਨੂੰ ਸਰਟੀਫਿਕੇਟ ਦੇ ਦਿੱਤੇ ਗਏ ਹਨ।

## ਸਰਕਾਰ ਨੇ ਖਾਲਿਸਤਾਨ ਸਮਰਥਕ 12 ਵੈੱਬਸਾਈਟਾਂ 'ਤੇ ਪਾਬੰਦੀ ਲਗਾਈ

**ਨਵੀਂ ਦਿੱਲੀ:** ਸਰਕਾਰ ਨੇ ਖਾਲਿਸਤਾਨ ਪੱਖੀ ਸੰਗਠਨਾਂ ਨਾਲ ਜੁੜੀਆਂ 12 ਵੈਬਸਾਈਟਾਂ ਉਤੇ ਪਾਬੰਦੀ ਲਗਾ ਦਿੱਤੀ ਹੈ। ਸੂਤਰਾਂ ਨੇ ਦੱਸਿਆ ਕਿ ਪਾਬੰਦੀਸ਼ੁਦਾ ਵੈੱਬਸਾਈਟਾਂ ਵਿਚੋਂ ਕੁਝ ਨੂੰ ਗੈਰਕਾਨੂੰਨੀ ਸੰਗਠਨ 'ਸਿੱਖਸ ਫਾਰ ਜਸਟਿਸ' (ਐਸ.ਐਫ.ਜੇ.) ਵੱਲੋਂ ਸਿੱਧੇ ਤੌਰ 'ਤੇ ਚਲਾਇਆ ਜਾਂਦਾ ਸੀ। ਵੈੱਬਸਾਈਟਾਂ ਵਿਚ ਖਾਲਿਸਤਾਨ ਪੱਖੀ ਸਮੱਗਰੀ ਸੀ।

ਸੂਤਰ ਮੁਤਾਬਕ, "ਇਲੈਕਟ੍ਰਾਨਿਕਸ ਅਤੇ ਆਈ. ਟੀ. ਮੰਤਰਾਲੇ ਨੇ ਆਈ.ਟੀ. ਐਕਟ ਦੀ ਧਾਰਾ 69 ਏ ਤਹਿਤ 12 ਵੈੱਬਸਾਈਟਾਂ ਉਤੇ ਪਾਬੰਦੀ ਲਗਾ ਦਿੱਤੀ ਹੈ। ਇਸ ਮੰਤਰਾਲੇ ਨੂੰ ਭਾਰਤ ਵਿਚ ਸਾਈਬਰਸਪੇਸ ਉਤੇ ਨਜ਼ਰ ਰੱਖਣ ਦਾ ਅਧਿਕਾਰ ਹੈ। ਗ੍ਰਹਿ ਮੰਤਰਾਲੇ ਨੇ ਪਿਛਲੇ ਸਾਲ ਦੇਸ਼ ਵਿਰੋਧੀ ਗਤੀਵਿਧੀਆਂ ਲਈ ਐਸ.ਐਫ.ਜੇ. ਉਤੇ ਪਾਬੰਦੀ ਲਗਾ ਦਿੱਤੀ ਸੀ। ਜੁਲਾਈ ਵਿਚ ਸਰਕਾਰ ਨੇ ਵੱਖਵਾਦੀ ਗਤੀਵਿਧੀਆਂ ਦੇ ਸਮਰਥਨ ਲਈ 'ਐਸ.ਐਫ.ਜੇ' ਨਾਲ ਜੁੜੀਆਂ 40 ਵੈੱਬਸਾਈਟਾਂ ਉਤੇ ਪਾਬੰਦੀ ਲਗਾ ਦਿੱਤੀ ਸੀ।

## ਮੋਦੀ ਸਰਕਾਰ ਦੀ ਅੜੀ ਕਾਰਨ ਤਲਖੀ ਵਧਣ ਲੱਗੀ

*(ਸਫਾ ਇਕ ਦੀ ਬਾਕੀ)*

ਰੁਪਏ ਦਾ ਘਾਟਾ ਪੈ ਰਿਹਾ ਹੈ।

ਪਿਛਲੇ ਦਿਨਾਂ ਤੋਂ ਜਿਸ ਤਰ੍ਹਾਂ ਦਾ ਮਾਹੌਲ ਉਸਰਿਆ ਹੈ, ਉਸ ਨੂੰ ਭਾਂਪਦਿਆਂ ਕੇਂਦਰ ਸਰਕਾਰ ਤੋਂ ਸਥਿਤੀ ਨੂੰ ਸੁਧਾਰਨ ਲਈ ਵੱਡੇ ਯਤਨਾਂ ਦੀ ਉਮੀਦ ਕੀਤੀ ਜਾਂਦੀ ਸੀ ਪਰ ਇਸ ਦੀ ਬਜਾਏ ਉਸ ਨੇ ਟਕਰਾਅ ਵਾਲੀ ਨੀਤੀ ਅਪਣਾ ਲਈ ਜਾਪਦੀ ਹੈ। ਇਸੇ ਕੜੀ ਵਿਚ ਹੀ ਕੇਂਦਰ ਵਲੋਂ ਕਣਕ ਝੋਨੇ ਦੀ ਖਰੀਦ 'ਤੇ ਪੰਜਾਬ ਨੂੰ ਦਿੱਤੇ ਜਾਂਦੇ ਪੇਂਡੂ ਵਿਕਾਸ ਫੰਡ ਨੂੰ ਖਤਮ ਕਰਨ ਦੇ ਫੈਸਲੇ ਨੂੰ ਦੇਖਿਆ ਜਾ ਸਕਦਾ ਹੈ। ਇਸੇ ਨਾਲ ਹੀ ਆਉਂਦੇ ਸਮੇਂ 'ਚ ਕਣਕ ਦੀ ਚੁਕਾਈ ਸਮੇਂ ਵੀ ਲਗਭਗ ਇਸ ਦੇ ਬਰਾਬਰ ਹੀ ਰਕਮ ਰੋਕੇ ਜਾਣ ਦੀ ਸੰਭਾਵਨਾ ਬਣ ਗਈ ਹੈ। ਜਥੇਬੰਦੀਆਂ ਨੇ ਪੰਜਾਬ ਵਿਚ ਰੇਲ ਗੱਡੀਆਂ ਨਾ ਜਾਣ ਦੇਣ ਨੂੰ ਕੇਂਦਰ ਸਰਕਾਰ ਦੀ ਸਾਜ਼ਿਸ਼ ਅਤੇ ਪੰਜਾਬ ਨਾਲ ਵਿਤਕਰਾ ਕਰਾਰ ਦਿੱਤਾ ਹੈ। ਕੇਂਦਰ ਸਰਕਾਰ ਨੇ ਫਿਲਹਾਲ ਕਾਨੂੰਨਾਂ ਵਿਚ ਕੋਈ ਤਬਦੀਲੀ ਤਾਂ ਦੂਰ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕਰਨ ਤੋਂ ਵੀ ਚੁੱਪ ਵੱਟੀ ਹੋਈ ਹੈ।

ਉਂਜ, ਇਹ ਕਿਸਾਨ ਸੰਘਰਸ਼ ਦੀ ਹੀ ਤਾਕਤ ਹੈ ਕਿ ਪੰਜਾਬ ਵਿਚ ਭਾਜਪਾ ਆਗੂਆਂ ਨੂੰ ਭੱਜਣ ਨੂੰ ਥਾਂ ਨਹੀਂ ਲੱਭ ਰਿਹਾ ਹੈ। ਵੱਡੀ ਗਿਣਤੀ ਆਗੂ ਧੜਾ ਧੜ ਪਾਰਟੀ ਦਾ ਸਾਥ ਛੱਡ ਰਹੇ ਹਨ। ਇਥੋਂ ਤੱਕ ਕੇਂਦਰੀ ਹਾਈਕਮਾਂਡ ਦੇ ਹੁਕਮਾਂ ਉਤੇ ਖੇਤੀ ਕਾਨੂੰਨਾਂ ਦੇ ਹੱਕ ਵਿਚ ਛਾਪੇ ਪੋਸਟਰ ਵੰਡਣ ਤੋਂ ਵੀ ਪਾਸਾ ਵੱਟਿਆ ਜਾ ਰਿਹਾ ਹੈ। ਸਿਆਸੀ ਮਾਹਰ ਮੰਨਦੇ ਹਨ ਕਿ ਭਾਜਪਾ ਨੂੰ ਹੁਣ ਇਹ ਕਾਨੂੰਨ ਵੱਡਾ ਸਿਆਸੀ ਘਾਟਾ ਤਾਂ ਜਾਪਣ ਲੱਗੇ ਹਨ ਪਰ ਵੱਡੇ ਸਨਅਤੀ ਘਰਾਣਿਆਂ ਦੀ ਚਾਕਰੀ ਉਸ ਨੂੰ ਪਿੱਛੇ ਨਾ ਹਟਣ ਲਈ ਹੱਲਾਸ਼ੇਰੀ ਦੇ ਰਹੀ ਹੈ। ਉਧਰ, ਖੇਤੀ ਮਾਹਰਾਂ ਦੀ ਰਾਏ ਹੈ ਕਿ ਸਰਕਾਰ ਨੂੰ ਚਾਹੀਦਾ ਤਾਂ ਇਹ ਸੀ ਕਿ ਖੇਤੀ ਖੇਤਰ ਅਤੇ ਇਹਦੇ ਨਾਲ ਜੁੜੀਆਂ ਸਨਅਤਾਂ ਨੂੰ ਮਜ਼ਬੂਤ ਕਰਦੀ ਪਰ ਸਰਕਾਰ ਕਾਰਪੋਰੇਟ-ਪੱਖੀ ਮਾਡਲ ਨੂੰ ਅੱਗੇ ਵਧਾਉਣ ਵੱਲ ਜ਼ਿਆਦਾ ਪ੍ਰਤੀਬੱਧ ਲੱਗਦੀ ਹੈ। ਇਸੇ ਲਈ ਕੋਵਿਡ-19 ਜਿਹੀ ਭਿਆਨਕ ਮਹਾਮਾਰੀ ਦੌਰਾਨ ਖੇਤੀ ਮੰਡੀਕਰਨ ਅਤੇ ਕੰਟਰੈਕਟ ਖੇਤੀ ਕਰਨ ਸਬੰਧੀ ਆਰਡੀਨੈਂਸ ਜਾਰੀ ਕੀਤੇ ਗਏ। ਜ਼ਰੂਰੀ ਵਸਤਾਂ ਬਾਰੇ ਕਾਨੂੰਨ ਵਿਚ ਸੋਧ ਕੀਤੀ ਗਈ। ਸੰਸਦ ਦੇ ਇਜਲਾਸ ਦੌਰਾਨ ਇਨ੍ਹਾਂ ਬਿੱਲਾਂ 'ਤੇ ਵੱਡੀ ਪੱਧਰ ਉਤੇ ਵਿਚਾਰ ਵਟਾਂਦਰਾ ਕਰਨ ਦੀ ਥਾਂ 'ਤੇ ਰਾਜ ਸਭਾ ਵਿਚ ਇਨ੍ਹਾਂ ਬਿੱਲਾਂ ਨੂੰ ਸਹੀ ਪ੍ਰਕਿਰਿਆ ਦੀ ਉਲੰਘਣਾ ਕਰ ਕੇ ਪਾਸ ਕਰਵਾਇਆ ਗਿਆ। ਇਨ੍ਹਾਂ ਕਾਨੂੰਨਾਂ ਨੂੰ ਖੇਤੀ ਖੇਤਰ ਦੇ ਸੁਧਾਰਾਂ, ਕਿਸਾਨਾਂ ਨੂੰ ਵਿਚੋਲਿਆਂ ਤੋਂ ਆਜ਼ਾਦ ਕਰਵਾਉਣ ਅਤੇ ਉਨ੍ਹਾਂ (ਕਿਸਾਨਾਂ) ਨੂੰ ਜਿਣਸਾਂ ਦੇ ਵੱਧ ਭਾਅ ਦੇਣ ਵਾਲੀਆਂ ਪਹਿਲਕਦਮੀਆਂ ਵਜੋਂ ਪੇਸ਼ ਕੀਤਾ ਗਿਆ। ਪੰਜਾਬ ਦੇ ਕਿਸਾਨਾਂ ਵਿਚ ਦੂਸਰੇ ਸੂਬਿਆਂ ਦੇ ਕਿਸਾਨਾਂ ਨਾਲੋਂ ਜਾਗਰੂਕਤਾ ਮੁਕਾਬਲਤਨ ਜ਼ਿਆਦਾ ਹੈ ਅਤੇ ਪੰਜਾਬ ਦੇ ਕਿਸਾਨ ਇਕਦਮ ਸੰਘਰਸ਼ ਵਿਚ ਕੁੱਦੇ ਅਤੇ ਸਾਰੇ ਦੇਸ਼ ਨੂੰ ਰਸਤਾ ਦਿਖਾਇਆ।

## ਪ੍ਰਿਯੰਕਾ ਰਾਧਾਕ੍ਰਿਸ਼ਨਨ ਨਿਊਜ਼ੀਲੈਂਡ 'ਚ ਬਣੀ ਭਾਰਤੀ ਮੂਲ ਦੀ ਪਹਿਲੀ ਮੰਤਰੀ

**ਮੈਲਬਰਨ:** ਪ੍ਰਿਯੰਕਾ ਰਾਧਾਕ੍ਰਿਸ਼ਨਨ ਨਿਊਜ਼ੀਲੈਂਡ ਵਿਚ ਮੰਤਰੀ ਬਣਨ ਵਾਲੀ ਭਾਰਤੀ ਮੂਲ ਦੀ ਪਹਿਲੀ ਮੈਂਬਰ ਬਣ ਗਈ ਹੈ। ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਵੱਲੋਂ ਆਪਣੇ ਮੰਤਰੀ ਮੰਡਲ ਵਿਚ ਪੰਜ ਨਵੇਂ ਮੰਤਰੀ ਸ਼ਾਮਲ ਕੀਤੇ ਗਏ ਹਨ।

ਭਾਰਤ ਵਿਚ ਜੰਮੀ ਰਾਧਾਕ੍ਰਿਸ਼ਨਨ (41) ਨੇ ਸਕੂਲ ਸਿੱਖਿਆ ਸਿੰਗਾਪੁਰ ਵਿਚ ਹਾਸਲ ਕੀਤੀ ਤੇ ਫਿਰ ਅਗਲੀ ਪੜ੍ਹਾਈ ਲਈ ਨਿਊਜ਼ੀਲੈਂਡ ਗਈ। ਉਨ੍ਹਾਂ ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਅਤੇ ਸ਼ੋਸ਼ਣ ਦਾ ਸ਼ਿਕਾਰ ਹੋਏ ਪਰਵਾਸੀ ਮਜ਼ਦੂਰਾਂ ਵਰਗੇ ਲੋਕਾਂ, ਜਿਨ੍ਹਾਂ ਦੀ ਆਵਾਜ਼ ਹਮੇਸ਼ਾਂ ਦਬਾ ਦਿੱਤੀ ਜਾਂਦੀ ਸੀ, ਲਈ ਆਵਾਜ਼ ਉਠਾਈ। ਸਤੰਬਰ 2017 ਵਿਚ ਉਹ ਪਹਿਲੀ ਵਾਰ ਲੇਬਰ ਪਾਰਟੀ ਵੱਲੋਂ ਮੈਂਬਰ ਪਾਰਲੀਮੈਂਟ ਚੁਣੀ ਗਈ ਸੀ। ਸਾਲ 2019 ਵਿਚ ਉਹ ਨਸਲੀ ਭਾਈਚਾਰੇ ਲਈ ਮੰਤਰੀ ਦੀ ਸੰਸਦੀ ਨਿੱਜੀ ਸਕੱਤਰ ਨਿਯੁਕਤ ਕੀਤੀ ਗਈ।

## ਅਡਾਨੀ ਗਰੁੱਪ ਨੇ ਲਖਨਊ ਹਵਾਈ ਅੱਡੇ ਦੀ ਕਮਾਨ ਸੰਭਾਲੀ

**ਨਵੀਂ ਦਿੱਲੀ:** ਏਅਰਪੋਰਟ ਅਥਾਰਿਟੀ ਆਫ ਇੰਡੀਆ ਨੇ ਲਖਨਊ ਹਵਾਈ ਅੱਡਾ 50 ਸਾਲਾਂ ਦੀ ਲੀਜ਼ 'ਤੇ ਅਡਾਨੀ ਗਰੁੱਪ ਨੂੰ ਸੌਂਪ ਦਿੱਤਾ ਹੈ। ਇਸ ਤੋਂ ਪਹਿਲਾਂ 30 ਅਕਤੂਬਰ ਨੂੰ ਅਥਾਰਿਟੀ ਨੇ ਮੰਗਲੂਰੂ ਹਵਾਈ ਅੱਡਾ ਗਰੁੱਪ ਨੂੰ ਸੌਂਪਿਆ ਸੀ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਫਰਵਰੀ 2019 ਵਿਚ ਛੇ ਵੱਡੇ ਹਵਾਈ ਅੱਡਿਆਂ ਦੇ ਨਿੱਜੀਕਰਨ ਦਾ ਫੈਸਲਾ ਲਿਆ ਸੀ। ਇਨ੍ਹਾਂ ਵਿਚ ਲਖਨਊ, ਅਹਿਮਦਾਬਾਦ, ਜੈਪੁਰ, ਮੰਗਲੂਰੂ, ਤਿਰੂਵਨੰਤਪੁਰਮ ਤੇ ਗੁਹਾਟੀ ਦੇ ਹਵਾਈ ਅੱਡੇ ਸ਼ਾਮਲ ਸਨ। ਹਵਾਈ ਅੱਡੇ ਸੰਭਾਲਣ ਲਈ ਬੋਲੀਆਂ ਲਾਈਆਂ ਗਈਆਂ ਸਨ ਤੇ ਅਡਾਨੀ ਗਰੁੱਪ ਨੇ ਸਾਰੇ ਹਵਾਈ ਅੱਡਿਆਂ ਦੀ ਲੀਜ਼ 50 ਸਾਲਾਂ ਲਈ ਹਾਸਲ ਕਰ ਲਈ ਸੀ। ਜੈਪੁਰ, ਗੁਹਾਟੀ ਤੇ ਤਿਰੂਵਨੰਤਪੁਰਮ ਦੇ ਹਵਾਈ ਅੱਡਿਆਂ ਲਈ ਲੀਜ਼ ਸਮਝੌਤਾ ਸਤੰਬਰ ਵਿਚ ਹੋਇਆ ਸੀ।

## ਐਤਕੀਂ ਰਾਸ਼ਟਰਪਤੀ ਦੀ ਚੋਣ ਦਾ ਪੇਚ ਫਸਿਆ

*(ਸਫਾ ਇਕ ਦੀ ਬਾਕੀ)*

ਦੇ ਸੱਤਵੇਂ ਚੁਣਾਵੀ ਜ਼ਿਲ੍ਹੇ ਵਿਚ 25 ਫੀਸਦ ਤੋਂ ਵੱਧ ਅੰਕਾਂ ਨਾਲ ਆਪਣੇ ਰਿਪਬਲਿਕਨ ਵਿਰੋਧੀ ਬੱਜ਼ ਪੈਟਰਸਨ ਨੂੰ ਹਰਾਇਆ। ਉਨ੍ਹਾਂ ਨੇ ਇਸ ਜ਼ਿਲ੍ਹੇ ਤੋਂ ਲਗਾਤਾਰ ਪੰਜਵੀਂ ਵਾਰ ਜਿੱਤ ਪ੍ਰਾਪਤ ਕੀਤੀ ਹੈ। ਇਸੇ ਦੌਰਾਨ ਡੈਮੋਕ੍ਰੈਟਿਕ ਉਮੀਦਵਾਰ ਸ੍ਰੀ ਪ੍ਰੈਸਟਨ ਕੁਲਕਰਨੀ (42) ਟੈਕਸਸ ਦੇ 22ਵੇਂ ਚੁਣਾਵੀ ਜ਼ਿਲ੍ਹੇ ਤੋਂ ਚੋਣ ਹਾਰ ਗਏ ਹਨ।

ਮੁਸਲਮਾਨਾਂ ਦੇ ਹੱਕਾਂ ਬਾਰੇ ਅਮਰੀਕੀ ਸੰਸਥਾ ਵਲੋਂ ਕੀਤੇ ਸਰਵੇਖਣ ਅਨੁਸਾਰ ਕਰੀਬ 69 ਫੀਸਦ ਮੁਸਲਿਮ ਵੋਟਰਾਂ ਨੇ ਡੈਮੋਕ੍ਰੈਟਿਕ ਉਮੀਦਵਾਰ ਜੋਅ ਬਾਇਡਨ ਨੂੰ ਵੋਟ ਪਾਈ ਹੈ ਜਦਕਿ 17 ਫੀਸਦ ਰਾਸ਼ਟਰਪਤੀ ਡੋਨਲਡ ਟਰੰਪ ਦੇ ਹੱਕ ਵਿਚ ਭੁਗਤੇ ਹਨ।

ਦਿ ਕੌਂਸਲ ਆਨ ਅਮਰੀਕਨ-ਇਸਲਾਮਿਕ ਰਿਲੇਸ਼ਨਜ਼ (ਸੀ.ਏ.ਆਈ.ਆਰ.) ਵਲੋਂ 2020 ਦੀਆਂ ਰਾਸ਼ਟਰਪਤੀ ਚੋਣਾਂ ਸਬੰਧੀ ਮੁਸਲਿਮ ਵੋਟਰਾਂ ਬਾਰੇ ਐਗਜ਼ਿਟ ਪੋਲ ਦੇ ਅੰਕੜੇ ਜਾਰੀ ਕੀਤੇ ਗਏ।

ਇਸ ਐਗਜ਼ਿਟ ਪੋਲ ਅਨੁਸਾਰ 844 ਮੁਸਲਿਮ ਵੋਟਰ ਘਰਾਂ ਵਿਚੋਂ ਕਰੀਬ 84 ਫੀਸਦ ਨੇ ਅਮਰੀਕੀ ਚੋਣਾਂ ਵਿਚ ਵੋਟ ਪਾਈ, ਜਿਨ੍ਹਾਂ 'ਚੋਂ 69 ਫੀਸਦ ਨੇ ਬਾਇਡਨ ਦਾ ਸਾਥ ਦਿੱਤਾ ਅਤੇ 17 ਫੀਸਦ ਟਰੰਪ ਦੇ ਹੱਕ ਵਿਚ ਭੁਗਤੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਰਿੰਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਬਿਹਾਰ ਚੋਣਾਂ: ਭਾਜਪਾ ਨੇ ਇਕ ਵਾਰ ਫਿਰ ਲਈ ਪਾਕਿਸਤਾਨ ਦੀ 'ਓਟ'

### ਪੁਲਵਾਮਾ ਹਮਲੇ ਬਾਰੇ ਕਬੂਲਨਾਮੇ 'ਤੇ ਕੇਂਦਰਿਤ ਕੀਤਾ ਚੋਣ ਪ੍ਰਚਾਰ

**ਇਸਲਾਮਾਬਾਦ:** ਬਿਹਾਰ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨੇ ਇਕ ਵਾਰ ਫਿਰ ਗੁਆਂਢੀ ਮੁਲਕ ਪਾਕਿਸਤਾਨ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ। ਪਾਕਿਸਤਾਨ ਦੇ ਇਕ ਸੀਨੀਅਰ ਮੰਤਰੀ ਦੇ ਪੁਲਵਾਮਾ ਹਮਲੇ ਬਾਰੇ ਕਬੂਲਨਾਮੇ ਨੂੰ ਭਾਜਪਾ ਬੜੇ-ਜ਼ੋਰ ਨਾਲ ਉਭਾਰ ਰਹੀ ਹੈ, ਇਥੋਂ ਤੱਕ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਆਪਣਾ ਸਾਰਾ ਚੋਣ ਭਾਸ਼ਣ ਇਸ ਮੁੱਦੇ ਉਤੇ ਕੇਂਦਰਿਤ ਕਰ ਦਿੱਤਾ ਹੈ।



ਉਧਰ, ਕਾਂਗਰਸ ਸਮੇਤ ਵਿਰੋਧੀ ਧਿਰਾਂ ਨੇ ਸਵਾਲ ਚੁੱਕੇ ਹਨ ਕਿ ਜਦੋਂ ਵੀ ਮੁਲਕ 'ਚ ਚੋਣਾਂ ਹੁੰਦੀਆਂ ਹਨ ਤਾਂ ਭਾਜਪਾ ਹਮੇਸ਼ਾ ਪਾਕਿਸਤਾਨ ਦਾ ਮੁੱਦਾ ਕਿਉਂ ਉਭਾਰਨ ਲੱਗ ਜਾਂਦੀ ਹੈ? ਕਾਂਗਰਸ ਨੇ ਕਿਹਾ ਹੈ ਕਿ ਇੰਜ ਲੱਗਦਾ ਹੈ ਕਿ ਜਿਵੇਂ ਭਾਜਪਾ ਪ੍ਰਧਾਨ ਨੇ ਪਾਕਿਸਤਾਨ ਵਿਚ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ ਅਤੇ ਇਹੀ ਕਾਰਨ ਹੈ ਕਿ ਉਹ ਪਾਕਿਸਤਾਨੀ ਟੀਵੀ ਚੈਨਲ ਵੇਖ ਰਹੇ ਹਨ ਤੇ ਗੁਆਂਢੀ ਮੁਲਕ ਬਾਰੇ ਅਜਿਹੇ ਸਮੇਂ ਗੱਲਾਂ ਕਰ ਰਹੇ ਹਨ, ਜਦੋਂ ਬਿਹਾਰ 'ਚ ਚੋਣਾਂ ਹੋ ਰਹੀਆਂ ਹਨ। ਦੱਸ ਦਈਏ ਕਿ ਬਿਹਾਰ ਚੋਣਾਂ ਵਿਚ ਲੱਦਾਖ ਵਿਚ ਚੀਨ ਵੱਲੋਂ ਭਾਰਤ ਨਾਲ ਕੀਤੇ ਧੱਕੇ ਦੇ ਮਸਲੇ ਉਤੇ ਭਾਜਪਾ ਕੋਲ ਕੋਈ ਜਵਾਬ ਨਹੀਂ ਹੈ। ਹੁਣ ਪਾਕਿਸਤਾਨ ਨੂੰ ਘੇਰ ਕੇ ਭਾਜਪਾ, ਚੀਨ ਵਾਲੇ ਮਸਲੇ ਨੂੰ ਹੌਲਾ ਪਾਉਣ ਦੀਆਂ ਕੋਸ਼ਿਸ਼ਾਂ ਵਿਚ ਜੁਟੀ ਹੋਈ ਹੈ।

ਦੱਸ ਦਈਏ ਕਿ ਪਾਕਿਸਤਾਨੀ ਮੰਤਰੀ ਨੇ ਕਬੂਲ ਕੀਤਾ ਹੈ ਕਿ ਸਾਲ 2019 ਵਿਚ ਜੰਮੂ ਕਸ਼ਮੀਰ ਦੇ ਪੁਲਵਾਮਾ 'ਚ ਹੋਏ ਦਹਿਸ਼ਤੀ ਹਮਲੇ ਲਈ ਪਾਕਿਸਤਾਨ ਜ਼ਿੰਮੇਵਾਰ ਹੈ। ਇਸ ਹਮਲੇ ਵਿਚ ਕੇਂਦਰੀ ਰਿਜ਼ਰਵ ਪੁਲਿਸ ਬਲ ਦੇ 40 ਜਵਾਨ ਸ਼ਹੀਦ ਹੋ ਗਏ ਸਨ ਅਤੇ ਦੋਹਾਂ ਦੇਸ਼ਾਂ ਵਿਚਾਲੇ ਜੰਗ ਵਾਲੀ ਸਥਿਤੀ ਬਣ ਗਈ ਸੀ। ਪਾਕਿਸਤਾਨ ਦੇ ਵਿਗਿਆਨ ਤੇ ਤਕਨਾਲੋਜੀ ਮੰਤਰੀ ਫਵਾਦ ਚੌਧਰੀ ਨੇ ਕੌਮੀ ਅਸੈਂਬਲੀ 'ਚ ਇਕ ਬਹਿਸ ਦੌਰਾਨ ਕਿਹਾ ਆਖਿਆ ਕਿ ਅਸੀਂ ਹਿੰਦੁਸਤਾਨ ਨੂੰ ਘਰ ਵਿਚ ਵੜ ਕੇ ਮਾਰਿਆ। ਪੁਲਵਾਮਾ 'ਚ ਸਾਡੀ ਸਫਲਤਾ, ਇਮਰਾਨ ਖਾਨ ਦੀ ਅਗਵਾਈ ਹੇਠ ਮਿਲੀ ਇਸ ਦੇਸ਼ ਦੀ ਸਫਲਤਾ ਹੈ ਅਤੇ ਅਸੀਂ ਸਾਰੇ ਇਸ ਸਫਲਤਾ ਦਾ ਹਿੱਸਾ ਹਾਂ।"

ਇਸ ਤੋਂ ਬਾਅਦ ਪਾਕਿਸਤਾਨ ਦੇ ਇਕ ਸੀਨੀਅਰ ਆਗੂ ਬਿਆਨ ਦੇ ਦਿੱਤਾ ਕਿ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਸੀ ਕਿ ਜੇਕਰ ਭਾਰਤੀ ਹਵਾਈ ਸੈਨਾ ਦੇ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਨੂੰ ਨਾ ਛੱਡਿਆ ਗਿਆ ਤਾਂ ਭਾਰਤ ਰਾਤ ਨੌਂ ਵਜੇ ਪਾਕਿਸਤਾਨ 'ਤੇ ਹਮਲਾ ਕਰ ਦੇਵੇਗਾ। ਵਿਰੋਧੀ ਧਿਰ ਦੇ ਆਗੂ ਅਨੁਸਾਰ ਕੁਰੈਸ਼ੀ ਜਦੋਂ ਇਹ ਕਹਿ ਰਹੇ ਸੀ ਤਾਂ ਪਾਕਿਸਤਾਨੀ ਸੈਨਾ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੇ ਪਸੀਨੇ ਛੁੱਟ ਰਹੇ ਸੀ ਤੇ ਉਨ੍ਹਾਂ ਦੀਆਂ ਲੱਤਾਂ ਕੰਬ ਰਹੀਆਂ ਸਨ। ਇਧਰ, ਬਿਹਾਰ ਚੋਣਾਂ ਵਿਚ ਭਾਜਪਾ ਨੇ ਇਸ ਮੁੱਦੇ ਨੂੰ ਚੁੱਕਣ ਵਿਚ ਦੇਰ ਨਹੀਂ ਲਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖ ਦਿੱਤਾ ਕਿ ਪਿਛਲੇ ਸਾਲ ਪੁਲਵਾਮਾ 'ਚ ਹੋਏ ਅਤਿਵਾਦੀ ਹਮਲੇ ਦੀ ਸੱਚਾਈ ਨੂੰ ਪਾਕਿ ਸਰਕਾਰ ਨੇ ਪਾਕਿਸਤਾਨ ਦੀ ਸੰਸਦ 'ਚ ਪ੍ਰਵਾਨ ਕਰ ਲਿਆ ਗਿਆ ਹੈ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਜਦੋਂ ਪੁਲਵਾਮਾ ਹਮਲੇ ਤੋਂ ਬਾਅਦ ਪੂਰਾ ਦੇਸ਼ ਗੁੱਸੇ 'ਚ ਸੀ ਤਾਂ ਉਦੋਂ ਕੁਝ ਲੋਕ 'ਸਵਾਰਥ ਅਤੇ ਹੰਕਾਰ ਨਾਲ ਭਰੀ ਭੱਦੀ ਰਾਜਨੀਤੀ' ਕਰ ਰਹੇ ਸਨ।

## ਗੁਜਰਾਤ ਜ਼ਿਮਨੀ ਚੋਣ: 18% ਉਮੀਦਵਾਰਾਂ ਖਿਲਾਫ ਕੇਸ

**ਨਵੀਂ ਦਿੱਲੀ:** ਗੁਜਰਾਤ ਵਿਧਾਨ ਸਭਾ ਲਈ ਹੋਣ ਵਾਲੀ ਜ਼ਿਮਨੀ ਚੋਣ ਲਈ 81 ਉਮੀਦਵਾਰ ਮੈਦਾਨ ਵਿਚ ਹਨ ਤੇ ਇਨ੍ਹਾਂ 'ਚੋਂ 18 ਪ੍ਰਤੀਸ਼ਤ ਨੇ ਆਪਣੇ ਖਿਲਾਫ ਚੱਲ ਰਹੇ ਅਪਰਾਧਿਕ ਕੇਸਾਂ ਦਾ ਖੁਲਾਸਾ ਕੀਤਾ ਹੈ। 'ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼' (ਏ.ਡੀ.ਆਰ.) ਦੀ ਰਿਪੋਰਟ ਵਿਚ ਉਮੀਦਵਾਰਾਂ ਦੇ ਵਿੱਤੀ ਪਿਛੋਕੜ ਬਾਰੇ ਵੀ ਦੱਸਿਆ ਗਿਆ ਹੈ। 20-25 ਪ੍ਰਤੀਸ਼ਤ ਉਮੀਦਵਾਰਾਂ ਦੀ ਸੰਪਤੀ ਕਰੋੜਾਂ ਰੁਪਏ ਹੈ।

ਸੱਤ ਜਾਂ ਨੌਂ ਫੀਸਦ ਉਮੀਦਵਾਰਾਂ ਖਿਲਾਫ ਗੰਭੀਰ ਅਪਰਾਧਾਂ ਦੇ ਕੇਸ ਚੱਲ ਰਹੇ ਹਨ। ਇਹ ਉਹ ਅਪਰਾਧ ਹਨ ਜੋ ਗੈਰ-ਜ਼ਮਾਨਤੀ ਹਨ। ਆਪਣੇ ਖਿਲਾਫ ਅਪਰਾਧਕ ਕੇਸਾਂ ਦਾ ਖੁਲਾਸਾ ਕਰਨ ਵਾਲਿਆਂ ਵਿਚ ਭਾਰਤੀ ਟਰਾਈਬਲ ਪਾਰਟੀ, ਭਾਜਪਾ ਦੇ ਕਾਂਗਰਸ ਦੇ ਉਮੀਦਵਾਰ ਸ਼ਾਮਲ ਹਨ। ਕਈ ਹਲਕਿਆਂ ਵਿਚ ਤਿੰਨ ਜਾਂ ਇਸ ਤੋਂ ਵੱਧ ਉਮੀਦਵਾਰਾਂ ਉਤੇ ਅਪਰਾਧਕ ਕੇਸ ਹਨ। ਅੱਠ ਸੀਟਾਂ ਲਈ ਵੋਟਾਂ 3 ਨਵੰਬਰ ਨੂੰ ਪੈਣਗੀਆਂ ਤੇ ਗਿਣਤੀ ਦਸ ਨਵੰਬਰ ਨੂੰ ਹੋਵੇਗੀ।

## ਭਾਰਤ ਵਿਚ ਕਰੋਨਾ ਵੈਕਸੀਨ ਦੀ ਵੰਡ ਬਾਰੇ ਤਿਆਰੀਆਂ ਸ਼ੁਰੂ

**ਨਵੀਂ ਦਿੱਲੀ:** ਕੇਂਦਰ ਨੇ ਕੋਵਿਡ-19 ਟੀਕਾਕਰਨ ਮੁਹਿੰਮ ਉਤੇ ਨਜ਼ਰ ਰੱਖਣ ਅਤੇ ਤਾਲਮੇਲ ਬਣਾਉਣ ਲਈ ਸੂਬਿਆਂ ਨੂੰ ਕਮੇਟੀਆਂ ਬਣਾਉਣ ਲਈ ਕਿਹਾ ਹੈ। ਸੂਬਿਆਂ ਨੂੰ ਕਿਹਾ ਗਿਆ ਹੈ ਕਿ ਉਹ ਰੁਟੀਨ ਦੀਆਂ ਸਿਹਤ ਸੰਭਾਲ ਸੇਵਾਵਾਂ 'ਚ ਕੋਈ ਅੜਿਕਾ ਨਾ ਪੈਦਾ ਹੋਣ ਦੇਣ ਅਤੇ ਅਫਵਾਹਾਂ ਨੂੰ ਫੈਲਣ ਤੋਂ ਰੋਕਣ ਲਈ ਸੋਸ਼ਲ ਮੀਡੀਆ 'ਤੇ ਨਜ਼ਰ ਰੱਖੀ ਜਾਵੇ।

ਕੇਂਦਰ ਨੇ ਕਿਹਾ ਹੈ ਕਿ ਕੋਵਿਡ-19 ਟੀਕੇ ਲਗਾਉਣ 'ਚ ਕਰੀਬ ਇਕ ਸਾਲ ਦਾ ਸਮਾਂ ਲੱਗੇਗਾ ਅਤੇ ਇਸ 'ਚ ਵੱਖ-ਵੱਖ ਗਰੁੱਪਾਂ ਨੂੰ ਸ਼ਾਮਲ ਕੀਤਾ ਜਾਵੇਗਾ ਜਿਸ ਦੀ ਸ਼ੁਰੂਆਤ ਸਿਹਤ ਕਾਮਿਆਂ ਤੋਂ ਹੋਵੇਗੀ। ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਣ ਨੇ 26 ਅਕਤੂਬਰ ਨੂੰ ਸੂਬਿਆਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਨੂੰ ਲਿਖੇ ਪੱਤਰ 'ਚ ਸੁਝਾਅ ਦਿੱਤਾ ਹੈ ਕਿ ਮੁੱਖ ਸਕੱਤਰ ਦੀ ਅਗਵਾਈ ਹੇਠ ਸਟੇਟ ਸਟੀਰਿੰਗ ਕਮੇਟੀ (ਐਸ.ਐਸ.ਸੀ.), ਵਧੀਕ ਮੁੱਖ ਸਕੱਤਰ ਜਾਂ ਪ੍ਰਧਾਨ ਸਕੱਤਰ (ਸਿਹਤ) ਦੀ ਅਗਵਾਈ ਹੇਠ ਪ੍ਰਦੇਸ਼ ਟਾਸਕ ਫੋਰਸ (ਐਸ.ਟੀ.ਐਫ.) ਅਤੇ ਜ਼ਿਲ੍ਹਾ ਮੈਜਿਸਟਰੇਟ ਦੀ ਅਗਵਾਈ ਹੇਠ ਜ਼ਿਲ੍ਹਾ ਟਾਸਕ ਫੋਰਸ (ਡੀ.ਟੀ.ਐਫ.) ਦਾ ਗਠਨ ਕੀਤਾ ਜਾਵੇ।

ਐਸ.ਐਸ.ਸੀ. ਜ਼ਿਲ੍ਹਾ, ਬਲਾਕ ਜਾਂ ਵਾਰਡ ਪੱਧਰ 'ਤੇ ਬਿਹਤਰ ਕਾਰਗੁਜ਼ਾਰੀ ਦਿਖਾਉਣ ਵਾਲਿਆਂ ਲਈ ਪੁਰਸਕਾਰ ਆਦਿ ਦਾ ਗਠਨ ਵੀ ਕਰੇਗੀ। ਐਸ.ਐਸ.ਸੀ. ਦੀ ਮਹੀਨੇ 'ਚ ਘੱਟੋ ਘੱਟ ਇਕ ਵਾਰ, ਐਸ.ਟੀ.ਐਫ. ਦੀ 15 ਦਿਨਾਂ 'ਚ ਇਕ ਵਾਰ ਅਤੇ ਡੀ.ਟੀ.ਐਫ. ਦੀ ਹਫਤੇ 'ਚ ਇਕ ਵਾਰ ਮੀਟਿੰਗ ਹੋਵੇਗੀ।

## ਮਾਇਆਵਤੀ ਵਲੋਂ ਸੱਤ ਬਾਗੀ ਵਿਧਾਇਕ ਮੁਅੱਤਲ

**ਨਵੀਂ ਦਿੱਲੀ:** ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਆਪਣੀ ਪਾਰਟੀ ਦੇ ਸੱਤ ਬਾਗੀ ਵਿਧਾਇਕਾਂ ਨੂੰ ਪਾਰਟੀ 'ਚੋਂ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਵਿਧਾਇਕਾਂ ਨੇ ਰਾਜ ਸਭਾ ਚੋਣਾਂ ਲਈ ਪਾਰਟੀ ਦੇ ਉਮੀਦਵਾਰ ਰਾਮਜੀ ਗੌਤਮ ਦੀ ਨਾਮਜ਼ਦਗੀ ਦਾ ਵਿਰੋਧ ਕੀਤਾ ਸੀ। ਦੂਜੇ ਪਾਸੇ ਮੁਅੱਤਲ ਕੀਤੇ ਗਏ ਬਾਗੀ ਵਿਧਾਇਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਨਾ ਤਾਂ ਕੱਢਿਆ ਗਿਆ ਹੈ ਤੇ ਨਾ ਹੀ ਉਨ੍ਹਾਂ ਦਾ ਕਿਸੇ ਹੋਰ ਪਾਰਟੀ 'ਚ ਸ਼ਾਮਲ ਹੋਣ ਦਾ ਕੋਈ ਇਰਾਦਾ ਹੈ।



ਮਾਇਆਵਤੀ ਨੇ ਆਪਣੇ ਕੁਝ ਵਿਧਾਇਕਾਂ ਦੇ ਪਾਸਾ ਬਦਲਣ ਦੀਆਂ ਕਿਆਸਰਾਈਆਂ ਦਰਮਿਆਨ ਸਮਾਜਵਾਦੀ ਪਾਰਟੀ ਉਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਭਵਿੱਖ 'ਚ ਵਿਧਾਨ ਸਭਾ ਤੇ ਰਾਜ ਸਭਾ ਚੋਣਾਂ ਵਿਚ ਸਪਾ ਦੇ ਉਮੀਦਵਾਰਾਂ ਨੂੰ ਹਰਾਉਣ ਲਈ ਉਨ੍ਹਾਂ ਦੀ ਪਾਰਟੀ ਕੋਈ ਕਸਰ ਨਹੀਂ ਛੱਡੇਗੀ ਤੇ ਜ਼ਰੂਰਤ ਪੈਣ 'ਤੇ ਭਾਜਪਾ ਜਾਂ ਕਿਸੇ ਹੋਰ ਪਾਰਟੀ ਦੇ ਉਮੀਦਵਾਰ ਦੀ ਹਮਾਇਤ ਕਰੇਗੀ। ਉਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਜਿਵੇਂ ਹੀ ਬਾਗੀ ਵਿਧਾਇਕ ਕਿਸੇ ਵੀ ਹੋਰ ਪਾਰਟੀ 'ਚ ਸ਼ਾਮਲ ਹੁੰਦੇ ਹਨ ਤਾਂ ਬਸਪਾ ਉਨ੍ਹਾਂ ਖਿਲਾਫ ਦਲ ਬਦਲੂ ਵਿਰੋਧੀ ਕਾਨੂੰਨ ਤਹਿਤ ਕਾਰਵਾਈ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਸੂਚਿਤ ਕੀਤਾ ਗਿਆ ਹੈ ਕਿ ਮੁਅੱਤਲ ਕੀਤੇ ਪਾਰਟੀ ਵਿਧਾਇਕਾਂ ਨੂੰ ਕਿਸੇ ਵੀ ਸਮਾਗਮ 'ਚ ਨਾ ਸੱਦਿਆ ਜਾਵੇ।

ਦੂਜੇ ਪਾਸੇ ਬਾਗੀ ਵਿਧਾਇਕਾਂ 'ਚ ਸ਼ਾਮਲ ਅਸਲਮ ਰਾਇਨੀ ਨੇ ਦੱਸਿਆ ਕਿ ਇਹ ਪਾਰਟੀ ਪ੍ਰਧਾਨ ਦਾ ਵਿਸ਼ੇਸ਼ ਅਧਿਕਾਰ ਹੈ ਅਤੇ ਉਨ੍ਹਾਂ ਨੂੰ ਜੋ ਸਹੀ ਲੱਗੇ ਕਰਨ ਪਰ ਅਸੀਂ ਕਿਸੇ ਹੋਰ ਪਾਰਟੀ 'ਚ ਸ਼ਾਮਲ ਹੋਣ ਨਹੀਂ ਜਾ ਰਹੇ। ਵਿਧਾਇਕ ਹਾਕਿਮ ਬਿੰਦ ਨੇ ਕਿਹਾ, 'ਮਾਇਆਵਤੀ ਸਾਡੇ ਆਗੂ ਹਨ ਤੇ ਉਨ੍ਹਾਂ ਦਾ ਫੈਸਲਾ ਸਾਨੂੰ ਪ੍ਰਵਾਨ ਹੈ। ਅਸੀਂ ਕੱਢੇ ਨਹੀਂ ਗਏ ਸਿਰਫ ਮੁਅੱਤਲ ਕੀਤੇ ਗਏ ਹਾਂ। ਅਸੀਂ ਮਾਇਆਵਤੀ, ਭਾਜਪਾ ਜਾਂ ਸਪਾ ਕਿਸ ਨਾਲ ਮਿਲਣਾ ਹੈ ਇਹ ਸਿਰਫ ਸਮਾਂ ਦੱਸੇਗਾ।'

## -ਪੱਛਮੀ ਬੰਗਾਲ ਚੋਣਾਂ- ਸੀ.ਪੀ.ਐਮ. ਤੇ ਕਾਂਗਰਸ ਨੇ ਹੱਥ ਮਿਲਾਇਆ

**ਨਵੀਂ ਦਿੱਲੀ:** ਪੱਛਮੀ ਬੰਗਾਲ ਵਿਚ ਸਾਲ 2021 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਸੀ.ਪੀ.ਆਈ. (ਐਮ) ਦੀ ਕੇਂਦਰੀ ਕਮੇਟੀ ਨੇ ਕਾਂਗਰਸ ਨਾਲ ਗੱਠਜੋੜ ਲਈ ਮਨਜ਼ੂਰੀ ਦੇ ਦਿੱਤੀ ਹੈ। ਸੀ.ਪੀ.ਆਈ. (ਐਮ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਕਿਹਾ ਕਿ ਤਾਮਿਲਨਾਡੂ, ਕੇਰਲ ਅਤੇ ਅਸਾਮ ਵਿਚ ਧਰਮ-ਨਿਰਪੱਖ ਪਾਰਟੀਆਂ ਨਾਲ ਗੱਠਜੋੜ ਕੀਤੇ ਜਾਣਗੇ। ਇਹ ਫੈਸਲਾ ਪਾਰਟੀ ਵੱਲੋਂ 30 ਅਤੇ 31 ਅਕਤੂਬਰ ਨੂੰ ਪਾਰਟੀ ਵੱਲੋਂ ਵਰਚੁਅਲ ਮੀਟਿੰਗ ਕਰਨ ਮਗਰੋਂ ਲਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਮਈ 2021 ਵਿਚ ਹੋਣ ਦੀਆਂ ਸੰਭਾਵਨਾਵਾਂ ਹਨ ਤੇ ਸੀ.ਪੀ.ਆਈ. (ਐਮ) 'ਚ ਕਾਂਗਰਸ ਨਾਲ ਗੱਠਜੋੜ ਨੂੰ ਇਸ ਸੂਬੇ 'ਚ ਗੁਆਚਿਆ ਆਧਾਰ ਮੁੜ ਪ੍ਰਾਪਤ ਕਰਨ ਦੀ ਪਹਿਲਕਦਮੀ ਵਜੋਂ ਵੇਖਿਆ ਜਾ ਰਿਹਾ ਹੈ।

## ਯੋਗੀ ਸਰਕਾਰ ਵਲੋਂ 'ਲਵ ਜੇਹਾਦ' ਖਿਲਾਫ ਸਖਤ ਕਾਨੂੰਨ ਬਣਾਉਣ ਦੀ ਤਿਆਰੀ

**ਜੌਨਪੁਰ:** ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਦਾ ਸੁਆਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ 'ਲਵ ਜਹਾਦ' ਨਾਲ ਸਖਤੀ ਨਾਲ ਨਜਿੱਠੇਗੀ। ਉਨ੍ਹਾਂ ਸਖਤ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਲੋਕਾਂ ਨੇ ਆਪਣੀ ਪਛਾਣ ਛੁਪਾ ਕੇ ਧੀਆਂ-ਭੈਣਾਂ ਦੀ ਇੱਜ਼ਤ ਨਾਲ ਖਿਲਵਾੜ ਕਰਨਾ ਬੰਦ ਨਾ ਕੀਤਾ ਤਾਂ ਉਨ੍ਹਾਂ ਦੀ 'ਰਾਮ ਨਾਥ ਸੱਤਿਆ ਯਾਤਰਾ' ਸ਼ੁਰੂ ਕਰ ਦਿੱਤੀ ਜਾਵੇਗੀ। ਅਲਾਹਾਬਾਦ ਹਾਈ ਕੋਰਟ ਨੇ ਕਿਹਾ ਸੀ ਕਿ ਸਿਰਫ ਵਿਆਹ ਦੇ ਉਦੇਸ਼ ਲਈ ਧਰਮ ਪਰਿਵਰਤਨ ਨਹੀਂ ਹੋਣਾ ਚਾਹੀਦਾ ਤੇ ਇਸ ਨੂੰ ਮਾਨਤਾ ਨਹੀਂ ਦਿੱਤੀ ਜਾਣੀ ਚਾਹੀਦੀ।



ਦੇਵਰੀਆ ਅਤੇ ਜੌਨਪੁਰ ਜ਼ਿਲ੍ਹੇ ਦੀ ਮਲਹਨੀ ਵਿਧਾਨ ਸਭਾ ਖੇਤਰ ਦੀ ਉਪ ਚੋਣ ਵਿਚ ਭਾਜਪਾ ਦੇ ਉਮੀਦਵਾਰਾਂ ਦੇ ਪੱਖ ਵਿਚ ਕਰਵਾਈਆਂ ਜਨਤਕ ਰੈਲੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉੱਤਰ ਪ੍ਰਦੇਸ਼ ਵਿਚ ਭਾਜਪਾ ਦੀ ਸਰਕਾਰ ਮਾਂ-ਭੈਣਾਂ ਦੀ ਇੱਜ਼ਤ ਦੀ ਸੁਰੱਖਿਆ ਕਰਨ ਲਈ ਦ੍ਰਿੜ ਹੈ। ਇਸ ਲਈ 'ਮਿਸ਼ਨ ਸ਼ਕਤੀ' ਦੀ ਸ਼ੁਰੂਆਤ ਹੋ ਚੁੱਕੀ ਹੈ ਜੋ ਅੱਗੇ ਚੱਲ ਕੇ ਜਲਦੀ ਹੀ 'ਅਪਰੇਸ਼ਨ ਸ਼ਕਤੀ' ਵਿਚ ਬਦਲ ਜਾਵੇਗਾ। ਲਵ ਜਹਾਦ ਵਿਚ ਸ਼ਾਮਲ ਲੋਕਾਂ ਦੇ ਪੋਸਟਰ ਚੌਕਾਂ ਵਿਚ ਲਾਏ ਜਾਣਗੇ।

## ਦੇਸ਼ ਦੀ ਪਹਿਲੀ 'ਸੀਪਲੇਨ' ਸੇਵਾ ਸ਼ੁਰੂ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਹਿਮਦਾਬਾਦ ਵਿਚਲੇ ਸਾਬਰਮਤੀ ਰਿਵਰਫਰੰਟ ਨੂੰ 'ਸਟੈਚੂ ਆਫ ਯੂਨਿਟੀ' ਨਾਲ ਜੋੜਨ ਵਾਲੀ 'ਸੀਪਲੇਨ' (ਸਮੁੰਦਰੀ ਹਵਾਈ ਜਹਾਜ਼) ਸੇਵਾ ਦਾ ਉਦਘਾਟਨ ਕੀਤਾ। ਪ੍ਰਧਾਨ ਮੰਤਰੀ ਨੇ ਇਸ ਜਹਾਜ਼ ਉਤੇ ਬੈਠ ਕੇ ਸਾਬਰਮਤੀ ਫਰੰਟ ਤੱਕ ਯਾਤਰਾ ਵੀ ਕੀਤੀ। ਜਹਾਜ਼ ਉਤੇ ਸਵਾਰ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਇਥੇ ਜਲ ਹਵਾਈ ਅੱਡੇ ਉਤੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਜਹਾਜ਼ ਬਾਰੇ ਜਾਣਕਾਰੀ ਲਈ।

ਇਸ ਜਹਾਜ਼ 'ਚ 19 ਲੋਕਾਂ ਦੇ ਬੈਠਣ ਦੀ ਸਮਰੱਥਾ ਹੈ। ਇਹ ਲਗਭਗ 200 ਕਿਲੋਮੀਟਰ ਦੀ ਦੂਰੀ ਨੂੰ 40 ਮਿੰਟਾਂ 'ਚ ਤੈਅ ਕਰਦਾ ਹੈ। ਦੱਸਣਯੋਗ ਹੈ ਕਿ ਇਹ ਭਾਰਤ ਦੀ ਪਹਿਲੀ 'ਸੀਪਲੇਨ' ਸੇਵਾ ਹੈ, ਜੋ ਅਹਿਮਦਾਬਾਦ ਦੇ ਸਾਬਰਮਤੀ ਰਿਵਰਫਰੰਟ ਨੂੰ ਨਰਮਦਾ ਜ਼ਿਲ੍ਹੇ ਦੇ ਕੇਵੜੀਆ 'ਚ ਸਥਿਤ 'ਸਟੈਚੂ ਆਫ ਯੂਨਿਟੀ' ਨੂੰ ਜੋੜੇਗੀ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਸਾਲ 2017 'ਚ ਗੁਜਰਾਤ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੇ ਆਖਰੀ ਦਿਨ ਸੀਪਲੇਨ ਤੋਂ ਸਾਬਰਮਤੀ ਨਦੀ ਤੋਂ ਮੇਹਸਾਣਾ ਜ਼ਿਲ੍ਹੇ ਦੇ ਧਰੋਈ ਬੰਨ੍ਹ ਤੱਕ ਯਾਤਰਾ ਕੀਤੀ ਸੀ। ਇਸ ਸੀਪਲੇਨ ਦੀ ਖਾਸੀਅਤ ਹੈ ਕਿ ਇਹ ਪਾਣੀ ਅਤੇ ਜ਼ਮੀਨ ਦੋਵੇਂ ਥਾਵਾਂ ਤੋਂ ਉਡਾਣ ਭਰ ਸਕਦਾ ਹੈ। ਇਸੇ ਤਰ੍ਹਾਂ ਇਸ ਨੂੰ ਦੋਵੇਂ ਥਾਵਾਂ ਉਤੇ ਲੈਂਡ ਵੀ ਕਰਾਇਆ ਜਾ ਸਕਦਾ ਹੈ।

## ਮਹਾਰਾਣੀ ਜਿੰਦਾਂ ਦਾ ਚੰਦ ਟਿੱਕਾ 62,500 ਪੌਂਡ 'ਚ ਵਿਕਿਆ



**ਲੰਡਨ:** ਕਿਸੇ ਜ਼ਮਾਨੇ ਵਿਚ ਮਹਾਰਾਣੀ ਜਿੰਦਾਂ ਕੌਰ ਦੇ ਗਹਿਣਿਆਂ 'ਚ ਸ਼ੁਮਾਰ ਰਹੇ ਚੰਦ ਟਿੱਕੇ ਦੀ ਲੰਡਨ ਵਿਚ ਨਿਲਾਮੀ ਹੋਈ ਹੈ। ਜਿੰਦਾਂ ਕੌਰ ਸਿੱਖ ਸਾਮਰਾਜ ਦੇ ਮਹਾਰਾਜਾ ਰਣਜੀਤ ਸਿੰਘ ਦੀ ਆਖਰੀ ਪਤਨੀ ਸੀ। ਇਹ ਗਹਿਣੇ ਮਗਰੋਂ ਵਿਰਾਸਤ ਵਜੋਂ ਉਨ੍ਹਾਂ ਦੀ ਪੋਤੀ ਰਾਜਕੁਮਾਰੀ ਬੰਬਾ ਸਦਰਲੈਂਡ ਨੂੰ ਮਿਲੇ। ਬੋਨੈਹੈਮਸ ਇਸਲਾਮਿਕ ਤੇ ਇੰਡੀਅਨ ਆਰਟ ਸੇਲ ਵਿਚ ਇਸ ਹਫਤੇ ਰਤਨ ਜੜਿਆ ਚੰਦ ਟਿੱਕਾ 62,500 ਪੌਂਡ ਦੀ ਬੋਲੀ ਉਤੇ ਨਿਲਾਮ ਹੋਇਆ। ਇਸ ਤੋਂ ਇਲਾਵਾ 19ਵੀਂ ਸਦੀ ਦੀ ਹੋਰ ਕਈ ਦੁਰਲੱਭ ਕਲਾਕ੍ਰਿਤੀਆਂ ਵੀ ਕੋਈ ਬੋਲੀਕਾਰਾਂ ਦਾ ਧਿਆਨ ਆਪਣੇ ਵੱਲ ਖਿੱਚਣ 'ਚ ਸਫਲ ਰਹੀਆਂ।

## ਹੁਣ ਪਿਆਜ਼ ਅਤੇ ਆਲੂ ਹੋਏ ਆਮ ਆਦਮੀ ਦੇ ਵੱਸ ਤੋਂ ਬਾਹਰ

**ਨਵੀਂ ਦਿੱਲੀ:** ਆਲੂ ਅਤੇ ਪਿਆਜ਼ ਦੀਆਂ ਕੀਮਤਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਇਸ ਵੇਲੇ ਇਕ ਕਿਲੋ ਆਲੂ ਅਤੇ ਪਿਆਜ਼ ਖਰੀਦਣ ਲਈ 150 ਰੁਪਏ ਕਾਫੀ ਨਹੀਂ ਹਨ। ਅਜਿਹੇ ਸਮੇਂ ਜਦੋਂ ਕੋਵਿਡ-19 ਕਾਰਨ ਆਮ ਲੋਕ ਪਹਿਲਾਂ ਹੀ ਬਹੁਤ ਮੁਸੀਬਤ ਵਿਚ ਹਨ, ਇਨ੍ਹਾਂ ਸਬਜ਼ੀਆਂ ਦੀਆਂ ਕੀਮਤਾਂ ਵਿਚ ਵਾਧੇ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਕੀਤਾ ਹੈ।



ਖੇਤੀਬਾੜੀ ਸੈਕਟਰ ਦੇ ਮਾਹਿਰ ਕਹਿੰਦੇ ਹਨ ਕਿ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਵਾਧੇ, ਤਨਖਾਹਾਂ ਵਿਚ ਕਟੌਤੀ ਅਤੇ ਬੇਰੁਜ਼ਗਾਰੀ ਵਿਚ ਵਾਧੇ ਕਾਰਨ ਸਰਕਾਰ ਵੱਲੋਂ ਕੀਤੇ ਜਾ ਰਹੇ ਰਾਹਤ ਦੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ। ਵਪਾਰ ਦੇ ਅੰਕੜਿਆਂ ਅਨੁਸਾਰ 21 ਅਕਤੂਬਰ ਨੂੰ ਦਿੱਲੀ ਵਿਚ ਪਿਆਜ਼ ਦੀ ਪ੍ਰਚੂਨ ਕੀਮਤ 80 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਪਹੁੰਚ ਗਈ। ਇਹ ਜੂਨ ਵਿਚ 20 ਰੁਪਏ ਪ੍ਰਤੀ ਕਿੱਲੋ ਸੀ।

ਇਸੇ ਤਰ੍ਹਾਂ ਆਲੂ ਵੀ ਇਸ ਸਮੇਂ ਦੌਰਾਨ 30 ਰੁਪਏ ਤੋਂ 70 ਰੁਪਏ ਪ੍ਰਤੀ ਕਿਲੋ ਹੋ ਗਿਆ ਹੈ। ਪਿਛਲੇ ਹਫਤੇ ਮਦਰ ਡੇਅਰੀ ਦੀਆਂ ਸਫਲ ਦੁਕਾਨਾਂ 'ਤੇ ਆਲੂ 58 ਤੋਂ 62 ਰੁਪਏ ਦੇ ਸਨ। ਉਸੇ ਸਮੇਂ ਇਨ੍ਹਾਂ ਦੁਕਾਨਾਂ 'ਤੇ ਪਿਆਜ਼ ਗਾਇਬ ਸੀ। ਹੈਰਾਨੀ ਦੀ ਗੱਲ ਹੈ ਕਿ ਭਾਰਤ ਕੁਝ ਮਹੀਨੇ ਪਹਿਲਾਂ ਤੱਕ ਦੋਵੇਂ ਚੀਜ਼ਾਂ ਦਾ ਨਿਰਯਾਤ ਕਰ ਰਿਹਾ ਸੀ।

# ਪਾਕਿਸਤਾਨ 'ਚ ਪੰਜ ਦਿਨ ਹੋਣਗੇ ਗੁਰੂ ਨਾਨਕ ਦੇ ਪ੍ਰਕਾਸ਼ ਪੁਰਬ ਸਮਾਗਮ

**ਅੰਮ੍ਰਿਤਸਰ:** ਕਰੋਨਾ ਮਹਾਂਮਾਰੀ ਦਾ ਪ੍ਰਭਾਵ ਅਜੇ ਵੀ ਰਹਿਣ ਕਾਰਨ ਇਸ ਵਾਰ ਪਾਕਿਸਤਾਨ ਵਿਚ ਗੁਰੂ ਨਾਨਕ ਦੇਵ ਦੇ 551ਵੇਂ ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਸਿਰਫ ਪੰਜ ਦਿਨਾਂ ਦੇ ਹੋਣਗੇ। ਇਹ ਫੈਸਲਾ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਈ.ਟੀ.ਪੀ.ਬੀ. (ਈਵੈਕਿਊ ਟਰੱਸਟ ਪ੍ਰਾਪਰਟੀ ਬੋਰਡ) ਦੇ ਅਧਿਕਾਰੀਆਂ ਵਿਚਾਲੇ ਲਾਹੌਰ 'ਚ ਹੋਈ ਇਕ ਮੀਟਿੰਗ ਵਿਚ ਲਿਆ ਗਿਆ ਹੈ। ਮੀਟਿੰਗ ਵਿਚ 'ਪੀ.ਜੀ.ਪੀ.ਸੀ' ਦੇ ਪ੍ਰਧਾਨ ਸਤਵੰਤ ਸਿੰਘ, ਈ.ਟੀ.ਪੀ.ਬੀ. ਦੇ ਚੇਅਰਮੈਨ ਡਾ. ਆਮਿਰ ਅਹਿਮਦ ਤੇ ਹੋਰ ਅਧਿਕਾਰੀ ਸ਼ਾਮਲ ਹੋਏ। ਇਸ ਮੌਕੇ ਫੈਸਲਾ ਕੀਤਾ ਗਿਆ ਕਿ ਕਰੋਨਾ ਵਾਇਰਸ ਕਾਰਨ 551ਵੇਂ ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਸੰਖੇਪ ਰੂਪ 'ਚ ਕੀਤੇ ਜਾਣਗੇ। ਇਹ ਸਮਾਗਮ ਸਿਰਫ ਪੰਜ ਦਿਨਾਂ ਵਾਸਤੇ ਨਨਕਾਣਾ ਸਾਹਿਬ ਵਿਖੇ ਹੀ ਹੋਣਗੇ। ਮੀਟਿੰਗ ਵਿਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਸਮਾਗਮਾਂ ਬਾਰੇ ਡਿਊਟੀਆਂ ਵੀ ਲਾਈਆਂ ਗਈਆਂ।

ਦੱਸਣਯੋਗ ਹੈ ਕਿ ਕਰੋਨਾ ਮਹਾਮਾਰੀ ਤੋਂ ਪਹਿਲਾਂ ਇਹ ਸਮਾਗਮ ਦਸ ਦਿਨਾਂ ਵਾਸਤੇ ਹੁੰਦੇ ਸਨ। ਇਸ ਮੀਟਿੰਗ ਤੋਂ ਇਕ ਦਿਨ ਪਹਿਲਾਂ ਵੀ ਈ.ਟੀ.ਪੀ.ਬੀ. ਅਤੇ ਪੀ.ਜੀ.ਪੀ.ਸੀ. ਦੇ ਆਗੂਆਂ ਦੀ ਸਾਂਝੀ ਮੀਟਿੰਗ ਹੋਈ ਸੀ, ਜਿਸ ਵਿਚ ਗੁਰੂ



ਨਾਨਕ ਦੇਵ ਦਾ 551ਵਾਂ ਪ੍ਰਕਾਸ਼ ਪੁਰਬ ਅਤੇ ਗੁਰਦੁਆਰਾ ਕਰਤਾਰਪੁਰ ਲਾਂਘੇ ਦੀ ਪਹਿਲੀ ਵਰ੍ਹੇਗੰਢ ਮਨਾਉਣ ਬਾਰੇ ਚਰਚਾ ਹੋਈ ਸੀ।

ਭਾਵੇਂ ਅਜੇ ਭਾਰਤ ਸਰਕਾਰ ਵਲੋਂ ਪਾਕਿਸਤਾਨ ਜਾਣ ਵਾਸਤੇ ਹਰੀ ਝੰਡੀ ਨਹੀਂ ਦਿੱਤੀ ਗਈ ਹੈ ਪਰ ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣ ਦੀ ਤਿਆਰੀ ਆਰੰਭ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਜਾਣ ਦੇ ਇੱਛੁਕ ਸ਼ਰਧਾਲੂਆਂ ਕੋਲੋਂ ਪਾਸਪੋਰਟ ਮੰਗੇ ਗਏ ਹਨ। ਦੱਸਣਯੋਗ ਹੈ ਕਿ ਕਰੋਨਾ ਮਹਾਂਮਾਰੀ ਕਾਰਨ ਭਾਰਤ ਸਰਕਾਰ ਵਲੋਂ ਸਰਹੱਦੀ ਲਾਂਘਾ ਬੰਦ ਕੀਤਾ ਗਿਆ ਹੈ। ਕਰਤਾਰਪੁਰ ਸਾਹਿਬ ਲਾਂਘਾ ਪਿਛਲੇ ਸਾਲ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਖੋਲ੍ਹਿਆ ਗਿਆ ਸੀ ਅਤੇ ਕੁਝ ਕੁ ਦਿੱਕਤਾਂ ਦੇ ਬਾਵਜੂਦ ਚੜ੍ਹਦੇ ਪੰਜਾਬ ਦੇ ਲੋਕਾਂ ਨੇ ਭਰਪੂਰ ਹੁੰਗਾਰਾ ਭਰਿਆ ਸੀ। ਹੁਣ ਵੀ ਲੋਕ ਚਾਹੁੰਦੇ ਹਨ ਕਿ ਇਹ ਲਾਂਘਾ ਖੁੱਲ੍ਹੇ ਤਾਂ ਕਿ ਉਹ ਇਸ ਇਤਿਹਾਸਕ ਸਥਾਨ ਦੇ ਦਰਸ਼ਨ ਕਰ ਸਕਣ।

## ਸੁਖਬੀਰ ਵਲੋਂ ਲਾਂਘਾ ਖੋਲ੍ਹਣ ਦੀ ਅਪੀਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਆ ਰਹੇ 551 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਵਾਸਤੇ ਲੈਂਡਜ਼ ਪੋਰਟਸ ਅਥਾਰਿਟੀ ਆਫ ਇੰਡੀਆ (ਐਲ.ਪੀ.ਏ.ਆਈ.) ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ। ਪ੍ਰਧਾਨ ਮੰਤਰੀ ਨੂੰ ਲਿਖੇ ਇਕ ਪੱਤਰ 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਅਪੀਲ ਕੀਤੀ ਕਿ ਜਿਹੜੇ ਸ਼ਰਧਾਲੂਆਂ ਕੋਲ ਪਾਸਪੋਰਟ ਨਹੀਂ ਹਨ, ਉਨ੍ਹਾਂ ਨੂੰ ਵੀਜ਼ੇ ਤੋਂ ਬਗੈਰ ਹੀ ਲਾਂਘੇ ਰਾਹੀਂ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਦੀ ਆਗਿਆ ਦੇਣ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ 30 ਨਵੰਬਰ ਦੇ 551ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸਿਹਤ ਸਬੰਧੀ ਹਦਾਇਤਾਂ ਦੇ ਨਾਲ ਸ਼ਰਧਾਲੂਆਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਆਗਿਆ ਮਿਲਣੀ ਚਾਹੀਦੀ ਹੈ।

## ਲੁਟੇਰਿਆਂ ਵਲੋਂ ਗੋਲੀ ਮਾਰ ਕੇ ਥਾਣੇਦਾਰ ਦੀ ਹੱਤਿਆ

**ਤਰਨ ਤਾਰਨ:** ਹਥਿਆਰਬੰਦ ਲੁਟੇਰਿਆਂ ਨੇ ਇਲਾਕੇ ਦੇ ਪਿੰਡ ਕੱਕਾ ਕੰਡਿਆਲਾ ਨੇੜੇ ਪੰਜਾਬ ਪੁਲਿਸ ਦੇ ਏ.ਐਸ.ਆਈ. ਗੁਰਦੀਪ ਸਿੰਘ ਗੋਲੀ (56) ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਲੁਟੇਰਿਆਂ ਨੇ ਉਸ ਦੇ ਲੜਕੇ ਮਨਪ੍ਰੀਤ ਸਿੰਘ (19) ਨੂੰ ਜ਼ਖਮੀ ਕਰ ਦਿੱਤਾ। ਗੁਰਦੀਪ ਸਿੰਘ ਇਥੋਂ ਦੀ ਪੁਲਿਸ ਲਾਈਨ ਦੇ ਕੁਆਰਟਰਾਂ ਵਿਚ ਰਹਿੰਦਾ ਸੀ। ਰਾਤ ਸਮੇਂ ਪੇਟ ਵਿਚ ਦਰਦ ਹੋਣ ਉਤੇ ਉਹ ਆਪਣੇ ਲੜਕੇ ਨਾਲ ਮੋਪੇਡ 'ਤੇ ਕੱਕਾ ਕੰਡਿਆਲਾ ਤੋਂ ਦਵਾਈ ਲੈਣ ਲਈ ਗਿਆ ਸੀ। ਰਾਹ ਵਿਚ ਮੋਟਰਸਾਈਕਲ ਉਤੇ ਸਵਾਰ ਦੋ ਨਕਾਬਪੋਸ਼ ਲੁਟੇਰਿਆਂ ਨੇ ਮੋਪੇਡ ਚਲਾ ਰਹੇ ਮਨਪ੍ਰੀਤ ਸਿੰਘ ਦੇ ਸਿਰ ਵਿਚ ਲੋਹੇ ਦੀ ਰਾਡ ਮਾਰ ਦਿੱਤੀ ਜਿਸ ਨਾਲ ਉਹ ਜ਼ਮੀਨ 'ਤੇ ਡਿੱਗ ਗਿਆ। ਲੁਟੇਰਿਆਂ ਨੇ ਉਸ ਦੀ ਜੇਬ ਵਿਚੋਂ ਉਸ ਦਾ ਮੋਬਾਈਲ ਅਤੇ 1,000 ਰੁਪਏ ਕੱਢ ਲਏ। ਇਸ ਦੌਰਾਨ ਏ.ਐਸ.ਆਈ. ਗੁਰਦੀਪ ਸਿੰਘ ਨੇ ਇਕ ਲੁਟੇਰੇ ਨੂੰ ਕਾਬੂ ਕਰ ਲਿਆ। ਸਾਥੀ ਨੂੰ ਘਿਰਿਆ ਦੇਖ ਕੇ ਦੂਜੇ ਲੁਟੇਰੇ ਨੇ ਗੁਰਦੀਪ ਸਿੰਘ ਨੂੰ ਆਪਣੇ ਦੇਸੀ ਪਿਸਤੌਲ ਨਾਲ ਗੋਲੀ ਮਾਰ ਦਿੱਤੀ ਜਿਹੜੀ ਉਸ ਦੀ ਛਾਤੀ ਵਿਚ ਲੱਗੀ। ਗੁਰਦੀਪ ਸਿੰਘ ਦੀ ਮੌਕੇ ਉਤੇ ਹੀ ਮੌਤ ਹੋ ਗਈ। ਵਾਰਦਾਤ ਉਪਰੰਤ ਲੁਟੇਰੇ ਕੱਕਾ ਕੰਡਿਆਲਾ ਪਿੰਡ ਵੱਲ ਫਰਾਰ ਹੋ ਗਏ।

# ਕੌਮਾਂਤਰੀ ਉਡਾਣਾਂ 'ਤੇ ਪਾਬੰਦੀ 30 ਤੱਕ ਵਧਾਈ

**ਨਵੀਂ ਦਿੱਲੀ:** ਦੇਸ਼ ਵਿਚ ਨਿਯਮਤ ਕੌਮਾਂਤਰੀ ਉਡਾਣਾਂ 'ਤੇ ਪਾਬੰਦੀ 30 ਨਵੰਬਰ ਤੱਕ ਵਧਾ ਦਿੱਤੀ ਗਈ ਹੈ। ਇਸ ਸਬੰਧੀ ਡੀ.ਜੀ.ਸੀ.ਏ. ਨੇ ਦੱਸਿਆ ਕਿ ਕਰੋਨਾ ਮਹਾਮਾਰੀ ਦੇ ਚੱਲਦਿਆਂ ਨਿਯਮਤ ਕੌਮਾਂਤਰੀ ਯਾਤਰੀ ਜਹਾਜ਼ਾਂ ਦੀ ਮੁਅੱਤਲੀ ਨੂੰ 30 ਨਵੰਬਰ ਤੱਕ ਵਧਾ ਦਿੱਤਾ ਗਿਆ ਹੈ, ਹਾਲਾਂਕਿ ਇਸ ਦੌਰਾਨ ਕੌਮਾਂਤਰੀ ਕਾਰਗੋ ਜਹਾਜ਼ ਤੇ ਵਿਸ਼ੇਸ਼ ਜਹਾਜ਼ਾਂ ਸਮੇਤ ਵੰਦੇ ਭਾਰਤ ਮਿਸ਼ਨ ਤਹਿਤ ਚੱਲਣ ਵਾਲੇ ਜਹਾਜ਼ਾਂ ਦਾ ਸੰਚਾਲਨ ਜਾਰੀ ਰਹੇਗਾ।

ਭਾਰਤੀ ਹਵਾਬਾਜ਼ੀ ਰੈਗੂਲੇਟਰ ਨੇ ਇਕ ਪੱਤਰ 'ਚ ਕਿਹਾ ਹੈ ਕਿ ਕੁਝ ਕੌਮਾਂਤਰੀ ਉਡਾਣਾਂ ਨੂੰ ਚੋਣਵੇਂ ਮਾਰਗਾਂ ਉਤੇ ਮਨਜ਼ੂਰੀ ਦਿੱਤੀ ਜਾ ਸਕਦੀ ਹੈ। ਕਰੋਨਾ ਮਹਾਂਮਾਰੀ ਕਾਰਨ 23 ਮਾਰਚ ਤੋਂ ਭਾਰਤ 'ਚ ਨਿਯਮਤ ਕੌਮਾਂਤਰੀ ਯਾਤਰੀ ਜਹਾਜ਼ ਸੇਵਾਵਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ, ਪਰ ਮਈ ਮਹੀਨੇ ਤੋਂ ਹੀ ਵਿਸ਼ੇਸ਼ ਕੌਮਾਂਤਰੀ ਉਡਾਣਾਂ ਵੰਦੇ ਭਾਰਤ ਮਿਸ਼ਨ ਤਹਿਤ ਤੇ ਜੁਲਾਈ ਮਹੀਨੇ ਤੋਂ ਚੋਣਵੇਂ ਦੇਸ਼ਾਂ ਨਾਲ ਦੁਵੱਲੀ 'ਏਅਰ ਬਬਲ' ਵਿਵਸਥਾ ਤਹਿਤ ਕੁਝ ਜਹਾਜ਼ ਸੰਚਾਲਿਤ ਕੀਤੇ ਜਾ ਰਹੇ ਹਨ। ਭਾਰਤ ਨੇ ਅਮਰੀਕਾ, ਬ੍ਰਿਟੇਨ, ਯੂ.ਏ.ਈ., ਕੈਨੇਡਾ, ਭੂਟਾਨ ਤੇ ਫਰਾਂਸ ਸਮੇਤ




ਲਗਭਗ 18 ਦੇਸ਼ਾਂ ਨਾਲ 'ਏਅਰ ਬਬਲ' ਸਮਝੌਤੇ ਕੀਤੇ ਹਨ। ਇਸ ਤਹਿਤ ਦੋ ਦੇਸ਼ਾਂ ਵਿਚਕਾਰ ਇਕ ਏਅਰ ਬਬਲ ਪੈਕਟ ਤਹਿਤ ਵਿਸ਼ੇਸ਼ ਕੌਮਾਂਤਰੀ ਉਡਾਣਾਂ ਨੂੰ ਉਨ੍ਹਾਂ ਦੇ ਖੇਤਰ ਵਿਚਕਾਰ ਉਨ੍ਹਾਂ ਦੀਆਂ ਹਵਾਈ ਕੰਪਨੀਆਂ ਵਲੋਂ ਸੰਚਾਲਿਤ ਕੀਤਾ ਜਾ ਸਕਦਾ ਹੈ।

## ਅੰਮ੍ਰਿਤਸਰ-ਨਾਂਦੇੜ ਉਡਾਣ 10 ਨਵੰਬਰ ਤੋਂ ਮੁੜ ਸ਼ੁਰੂ

**ਰਾਜਾਸਾਂਸੀ:** ਅੰਮ੍ਰਿਤਸਰ ਸਾਹਿਬ-ਨਾਂਦੇੜ ਸਾਹਿਬ-ਅੰਮ੍ਰਿਤਸਰ ਸਿੱਧੀ ਉਡਾਣ ਏਅਰ ਇੰਡੀਆ ਵਲੋਂ 10 ਨਵੰਬਰ ਤੋਂ ਮੁੜ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਇਸ ਉਡਾਣ ਦੀ ਬੁਕਿੰਗ ਸ਼ੁਰੂ ਹੋ ਗਈ ਹੈ। ਪਤਾ ਲੱਗਾ ਹੈ ਕਿ ਹੁਣ ਸਨਿਚਰਵਾਰ, ਐਤਵਾਰ ਦੀ ਜਗ੍ਹਾ ਮੰਗਲਵਾਰ, ਵੀਰਵਾਰ ਅਤੇ ਸਨਿਚਰਵਾਰ 3 ਦਿਨ ਹਫਤਾਵਾਰ ਰਹੇਗੀ। ਯਾਦ ਰਹੇ ਕਿ ਪਹਿਲਾਂ ਇਹ ਉਡਾਣ ਸਿਰਫ ਸਨਿਚਰਵਾਰ, ਐਤਵਾਰ ਹੀ ਚੱਲਦੀ ਸੀ ਜਿਸ ਕਰਕੇ ਸੰਗਤਾਂ ਅੱਗੇ ਜਾ ਬਿਦਰ ਸਥਿਤ ਗੁਰਦੁਆਰਾ ਨਾਨਕ ਝੀਰਾ ਦੇ ਦਰਸ਼ਨ ਨਹੀਂ ਸਨ ਕਰ ਸਕਦੀਆਂ। ਆਸ ਕੀਤੀ ਜਾ ਰਹੀ ਹੈ ਕਿ ਉਡਾਣ ਦੇ ਮੁੜ ਸ਼ੁਰੂ ਹੋਣ ਨਾਲ ਇਨ੍ਹਾਂ ਦੋਵਾਂ ਇਤਿਹਾਸਕ ਸਥਾਨਾਂ ਦਰਮਿਆਨ ਸੈਰ ਸਪਾਟਾ ਵੀ ਵਧੇਗਾ।

# ਹਰੀਕੇ 'ਚ ਪਰਵਾਸੀ ਪੰਛੀਆਂ ਦੀਆਂ ਰੌਣਕਾਂ

**ਅੰਮ੍ਰਿਤਸਰ:** ਸਰਦੀ ਦੀ ਸ਼ੁਰੂਆਤ ਦੇ ਨਾਲ ਹੀ ਹਰੀਕੇ ਜਲਗਾਹ ਵਿਚ ਪਰਵਾਸੀ ਪੰਛੀਆਂ ਦੀ ਆਮਦ ਸ਼ੁਰੂ ਹੋ ਗਈ ਹੈ। ਇਹ ਪੰਛੀ ਸਾਇਬੇਰੀਆ, ਯੂਰਪ, ਕਜ਼ਾਖਸਤਾਨ ਅਤੇ ਹੋਰ ਘੱਟ ਤਾਪਮਾਨ ਵਾਲੇ ਖੇਤਰਾਂ ਤੋਂ ਇਥੇ ਪੁੱਜੇ ਹਨ। ਇਸ ਸਾਲ ਸਰਦੀ ਨੇ ਕੁਝ ਸਮਾਂ ਪਹਿਲਾਂ ਹੀ ਦਸਤਕ ਦੇ ਦਿੱਤੀ ਹੈ, ਜਿਸ ਕਾਰਨ ਹਰੀਕੇ ਜਲਗਾਹ ਵਿਚ ਵੀ ਵੱਖ-ਵੱਖ ਤਰ੍ਹਾਂ ਦੇ ਪੰਛੀ ਦਿਖਾਈ ਦੇਣ ਲੱਗ ਪਏ ਹਨ। ਹਰੀਕੇ ਜਲਗਾਹ ਤਰਨਤਾਰਨ ਜ਼ਿਲ੍ਹੇ ਵਿਚ ਹੈ ਅਤੇ ਇਸ ਨੂੰ ਦੇਸ਼ ਦੀ ਦੂਜੀ ਵੱਡੀ ਜਲਗਾਹ ਦਾ ਦਰਜਾ ਪ੍ਰਾਪਤ ਹੈ। ਮਹਿਮਾਨ ਪੰਛੀਆਂ ਦੀ ਆਮਦ ਨਾਲ ਇਥੇ ਰੌਣਕ ਵਧ ਗਈ ਹੈ। ਜੰਗਲੀ ਜੀਵ ਅਤੇ ਜੰਗਲਾਤ ਵਿਭਾਗ, ਜੋ ਇਥੇ ਲੋੜੀਂਦੇ ਪ੍ਰਬੰਧ ਅਤੇ ਨਿਗਰਾਨੀ ਕਰਦਾ ਹੈ, ਵੱਲੋਂ ਵੀ ਸਰਗਰਮੀਆਂ ਸ਼ੁਰੂ ਹੋ ਗਈਆਂ ਹਨ।

ਸਰਦੀ ਦੀ ਆਮਦ ਦੇ ਨਾਲ ਹੀ ਇਹ ਪਰਵਾਸੀ ਮਹਿਮਾਨ ਪੰਛੀ ਇਥੇ ਆਉਣੇ ਸ਼ੁਰੂ ਹੋ ਗਏ ਹਨ, ਜਿਨ੍ਹਾਂ ਦੀ ਆਮਦ ਦਸੰਬਰ ਮਹੀਨੇ ਤਕ ਚੱਲਦੀ ਰਹੇਗੀ। ਇਹ ਪਰਵਾਸੀ ਪੰਛੀ ਅਕਤੂਬਰ ਮਹੀਨੇ, ਜਦੋਂ ਹੋਰ ਮੁਲਕਾਂ ਵਿਚ ਤਾਪਮਾਨ ਹੇਠਾਂ ਚਲਾ ਜਾਂਦਾ ਹੈ ਅਤੇ ਝੀਲਾਂ ਤੇ ਨਦੀਆਂ ਜੰਮ ਜਾਂਦੀਆਂ ਹਨ ਤਾਂ ਭਾਰਤ ਦੀਆਂ



ਜਲਗਾਹਾਂ ਵੱਲ ਵਹੀਰਾਂ ਘੱਤ ਲੈਂਦੇ ਹਨ। ਵਿਭਾਗ ਮੁਤਾਬਕ ਹੁਣ ਤੱਕ ਇਥੇ ਸੁਰਖਾਬ, ਕਲਗੀਧਰ ਡੁਬਕਨੀ, ਬੇਲਚੀ, ਕਾਲੇ ਅਤੇ ਭੂਰੇ ਸਿਰ ਵਾਲੇ ਡੁਮਰੇ, ਮੱਛੀਮਾਰ ਬਾਜ, ਬਹਿਰੀ ਬਾਜ ਅਤੇ ਸ਼ੌਕੀ ਕਿਰਲਾ ਬਾਜ, ਡੋਈ, ਗੈਡਵਾਲ ਆਏ ਹਨ। ਆਉਂਦੇ ਦਿਨਾਂ ਵਿਚ ਜਲਗਾਹਾਂ ਵਿਚ ਰਹਿਣ ਵਾਲੇ ਹੋਰ ਵੀ ਕਈ ਪੰਛੀ ਇਥੇ ਪੁੱਜਣਗੇ। ਇਸ ਜਲਗਾਹ ਵਿਚ ਹਰ ਵਰ੍ਹੇ 92 ਤੋਂ 95 ਹਜ਼ਾਰ ਪਰਵਾਸੀ ਪੰਛੀ ਪੁੱਜਦੇ ਹਨ, ਜਿਨ੍ਹਾਂ ਵਿਚ ਵੱਖ-ਵੱਖ ਮੁਲਕਾਂ ਤੋਂ ਇਲਾਵਾ ਲੱਦਾਖ ਖੇਤਰ ਨਾਲ ਸਬੰਧਤ ਘੱਟ ਤਾਪਮਾਨ ਵਾਲੇ ਖੇਤਰ ਦੇ ਪੰਛੀ ਵੀ ਸ਼ਾਮਲ ਹੁੰਦੇ ਹਨ।

# ਦਿੱਲੀ ਤੇ ਹਰਿਆਣਾ ਵਿਚ ਹਵਾ ਪ੍ਰਦੂਸ਼ਣ ਲਈ ਪੰਜਾਬ ਨਹੀਂ ਹੈ ਜ਼ਿੰਮੇਵਾਰ

## ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅਧਿਐਨ ਵਿਚ ਦਾਅਵਾ

**ਚੰਡੀਗੜ੍ਹ:** ਦਿੱਲੀ ਵਿਚ ਹੁੰਦੇ ਧੂੰਏਂ ਤੇ ਪ੍ਰਦੂਸ਼ਣ ਲਈ ਲੰਮੇ ਸਮੇਂ ਤੋਂ ਪੰਜਾਬ ਵਿਚ ਸਾੜੀ ਜਾਂਦੀ ਝੋਨੇ ਦੀ ਪਰਾਲੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ, ਪਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੀਤੇ ਇਕ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਰਾਲੀ ਸੜਨ ਕਾਰਨ ਜਿਹੜਾ ਧੂੰਆਂ ਉਠਦਾ ਹੈ, ਉਹ ਪੰਜਾਬ ਵਿਚ ਹੀ ਰਹਿ ਜਾਂਦਾ ਹੈ। ਇਹ ਅਧਿਐਨ 'ਵਰਸਿਟੀ ਦੇ ਜਲਵਾਯੂ ਪਰਿਵਰਤਨ ਤੇ ਖੇਤੀ ਮੌਸਮ ਵਿਭਾਗ ਵੱਲੋਂ ਕੀਤਾ ਗਿਆ ਹੈ।

ਵਿਗਿਆਨੀਆਂ ਦਾ ਦਾਅਵਾ ਹੈ ਕਿ ਪੰਜਾਬ 'ਚ ਪਰਾਲੀ ਸੜਨ ਨਾਲ ਧੂੰਆਂ ਨਵੀਂ ਦਿੱਲੀ ਤੇ ਹਰਿਆਣਾ ਦੇ ਵਾਤਾਵਰਨ ਨੂੰ ਪ੍ਰਦੂਸ਼ਿਤ ਨਹੀਂ ਕਰਦਾ। ਵਿਗਿਆਨੀਆਂ ਅਨੁਸਾਰ ਸਾਲ 2017 ਤੋਂ 2019 ਦੌਰਾਨ ਵਿਸ਼ਲੇਸ਼ਣ ਕੀਤਾ ਗਿਆ ਹੈ, ਜਿਸ ਤਹਿਤ ਜਦੋਂ ਹਵਾ ਸ਼ਾਂਤ ਹੁੰਦੀ ਹੈ, ਹਵਾ ਦੀ ਰਫਤਾਰ 2 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ ਤਾਂ ਧੁੰਦ ਵਰਗੀ ਸਥਿਤੀ ਬਣੀ ਰਹਿੰਦੀ ਹੈ ਪਰ ਜਦੋਂ ਹਵਾ ਦੀ ਰਫਤਾਰ 4 ਤੋਂ 5 ਕਿਲੋਮੀਟਰ ਪ੍ਰਤੀ ਘੰਟਾ ਜਾਂ ਮੀਂਹ ਹੁੰਦਾ ਹੈ ਤਾਂ ਧੁੰਦ ਖਤਮ ਹੋ ਜਾਂਦੀ ਹੈ। ਪੰਜਾਬ ਦਾ ਧੂੰਆਂ ਹਰਿਆਣਾ ਅਤੇ ਨਵੀਂ ਦਿੱਲੀ ਵੱਲ ਤਾਂ ਹੀ ਜਾ ਸਕਦਾ ਹੈ ਜੇਕਰ ਹਵਾ ਦੀ



ਰਫਤਾਰ 4 ਤੋਂ 5 ਕਿਲੋਮੀਟਰ ਤੋਂ ਜ਼ਿਆਦਾ ਹੋਵੇ ਅਤੇ ਹਵਾ ਵਗਣ ਦੀ ਦਿਸ਼ਾ ਵੀ ਉਤਰ-ਪੱਛਮੀ ਜਾਂ ਘੱਟੋ-ਘੱਟ ਪੱਛਮੀ ਹੋਵੇ।

2017, 2018 ਤੇ 2019 ਦੇ ਅੰਕੜਿਆਂ ਉਤੇ ਜੇਕਰ ਨਜ਼ਰ ਮਾਰੀ ਜਾਵੇ ਤਾਂ ਪੰਜਾਬ ਦੇ 10 ਥਾਵਾਂ ਗੁਰਦਾਸਪੁਰ, ਬੱਲੋਵਾਲ ਸੌਂਖੜੀ, ਚੰਡੀਗੜ੍ਹ, ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਅੰਬਾਲਾ, ਬਠਿੰਡਾ, ਫਰੀਦਕੋਟ ਅਤੇ ਅਬੋਹਰ ਤੋਂ ਹਵਾ ਦੀ ਰਫਤਾਰ ਤੇ ਦਿਸ਼ਾ ਦੇ ਅੰਕੜਿਆਂ ਦਾ ਵਿਸ਼ਲੇਸ਼ਣ 1 ਅਕਤੂਬਰ ਤੋਂ 16 ਦਸੰਬਰ ਤੱਕ ਕੀਤਾ ਗਿਆ। ਇਸ ਦੌਰਾਨ ਹਵਾ ਦੀ ਰਫਤਾਰ 2 ਤੋਂ ਲੈ ਕੇ 5 ਕਿਲੋਮੀਟਰ ਪ੍ਰਤੀ ਘੰਟਾ ਰਹੀ ਅਤੇ ਸਿਰਫ 7 ਨਵੰਬਰ 2019 ਨੂੰ ਹਵਾ ਦੀ ਰਫਤਾਰ 5.9 ਪ੍ਰਤੀ ਕਿਲੋਮੀਟਰ ਪ੍ਰਤੀ ਘੰਟਾ ਸੀ। ਇਸ ਤੋਂ ਇਲਾਵਾ 7 ਨਵੰਬਰ 2019 ਨੂੰ ਹਵਾ ਦੀ ਦਿਸ਼ਾ ਦੱਖਣ ਪੂਰਬ ਦੇ ਪੂਰਬ ਵੱਲ ਸੀ, ਭਾਵ ਹਵਾਵਾਂ ਗੁਆਂਢੀ ਰਾਜਾਂ ਹਰਿਆਣਾ ਤੇ ਨਵੀਂ ਦਿੱਲੀ ਵਲੋਂ ਪੰਜਾਬ ਵੱਲ ਆ ਰਹੀਆਂ ਸਨ।

ਪੰਜਾਬ ਤੋਂ ਹਰਿਆਣਾ ਤੇ ਨਵੀਂ ਦਿੱਲੀ ਵਾਲੇ ਪਾਸੇ ਹਵਾ ਨਹੀਂ ਚੱਲੀ। ਪੀ.ਏ.ਯੂ. ਦੇ ਜਲਵਾਯੂ ਪਰਿਵਰਤਨ ਤੇ ਖੇਤੀ ਮੌਸਮ ਵਿਭਾਗ ਦੇ ਡਾ. ਪ੍ਰਭਜੋਤ ਕੌਰ ਸਿੱਧੂ, ਡਾ. ਸੁਖਜੀਤ ਕੌਰ ਅਤੇ ਡਾ. ਸੰਦੀਪ ਸਿੰਘ ਸੰਧੂ ਨੇ ਕਿਹਾ ਕਿ ਦੱਖਣ ਪੂਰਬ ਵੱਲ ਦੀ ਹਵਾ ਦੀ ਦਿਸ਼ਾ ਗੁਆਂਢੀ ਰਾਜਾਂ ਹਰਿਆਣਾ ਤੇ ਨਵੀਂ ਦਿੱਲੀ ਦੀ ਹਵਾ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਨ ਯੋਗ ਨਹੀਂ ਅਤੇ ਨਾ ਹੀ ਇਹ ਹਵਾ ਦੋਵੇਂ ਰਾਜਾਂ ਦੀ ਆਬੋ ਹਵਾ ਨੂੰ ਦੂਸ਼ਿਤ ਕਰ ਸਕਦੀ ਹੈ। ਪੂਰੇ ਉਤਰ ਭਾਰਤ ਦੇ ਮੈਦਾਨੀ ਇਲਾਕਿਆਂ 'ਚ ਖਾਸਕਰ ਝੋਨਾ ਲਗਾਉਣ ਵਾਲੇ ਰਾਜਾਂ ਵਿਚ ਹਰੇਕ ਰਾਜ ਆਪਣੇ ਪ੍ਰਦੂਸ਼ਣ ਲਈ ਆਪ ਜ਼ਿੰਮੇਵਾਰ ਹੈ। ਇਸ ਲਈ ਕਿਸੇ ਵੀ ਖੇਤਰ ਜਾਂ ਰਾਜ 'ਚ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਦੂਸਰੇ ਖੇਤਰ ਜਾਂ ਰਾਜਾਂ ਵਲੋਂ ਪ੍ਰਦੂਸ਼ਣ ਵਧਾਉਣ ਲਈ ਜ਼ਿਆਦਾ ਜ਼ਿੰਮੇਵਾਰੀ ਨਹੀਂ ਆਖਿਆ ਜਾ ਸਕਦਾ।

## ਪੰਜਾਬ 'ਚ ਪਰਾਲੀ ਸਾੜਨ ਦੇ ਮਾਮਲਿਆਂ 'ਚ ਗਿਰਾਵਟ

**ਚੰਡੀਗੜ੍ਹ:** ਪੰਜਾਬ ਵਿਚ ਇਸ ਸਾਲ ਪਰਾਲੀ ਸਾੜਨ 'ਚ ਗਿਰਾਵਟ ਦਰਜ ਕੀਤੀ ਗਈ ਹੈ। ਸੂਬੇ ਦੇ ਸਾਰੇ ਸੀਨੀਅਰ ਅਧਿਕਾਰੀਆਂ, ਸਮੂਹ ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਮੁੱਖ ਸਕੱਤਰ ਵਿਨੀ ਮਹਾਜਨ ਨੇ ਇਸ ਗੱਲ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਹੈ। ਪੰਜਾਬ 'ਚ ਇਸ ਵਾਰ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ 5 ਫੀਸਦੀ ਤੋਂ ਵੀ ਜ਼ਿਆਦਾ ਕਮੀ ਰਹੀ ਹੈ। ਪੰਜਾਬ 'ਚ ਹੁਣ ਤੱਕ 137.89 ਲੱਖ ਟਨ ਝੋਨੇ ਦੀ ਆਮਦ ਹੋ ਚੁੱਕੀ ਹੈ, ਜੋ ਕਿ ਪਿਛਲੇ ਸਾਲ ਨਾਲੋਂ 33 ਫੀਸਦੀ ਜ਼ਿਆਦਾ ਹੈ। ਪਰਾਲੀ ਸਾੜਨ ਦੀ ਸਮੱਸਿਆ ਬਾਬਤ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਹਦਾਇਤਾਂ ਜਾਰੀ ਕਰਦਿਆਂ ਮੁੱਖ ਸਕੱਤਰ ਨੇ ਕਿਹਾ ਕਿ ਜ਼ਿਲ੍ਹਾ ਅਧਿਕਾਰੀ ਇਸ ਮਸਲੇ ਨੂੰ ਹੋਰ ਗੰਭੀਰਤਾ ਨਾਲ ਲੈਣ, ਹਾਲਾਂਕਿ ਪਿਛਲੇ ਸਾਲ ਦੇ ਮੁਕਾਬਲੇ ਹੁਣ ਤੱਕ ਪਰਾਲੀ ਸਾੜਨ ਦੀਆਂ ਘਟਨਾਵਾਂ ਘੱਟ ਦਰਜ ਕੀਤੀਆਂ ਗਈਆਂ ਹਨ। ਪਿਛਲੇ ਸਾਲ ਨਾਲੋਂ ਇਸ ਸਾਲ ਇਕ ਦਿਨ 'ਚ ਹੀ ਪਰਾਲੀ ਸਾੜਨ ਦੇ 336 ਮਾਮਲੇ ਘੱਟ ਸਾਹਮਣੇ ਆਏ ਹਨ ਜਦਕਿ ਝੋਨੇ ਦੀ ਆਮਦ 33 ਫੀਸਦੀ ਜ਼ਿਆਦਾ ਹੈ। ਇਸ ਸਾਲ 7.49 ਲੱਖ ਹੈਕਟੇਅਰ ਜ਼ਮੀਨ ਦੀ ਪਰਾਲੀ ਸਾੜੀ ਗਈ ਹੈ, ਜੋ ਕਿ ਪਿਛਲੇ ਸਾਲ 7.90 ਲੱਖ ਹੈਕਟੇਅਰ ਸੀ। ਇਸ ਸਾਲ ਇਹ ਦਰ ਪਿਛਲੇ ਸਾਲ ਨਾਲੋਂ 5.23 ਫੀਸਦੀ ਘੱਟ ਹੈ।

# ਪੰਜਾਬ ਦੀਆਂ 20 ਫੀਸਦੀ ਵਿਆਹੁਤਾ ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ

### ਸ਼ਹਿਰੀ ਮੁਕਾਬਲੇ ਦਿਹਾਤੀ ਔਰਤਾਂ ਨੂੰ ਝੱਲਣੀ ਪੈਂਦੀ ਹੈ ਵਧੇਰੇ ਘਰੇਲੂ ਹਿੰਸਾ

**ਨਵੀਂ ਦਿੱਲੀ:** ਭਾਰਤ ਵਿਚ ਵਿਆਹੁਤਾ ਔਰਤਾਂ ਵਿਚੋਂ ਤਕਰੀਬਨ 31 ਫੀਸਦੀ ਔਰਤਾਂ ਕਿਸੇ ਨਾ ਕਿਸੇ ਸਮੇਂ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਅਤੇ ਸ਼ਹਿਰੀ ਔਰਤਾਂ ਦੇ ਮੁਕਾਬਲੇ ਦਿਹਾਤੀ ਔਰਤਾਂ ਨੂੰ ਇਹ ਹਿੰਸਾ ਵਧੇਰੇ ਝੱਲਣੀ ਪੈਂਦੀ ਹੈ। ਇਹ ਤੱਥ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਵਲੋਂ ਹਾਲ ਹੀ 'ਚ ਕੀਤੇ ਗਏ ਸਰਵੇਖਣ 'ਚ ਸਾਹਮਣੇ ਆਇਆ ਹੈ। ਸਰਵੇਖਣ ਮੁਤਾਬਕ ਤਕਰੀਬਨ 33.9 ਫੀਸਦੀ ਦਿਹਾਤੀ ਔਰਤਾਂ ਤੇ 25.3 ਫੀਸਦੀ ਸ਼ਹਿਰੀ ਔਰਤਾਂ ਕਦੇ ਨਾ ਕਦੇ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਕੇਂਦਰ ਵਲੋਂ ਜਾਰੀ ਅੰਕੜਿਆਂ ਮੁਤਾਬਕ ਮਨੀਪੁਰ ਦੀਆਂ ਵਿਆਹੁਤਾ ਔਰਤਾਂ (53 ਫੀਸਦੀ) ਨੂੰ ਸਭ ਤੋਂ ਘਰੇਲੂ ਤਸ਼ੱਦਦ ਦਾ ਸ਼ਿਕਾਰ ਹੁੰਦੀਆਂ ਹਨ, ਜਦ ਕਿ ਸਿੱਕਿਮ 'ਚ 2 ਫੀਸਦੀ ਵਿਆਹੁਤਾ ਔਰਤਾਂ ਇਸ ਜ਼ੁਲਮ ਦਾ ਸ਼ਿਕਾਰ ਹੁੰਦੀਆਂ ਹਨ, ਜੋ ਦੇਸ਼ ਭਰ 'ਚ ਸਭ ਤੋਂ ਘੱਟ ਹੈ।

ਪੰਜਾਬ 'ਚ 20.4 ਫੀਸਦੀ ਵਿਆਹੀਆਂ ਔਰਤਾਂ ਕਿਸੇ ਨਾ ਕਿਸੇ ਸਮੇਂ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਹਾਲਾਂਕਿ ਇਹ ਅੰਕੜਾ ਰਾਸ਼ਟਰੀ ਅੰਕੜੇ 31 ਫੀਸਦੀ ਤੋਂ ਕਾਫੀ ਘੱਟ ਹੈ। ਪੰਜਾਬ ਦੇ ਦਿਹਾਤੀ ਅਤੇ ਸ਼ਹਿਰੀ ਇਲਾਕਿਆਂ 'ਚ ਇਸ ਘਰੇਲੂ ਹਿੰਸਾ ਦੇ ਅੰਕੜਿਆਂ 'ਚ ਕੋਈ ਖਾਸ ਫਰਕ ਨਹੀਂ ਹੈ, ਜਿਥੇ 20.9 ਫੀਸਦੀ ਦਿਹਾਤੀ ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ, ਉਥੇ ਸ਼ਹਿਰੀ ਔਰਤਾਂ 'ਚ ਇਹ ਅੰਕੜਾ 19.7 ਫੀਸਦੀ ਪਾਇਆ ਗਿਆ ਹੈ। ਗੁਆਂਢੀ ਰਾਜ ਹਰਿਆਣਾ 'ਚ ਇਹ ਅੰਕੜਾ 32 ਫੀਸਦੀ, ਹਿਮਾਚਲ ਪ੍ਰਦੇਸ਼ 'ਚ 5.9 ਫੀਸਦੀ ਅਤੇ ਚੰਡੀਗੜ੍ਹ 'ਚ 22.5 ਫੀਸਦੀ ਹੈ।

ਦੇਸ਼ ਦੇ ਹੋਰ ਸੂਬੇ ਜਿਥੇ ਘਰੇਲੂ ਹਿੰਸਾ ਦੀਆਂ ਘਟਨਾਵਾਂ ਰਾਸ਼ਟਰੀ ਔਸਤ ਤੋਂ ਵੱਧ ਹਨ, ਉਹ ਹੈ ਆਂਧਰਾ ਪ੍ਰਦੇਸ਼ ਅਤੇ ਬਿਹਾਰ 'ਚ 43.2 ਫੀਸਦੀ, ਤੇਲੰਗਾਨਾ 'ਚ 43 ਫੀਸਦੀ, ਤਾਮਿਲਨਾਡੂ 'ਚ 40.6 ਫੀਸਦੀ, ਛੱਤੀਸਗੜ੍ਹ ਅਤੇ ਉੱਤਰ ਪ੍ਰਦੇਸ਼ 'ਚ 36.7 ਫੀਸਦੀ, ਮੱਧ ਪ੍ਰਦੇਸ਼ ਵਿਚ 33 ਫੀਸਦੀ, ਝਾਰਖੰਡ 'ਚ 34 ਫੀਸਦੀ, ਉੜੀਸਾ 'ਚ 35.2 ਫੀਸਦੀ ਅਤੇ ਪੁੱਡੂਚੇਰੀ 'ਚ 34.5 ਫੀਸਦੀ ਹੈ।

## ਸੰਯੁਕਤ ਰਾਸ਼ਟਰ ਵੱਲੋਂ ਔਰਤਾਂ ਬਾਰੇ ਰੂਸੀ ਮਤਾ ਨਾਮਨਜ਼ੂਰ


**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ ਨੇ ਆਲਮੀ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਰਗਰਮੀਆਂ 'ਚ ਔਰਤਾਂ ਦੀ ਬਰਾਬਰ ਹਿੱਸੇਦਾਰੀ ਦੀ ਮੰਗ ਕਰਨ ਵਾਲੇ ਰੂਸੀ ਮਤੇ ਨੂੰ ਖਾਰਜ ਕਰ ਦਿੱਤਾ ਹੈ। ਮਤੇ ਦਾ ਵਿਰੋਧ ਕਰਨ ਵਾਲਿਆਂ ਨੇ ਕਿਹਾ ਕਿ ਮਤੇ ਦਾ ਖਰੜਾ ਮਨੁੱਖੀ ਹੱਕਾਂ ਅਤੇ ਲਿੰਗ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਚ ਨਾਕਾਮ ਰਿਹਾ ਹੈ। ਮਤੇ 'ਤੇ ਈ-ਮੇਲ ਰਾਹੀਂ ਵੋਟਿੰਗ ਹੋਈ ਜਿਸ 'ਚ ਪੰਜ ਮੁਲਕਾਂ ਨੇ ਇਸ ਦੀ ਹਮਾਇਤ ਕੀਤੀ ਅਤੇ 10 ਵੋਟਿੰਗ ਤੋਂ ਦੂਰ ਰਹੇ। ਮਤੇ ਨੂੰ ਪਾਸ ਕਰਨ ਲਈ ਘੱਟੋ ਘੱਟ 9 ਵੋਟਾਂ ਦੀ ਲੋੜ ਸੀ। ਰੂਸ ਦੇ ਮਤੇ ਨੂੰ ਚੀਨ, ਵੀਅਤਨਾਮ, ਇੰਡੋਨੇਸ਼ੀਆ ਅਤੇ ਦੱਖਣੀ ਅਫ਼ਰੀਕਾ ਨੇ ਹਮਾਇਤ ਦਿੱਤੀ ਜਦਕਿ ਅਮਰੀਕਾ, ਬ੍ਰਿਟੇਨ, ਫਰਾਂਸ, ਬੈਲਜੀਅਮ, ਡੋਮੀਨਿਕਨ ਰਿਪਬਲਿਕ, ਜਰਮਨੀ, ਐਸਟੋਨੀਆ, ਨਾਈਜਰ, ਸੇਂਟ ਵਿਨਸੇਂਟ ਐਂਡ ਗ੍ਰੇਨੇਡਾਈਨਸ ਅਤੇ ਟਿਊਨੀਸ਼ੀਆ ਨੇ ਵੋਟਿੰਗ 'ਚ ਹਿੱਸਾ ਨਹੀਂ ਲਿਆ।

## ਝੋਨੇ ਲਈ ਨਗਦ ਕਰਜ਼ਾ ਹੱਦ ਦੀ ਮਿਆਦ ਵਧਾਈ

**ਚੰਡੀਗੜ੍ਹ:** ਭਾਰਤੀ ਰਿਜ਼ਰਵ ਬੈਂਕ ਨੇ ਝੋਨੇ ਦੇ ਚੱਲ ਰਹੇ ਖਰੀਦ ਸੀਜ਼ਨ ਲਈ ਪੰਜਾਬ ਵਾਸਤੇ ਨਗਦ ਕਰਜ਼ਾ ਹੱਦ (ਸੀ.ਸੀ.ਐਲ.) ਦੀ ਮਿਆਦ ਨਵੰਬਰ 2020 ਤੱਕ ਵਧਾ ਦਿੱਤੀ ਹੈ। ਰਿਜ਼ਰਵ ਬੈਂਕ ਨੇ 5331.79 ਕਰੋੜ ਰੁਪਏ ਦੀ ਨਕਦ ਕਰਜ਼ਾ ਹੱਦ (ਸੀ.ਸੀ.ਐਲ) ਨਵੰਬਰ, 2020 ਦੇ ਅਖੀਰ ਤੱਕ ਵਧਾ ਦਿੱਤੀ ਹੈ। ਸਰਕਾਰੀ ਬੁਲਾਰੇ ਅਨੁਸਾਰ ਇਸ ਨਾਲ ਅਕਤੂਬਰ ਦੇ ਅਖੀਰ ਤੱਕ ਮਨਜ਼ੂਰ ਕੀਤੀ 30,220.82 ਕਰੋੜ ਰੁਪਏ ਦੀ ਸੀਮਾ ਵਧ ਕੇ ਨਵੰਬਰ, 2020 ਦੇ ਅਖੀਰ ਤੱਕ 35,552.61 ਕਰੋੜ ਰੁਪਏ ਹੋ ਗਈ ਹੈ। ਸਾਉਣੀ ਮੰਡੀਕਰਨ ਸੀਜ਼ਨ 2020-21 ਦੌਰਾਨ ਨਵੇਂ ਖਾਤਾ ਨੰ. -7 ਤਹਿਤ ਝੋਨੇ ਦੀ ਖਰੀਦ ਵਾਸਤੇ ਮਿਆਦ ਵਿਚ ਕੀਤਾ ਗਿਆ ਵਾਧਾ ਇਸ ਸ਼ਰਤ ਨਾਲ ਜੋੜਿਆ ਗਿਆ ਹੈ ਕਿ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਤੋਂ ਭਾਰਤੀ ਸੰਵਿਧਾਨ ਦੀ ਧਾਰਾ 293 (3) ਤਹਿਤ ਸਹਿਮਤੀ ਪੱਤਰ ਪੰਜਾਬ ਸਰਕਾਰ ਵੱਲੋਂ ਸੌਂਪੇ ਜਾਣ ਤੋਂ ਬਾਅਦ ਸਟੇਟ ਬੈਂਕ ਆਫ ਇੰਡੀਆ ਫੰਡ ਜਾਰੀ ਕਰੇਗੀ।

# ਔਰਤਾਂ 'ਚ ਵਧ ਰਿਹਾ ਹੈ ਸ਼ਰਾਬ ਪੀਣ ਦਾ ਰੁਝਾਨ

**ਨਵੀਂ ਦਿੱਲੀ:** ਸਿਹਤ ਮੰਤਰਾਲੇ ਵਲੋਂ ਹਾਲ ਹੀ 'ਚ ਜਾਰੀ ਕੀਤੇ ਅੰਕੜਿਆਂ ਮੁਤਾਬਕ ਔਰਤਾਂ 'ਚ ਸ਼ਰਾਬ ਪੀਣ ਦਾ ਰੁਝਾਨ ਵਧ ਰਿਹਾ ਹੈ। ਪੰਜਾਬ ਦੀਆਂ 1.6 ਫੀਸਦੀ ਔਰਤਾਂ ਸ਼ਰਾਬ ਪੀਂਦੀਆਂ ਹਨ। ਅੰਕੜਿਆਂ ਲਈ ਮੰਤਰਾਲੇ ਵਲੋਂ 15 ਤੋਂ 49 ਸਾਲ ਦੀਆਂ ਔਰਤਾਂ ਨੂੰ ਇਸ



ਸਰਵੇਖਣ 'ਚ ਸ਼ਾਮਲ ਕੀਤਾ ਗਿਆ ਹੈ।

ਪੰਜਾਬ 'ਚ ਸ਼ਰਾਬ ਪੀਣ ਦੀ ਆਦਤ ਵਾਲੀਆਂ ਔਰਤਾਂ ਦਾ ਫੀਸਦੀ (1.6) ਭਾਵੇਂ ਰਾਸ਼ਟਰੀ ਔਸਤ (1.2) ਫੀਸਦੀ ਤੋਂ ਕੁਝ ਜ਼ਿਆਦਾ ਹੈ ਪਰ ਦੇਸ਼ ਦੇ ਹੋਰਨਾਂ ਇਲਾਕਿਆਂ ਵਿਚ ਝਾਤ ਮਾਰੀਏ ਤਾਂ ਸ਼ਾਇਦ ਇਹ ਗਿਣਤੀ ਜ਼ਿਆਦਾ ਨਾ ਲੱਗੇ। ਸਰਵੇਖਣ ਮੁਤਾਬਕ ਆਸਾਮ ਦੀਆਂ ਔਰਤਾਂ ਦੇਸ਼ 'ਚ ਬਾਕੀ ਸੂਬਿਆਂ ਵਿਚੋਂ ਸਭ ਤੋਂ ਵੱਧ ਸ਼ਰਾਬ ਪੀਂਦੀਆਂ ਹਨ।

ਆਸਾਮ ਦੀਆਂ 15 ਤੋਂ 49 ਸਾਲ ਦੀ ਉਮਰ ਦੀਆਂ ਔਰਤਾਂ ਵਿਚੋਂ 26.3 ਫੀਸਦੀ ਜਦਕਿ ਜੰਮੂ-ਕਸ਼ਮੀਰ ਦੀਆਂ 23 ਫੀਸਦੀ ਔਰਤਾਂ ਸ਼ਰਾਬ ਦੀ ਆਦਤ ਦੀਆਂ ਸ਼ਿਕਾਰ ਹਨ। ਇਸ ਤੋਂ ਇਲਾਵਾ ਮੇਘਾਲਿਆ ਦੀਆਂ 8.7 ਫੀਸਦੀ, ਬਿਹਾਰ ਦੀਆਂ 6.9 ਫੀਸਦੀ, ਤੇਲੰਗਾਨਾ ਦੀਆਂ 6.1 ਫੀਸਦੀ, ਗੁਜਰਾਤ ਦੀਆਂ 5 ਫੀਸਦੀ ਅਤੇ ਪੱਛਮੀ ਬੰਗਾਲ ਦੀਆਂ 4.9 ਫੀਸਦੀ ਔਰਤਾਂ ਸ਼ਰਾਬ ਪੀਂਦੀਆਂ ਹਨ। ਇਥੋਂ ਤੱਕ ਕਿ ਗੁਆਂਢੀ ਰਾਜ ਹਰਿਆਣਾ ਦੀਆਂ ਔਰਤਾਂ ਵੀ ਪੰਜਾਬੀ ਔਰਤਾਂ ਤੋਂ ਕਿਤੇ ਅੱਗੇ ਹਨ, ਜਿਥੋਂ ਦੀਆਂ 4.2 ਫੀਸਦੀ ਔਰਤਾਂ ਸ਼ਰਾਬ ਪੀਂਦੀਆਂ ਹਨ।

ਜੇਕਰ ਸ਼ਰਾਬੀ ਮਰਦਾਂ ਦੀ ਗੱਲ ਕਰੀਏ ਤਾਂ ਦੇਸ਼ ਦੇ ਕੁੱਲ ਰਾਜਾਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿਚੋਂ ਤਕਰੀਬਨ 1 ਤਿਹਾਈ ਇਲਾਕਿਆਂ ਦੇ ਅੱਧੇ ਮਰਦ ਭਾਵ 50 ਫੀਸਦੀ ਦੇ ਆਸ-ਪਾਸ ਸ਼ਰਾਬੀਆਂ ਦੀ ਗਿਣਤੀ 'ਚ ਸ਼ਾਮਲ ਹਨ। ਭਾਵੇਂ ਪੰਜਾਬ ਦੇ 37.4 ਫੀਸਦੀ ਮਰਦ ਸ਼ਰਾਬ ਪੀਂਦੇ ਹਨ, ਪੰਜਾਬ ਦਾ ਸ਼ੁਮਾਰ ਇਸ 1 ਤਿਹਾਈ ਗਿਣਤੀ 'ਚ ਨਹੀਂ ਹੈ। ਸਰਵੇਖਣ ਮੁਤਾਬਕ 15 ਤੋਂ 54 ਸਾਲ ਦੀ ਉਮਰ ਵਾਲੇ ਸ਼ਰਾਬ ਪੀਣ ਵਾਲੇ ਮਰਦਾਂ ਦੀ ਰਾਸ਼ਟਰੀ ਔਸਤ 29.5 ਫੀਸਦੀ ਹੈ। ਆਸਾਮ 'ਚ ਇਸ ਉਮਰ ਵਰਗ ਦੇ 59.4 ਫੀਸਦੀ ਮਰਦ ਸ਼ਰਾਬ ਪੀਂਦੇ ਹਨ। ਮਿਜ਼ੋਰਮ ਦੇ 56.4 ਫੀਸਦੀ, ਮੇਘਾਲਿਆ ਦੇ 54.6 ਫੀਸਦੀ, ਗੁਜਰਾਤ ਦੇ 53.4 ਫੀਸਦੀ, ਤੇਲੰਗਾਨਾ ਦੇ 52.8 ਫੀਸਦੀ, ਉੱਤਰਾਖੰਡ ਦੇ 50.5 ਫੀਸਦੀ ਪੱਛਮੀ ਬੰਗਾਲ ਦੇ 49.2 ਫੀਸਦੀ, ਮਣੀਪੁਰ ਦੇ 47.2 ਫ਼ੀਸਦੀ, ਉਤਰ ਪ੍ਰਦੇਸ਼ ਦੇ 44.9 ਫੀਸਦੀ ਅਤੇ ਹਰਿਆਣਾ ਦੇ 44.3 ਫੀਸਦੀ, ਪੁਡੂਚੇਰੀ ਅਤੇ ਕੇਰਲ ਦੇ 41.2 ਫੀਸਦੀ ਮਰਦ ਸ਼ਰਾਬੀ ਹਨ। ਸ਼ਰਾਬ ਦੀ ਸਭ ਤੋਂ ਘੱਟ ਵਰਤੋਂ ਲਕਸ਼ਦੀਪ 'ਚ ਹੁੰਦੀ ਹੈ, ਜਿਥੇ 4.9 ਫੀਸਦੀ ਮਰਦ ਹੀ ਸ਼ਰਾਬ ਪੀਂਦੇ ਹਨ।

ਔਰਤਾਂ 'ਚ ਸ਼ਰਾਬ ਤੋਂ ਇਲਾਵਾ ਤੰਬਾਕੂ ਲੈਣ ਦਾ ਰੁਝਾਨ ਵੀ ਵਧ ਰਿਹਾ ਹੈ। ਪੱਛਮੀ ਬੰਗਾਲ ਦੀਆਂ 59.2 ਫੀਸਦੀ, ਤੇਲੰਗਾਨਾ ਦੀਆਂ 48.8 ਫੀਸਦੀ, ਮਿਜ਼ੋਰਮ ਦੀਆਂ 42.2 ਫੀਸਦੀ, ਉਤਰ ਪ੍ਰਦੇਸ਼ ਦੀਆਂ 32.3 ਫੀਸਦੀ ਅਤੇ ਅਰੁਣਾਚਲ ਪ੍ਰਦੇਸ਼ ਦੀਆਂ 27.5 ਔਰਤਾਂ ਤੰਬਾਕੂ ਲੈਂਦੀਆਂ ਹਨ। ਰਾਸ਼ਟਰੀ ਪੱਧਰ ਉਤੇ 6.8 ਫੀਸਦੀ ਔਰਤਾਂ ਤੰਬਾਕੂ ਦੀ ਆਦਤ ਦਾ ਸ਼ਿਕਾਰ ਹਨ। ਪੰਜਾਬ ਦੀਆਂ ਔਰਤਾਂ ਤੰਬਾਕੂ ਦੇ ਮਾਮਲੇ 'ਚ ਰਾਸ਼ਟਰੀ ਔਸਤ ਤੋਂ ਵੀ ਕਿਤੇ ਘੱਟ ਸਿਰਫ 0.8 ਫੀਸਦੀ ਔਰਤਾਂ ਇਸ ਆਦਤ ਦੀਆਂ ਸ਼ਿਕਾਰ ਹਨ।

ਯਾਦ ਰਹੇ ਕਿ ਕੁਝ ਸਾਲਾਂ ਦੌਰਾਨ ਮੁਲਕ ਭਰ ਵਿਚ ਹੀ ਨਹੀਂ, ਪੰਜਾਬ ਵਿਚ ਵੀ ਸ਼ਰਾਬ ਦੀ ਵਿਕਰੀ ਅਤੇ ਵਰਤੋਂ ਪਹਿਲਾਂ ਦੇ ਮੁਕਾਬਲੇ ਵਧੀ ਹੈ। ਸਮਾਜ ਸੇਵੀਆਂ ਦਾ ਆਖਣਾ ਹੈ ਕਿ ਸਮਾਜ ਅੰਦਰ ਵੱਡੇ ਪੱਧਰ 'ਤੇ ਫੈਲ ਰਿਹਾ ਡਿਪਰੈਸ਼ਨ ਰੋਗ ਵੀ ਨਸ਼ਿਆਂ ਦਾ ਕਾਰਨ ਬਣ ਰਿਹਾ ਹੈ।

# ਕੈਪਟਨ ਦੀ ਬੀਜ ਸਬਸਿਡੀ ਨੀਤੀ ਉਤੇ ਉਠੇ ਸਵਾਲ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾੜ੍ਹੀ ਸੀਜ਼ਨ ਦੌਰਾਨ ਕਿਸਾਨਾਂ ਨੂੰ 50 ਫੀਸਦੀ ਸਬਸਿਡੀ 'ਤੇ ਕਣਕ ਦਾ ਪ੍ਰਮਾਣਿਤ ਬੀਜ ਮੁਹੱਈਆ ਕਰਵਾਉਣ ਲਈ ਖੇਤੀਬਾੜੀ ਵਿਭਾਗ ਦੀ ਕਣਕ ਦੇ ਬੀਜ ਸਬੰਧੀ ਸਬਸਿਡੀ ਨੀਤੀ-2020-21 ਨੂੰ ਮਨਜ਼ੂਰੀ ਦੇ ਦਿੱਤੀ। ਇਸ ਨੀਤੀ ਤਹਿਤ ਕਿਸਾਨਾਂ ਨੂੰ 18.50 ਕਰੋੜ ਰੁਪਏ ਦੀ ਸਬਸਿਡੀ ਨਾਲ ਕੁੱਲ 1.85 ਲੱਖ ਕੁਇੰਟਲ ਪ੍ਰਮਾਣਿਤ ਬੀਜ ਮੁਹੱਈਆ ਕਰਵਾਇਆ ਜਾਵੇਗਾ।



ਹਾਲਾਂਕਿ ਕੈਪਟਨ ਸਰਕਾਰ ਦੇ ਤਾਜ਼ਾ ਐਲਾਨ ਤੋਂ ਬਾਅਦ ਸਵਾਲ ਉਠ ਰਹੇ ਹਨ ਕਿ ਕਿਸਾਨ ਨੂੰ ਤਾਂ ਅਜੇ ਲੰਘੇ ਵਰ੍ਹੇ 2019-20 ਦੀ ਬੀਜ ਸਬਸਿਡੀ ਨਹੀਂ ਮਿਲੀ। ਕੈਪਟਨ ਸਰਕਾਰ ਕੋਲ ਬੀਜ ਸਬਸਿਡੀ ਲਈ ਸਟੇਟ ਹਿੱਸੇਦਾਰੀ ਪਾਉਣ ਲਈ ਪੈਸਾ ਨਹੀਂ ਹੈ ਤੇ ਚਾਰ ਵਰ੍ਹਿਆਂ ਤੋਂ ਇੰਜ ਹੀ ਚੱਲ ਰਿਹਾ ਹੈ।

ਲੰਘੇ ਵਰ੍ਹੇ 2019-20 ਦੀ ਬੀਜ ਸਬਸਿਡੀ ਕਿਸਾਨਾਂ ਨੂੰ ਹਾਲੇ ਤੱਕ ਨਹੀਂ ਮਿਲੀ। ਕੇਂਦਰ ਸਰਕਾਰ ਵੱਲੋਂ ਕੌਮੀ ਖੁਰਾਕ ਸੁਰੱਖਿਆ ਐਕਟ ਅਤੇ ਕੌਮੀ ਕ੍ਰਿਸ਼ੀ ਯੋਜਨਾ ਤਹਿਤ ਬੀਜਾਂ ਉਤੇ ਸਬਸਿਡੀ ਦਿੱਤੀ ਜਾਂਦੀ ਹੈ। ਕੇਂਦਰ ਵੱਲੋਂ 60 ਫੀਸਦੀ ਰਾਸ਼ੀ ਦਿੱਤੀ ਜਾਂਦੀ ਹੈ ਜਦਕਿ 40 ਫੀਸਦੀ ਹਿੱਸੇਦਾਰੀ ਸੂਬਾ ਸਰਕਾਰ ਨੇ ਪਾਉਣੀ ਹੁੰਦੀ ਹੈ। ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਨੇ ਸਾਲ 2017-18 ਵਿਚ ਬੀਜ ਸਬਸਿਡੀ ਲਈ ਅੱਠ ਕਰੋੜ ਦੀ ਰਾਸ਼ੀ ਜਾਰੀ ਕਰ ਦਿੱਤੀ ਸੀ ਪਰ ਪੰਜਾਬ ਸਰਕਾਰ ਨੇ ਆਪਣੀ ਹਿੱਸੇਦਾਰੀ ਨਹੀਂ ਪਾਈ। ਇੰਜ ਹੀ ਸਾਲ 2018-19 ਵਿਚ ਖੇਤੀ ਵਿਭਾਗ ਦਾ ਐਕਸ਼ਨ ਪਲਾਨ ਤਾਂ ਪ੍ਰਵਾਨ ਕਰ ਲਿਆ ਗਿਆ ਪਰ ਕੇਂਦਰ ਨੇ ਪਿਛਲਾ ਤਜਰਬਾ ਦੇਖਦਿਆਂ ਪੈਸਾ ਜਾਰੀ ਨਹੀਂ ਕੀਤਾ। ਅਖੀਰ ਪੰਜਾਬ ਸਰਕਾਰ ਨੇ ਕੇਂਦਰੀ ਸਕੀਮਾਂ ਵਿਚ ਢਾਹ-ਭੰਨ ਕਰ ਕੇ ਇਹ ਪੈਸਾ ਜਾਰੀ ਕੀਤਾ।

ਸਾਲ 2019-20 ਵਿਚ ਵੀ ਇੰਜ ਹੀ ਹੋਇਆ। ਪੰਜਾਬ ਸਰਕਾਰ ਪੈਸੇ ਦਾ ਪ੍ਰਬੰਧ ਨਾ ਹੋਣ ਕਰਕੇ ਕਿਸਾਨਾਂ ਨੂੰ ਪਿਛਲੇ ਸਾਲ ਦੀ ਬੀਜ ਸਬਸਿਡੀ ਹਾਲੇ ਤੱਕ ਨਹੀਂ ਦੇ ਸਕੀ।

ਪੰਜਾਬ ਸਰਕਾਰ ਵੱਲੋਂ ਪ੍ਰਤੀ ਕੁਇੰਟਲ ਪਿੱਛੇ 50 ਫੀਸਦੀ ਸਬਸਿਡੀ ਦਿੱਤੀ ਜਾਂਦੀ ਹੈ, ਜੋ ਕਰੀਬ ਇਕ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਬਣਦੀ ਹੈ। ਪੰਜਾਬ ਵਿਚ ਬੀਜ ਸਬਸਿਡੀ ਲਈ 12 ਜ਼ਿਲ੍ਹੇ ਕੌਮੀ ਖੁਰਾਕ ਸੁਰੱਖਿਆ ਐਕਟ ਤਹਿਤ ਕਵਰ ਹੁੰਦੇ ਹਨ ਜਦਕਿ ਬਾਕੀ 10 ਜ਼ਿਲ੍ਹੇ ਕੌਮੀ ਕ੍ਰਿਸ਼ੀ ਯੋਜਨਾ 'ਚ ਆਉਂਦੇ ਹਨ।

ਸਰਕਾਰ ਕੋਲ ਇਸ ਵੇਲੇ ਪੈਸਾ ਨਹੀਂ ਹੈ, ਜਿਸ ਕਰਕੇ ਕੇਂਦਰੀ ਸਕੀਮ 'ਕੌਮੀ ਕ੍ਰਿਸ਼ੀ ਯੋਜਨਾ' ਤਹਿਤ ਹੀ ਪੂਰਾ ਪੰਜਾਬ ਕਵਰ ਕੀਤਾ ਜਾਣਾ ਹੈ। ਇਸ ਨੀਤੀ ਤਹਿਤ ਕਿਸਾਨਾਂ ਨੂੰ 18.50 ਕਰੋੜ ਰੁਪਏ ਦੀ ਸਬਸਿਡੀ ਦੇ ਨਾਲ ਕੁੱਲ 1.85 ਲੱਖ ਕੁਇੰਟਲ ਪ੍ਰਮਾਣਿਤ ਬੀਜ ਦਿੱਤਾ ਜਾਵੇਗਾ, ਜਿਸ ਨਾਲ ਕਰੀਬ 2.5 ਲੱਖ ਕਿਸਾਨਾਂ ਨੂੰ ਲਾਭ ਮਿਲੇਗਾ। ਮੁੱਖ ਮੰਤਰੀ ਨੇ ਵਿਭਾਗ ਨੂੰ ਆਦੇਸ਼ ਦਿੱਤੇ ਹਨ ਕਿ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਸਬਸਿਡੀ ਵਾਲਾ ਬੀਜ ਮੁਹੱਈਆ ਕਰਵਾਉਣ ਨੂੰ ਪਹਿਲ ਦਿੱਤੀ ਜਾਵੇ। ਸਬਸਿਡੀ ਸਿਰਫ ਯੋਗ ਕਿਸਾਨਾਂ ਨੂੰ ਦਿੱਤੀ ਜਾਵੇ ਅਤੇ ਸਬਸਿਡੀ ਦੀ ਰਕਮ ਸਿੱਧੇ ਲਾਭਪਾਤਰੀਆਂ ਦੇ ਖਾਤਿਆਂ ਵਿਚ ਟਰਾਂਸਫਰ ਕੀਤੀ ਜਾਵੇ।

# 'ਪੁਲਿਸ ਅੱਗੇ ਦਿੱਤਾ ਇਕਬਾਲੀਆ ਬਿਆਨ ਸਬੂਤ ਨਹੀਂ'

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਨਸ਼ੀਲੇ ਪਦਾਰਥਾਂ ਨਾਲ ਜੁੜੇ ਮਾਮਲੇ 'ਚ ਅਹਿਮ ਫੈਸਲਾ ਸੁਣਾਉਂਦਿਆਂ ਕਿਹਾ ਕਿ ਐਨ.ਡੀ.ਪੀ.ਐਸ. ਕਾਨੂੰਨ ਤਹਿਤ ਕਿਸੇ ਪੁਲਿਸ ਅਧਿਕਾਰੀ ਸਾਹਮਣੇ ਮੁਲਜ਼ਮ ਵਲੋਂ ਦਿੱਤੇ ਬਿਆਨ ਨੂੰ ਸਬੂਤ ਨਹੀਂ ਮੰਨਿਆ ਜਾ ਸਕਦਾ। ਇਸ ਦੇ ਆਧਾਰ ਉਤੇ ਮੁਲਜ਼ਮ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕਦਾ।

ਸੁਪਰੀਮ ਕੋਰਟ ਦਾ ਉਕਤ ਫੈਸਲਾ ਉਸ ਵੇਲੇ ਆਇਆ ਹੈ ਜਦੋਂ ਹਾਲ ਹੀ 'ਚ ਕਈ ਨਾਮਚੀਨ ਫਿਲਮ ਅਦਾਕਾਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਲੈ ਕੇ ਕਾਨੂੰਨ ਦੇ ਘੇਰੇ ਹੇਠ ਹਨ। ਅਜਿਹੇ ਸਮੇਂ ਸਰਬਉਚ ਅਦਾਲਤ ਦਾ ਇਹ ਫੈਸਲਾ ਆਉਣ ਵਾਲੇ ਕਈ ਮਾਮਲਿਆਂ ਨੂੰ ਪ੍ਰਭਾਵਿਤ ਕਰੇਗਾ। ਜਸਟਿਸ ਆਰ.ਐਸ. ਨਰੀਮਨ, ਨਵੀਨ ਸਿਨਹਾ ਅਤੇ ਇੰਦਰਾ ਬੈਨਰਜੀ ਦੇ 3 ਮੈਂਬਰੀ ਬੈਂਚ ਨੇ ਇਹ ਫੈਸਲਾ ਸੁਣਾਇਆ। ਬੈਂਚ ਵਲੋਂ ਇਹ ਫੈਸਲਾ 2-1 ਨਾਲ ਸੁਣਾਇਆ ਗਿਆ। ਜਸਟਿਸ ਨਰੀਮਨ ਅਤੇ ਜਸਟਿਸ ਸਿਨਹਾ ਨੇ ਫੈਸਲੇ ਦੇ ਹੱਕ 'ਚ ਵੋਟ ਦਿੱਤੀ ਜਦਕਿ ਜਸਟਿਸ ਇੰਦਰਾ ਬੈਨਰਜੀ ਨੇ ਇਸ 'ਤੇ ਆਪਣੀ ਨਾਪ੍ਰਵਾਨਗੀ ਪ੍ਰਗਟਾਈ। ਬੈਂਚ ਨੇ ਕਿਹਾ ਕਿ ਇਸ ਲਈ ਧਾਰਾ 67 ਤਹਿਤ ਉਨ੍ਹਾਂ ਵਲੋਂ ਦਿੱਤੇ ਬਿਆਨ 'ਇਕਬਾਲੀਆ ਬਿਆਨ' ਵਜੋਂ ਪ੍ਰਵਾਨ ਨਹੀਂ ਕੀਤੇ ਜਾਣਗੇ।

# ਕੈਪਟਨ ਅਮਰਿੰਦਰ ਸਿੰਘ ਵਲੋਂ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਦੀ ਸ਼ੁਰੂਆਤ

**ਅੰਮ੍ਰਿਤਸਰ:** ਭਗਵਾਨ ਵਾਲਮੀਕਿ ਦੇ ਜਨਮ ਦਿਵਸ ਮੌਕੇ ਰਾਮਤੀਰਥ ਵਿਚ ਕਰਵਾਏ ਗਏ ਇਕ ਸਮਾਗਮ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਨਲਾਈਨ ਸ਼ਮੂਲੀਅਤ ਕਰਦਿਆਂ ਦਲਿਤ ਵਿਦਿਆਰਥੀਆਂ ਲਈ ਡਾ. ਬੀ.ਆਰ. ਅੰਬੇਡਕਰ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਦੀ ਰਸਮੀ ਸ਼ੁਰੂਆਤ ਕੀਤੀ। ਇਸ ਮੌਕੇ ਰਾਮ ਤੀਰਥ 'ਚ 50 ਕਰੋੜ ਰੁਪਏ ਦੀ ਇਕ ਯੋਜਨਾ ਦੀ ਆਨਲਾਈਨ ਸ਼ੁਰੂਆਤ ਕੀਤੀ ਤੇ ਇਥੇ ਨਵੀਂ ਆਈ.ਟੀ.ਆਈ. ਅਤੇ ਹੁਨਰ ਵਿਕਾਸ ਕੇਂਦਰ ਦੀ ਸਥਾਪਨਾ ਨੂੰ ਹਰੀ ਝੰਡੀ ਦਿੱਤੀ।



ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਸੂਬਾਈ ਸਕਾਲਰਸ਼ਿਪ ਸਕੀਮ ਤਹਿਤ ਯਕੀਨੀ ਬਣਾਇਆ ਜਾਵੇਗਾ ਕਿ ਗਰੀਬ ਵਰਗ ਦੇ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥੀ ਮੁਫਤ ਸਿੱਖਿਆ ਹਾਸਲ ਕਰ ਸਕਣ। ਉਨ੍ਹਾਂ ਕਿਹਾ ਕਿ ਡਾ. ਬੀ.ਆਰ. ਅੰਬੇਡਕਰ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਕੇਂਦਰ ਸਰਕਾਰ ਵੱਲੋਂ ਬਿਨਾਂ ਕਿਸੇ ਵਿੱਤੀ ਮਦਦ ਦੇ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਤਹਿਤ ਐਸ.ਸੀ. ਵਿਦਿਆਰਥੀਆਂ ਨੂੰ ਫੀਸ ਵਿਚ 100 ਫੀਸਦੀ ਛੋਟ ਮਿਲੇਗੀ। ਇਸ ਨਾਲ ਤਿੰਨ ਲੱਖ ਤੋਂ ਵੱਧ ਐਸ.ਸੀ. ਵਿਦਿਆਰਥੀਆਂ ਨੂੰ ਹਰ ਵਰ੍ਹੇ ਲਾਭ ਮਿਲੇਗਾ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੰਸਥਾਵਾਂ ਵੱਲੋਂ ਇਸ ਸਕੀਮ ਤਹਿਤ ਸੂਬਾ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਸਿੱਧੀ ਸਬਸਿਡੀ ਕਾਰਨ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕੀਤੀ ਜਾਵੇਗੀ ਅਤੇ ਵਿਦਿਆਰਥੀਆਂ ਨੂੰ ਕਿਤਾਬਾਂ ਤੇ ਵਰਦੀਆਂ ਖਰੀਦਣ ਲਈ ਮਹੀਨਾਵਾਰ ਭੱਤਾ ਵੀ ਮਿਲੇਗਾ। ਉਨ੍ਹਾਂ ਕਿਹਾ ਕਿ ਮਹਾਂਰਿਸ਼ੀ ਵਾਲਮੀਕਿ ਸਬੰਧੀ ਇਕ ਪੈਨੋਰਮਾ ਬਣਾਇਆ ਜਾਵੇਗਾ, ਜਿਸ ਉਤੇ 25-30 ਕਰੋੜ ਰੁਪਏ ਦੇ ਖਰਚ ਹੋਣਗੇ।

ਇਸ ਤੋਂ ਇਲਾਵਾ ਬਾਹਰੀ ਕੰਧ ਉਤੇ ਲਾਈਟਾਂ ਲਾਈਆਂ ਜਾਣਗੀਆਂ, ਸਰੋਵਰ ਲਈ ਫਿਲਟਰੇਸ਼ਨ ਪਲਾਂਟ ਲਗੇਗਾ, ਸਰਾਵਾਂ ਲਈ ਫਰਨੀਚਰ ਅਤੇ ਪਰਿਕਰਮਾ ਦੀ ਉਸਾਰੀ ਕੀਤੀ ਜਾਵੇਗੀ। ਉਨ੍ਹਾਂ ਰਾਮ ਤੀਰਥ ਵਿਖੇ ਆਈ.ਟੀ.ਆਈ. ਦੇ ਆਰਜ਼ੀ ਕੈਂਪਸ ਦਾ ਵੀ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਸੰਸਥਾ ਵਿਚ ਹੁਣ ਤਕ 90 ਸਿੱਖਿਆਰਥੀ ਦਾਖਲਾ ਲੈ ਚੁੱਕੇ ਹਨ। ਇਸ ਦੀ ਇਮਾਰਤ ਦਾ 1.82 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਹੋਵੇਗਾ ਅਤੇ 3.5 ਕਰੋੜ ਰੁਪਏ ਦੀ ਲਾਗਤ ਨਾਲ ਮਸ਼ੀਨਰੀ ਖਰੀਦੀ ਜਾਵੇਗੀ। ਕੋਰਸਾਂ ਦੀ ਗਿਣਤੀ ਵੀ ਵਧ ਕੇ 4 ਤੋਂ 9 ਹੋ ਜਾਵੇਗੀ।

# ਸ਼ੰਭੂ ਮੋਰਚਾ: ਕਿਸਾਨ ਅੰਦੋਲਨ ਦੀ ਨਵੀਂ ਕਰਵਟ?

*ਪੰਜਾਬ ਦੇ ਕਿਸਾਨ ਅੰਦੋਲਨ ਨੇ ਪੰਜਾਬ ਨੂੰ ਹੀ ਨਹੀਂ, ਸਮੁੱਚੇ ਭਾਰਤ ਨੂੰ ਸੰਘਰਸ਼ ਦਾ ਇਕ ਰਾਹ ਦਿਖਾਇਆ ਹੈ। ਇਸ ਸੰਘਰਸ਼ ਦੀ ਅਹਿਮੀਅਤ ਇਸ ਕਰ ਕੇ ਵੀ ਵਧੇਰੇ ਹੈ, ਕਿਉਂਕਿ ਜਦੋਂ ਤੋਂ ਕੇਂਦਰ ਵਿਚ ਮੋਦੀ ਸਰਕਾਰ ਬਣੀ ਹੈ, ਇਸ ਨੇ ਆਪਣੀ ਮਨਮਰਜ਼ੀ ਕੀਤੀ ਹੈ। ਪੰਜਾਬ ਦੇ ਕਿਸਾਨ ਅੰਦੋਲਨ ਨੇ ਇਸ ਮਨਮਰਜ਼ੀ ਨੂੰ ਸਿੱਧੀ ਚੁਣੌਤੀ ਦਿੱਤੀ ਹੈ। ਹੁਣ ਹਾਲ ਇਹ ਹੈ ਕਿ ਪੰਜਾਬ ਦੀ ਹਰ ਸਿਆਸੀ ਧਿਰ ਇਸ ਅੰਦੋਲਨ ਵਿਚੋਂ ਲਾਹਾ ਖੱਟਣਾ ਚਾਹੁੰਦੀ ਹੈ। ਇਸ ਮਿਸਾਲੀ ਕਿਸਾਨ ਅੰਦੋਲਨ ਤੋਂ ਬਾਅਦ ਸ਼ੁਰੂ ਹੋਏ ਸ਼ੰਭੂ ਮੋਰਚੇ ਅਤੇ ਇਸ ਦੀ ਸਿਆਸਤ ਬਾਰੇ ਕੁਝ ਕੁ ਗੱਲਾਂ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਨੇ ਕੀਤੀਆਂ ਹਨ, ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ*

ਇਨ੍ਹੀਂ ਦਿਨੀਂ ਪੰਜਾਬ ਦੇ ਰਾਜਨੀਤਕ ਹਲਕਿਆਂ ਵਿਚ ਦਿਲਚਸਪ ਸਵਾਲ ਕੀਤਾ ਜਾ ਰਿਹਾ ਹੈ ਕਿ ਸ਼ੰਭੂ ਮੋਰਚੇ ਦਾ ਕਿਸਾਨ ਅੰਦੋਲਨ ਨਾਲ ਕੀ ਰਿਸ਼ਤਾ ਹੈ? ਕੀ ਇਹ ਆਪਸੀ ਸਹਿਯੋਗ ਦਾ ਰਿਸ਼ਤਾ ਹੈ ਜਾਂ ਸ਼ਰੀਕ ਦਾ? ਜਾਂ ਇਹ ਵਿਚਾਰਧਾਰਕ ਵਖਰੇਵਿਆਂ ਦੇ ਮਿਲਾਪ ਦਾ ਜਸ਼ਨ ਹੈ? ਜਾਂ ਰਾਜਨੀਤਕ ਪਾਰਟੀਆਂ ਤੇ ਸਿਆਸਤਦਾਨਾਂ ਤੋਂ ਤੰਗ ਆਏ ਲੋਕਾਂ ਦਾ ਆਪਣੇ ਦੁਖੜੇ ਸਾਂਝੇ ਕਰਨ ਦਾ ਸਾਂਝਾ ਮੰਚ ਹੈ? ਉਹ ਕਿਹੜਾ ਮੋੜ ਹੈ ਜਿੱਥੇ ਕਿਸਾਨ ਅੰਦੋਲਨ ਅਤੇ ਸ਼ੰਭੂ ਮੋਰਚਾ ਵਿਛੜਦੇ ਤੇ ਮਿਲਦੇ ਹਨ?

ਕੁਝ ਬਹੁਤੇ ਸਿਆਣੇ ਸ਼ੰਭੂ ਮੋਰਚੇ ਨੂੰ ਲੰਡਨ ਦੀ ਹਾਈਡ ਪਾਰਕ ਦੇ ਇਕ ਪਾਸੇ ਬਣੇ ਉਸ ਇਤਿਹਾਸਕ 'ਸਪੀਕਰ ਕਾਰਨਰ' ਨਾਲ ਜੋੜਦੇ ਹਨ ਜਿੱਥੇ ਦੁਨੀਆ ਦੇ ਕਿਸੇ ਵੀ ਸ਼ਖਸ ਨੂੰ



**ਕਰਮਜੀਤ ਸਿੰਘ ਚੰਡੀਗੜ੍ਹ**
ਫੋਨ: 91-99150-91063

ਕੁਝ ਵੀ ਬੋਲਣ ਦੀ ਖੁੱਲ੍ਹ ਹਾਸਿਲ ਹੈ, ਜਿੱਥੇ ਪੱਛਮ ਦੇ ਲੋਕ ਹੁੱਬ ਕੇ ਇਹ ਦਾਅਵਾ ਕਰਦੇ ਹਨ ਕਿ ਇਹ ਨੁੱਕਰ ਜਮਹੂਰੀਅਤ ਅਤੇ ਖੁੱਲ੍ਹ ਕੇ ਬੋਲਣ ਦੀ ਪਿਆਰੀ ਤੇ ਇਤਿਹਾਸਕ ਯਾਦਗਾਰ ਹੈ। ਦਿਲਚਸਪ ਗੱਲ ਹੈ ਕਿ ਸਪੀਕਰ ਕਾਰਨਰ ਵਿਚ ਦੁਨੀਆ ਦੀਆਂ ਜਿਹੜੀਆਂ ਉਘੀਆਂ ਹਸਤੀਆਂ ਆਈਆਂ, ਉਨ੍ਹਾਂ ਵਿਚ ਕਾਰਲ ਮਾਰਕਸ, ਲੈਨਿਨ ਅਤੇ ਔਰਵਿਲ ਸ਼ਾਮਲ ਹਨ। ਵੈਸੇ ਦੁਨੀਆ ਦੇ ਹੋਰ ਕਈ ਮੁਲਕਾਂ ਨੇ ਵੀ ਆਪੋ-ਆਪਣੇ ਦੇਸ਼ ਵਿਚ ਇਹੋ ਜਿਹੇ ਸਪੀਕਰ ਕਾਰਨਰ ਕਾਇਮ ਕੀਤੇ ਹੋਏ ਹਨ ਪਰ ਭਾਰਤ ਨੇ ਇਹੋ ਜਿਹਾ ਕੇਂਦਰ ਕਾਇਮ ਕਰਨ ਦੀ ਖੁੱਲ੍ਹਦਿਲੀ ਅਜੇ ਦਿਖਾਉਣੀ ਹੈ। ਉਂਜ ਸ਼ੰਭੂ ਮੋਰਚੇ ਨੂੰ ਸਪੀਕਰ ਕਾਰਨਰ ਦਾ ਇੰਨ-ਬਿੰਨ ਰੂਪ ਅਜੇ ਨਹੀਂ ਕਿਹਾ ਜਾ ਸਕਦਾ ਪਰ ਇਥੇ ਕੁਝ ਹੱਦਾਂ ਵਿਚ ਰਹਿ ਕੇ ਆਪਣੀ ਗੱਲ ਕਹਿਣ ਦੀ ਖੁੱਲ੍ਹ ਦਿੱਤੀ ਹੋਈ ਹੈ। ਜੇ ਸੱਚ ਪੁੱਛੋ ਤਾਂ ਸ਼ੰਭੂ ਮੋਰਚਾ ਅਸਲ ਵਿਚ ਕਿਸਾਨ ਅੰਦੋਲਨ ਦੀ ਹੀ ਦੇਣ ਹੈ ਪਰ ਇਸ ਨੂੰ ਕਿਸਾਨ ਅੰਦੋਲਨ ਨਾਲੋਂ ਕੁਝ ਵੱਖਰਾ, ਨਿਵੇਕਲਾ ਅਤੇ ਮੌਲਿਕ ਰੂਪ ਦੇਣ ਵਿਚ ਵੱਡਾ ਹੱਥ ਦੀਪ ਸਿੱਧੂ ਦਾ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ 36 ਵਰ੍ਹਿਆਂ ਦਾ 'ਜ਼ੋਰਾ ਦਸ ਨੰਬਰੀਆ' ਫਿਲਮ ਦਾ ਇਹ ਨਾਇਕ ਉਂਜ ਵਕੀਲ ਵੀ ਹੈ, ਮਾਡਲ ਵੀ ਰਿਹਾ ਹੈ, ਬਾਸਕਿਟਬਾਲ ਦਾ ਰਾਸ਼ਟਰੀ ਪੱਧਰ ਦਾ ਖਿਡਾਰੀ ਵੀ ਹੈ। ਬਰਤਾਨੀਆ ਦੀ ਇਕ ਲਾਅ ਫਰਮ ਨਾਲ ਵੀ ਜੁੜਿਆ ਹੈ ਅਤੇ ਸਹਾਰਾ ਇੰਡੀਆ ਦਾ ਕਨੂੰਨੀ ਸਲਾਹਕਾਰ ਵੀ ਰਿਹਾ ਹੈ ਅਤੇ ਅੱਜਕੱਲ੍ਹ ਬਣ ਠਣ ਕੇ ਸੋਸ਼ਲ ਮੀਡੀਏ 'ਤੇ ਅਕਸਰ ਵਾਇਰਲ ਹੁੰਦਾ ਹੈ।

ਵੈਸੇ ਉਹ ਇਹੋ ਜਿਹੇ ਗੁਣ ਤੇ ਸਿਫਤਾਂ ਕਰ ਕੇ ਹੀ ਨਹੀਂ ਉਭਰਿਆ ਸਗੋਂ ਦੋ ਮਹੱਤਵਪੂਰਨ ਗਲਾਂ ਜਾਂ ਦੋ ਸੰਕਲਪ, ਜਾਂ ਦੋ ਨਵੇਂ ਵਿਚਾਰ ਬੁਲੰਦ ਕਰ ਕੇ ਸੁਰਖੀਆਂ ਵਿਚ ਹੈ। ਇਨ੍ਹਾਂ 'ਚੋਂ ਇਕ ਦਾ ਰਿਸ਼ਤਾ ਉਸ ਦੇ ਆਪਣੇ ਲਫਜ਼ਾਂ 'ਚ 'ਖੁਦਮੁਖਤਾਰੀ' ਨਾਲ ਹੈ ਜਦਕਿ ਦੂਜਾ ਹੋਂਦ ਜਾਂ ਵਜੂਦ ਨਾਲ ਜੁੜਿਆ ਹੈ। ਦਿਲਚਸਪ ਗੱਲ ਇਹ ਹੈ ਕਿ ਹਵਾ ਵਿਚ ਉਡ ਰਹੇ ਇਨ੍ਹਾਂ ਦੋਵਾਂ ਸ਼ਬਦਾਂ ਦੀ ਅਜੇ ਉਹੋ ਜਿਹੀ ਸਿਧਾਂਤਕ ਵਿਆਖਿਆ ਨਹੀਂ ਹੋਈ ਜਿਸ ਨਾਲ ਸਭ ਧਿਰਾਂ ਦੀ ਸਰਬ ਸਹਿਮਤੀ ਹੋਵੇ।

ਕਿਸਾਨ ਅੰਦੋਲਨ ਲਈ ਵੀ ਇਹ ਨਵਾਂ ਰੁਝਾਨ ਇੱਕ ਤਰ੍ਹਾਂ ਨਾਲ ਨਵੀਂ ਗਲ ਹੀ ਸੀ ਕਿਉਂਕਿ ਦੋਵੇਂ ਸ਼ਬਦਾਂ ਨੂੰ 'ਪੰਥ ਖਤਰੇ ਵਿਚ' ਦਾ ਨਾਅਰਾ ਦੇ ਕੇ ਜਿਹੜੀ ਪਾਰਟੀ ਨੇ ਪੂਰੇ ਦਸ ਸਾਲ ਲਗਾਤਾਰ ਰਾਜ ਕੀਤਾ, ਉਸ ਨੇ ਵੀ ਰਾਜ ਭਾਗ ਸੰਭਾਲਣ ਪਿੱਛੋਂ ਤੁਰੰਤ ਇਨ੍ਹਾਂ ਦੋ ਸ਼ਬਦਾਂ ਨੂੰ ਭੁੱਲ ਜਾਣ ਤੇ ਭੁਲਾ ਦੇਣ ਦੀ ਮੁਹਿੰਮ ਵਿਚ ਵੀ ਸਰਗਰਮ ਹਿੱਸਾ ਪਾਇਆ ਪਰ ਦੀਪ ਸਿੱਧੂ ਹੁਣ ਉਨ੍ਹਾਂ ਨੂੰ ਪਿੱਛੇ ਛੱਡ ਗਿਆ ਹੈ। ਵੈਸੇ ਅੱਗੇ ਅਤੇ ਪਿੱਛੇ ਵਾਲੇ ਰਾਜ਼ ਨੇ ਅਜੇ ਕਈ ਇਮਤਿਹਾਨਾਂ ਵਿਚੋਂ ਲੰਘਣਾ ਹੈ। ਕੁਝ ਵੀ ਹੋਵੇ ਪਰ ਦੀਪ ਸਿੱਧੂ ਨੇ ਬਰਗਾੜੀ ਮੋਰਚੇ ਦੀ ਹਾਰ 'ਚੋਂ ਪੈਦਾ ਹੋਏ ਰਾਜਨੀਤਕ ਖਲਾਅ ਵਿਚ ਵੱਖਰੀ ਤਰ੍ਹਾਂ ਦੀ ਹਿਲਜੁਲ ਤਾਂ ਲਿਆਂਦੀ ਹੀ ਹੈ ਅਤੇ ਕਈ ਧਿਰਾਂ ਨੂੰ ਉਮੀਦ ਦੀ ਕਿਰਨ ਵੀ ਦਿੱਤੀ ਹੈ, ਹਾਲਾਂਕਿ ਇਸ ਹਕੀਕਤ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਾਜਨੀਤੀ ਦੀ ਤਿਰਛੀ ਨਜ਼ਰ ਅਤੇ ਨਜ਼ਰੀਆ ਇਸ ਨਵੇਂ ਵਰਤਾਰੇ ਦੇ ਭਵਿੱਖ ਬਾਰੇ ਅਜੇ ਕੁਝ ਵੀ ਕਹਿਣ ਤੋਂ ਖਾਮੋਸ਼ ਹੈ। ਇਨ੍ਹਾਂ ਹਲਕਿਆਂ ਨੇ ਬੜੀ ਸਾਵਧਾਨੀ ਨਾਲ ਆਪਣੇ ਫੈਸਲਿਆਂ ਨੂੰ ਢੁਕਵੇਂ ਸ਼ਬਦ ਅਜੇ ਨਹੀਂ ਦਿੱਤੇ। ਬਰਗਾੜੀ ਸੰਮੇਲਨ ਅਤੇ ਚਬਾ ਸੰਮੇਲਨ ਤੋਂ ਮਿਲੇ ਕੌੜੇ ਸਬਕ ਕੁਝ ਵੀ ਕਹਿਣ ਤੋਂ ਵਰਜਦੇ ਹਨ।

ਸ਼ੰਭੂ ਮੋਰਚੇ ਨੂੰ ਹੱਲਾਸ਼ੇਰੀ ਦੇਣ ਵਾਲੇ ਅਤੇ ਖੁੱਲ੍ਹ ਕੇ ਮੈਦਾਨ ਵਿਚ ਉਤਰਨ ਵਾਲੇ ਵਾਲੰਟੀਅਰਾਂ ਦੀ ਗਿਣਤੀ ਅਜੇ ਥੋੜ੍ਹੀ ਹੈ ਪਰ ਬਾਹਰ ਖੜ੍ਹੇ ਸੱਚੇ ਹਮਦਰਦਾਂ ਦੀ ਗਿਣਤੀ ਹਜ਼ਾਰਾਂ ਵਿਚ ਵੀ ਹੋ ਸਕਦੀ ਹੈ ਤੇ ਲੱਖਾਂ ਵਿਚ ਵੀ। ਇਥੋਂ ਤੱਕ ਕਿ ਕਿਸਾਨ ਜਥੇਬੰਦੀਆਂ ਦੇ ਕਾਰਕੁਨ ਵੀ ਸ਼ੰਭੂ ਮੋਰਚੇ ਨਾਲ ਹਮਦਰਦੀ ਰੱਖਦੇ ਹਨ ਤੇ ਹਾਜ਼ਰੀ ਵੀ ਭਰਦੇ ਹਨ। ਰਾਜਨੀਤਕ ਪਾਰਟੀਆਂ ਦੇ ਕਈ ਨੁਮਾਇੰਦੇ ਵੀ ਮੋਰਚੇ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ ਪਰ ਮੋਰਚੇ ਦੇ ਵਲੰਟੀਅਰ ਅਜੇ ਸਪਸ਼ਟ ਨਹੀਂ ਹਨ ਕਿ ਉਨ੍ਹਾਂ ਦੀ ਸ਼ਮੂਲੀਅਤ ਮੋਰਚੇ ਨੂੰ ਤਾਕਤ ਦੇਣ ਵਿਚ ਸਹਾਈ ਹੋਵੇਗੀ ਜਾਂ ਨਹੀਂ। ਜਿਵੇਂ ਇੱਕ ਪੜਾਅ 'ਤੇ ਪਰਸਪਰ ਵਿਰੋਧੀ ਅਨਸਰਾਂ ਨੇ ਅਰਵਿੰਦ ਕੇਜਰੀਵਾਲ ਦੇ ਇਰਦ ਗਿਰਦ ਘੇਰਾ ਪਾ ਲਿਆ ਸੀ, ਇਸੇ ਤਰ੍ਹਾਂ ਕਿਸੇ ਹੱਦ ਤਕ ਦੀਪ ਸਿੱਧੂ ਦੇ ਆਲੇ ਦੁਆਲੇ ਨਾ ਚਾਹੁੰਦੇ ਹੋਏ ਵੀ ਇਸ ਤਰ੍ਹਾਂ ਦਾ ਘੇਰਾ ਬਣ ਰਿਹਾ ਜਾਪਦਾ ਹੈ।



ਸਰਗਰਮ ਫਿਜ਼ਾ ਵਿਚ ਇਕ ਹੋਰ ਸਵਾਲ ਇਹ ਪੁੱਛਿਆ ਜਾ ਰਿਹਾ ਹੈ ਕਿ ਖੁਦਮੁਖਤਾਰੀ ਅਤੇ ਹੋਂਦ ਦਾ ਖਿਆਲ ਦੀਪ ਸਿੱਧੂ ਦੀ ਪੰਜਾਬ ਦੇ ਇਤਿਹਾਸ ਦੀ ਕਿਸੇ ਡੂੰਘੀ ਸਮਝ ਵਿਚੋਂ ਅਚਾਨਕ ਆਇਆ ਹੈ, ਜਾਂ ਹਾਲਤਾਂ ਦੀ ਸੁਭਾਵਕ ਉਪਜ ਹੈ ਅਤੇ ਜਾਂ ਕੀ ਉਨ੍ਹਾਂ ਤਾਕਤਾਂ ਨੇ ਦੀਪ ਸਿੱਧੂ ਦੇ ਦਿਮਾਗ ਵਿਚ ਉਤਾਰਿਆ ਹੈ ਜੋ ਦੀਪ ਸਿੱਧੂ ਨੂੰ ਪੌੜੀ ਬਣਾ ਕੇ ਆਪਣੇ ਵਿਚਾਰ-ਪ੍ਰਵਾਹ ਦਾ ਜ਼ਮੀਨੀ ਆਧਾਰ 'ਤੇ ਘੇਰਾ ਵਧਾਉਣਾ ਚਾਹੁੰਦੇ ਹਨ? ਅਜਿਹੇ ਸ਼ੁਗਲਬਾਜ਼ਾਂ ਦੀ ਵੀ ਕਮੀ ਨਹੀਂ ਜੋ ਇਧਰੋਂ ਉਧਰੋਂ ਆਪੂੰ ਘੜੇ ਤੱਥਾਂ ਦੇ ਸਹਾਰੇ ਇਸ ਨਵੇਂ ਰੁਝਾਨ ਨੂੰ ਏਜੰਸੀਆਂ ਦਾ ਕਾਰਨਾਮਾ ਕਰਾਰ ਦਿੰਦੇ ਹਨ। ਜਿਹੜੀ ਗੱਲ ਦੀਪ ਸਿੱਧੂ ਨੂੰ ਰਾਜਨੀਤਕ, ਸਮਾਜਕ, ਸਾਹਿਤਕ, ਤੇ ਇਥੋਂ ਤਕ ਧਾਰਮਿਕ ਹਲਕਿਆਂ ਵਿਚ ਹਰਮਨ ਪਿਆਰੇ ਜਜ਼ਬਿਆਂ ਦੇ ਨੇੜੇ ਲੈ ਕੇ ਆ ਰਹੀ ਹੈ, ਉਹ ਹੈ ਉਸ ਦੀ ਪ੍ਰਭਾਵਸ਼ਾਲੀ ਦਿੱਖ, ਅੰਦਾਜ਼ੇ-ਬਿਆਨ ਵਿਚ ਗੁੰਦਵੇਂ ਸ਼ਬਦਾਂ ਦੀ ਵਰਤੋਂ, ਅੰਕੜਿਆਂ ਨੂੰ ਜਜ਼ਬਿਆਂ ਦਾ ਰੰਗ ਦੇਣ ਦਾ ਹੁਨਰ ਅਤੇ ਇਤਿਹਾਸ ਨੂੰ 'ਵਾਜਾਂ ਮਾਰ ਕੇ ਪੰਜਾਬ ਦੇ ਸੁੱਤੇ ਜਜ਼ਬਿਆਂ ਨੂੰ ਜਗਾਉਣ ਦੀ ਜੁਗਤ ਸ਼ਾਮਲ ਹੈ। ਅਣਗਿਣਤ ਅੰਦਰੋਂ-ਬਾਹਰੋਂ ਦਬਾਵਾਂ ਅਤੇ ਵਿਰੋਧਤਾਈਆਂ ਦਾ ਮੁਕਾਬਲਾ ਕਰਦਿਆਂ ਉਹ ਆਪਣੀ ਸੁਤੰਤਰ ਰਾਏ ਅਤੇ ਆਪਣੀ ਰਣਨੀਤੀ ਦਾ ਤਵਾਜ਼ਨ ਵੀ ਬਣਾਈ ਰੱਖਦਾ ਹੈ।

ਖੁਦਮੁਖਤਾਰੀ ਅਤੇ ਹੋਂਦ ਵਰਗੇ ਵਿਚਾਰਾਂ ਦੀ ਗੱਲ ਜਦੋਂ ਜਦੋਂ ਕਿਸੇ ਵੱਡੀ ਬਹਿਸ ਦੇ ਘੇਰੇ ਵਿਚ ਆਉਂਦੀ ਹੈ ਤਾਂ ਪੰਜਾਬ ਦੇ ਪ੍ਰਸੰਗ ਵਿਚ ਇਨ੍ਹਾਂ ਦੋਵਾਂ ਸੰਕਲਪਾਂ ਦੀ ਦਾਰਸ਼ਨਿਕ ਤੇ ਵਿਚਾਰਧਾਰਕ ਵਿਆਖਿਆ ਸੁਭਾਵਕ ਹੀ ਸਿੱਖ ਇਤਿਹਾਸ ਨਾਲ ਅਟੁੱਟ ਤੌਰ 'ਤੇ ਜੁੜ ਜਾਂਦੀ ਹੈ ਜੋ ਜ਼ੁਲਮ ਅਨਿਆਂ ਅਤੇ ਬੇ ਇਨਸਾਫੀਆਂ ਦੇ ਖਿਲਾਫ ਲੜ ਮਰਨ ਦੀ ਅਨੋਖੀ ਦਾਸਤਾਨ ਹੈ ਅਤੇ ਪ੍ਰੇਰਨਾ ਦਾ ਸਰਸਬਜ਼ ਚਸ਼ਮਾ ਹੈ ਪਰ ਖੱਬੇ ਪੱਖੀ ਕਿਸਾਨ ਜਥੇਬੰਦੀਆਂ ਅਤੇ ਕਿਸੇ ਹੱਦ ਤਕ ਸ਼ੰਭੂ ਮੋਰਚੇ ਦੋਵਾਂ ਲਈ ਹੀ ਆਪਣੇ ਆਪਣੇ ਨਜ਼ਰੀਏ ਤੋਂ ਇਹ ਸਮੱਸਿਆ ਵੀ ਹੈ, ਮੁਸ਼ਕਿਲ ਵੀ ਬਣ ਗਈ ਹੈ, ਕਿਉਂਕਿ ਦੋਵਾਂ ਨੂੰ ਇਹ ਲਗਦਾ ਹੈ ਕਿ ਸਾਡੇ ਉਤੇ ਫਿਰਕੂ ਹੋਣ ਦਾ ਇਲਜ਼ਾਮ ਨਾ ਲੱਗ ਜਾਵੇ ਅਤੇ ਅੰਦੋਲਨ ਦਾ ਘੇਰਾ ਦੇਸ਼ ਪੱਧਰ 'ਤੇ ਫੈਲਣ ਦੀ ਥਾਂ ਇੱਕ ਖਿੱਤੇ ਵਿਚ ਸੁੰਗੜ ਕੇ ਹੀ ਨਾ ਰਹਿ ਜਾਵੇ। ਕਮਤਰੀ ਅਹਿਸਾਸ (inferiority complex) ਵਿਚੋਂ ਉਪਜੀਆਂ ਇਨ੍ਹਾਂ ਧਾਰਨਾਵਾਂ ਕਰ ਕੇ ਹੀ ਪੰਜਾਬ ਵਿਚ ਖੱਬੇ ਪੱਖੀ ਵਿਚਾਰ ਪੰਜਾਬੀਆਂ ਦੇ ਦਿਲਾਂ ਵਿਚ ਆਪਣੀ ਥਾਂ ਨਹੀਂ ਬਣਾ ਸਕੇ ਸਗੋਂ ਉਲਟਾ ਕਈ ਵਾਰ ਟਕਰਾਅ ਵਰਗੀਆਂ ਪੁਜੀਸ਼ਨਾਂ ਵੀ ਅਖਤਿਆਰ ਕਰ ਲੈਂਦੇ ਹਨ। ਇਹੋ ਕਾਰਨ ਹੈ ਕਿ ਇਕ ਜਥੇਬੰਦੀ ਵਲੋਂ ਜੈਕਾਰਿਆਂ ਨੂੰ ਅੰਦੋਲਨ ਵਿਚ ਨਿਰਉਤਸ਼ਾਹਿਤ ਕੀਤਾ ਗਿਆ ਸੀ।

ਕਿਸਾਨ ਅੰਦੋਲਨ ਵਿਚ ਖੁਦਮੁਖਤਾਰੀ ਦਾ ਵਿਚਾਰ ਕੀ ਇਸ ਸੰਘਰਸ਼ ਵਿਚ ਨਵੀਂ ਤਬਦੀਲੀ ਹੈ? ਪਹਿਲਾਂ ਦੇ ਕਿਸਾਨ ਸੰਘਰਸ਼ਾਂ ਨਾਲੋਂ ਕੋਈ ਬੁਨਿਆਦੀ ਫਰਕ ਹੈ? ਜਾਂ ਰਾਜਨੀਤਕ ਵਿਗਿਆਨ ਦੀ ਸ਼ਬਦਾਵਲੀ ਵਿਚ ਕੀ ਇਹ ਨਵੀਂ ਕਰਵਟ ਪੈਰਾਡਾਈਮ ਸ਼ਿਫਟ ਹੈ? ਪਰ ਕਿਸਾਨ ਜਥੇਬੰਦੀਆਂ ਦੀ ਲੀਡਰਸ਼ਿਪ ਨੇ ਘੱਟੋ-ਘੱਟ ਸ਼ੰਭੂ ਮੋਰਚੇ ਤੋਂ ਅਜੇ ਦੂਰੀ ਬਣਾਈ ਹੋਈ ਹੈ। ਉਹ ਐਮ.ਐਸ.ਪੀ. ਨੂੰ ਕਾਨੂੰਨੀ ਸ਼ਕਲ ਦੇਣ ਲਈ ਦ੍ਰਿੜ ਹੈ ਅਤੇ ਖੁਦਮੁਖਤਾਰੀ ਅਤੇ ਹੋਂਦ ਵਰਗੀਆਂ ਗੱਲਾਂ ਉਨ੍ਹਾਂ ਦੇ ਆਰਥਿਕ ਸੰਘਰਸ਼ ਦਾ ਅਜੇ ਹਿੱਸਾ ਨਹੀਂ ਬਣੀਆਂ। ਕਿਉਂ ਨਹੀਂ ਬਣੀਆਂ? ਇਹ ਸਵਾਲ ਵੀ ਖੱਬੇ ਪੱਖੀ ਵਿਚਾਰਾਂ ਨਾਲ ਪ੍ਰਣਾਈਆਂ ਕਈ ਕਿਸਾਨ ਜਥੇਬੰਦੀਆਂ ਵਿਚ ਬਹਿਸ ਦਾ ਵਿਸ਼ਾ ਬਣ ਰਿਹਾ ਹੈ, ਕਿਉਂਕਿ ਮਾਰਕਸਵਾਦ, ਲੈਨਿਨਵਾਦ ਅਤੇ ਮਾਓਵਾਦ ਦੇ ਵਿਚਾਰਾਂ ਨਾਲ ਲੈਸ ਲੀਡਰਸ਼ਿਪ ਹੁਣ ਇਸ ਸਵਾਲ ਦੇ ਸਨਮੁਖ ਖੜ੍ਹੀ ਕਰ ਦਿੱਤੀ ਗਈ ਹੈ ਕਿ ਆਰਥਕ ਸੰਘਰਸ਼ਾਂ ਨੂੰ ਰਾਜਨੀਤਕ ਸੰਘਰਸ਼ਾਂ ਨਾਲੋਂ ਤੋੜ ਕੇ ਦੇਖਣਾ ਕੀ ਮਾਰਕਸਵਾਦ-ਲੈਨਿਨਵਾਦ ਸਿਧਾਂਤਾਂ ਨਾਲ ਬੇਵਫਾਈ ਨਹੀਂ? ਕੀ ਹੋਂਦ ਤੇ ਖੁਦਮੁਖਤਾਰੀ ਵਰਗੇ ਮੁੱਦੇ ਪੰਜਾਬ ਦੀਆਂ ਵਿਸ਼ੇਸ਼ ਹਾਲਤਾਂ ਦੇ ਪ੍ਰਸੰਗ ਵਿਚ ਮਾਰਕਸਵਾਦੀ ਮੁਹਾਵਰੇ ਵਿਚ ਕੋਈ ਅਰਥ ਨਹੀਂ ਰੱਖਦੇ? ਜੋਗਿੰਦਰ ਸਿੰਘ ਉਗਰਾਹਾਂ, ਦਰਸ਼ਨ ਪਾਲ, ਦਰਸ਼ਨ ਖਟਕੜ, ਸੁਖਦੇਵ ਕੋਕਰੀ ਕਲਾਂ, ਸੁਖਦਰਸ਼ਨ ਨੱਤ ਅਤੇ ਪਾਸਲਾ ਵਰਗੇ ਸੰਜੀਦਾ ਸਿਧਾਂਤਕਾਰ ਇਨ੍ਹਾਂ ਸਵਾਲਾਂ ਤੇ ਖਾਮੋਸ਼ ਕਿਉਂ ਹਨ?

ਨੰਦ ਸਿੰਘ ਮਹਿਤਾ ਨਕਸਲੀ ਲਹਿਰ ਦੀ ਹਮਦਰਦੀ ਵਿਚ ਦੋ ਨਾਵਲ ਲਿਖ ਚੁੱਕੇ ਹਨ। ਤੀਸਰਾ ਨਾਵਲ ਛਪ ਰਿਹਾ ਹੈ। ਖੇਤੀ ਯੂਨੀਵਰਸਿਟੀ ਲੁਧਿਆਣਾ ਤੋਂ ਪੜ੍ਹੇ ਨੰਦ ਸਿੰਘ ਮਹਿਤਾ ਨਾ ਕੇਵਲ ਨਕਸਲੀ ਲਹਿਰ ਵਿਚ ਕਿਸਾਨ ਅੰਦੋਲਨ ਦਾ ਹਿੱਸਾ ਰਹੇ ਹਨ ਸਗੋਂ ਐਮਰਜੈਂਸੀ ਵਿਚ ਵੀ ਉਨ੍ਹਾਂ ਨੇ ਜੇਲ੍ਹ ਕੱਟੀ ਹੈ। ਨਕਸਲੀ ਲਹਿਰ ਦੀਆਂ ਅਣਗਿਣਤ ਪਰਤਾਂ ਨੂੰ ਸੰਜੀਦਾ ਅਤੇ ਨਿਰਪੱਖ ਨਜ਼ਰੀਏ ਨਾਲ ਵੇਖਣ ਪਰਖਣ ਵਾਲੇ ਇਸ ਉਘੇ ਲੇਖਕ ਨੂੰ ਅੰਦੋਲਨ ਵਿਚ ਵਡੀਆਂ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ, ਕਿਉਂਕਿ 2015 ਦੇ ਕਿਸਾਨ ਅੰਦੋਲਨ ਵਿਚ ਕੇਵਲ ਦਸ ਜਥੇਬੰਦੀਆਂ ਇਕੱਠੀਆਂ ਹੋਈਆਂ ਸਨ ਜਦਕਿ ਹੁਣ ਇਹ ਗਿਣਤੀ ਇਕੱਤੀ ਤਕ ਪਹੁੰਚ ਗਈ ਹੈ। ਹਰ ਕਿਸਮ ਦੀ ਖੱਬੀ ਧਿਰ ਤੋਂ ਇਲਾਵਾ ਹੋਰ ਕਈ ਕਿਸਾਨ ਜਥੇਬੰਦੀਆਂ ਦਾ ਇਕੱਠੇ ਹੋਣਾ ਕਿਸਾਨ ਸੰਘਰਸ਼ ਲਈ ਚੰਗਾ ਸ਼ਗਨ ਹੈ ਪਰ ਅਗਲੇ ਕੰਡਿਆਲੇ ਰਾਹ ਵੀ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਹਨ।

# ਸਿਆਸੀ ਐਨਕ ਰਾਹੀਂ ਕਿਸਾਨ ਅੰਦੋਲਨ ਦੀ ਕਵਰੇਜ਼ ਕਰ ਰਹੇ ਹਨ ਚੈਨਲ

ਬੀਤੇ ਦਿਨੀਂ ਇਕ ਕੌਮੀ ਨਿਊਜ਼ ਚੈਨਲ ਦੀ ਟੀਮ ਨੂੰ ਕਿਸਾਨਾਂ ਨੇ ਘੇਰ ਲਿਆ ਅਤੇ ਮੁਆਫੀ ਮੰਗਣ ਲਈ ਕਿਹਾ। ਉਹ ਟੀਮ ਕਿਸਾਨਾਂ ਦੁਆਰਾ ਪਰਾਲੀ ਨੂੰ ਲਾਈ ਅੱਗ ਦਾ ਫਿਲਮਾਂਕਣ ਕਰ ਰਹੀ ਸੀ। ਕਿਸਾਨਾਂ ਨੂੰ ਇਸ ਗੱਲ ਦਾ ਸਖਤ ਰੋਹ ਤੇ ਰੋਸ ਸੀ ਕਿ ਇਹ ਸਾਰੇ ਚੈਨਲ ਕਿਸਾਨ ਅੰਦੋਲਨ ਨੂੰ ਖਬਰਾਂ ਵਿਚ ਥਾਂ ਨਹੀਂ ਦੇ ਰਹੇ ਅਤੇ ਨਾ ਇਸ ਮਸਲੇ ਸਬੰਧੀ ਪ੍ਰਾਈਮ ਟਾਈਮ 'ਤੇ ਵਿਚਾਰ-ਚਰਚਾ

**ਪ੍ਰੋ. ਕੁਲਬੀਰ ਸਿੰਘ**
ਫੋਨ: 91-94171-53513

ਕਰਵਾ ਰਹੇ ਹਨ, ਪਰ ਖੇਤਾਂ ਵਿਚ ਲਾਈ ਅੱਗ ਦੀ ਕਵਰੇਜ਼ ਕਰਨ ਲਈ ਔਖੇ ਹੋ ਕੇ ਦੂਰ-ਦੁਰਾਡੇ ਪਹੁੰਚ ਜਾਂਦੇ ਹਨ। ਕਿਸਾਨਾਂ ਦੇ ਹੱਕਾਂ-ਹਿੱਤਾਂ ਦੀ ਗੱਲ ਕਦੇ ਨਹੀਂ ਕਰਦੇ, ਪਰ ਜੋ ਗੱਲ ਕਿਸਾਨਾਂ ਦੇ ਵਿਰੁੱਧ ਜਾਂਦੀ ਹੈ, ਉਸ ਨੂੰ ਜ਼ੋਰ ਸ਼ੋਰ ਨਾਲ ਵਿਖਾਉਂਦੇ ਅਤੇ ਪ੍ਰਚਾਰਦੇ ਹਨ। ਕੌਮੀ ਹਿੰਦੀ ਚੈਨਲਾਂ ਦੀ ਲੰਮੇ ਸਮੇਂ ਤੋਂ ਇਹ ਨੀਤੀ ਰਹੀ ਹੈ।

ਕਿਸਾਨਾਂ ਨੇ ਕੌਮੀ ਹਿੰਦੀ ਚੈਨਲ ਦੀ ਉਸ ਟੀਮ ਨੂੰ ਘੇਰ ਕੇ ਮੁਆਫੀ ਮੰਗਣ ਲਈ ਮਜ਼ਬੂਰ ਕਰ ਦਿੱਤਾ। ਟੀਮ ਨੇ ਮੰਨਿਆ ਕਿ ਕੌਮੀ ਚੈਨਲਾਂ ਨੂੰ ਕਿਸਾਨ ਅੰਦੋਲਨ ਦੀ ਲਗਾਤਾਰ ਕਵਰੇਜ਼ ਕਰਨੀ ਚਾਹੀਦੀ ਹੈ, ਜੋ ਨਹੀਂ ਕੀਤੀ ਜਾ ਰਹੀ।

ਕਿਸਾਨ ਅੰਦੋਲਨ ਕੇਂਦਰ ਸਰਕਾਰ ਵਲੋਂ ਬਣਾਏ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਵਿੱਢਿਆ ਗਿਆ ਹੈ। ਬਹੁਤੇ ਕੌਮੀ ਹਿੰਦੀ ਚੈਨਲਾਂ ਨੂੰ ਸਰਕਾਰ ਵਿਰੁੱਧ ਕੀਤੀ ਗਈ ਕਿਸੇ ਵੀ ਸਰਗਰਮੀ ਤੋਂ ਚਿੜ ਹੈ। ਵਧੇਰੇ ਕਰਕੇ ਉਹ ਅਜਿਹੀ ਸਰਗਰਮੀ ਦਾ ਜ਼ਿਕਰ ਹੀ ਨਹੀਂ ਕਰਦੇ ਅਤੇ ਇਧਰ-ਉਧਰ ਦੀਆਂ ਕਹਾਣੀਆਂ ਨਾਲ ਸਮਾਂ ਬਤੀਤ ਕਰਦੇ ਹਨ ਜਾਂ ਫਿਰ ਉਹ ਸਰਕਾਰ ਵਿਰੋਧੀ ਵਿਚਾਰ ਜਾਂ ਧਿਰ ਦੀ ਸਖਤ ਸ਼ਬਦਾਂ ਵਿਚ ਨੁਕਤਾਚੀਨੀ ਸ਼ੁਰੂ ਕਰ ਦਿੰਦੇ ਹਨ। ਲੰਮੇ ਸਮੇਂ ਤੋਂ ਇਲੈਕਟ੍ਰਾਨਿਕ ਮੀਡੀਆ ਵਿਚ ਇਹ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ।

ਰੋਜ਼ਾਨਾ ਪ੍ਰਾਈਮ ਟਾਈਮ 'ਤੇ ਬਹੁਤੇ ਹਿੰਦੀ ਨਿਊਜ਼ ਚੈਨਲ ਮੌਜੂਦਾ ਸਥਿਤੀਆਂ ਦੇ ਪ੍ਰਸੰਗ ਵਿਚ ਗੈਰ-ਜ਼ਰੂਰੀ ਮੁੱਦਿਆਂ ਦੀ ਪਟਾਰੀ ਖੋਲ੍ਹ ਕੇ ਬੈਠ ਜਾਂਦੇ ਹਨ। ਜਿਵੇਂ ਕਿਸਾਨ ਅੰਦੋਲਨ ਅਤੇ ਕਿਸਾਨਾਂ ਦੀਆਂ ਮੰਗਾਂ ਦਾ ਕੋਈ ਮਹੱਤਵ ਹੀ ਨਾ ਹੋਵੇ। ਬੱਸ ਉਹ ਸਰਕਾਰ ਦੀ ਨਜ਼ਰ ਵਿਚ ਚੰਗੇ ਬਣੇ ਰਹਿਣਾ ਚਾਹੁੰਦੇ ਹਨ। ਕੋਈ ਲਵ ਜਹਾਦ ਲੈ ਕੇ ਖਿੱਚਣ ਲੱਗਦਾ ਹੈ, ਕੋਈ ਕਿਸੇ ਮੰਦਿਰ ਦਾ ਮਸਲਾ ਜਾਣ ਬੁੱਝ ਕੇ ਉਛਾਲਦਾ ਹੈ। ਜੇ ਹੋਰ ਕੁਝ ਨਹੀਂ ਤਾਂ ਪਾਕਿਸਤਾਨ ਤੇ ਚੀਨ ਮੁੱਦੇ ਤਿਆਰ ਹੀ ਹੁੰਦੇ ਹਨ।

ਹੈਰਾਨੀ ਹੋਈ ਕਿ ਬੀਤੇ ਦਿਨੀਂ ਕੁਝ ਚੈਨਲਾਂ ਨੇ ਇਕ ਟੈਲੀਵਿਜ਼ਨ ਇਸ਼ਤਿਹਾਰ ਨੂੰ ਤੂਲ ਦੇ ਕੇ ਹਿੰਦੂ-ਮੁਸਲਮਾਨ ਦਾ ਪੁਰਾਣਾ ਮੁੱਦਾ ਉਛਾਲਣ ਦੀ ਸਿਰਤੋੜ ਕੋਸ਼ਿਸ਼ ਕੀਤੀ, ਪਰ ਇਸ ਵਿਚ ਉਹ ਬੁਰੀ ਤਰ੍ਹਾਂ ਨਾਕਾਮਯਾਬ ਰਹੇ।

ਜਿਵੇਂ ਨੋਟਬੰਦੀ ਅਤੇ ਜੀ. ਐਸ. ਟੀ. ਕੌਮੀ ਮੁੱਦੇ ਬਣ ਗਏ ਹਨ, ਨਵੇਂ ਖੇਤੀ ਕਾਨੂੰਨਾਂ ਨੂੰ ਕੌਮੀ ਚੈਨਲਾਂ ਨੇ ਜਾਣ-ਬੁੱਝ ਕੇ ਨਜ਼ਰ-ਅੰਦਾਜ਼ ਕਰਕੇ ਬਣਦਾ ਮਹੱਤਵ ਨਹੀਂ ਦਿੱਤਾ। ਖੋਜ ਪੜਤਾਲ ਅਤੇ ਅਧਿਐਨ ਦੱਸਦੇ ਹਨ ਕਿ ਨਿਊਜ਼ ਚੈਨਲ ਸਿਆਸੀ ਐਨਕ ਰਾਹੀਂ ਕਿਸਾਨ ਅੰਦੋਲਨ ਦੀ ਕਵਰੇਜ਼ ਕਰ ਰਹੇ ਹਨ। ਹਰੇਕ ਚੈਨਲ ਆਪੋ-ਆਪਣੀ ਸਿਆਸੀ ਐਨਕ ਰਾਹੀਂ ਸਥਿਤੀ ਨੂੰ ਵੇਖਦਾ ਅਤੇ ਪੇਸ਼ ਕਰਦਾ ਹੈ। ਕਿਸਾਨ ਅੰਦੋਲਨ ਰਾਹੀਂ ਕਿਸ ਸਿਆਸੀ ਨੇਤਾ ਨੂੰ ਉਭਾਰਨਾ ਹੈ ਅਤੇ ਕਿਸ ਨੂੰ ਗੁੱਠੇ ਲਾਉਣਾ ਹੈ, ਨਿਊਜ਼ ਚੈਨਲਾਂ ਦਾ ਵਧੇਰੇ ਜ਼ੋਰ ਇਸ ਨੁਕਤੇ 'ਤੇ ਰਹਿੰਦਾ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਕਿਸਾਨ ਸੰਘਰਸ਼ ਨਾਲ ਸਬੰਧਤ ਖਬਰਾਂ ਅਤੇ ਕਹਾਣੀਆਂ ਨੂੰ ਤੋੜ-ਮਰੋੜ ਕੇ ਪ੍ਰਸਾਰਿਤ ਤੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਲਗਾਤਾਰ ਕਵਰੇਜ਼ ਜਾਂ ਸੰਘਰਸ਼ ਦੀ ਸਮੁੱਚੀ ਸਥਿਤੀ ਨੂੰ ਪੇਸ਼ ਕਰਨ ਦੀ ਥਾਂ ਮਨਮਰਜ਼ੀ ਨਾਲ ਦ੍ਰਿਸ਼ ਅਤੇ ਫਿਲਮਾਂਕਣ ਵਿਖਾਇਆ ਜਾਂਦਾ ਹੈ।

ਸਮੱਸਿਆ ਦੀ ਗੰਭੀਰਤਾ ਤੇ ਗਹਿਰਾਈ ਨੂੰ ਜਾਣ-ਬੁੱਝ ਕੇ ਅੱਖੋਂ ਪਰੋਖੇ ਕਰਕੇ ਸਮੱਸਿਆ ਤੇ ਸੰਘਰਸ਼ ਨੂੰ ਸੀਮਤ ਤੇ ਇਲਾਕਾਈ ਬਣਾਉਣ ਦੀ ਸਾਜਿਸ਼ ਕੀਤੀ ਜਾਂਦੀ ਹੈ। ਕਿਸਾਨਾਂ ਦੀ ਮਿਹਨਤ, ਆਰਥਕ ਹਾਲਤ ਅਤੇ ਮੰਡੀ ਵਿਚ ਅਨਾਜ ਦੇ ਮਿਲਦੇ ਮੁੱਲ 'ਤੇ ਗਹਿਰ-ਗੰਭੀਰ ਚਰਚਾ ਹੋਣੀ ਚਾਹੀਦੀ ਹੈ। ਕਿਸਾਨ ਕੋਲੋਂ ਪੰਜ ਰੁਪਏ ਵਿਚ ਖਰੀਦੀ ਵਸਤੂ ਦੁਕਾਨ ਵਿਚ ਪਹੁੰਚ ਕੇ ਗਾਹਕ ਨੂੰ ਪੰਜਾਹ ਰੁਪਏ ਪ੍ਰਤੀ ਕਿਲੋ ਕਿਉਂ ਅਤੇ ਕਿਵੇਂ ਵੇਚੀ ਜਾਂਦੀ ਹੈ? ਇਸ ਦਾ ਜਵਾਬ ਅੱਜ ਤੱਕ ਨਾ ਸਰਕਾਰਾਂ, ਨਾ ਸਬੰਧਤ ਮਹਿਕਮੇ ਅਤੇ ਨਾ ਖੇਤੀਬਾੜੀ ਮਾਹਿਰਾਂ ਵੱਲੋਂ ਦਿੱਤਾ ਗਿਆ ਹੈ। ਪੰਜਤਾਲੀ ਰੁਪਏ ਵਿਚ ਕਿਸਾਨ ਤੋਂ ਖਰੀਦ ਕੇ ਪੰਜਾਹ ਵਿਚ ਵੇਚਣ ਦੀ ਸਮਝ ਤਾਂ ਆ ਸਕਦੀ ਹੈ, ਪਰ ਉਪਰੋਕਤ ਵਰਤਾਰਾ ਸਮਝ ਤੋਂ ਬਾਹਰ ਹੈ ਅਤੇ ਕਿਸਾਨ ਦੀ ਆਰਥਕ ਮੰਦਹਾਲੀ ਲਈ ਇਹੀ ਜ਼ਿੰਮੇਵਾਰ ਹੈ।

ਕਿਸਾਨੀ ਦੇਸ਼ ਦੀ ਰੀੜ੍ਹ ਦੀ ਹੱਡੀ ਹੈ। 70 ਫੀਸਦੀ ਤੋਂ ਵੱਧ ਆਬਾਦੀ ਪਿੰਡਾਂ ਵਿਚ ਵੱਸਦੀ ਹੈ। ਅਫਸੋਸ ਕਿ ਦੇਸ਼ ਦੇ ਇਸ ਵੱਡੇ ਹਿੱਸੇ ਨੂੰ ਭਾਰਤੀ ਮੀਡੀਆ ਵਿਚ ਬਹੁਤ ਸੀਮਤ ਕਵਰੇਜ਼, ਬਹੁਤ ਘੱਟ ਥਾਂ ਮਿਲਦੀ ਹੈ। ਮੀਡੀਆ ਕਾਰੋਬਾਰ ਬਣ ਗਿਆ ਹੈ ਅਤੇ ਕਾਰੋਬਾਰ ਵਿਚ ਉਸੇ ਚੀਜ਼ ਦਾ ਮੁੱਲ ਮਹੱਤਵ ਹੈ, ਜੋ ਵਿਕਦੀ ਹੈ। ਦਰਸ਼ਕਾਂ ਤੇ ਪਾਠਕਾਂ ਨੂੰ ਕਿਸਾਨ ਤੇ ਕਿਸਾਨੀ ਸਬੰਧੀ ਬਹੁਤ ਘੱਟ ਵੇਖਣ-ਪੜ੍ਹਨ ਨੂੰ ਮਿਲਦਾ ਹੈ। ਇਹੀ ਸਥਿਤੀ ਕਿਸਾਨ ਤੇ ਕਿਸਾਨੀ ਸੰਕਟ ਤੇ ਸੰਘਰਸ਼ ਦੀ ਹੈ। ਇਹ ਭਾਰਤੀ ਕਿਸਾਨ ਤੇ ਕਿਸਾਨੀ ਦਾ ਦੁਖਾਂਤ ਹੈ ਕਿ ਇੱਥੇ ਸਭ ਕੁਝ ਸਿਆਸੀ ਐਨਕ ਰਾਹੀਂ ਵੇਖਿਆ ਜਾਂਦਾ ਹੈ। ਮੀਡੀਆ ਕਵਰੇਜ ਸਿਆਸੀ ਪਾਰਟੀਆਂ, ਸਿਆਸੀ ਨੇਤਾਵਾਂ ਨੂੰ ਲਾਭ ਹਾਨੀ ਪਹੁੰਚਾਉਣ ਦੇ ਨਜ਼ਰੀਏ ਤੋਂ ਕੀਤੀ ਜਾਂਦੀ ਹੈ। ਅਸਲ ਮੁੱਦਾ ਹਾਸ਼ੀਏ 'ਤੇ ਚਲਾ ਜਾਂਦਾ ਹੈ। ਕਿਸਾਨ ਸੰਘਰਸ਼ ਨਾਲ ਸਬੰਧਤ 80 ਫੀਸਦੀ ਖਬਰਾਂ ਤੇ ਹੋਰ ਵੇਰਵੇ ਸਿਆਸੀ ਨੇਤਾਵਾਂ ਦੁਆਲੇ ਕੇਂਦਰਿਤ ਰਹਿੰਦੇ ਹਨ। ਮੰਤਰੀ, ਨੇਤਾ, ਸਿਆਸੀ ਆਗੂ ਕਵਰੇਜ ਦੌਰਾਨ ਸਭ ਤੋਂ ਵੱਧ ਵਰਤੇ ਜਾਣ ਵਾਲੇ ਸ਼ਬਦ ਹਨ।

ਵਿਦੇਸ਼ੀ ਮੀਡੀਆ ਵਲੋਂ ਭਾਰਤੀ ਮੀਡੀਆ ਦੀ ਖੇਤੀਬਾੜੀ ਜਾਂ ਦਿਹਾੜੀ ਜੀਵਨ ਨੂੰ ਦਿੱਤੀ ਜਾਂਦੀ ਕਵਰੇਜ ਸਬੰਧੀ ਹੈਰਾਨੀਜਨਕ ਖਲਾਸੇ ਕੀਤੇ ਜਾ ਰਹੇ ਹਨ। ਅਲਜਜ਼ੀਰਾ ਦਾ ਕਹਿਣਾ ਹੈ ਕਿ ਭਾਰਤੀ ਮੀਡੀਆ ਦਿਹਾਤੀ ਜੀਵਨ ਨੂੰ ਮੁੱਖ ਪੰਨੇ 'ਤੇ ਜਗ੍ਹਾ ਨਹੀਂ ਦਿੰਦਾ। ਮੁੱਖ ਪੰਨੇ 'ਤੇ ਸਿਆਸਤ ਅਤੇ ਸਿਆਸੀ ਸਰਗਰਮੀਆਂ ਹਾਵੀ ਰਹਿੰਦੀਆਂ ਹਨ। ਕਿਸਾਨੀ ਨੂੰ ਸਿਰਫ ਸੰਕਟ ਸਮੇਂ ਜਾਂ ਸਬੰਧਤ ਪੰਨੇ ਜਾਂ ਕੜੀ ਵਿਚ ਹੀ ਥਾਂ ਮਿਲਦੀ ਹੈ।

# ਕਿਰਸਾਨੀ ਦਾ ਸੰਕਟ ਤੇ ਗੁਰੂ ਨਾਨਕ ਦਾ ਸੁਨੇਹਾ

***ਪੰਜਾਬ ਅੰਦਰ ਕਿਸਾਨੀ ਦਾ ਸੰਕਟ ਨਵਾਂ ਤਾਂ ਨਹੀਂ ਪਰ ਹੁਣ ਭਾਰਤ ਸਰਕਾਰ ਜਿਹੜੇ ਫੈਸਲੇ ਕਰ ਰਹੀ ਹੈ, ਉਸ ਨੇ ਕਿਸਾਨੀ ਅਤੇ ਕਿਸਾਨ ਪਰਿਵਾਰਾਂ ਨੂੰ ਹੋਰ ਸੰਕਟ ਵੱਲ ਧੱਕਣ ਦੀ ਕਨਸੋਅ ਦੇ ਦਿੱਤੀ ਹੈ। ਅਸਲ ਵਿਚ ਭਾਰਤ ਵਿਚ ਵਿਕਾਸ ਦਾ ਜਿਹੜਾ ਮਾਡਲ ਅਖਤਿਆਰ ਕੀਤਾ ਗਿਆ ਹੈ, ਉਸ ਨੇ ਸਾਡੇ ਰਹਿਬਰਾਂ ਵਲੋਂ ਦਿਖਾਏ ਰਾਹ ਨੂੰ ਇਕ ਤਰ੍ਹਾਂ ਨਾਲ ਛੱਡ ਦਿੱਤਾ ਹੈ। ਇਸ ਲੇਖ ਵਿਚ ਉਘੇ ਵਿਦਵਾਨ ਤੇਜਵੰਤ ਸਿੰਘ ਗਿੱਲ ਨੇ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇ ਹਵਾਲੇ ਨਾਲ ਕਿਸਾਨੀ ਸੰਕਟ ਦੀ ਗੱਲ ਕੀਤੀ ਹੈ ਅਤੇ ਦੱਸਿਆ ਹੈ ਕਿ ਅਸੀਂ ਕਿਸ ਤਰ੍ਹਾਂ ਉਨ੍ਹਾਂ ਦੀਆਂ ਮੂਲ ਸਿਖਿਆਵਾਂ ਤੋਂ ਦੂਰ ਚਲੇ ਗਏ ਹਾਂ। -ਸੰਪਾਦਕ***

ਦੁਨੀਆ ਦੇ ਹੋਰ ਖਿੱਤਿਆਂ ਵਾਂਗ ਮੁੱਢ ਤੋਂ ਹੀ ਪੰਜਾਬ ਦੇ ਵਾਸੀ ਆਪਣੇ ਜੀਵਨ ਦੇ ਢੰਗਾਂ ਵਿਚ ਕੋਈ ਨਾ ਕੋਈ ਬਦਲਾਉ ਕਰਦੇ ਰਹੇ ਹਨ। ਫਿਰ ਵੀ ਉਨ੍ਹਾਂ ਦੇ ਜਿਉਣ ਦਾ ਇਕ ਥਿਰ ਪੱਖ ਬਣਿਆ ਰਿਹਾ ਹੈ: ਉਹ ਹੈ ਕਿਰਸਾਨੀ ਅਤੇ ਇਸ ਨਾਲ ਜੁੜੇ ਕਿੱਤਾਕਾਰਾਂ ਦੀ ਸਾਂਝ ਜਿਸ ਤੋਂ ਬਿਨਾ ਖੇਤੀਬਾੜੀ ਨੇ ਵਿਕਾਸ ਤਾਂ ਕੀ ਕਰਨਾ ਸੀ, ਕਾਇਮ ਵੀ ਨਹੀਂ ਸੀ ਰਹਿ ਸਕਣਾ। ਇਨ੍ਹਾਂ ਦੇ ਸਹਿਯੋਗ ਸਦਕਾ ਹੀ ਹੈ ਕਿ ਇਤਿਹਾਸਕ ਉਥਲ-ਪੁਥਲ, ਕਾਲ, ਪਲੇਗ ਆਦਿ ਰੋਗਾਂ ਵਲੋਂ ਢਾਹਿਆ ਗਿਆ ਕਹਿਰ, ਬਹੁਤਾ ਮੀਂਹ ਜਾਂ ਅਤਿ ਦਾ ਸੋਕਾ, ਵਿਦੇਸ਼ੀ ਸਰਕਾਰ ਵਲੋਂ ਲਾਏ ਕਾਨੂੰਨ, ਖੇਤੀਬਾੜੀ ਦੇ ਅਮਲ ਨੂੰ ਲੋਪ ਨਹੀਂ ਕਰ ਸਕੇ।



ਸਮੇਂ-ਸਮੇਂ ਔਕੜਾਂ ਆਈਆਂ, ਰੁਕਾਵਟਾਂ ਲਾਈਆਂ ਗਈਆਂ ਪਰ ਉਨ੍ਹਾਂ ਦਾ ਮਾਰੂ ਪ੍ਰਭਾਵ ਇਸ ਸਾਂਝ ਨੂੰ ਮੇਟ ਨਹੀਂ ਸਕਿਆ। ਕਿਰਸਾਨੀ ਤੇ ਕਿੱਤਾਕਾਰੀ ਦੀ ਇਹ

**ਤੇਜਵੰਤ ਸਿੰਘ ਗਿੱਲ**
**ਫੋਨ: +91-98150-86016**

ਸਾਂਝ ਪੰਜਾਬ ਦਾ ਸਦੀਵੀ ਸੱਚ ਹੋ ਨਿੱਬੜਿਆ ਹੈ। ਕਰਾਮਾਤੀ ਇਹ ਬਿਲਕੁਲ ਨਹੀਂ, ਕਿਉਂ ਉਪਰੋਂ ਕਿਸੇ ਦੈਵੀ ਸ਼ਕਤੀ ਵਲੋਂ ਵਾਰਿਦ ਹੋਣ ਦੀ ਥਾਂ ਇਹ ਪੰਜਾਬੀ ਰਹਿਣ-ਸਹਿਣ ਦੇ ਧੁਰ ਅੰਦਰੋਂ ਉਗ ਕੇ ਵਧਿਆ-ਫੁੱਲਿਆ ਹੈ।

ਅਜੋਕੇ ਮੋੜ 'ਤੇ ਕਰਾਮਾਤੀ ਤਰ੍ਹਾਂ ਦਾ ਖਤਰਾ ਇਸ ਸਾਂਝ 'ਤੇ ਮੰਡਰਾਉਣ ਲੱਗ ਪਿਆ ਹੈ। ਕਰਾਮਾਤੀ ਇਸ ਕਰ ਕੇ ਨਹੀਂ ਕਿ ਕਿਸੇ ਦੈਵੀ ਸ਼ਕਤੀ ਦਾ ਇਸ ਉਪਰ ਕਹਿਰ ਝੁਲਣ ਲੱਗ ਪਿਆ ਹੈ; ਇਹ ਹੈ ਤਾਂ ਨਿਰੋਲ ਦੁਨਿਆਵੀ ਜਿਸ ਲਈ ਮਾਇਕ ਪੱਖ ਹੀ ਸਭ ਕੁਝ ਹੈ। ਇਸ ਦਾ ਇਕ ਮਾਤਰ ਸੂਤਰ ਤਰੱਕੀ ਦੀ ਧਾਰਨਾ ਹੈ ਜਿਸ ਨੂੰ ਜਾਇਜ਼ ਠਹਿਰਾਉਣ ਲਈ ਇਤਿਹਾਸ, ਰਾਜਨੀਤੀ ਅਤੇ ਅਰਥਚਾਰੇ ਦੇ ਨਿਯਮਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਮਿਸਾਲ ਦੇ ਤੌਰ 'ਤੇ ਤਰੱਕੀ ਨੂੰ ਯੋਗ ਠਹਿਰਾਉਣ ਲਈ ਪੁਰਾਤਨ ਗ੍ਰੰਥਾਂ ਦੀ ਗੱਲ ਕੀਤੀ ਜਾਂਦੀ ਹੈ। ਉਨ੍ਹਾਂ ਵਿਚ ਈਸ਼ਵਰ ਦਾ ਜੋ ਦੈਵੀ ਮਹੱਤਵ ਹੈ, ਉਸ ਦਾ ਗੁਣ-ਗਾਇਨ ਕੀਤਾ ਜਾਂਦਾ ਹੈ। ਸਾਰੀ ਗੱਲ ਦਾ ਤੋੜ ਹੈ ਮਾਇਕ ਤਬਦੀਲੀ ਜਿਸ ਲਈ ਮੰਡੀ ਅੰਤਿਮ ਸੱਚ ਹੈ। ਦੂਜੇ ਲਫਜ਼ਾਂ ਵਿਚ ਮੰਡੀ ਹੀ ਇਸ ਲਈ ਈਸ਼ਵਰ ਅਤੇ ਮੰਡੀ ਹੀ ਭਗਵਾਨ ਹੈ। ਆਪਣੀ ਧਾਰਨਾ ਨੂੰ ਯੋਗ ਸਿੱਧ ਕਰਨ ਲਈ ਵਾਦ, ਵਿਵਾਦ ਅਤੇ ਸੰਵਾਦ ਨੂੰ ਜ਼ਰੂਰੀ ਹੀ ਨਹੀਂ, ਯੋਗ ਵੀ ਠਹਿਰਾਇਆ ਜਾਂਦਾ ਹੈ। ਹੋਇਆ ਇਹ ਹੈ ਕਿ ਨਾਅਰੇਬਾਜ਼ੀ, ਭਾਸ਼ਣਕਾਰੀ ਅਤੇ ਰੌਲੇ-ਰੱਪੇ ਨੂੰ ਪ੍ਰਗਟਾ ਅਤੇ ਸੰਚਾਰ ਦਾ ਵਸੀਲਾ ਮੰਨ ਲਿਆ ਗਿਆ ਹੈ। ਸਵਰਗ ਦੇ ਸੁਖਾਂ ਅਤੇ ਨਰਕ ਦੇ ਦੁਖਾਂ ਨੂੰ ਮੰਡੀ ਦੇ ਸਿਖਰ ਛੋਹਣ ਤੇ ਧੜੰਮ ਕਰ ਕੇ ਡਿੱਗਣ ਨਾਲ ਜੋੜ ਦਿੱਤਾ ਗਿਆ ਹੈ। ਖਪਤ ਰਾਹੀਂ ਰੀਝਾਂ ਦੀ ਪੂਰਤੀ ਨੂੰ ਸਵਰਗ ਦਾ ਝੂਟਾ ਲੈਣ ਵਾਂਗ ਅਤੇ ਕੰਗਾਲੀ ਤੇ ਭੁੱਖਮਰੀ ਰਾਹੀਂ ਆਤੁਰਤਾ ਦੇ ਸ਼ਿਕਾਰ ਹੋ ਜਾਣ ਨੂੰ ਨਰਕ ਵਿਚ ਦੁਖ ਭੋਗਣ ਦੇ ਤੁਲ ਗਰਦਾਨ ਦਿੱਤਾ ਗਿਆ ਹੈ। ਗੱਲ ਕੀ ਵਿਰੋਧ, ਵਿਕਾਸ ਦੇ ਸਿਧਾਂਤ ਨੂੰ ਤੋੜ-ਮਰੋੜ ਨਾਲ ਅਭੇਦ ਕਰ ਦਿੱਤਾ ਗਿਆ ਹੈ ਜਿਸ ਦਾ ਥਾਪਣ-ਉਥਾਪਣ ਬਹੁਤ ਜ਼ਰੂਰੀ ਹੈ।

ਥਾਪਣ-ਉਥਾਪਣ ਨਾਂ ਦੀ ਇਹ ਕਸਵੱਟੀ ਗੁਰੂ ਨਾਨਕ ਦੇ ਚਿੰਤਨ ਦੀ ਉਪਜ ਹੈ। 'ਜਪੁਜੀ' ਵਿਚ ਆਉਂਦੇ ਕਥਨ: "ਆਪੇ ਥਾਪਿ ਉਥਾਪੇ ਆਪ" ਦੀ ਉਪਜ ਹੈ। ਇਸ ਰਾਹੀਂ ਗੁਰੂ ਨਾਨਕ ਦਾ ਮੰਤਵ ਤਾਂ ਅਕਾਲ ਪੁਰਖ ਨੂੰ ਸ੍ਰਿਸ਼ਟੀ ਵਿਚ ਸਭ ਕੁਝ ਦਾ ਥਾਪਣ ਕਰਨ ਵਾਲਾ ਅਤੇ ਨਾਲ ਹੀ ਉਥਾਪਣ ਕਰਨ ਵਾਲਾ ਦਰਸਾਉਣਾ ਹੈ, ਕਿਉਂਕਿ ਪ੍ਰਾਣੀ ਲਈ ਯੋਗ ਹੀ ਨਹੀਂ ਜ਼ਰੂਰੀ ਹੈ ਕਿ ਉਹ ਆਪਣੇ ਆਪ ਨੂੰ ਅਕਾਲ ਪੁਰਖ ਦੀ ਰਜ਼ਾ ਵਿਚ ਰੱਖੇ, ਇਸ ਲਈ ਆਪਣੀ ਵਿੱਤ ਅਨੁਸਾਰ ਉਸ ਨੂੰ ਇਹ ਯਤਨ ਕਰਨਾ ਵੀ ਜ਼ਰੂਰੀ ਹੈ। ਗੁਰੂ ਸਾਹਿਬ ਦੀ ਕਸਵੱਟੀ ਕਿੱਤਾਕਾਰੀ ਦੇ ਸਹਿਯੋਗ ਨਾਲ ਵਰਤੋਂ ਵਿਹਾਰ ਵਿਚ ਆਪਣੀ ਕਿਰਸਾਨੀ 'ਰਾਗ ਸੋਰਿਠ' ਵਿਚ ਇਉਂ ਪੇਸ਼ ਕਰਦੇ ਹਨ:

ਮਨ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥
ਬਾਬਾ ਮਾਇਆ ਸਾਥਿ ਨ ਹੋਇ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ ਰਹਾਉ॥
ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥
ਸੁਰਤਿ ਸੋਚ ਕਰ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ॥

ਇਨ੍ਹਾਂ ਸਤਰਾਂ ਵਿਚ ਕਿਰਸਾਨੀ ਦੇ ਕਾਰਜ ਨੂੰ ਆਤਮਿਕ ਅਲੰਕਾਰ ਵਜੋਂ ਵਰਤਿਆ ਗਿਆ ਹੈ; ਭਾਵ ਇਹ ਬਣਦਾ ਹੈ ਕਿ ਕਿਰਸਾਨੀ ਦੇ ਕਾਰਜ ਨੂੰ ਤਨ ਦੇ ਪੱਧਰ 'ਤੇ ਉਹ ਉਤਮਤਾ ਹਾਸਲ ਹੈ ਜੋ ਆਤਮਿਕ ਖੇਤਰ ਵਿਚ ਰੂਹਾਨੀ ਸਾਧਨਾਂ ਲਈ ਰਾਖਵੀਆਂ ਹਨ। ਦੂਜੇ ਸ਼ਬਦਾਂ ਵਿਚ ਸੂਖਮ ਰੂਹਾਨੀ ਸਾਧਨਾਂ ਦਾ ਸਥੂਲ ਮਹੱਤਵ ਹਲ ਵਾਹੁਣ, ਫਸਲ ਨੂੰ ਪਾਣੀ ਦੇਣ, ਖੇਤ ਵਿਚ ਸੁਹਾਗਾ ਫੇਰਨ ਆਦਿ ਸਰੀਰਕ ਕੰਮਾਂ ਕਾਰਜਾਂ ਵਿਚ ਨਿਹਿਤ ਕਰਨਾ ਹੈ। ਇਹ ਨਹੀਂ ਕਿ ਸਥੂਲ ਅਤੇ ਸੂਖਮ ਵਿਚਕਾਰ ਕੋਈ ਵਿੱਥ ਨਹੀਂ ਅਤੇ ਉਸ ਨੂੰ ਧਿਆਨ ਵਿਚ ਲਿਆਉਣ ਦੀ ਲੋੜ ਨਹੀਂ। ਬਿਨਾ ਸ਼ੱਕ, ਇਸ ਦੀ ਲੋੜ ਹੈ ਪਰ ਇਸ ਲੋੜ ਨੂੰ ਅੱਖੋਂ ਪਰੋਖੇ ਕਰ ਕੇ ਇਹ ਮੰਨ ਲੈਣਾ ਵੀ ਯੋਗ ਨਹੀਂ ਕਿ ਸਰੀਰਕ ਕੰਮਾਂ ਨੇ ਸਭ ਕੁਝ ਭੁਗਤਾ ਦਿੱਤਾ ਹੈ। ਜੇ ਅਜਿਹੀ ਅਵੱਗਿਆ ਵਾਪਰਦੀ ਹੈ ਤਾਂ ਕਿਰਸਾਨ ਦੇ ਪੱਧਰ 'ਤੇ ਜ਼ਖੀਰੇਬਾਜ਼ੀ ਦੀ ਨੀਂਹ ਰੱਖ ਹੋ ਜਾਂਦੀ ਹੈ ਜੋ ਉਪਰੋਕਤ ਕਾਰਜਾਂ ਦੇ ਵਿਰੋਧ ਵਿਚ ਜਾਣ ਦੀ ਅਵੱਗਿਆ ਸਹੇੜ ਸਕਦੀ ਹੈ।

ਇਸ ਪੱਖ ਵਲ ਧਿਆਨ ਕੇਂਦਰਿਤ ਕਰਨ ਲਈ ਅਗਲੀਆਂ ਪੰਗਤੀਆਂ ਵਿਚ ਵਣਜਾਰੇ ਦੇ ਕਰਤੱਵ ਨੂੰ ਉਘਾੜਨ ਦਾ ਸੁਯੋਗ ਯਤਨ ਪੇਸ਼ ਹੋ ਜਾਂਦਾ ਹੈ। ਇਸ ਦਾ ਵਰਨਣ ਇਸ ਪ੍ਰਕਾਰ ਹੈ:

ਵਣਜਾਰਿਆ ਸਿਉ ਵਣਜੁ ਕਰ ਲੈ ਲਾਹਾ ਮਨ ਹਸੁ॥
ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥
ਖਰਚੁ ਬੰਨੁ ਚੰਗਾਈਆ ਮਤੁ ਮਨ ਜਾਣਹਿ ਕਲੁ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖ ਲਹਹਿ ਮਹਲੁ॥
ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥

ਇਨ੍ਹਾਂ ਸਤਰਾਂ ਵਿਚ ਰੂਹਾਨੀ ਨਜ਼ਰੀਏ ਤੋਂ ਸੌਦਾਗਰ ਦਾ ਕਰਤੱਵ ਪੇਸ਼ ਹੈ। ਉਸ ਦੇ ਵਿਹਾਰਕ ਕਰਤੱਵ ਦਾ ਹੀ ਇਹ ਅਲੰਕਾਰਕ ਰੂਪ ਹੈ। ਕਿਰਸਾਨ ਦੇ ਸਮਵਿੱਥ ਹੀ ਸੌਦਾਗਰ ਨਾਲ ਵਾਸਤਾ ਦਰਸਾ ਕੇ ਗੁਰੂ ਗ੍ਰੰਥ ਸਾਹਿਬ ਇਹ ਸਿੱਧ ਕਰਨ ਦੇ ਫਿਕਰ ਵਿਚ ਹਨ ਕਿ ਦੋਨਾਂ ਵਿਚਕਾਰ ਆਦਾਨ ਪ੍ਰਦਾਨ ਈਮਾਨ ਦਾ ਪਾਬੰਦ ਹੈ। ਇਸ ਪ੍ਰਕਾਰ ਪਾਬੰਦ ਹੋਣਾ ਇਸ ਨਿਸ਼ਚਿਤ ਕਰਦਾ ਹੈ ਕਿ ਜੋ ਸਮੱਗਰੀ ਉਸ ਨੂੰ ਕਿਰਸਾਨ ਤੋਂ ਮਿਲੀ ਹੈ, ਉਸ ਨੂੰ ਆਪਣੇ ਤੱਕ, ਕਿਸੇ ਅਨਿਆਈ ਲਾਭ ਖਾਤਰ ਛੁਪਾ ਕੇ ਰੱਖਣ ਦੀ ਕੋਈ ਮਣਸਾ ਨਹੀਂ। ਲੋੜਵੰਦਾਂ ਤੱਕ ਪਹੁੰਚਾਉਣਾ ਉਸ ਦਾ ਕਰਤੱਵ ਹੈ ਤਾਂ ਜੋ ਖਰੀਦਦਾਰ ਤੋਂ ਅਗਾਂਹ ਇਸ ਦਾ ਲਾਭ ਹੋ ਸਕੇ।

ਇਸ ਤੋਂ ਦੋ ਗੱਲਾਂ, ਜੋ ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਮਹੱਤਵ ਦੇ ਨਾਲ ਮੁੱਲ ਦੀਆਂ ਧਾਰਨੀ ਪਰਤੱਖ ਹੀ ਸਿੱਧ ਹੋ ਜਾਂਦੀਆਂ ਹਨ। ਕਿਰਸਾਨ ਦੀ ਪੈਦਾਵਾਰ ਪੂਰੀ ਤਰ੍ਹਾਂ ਸ਼ੁੱਧ ਹੈ, ਕਿਸੇ ਮਿਲਾਵਟ ਤੋਂ ਬਿਨਾ ਜਿਸ ਦੀ ਕਨਸੋਅ ਤੱਕ ਵੀ ਪੁਗਾਉਣ ਦੀ ਲੋੜ ਨਹੀਂ। ਇਸੇ ਤਰ੍ਹਾਂ ਸੌਦਾਗਰ ਨੇਕ ਨੀਅਤ ਨਾਲ ਲੋੜਵੰਦਾਂ ਤੱਕ ਪੈਦਾਵਾਰ ਨੂੰ ਲੈ ਜਾਂਦਾ ਹੈ, ਜਿਤਨਾ ਧਰਵਾਸ ਕਿਰਸਾਨ ਨੂੰ ਈਮਾਨ ਨਾਲ ਜਿਸ ਵਿਚ ਸੰਤੋਖ



ਦਾ ਅਭਾਵ ਨਹੀਂ, ਪੂਰਨ ਲਗਾਓ ਹੈ, ਉਸੇ ਤਰ੍ਹਾਂ ਸੌਦਾਗਰ ਨੇਕ ਨੀਅਤ ਦਾ ਪੁੰਜ ਹੈ ਜਿਸ ਦੇ ਲਾਭ ਖੱਟਣ ਦੀ ਭਾਵਨਾ ਨੇੜੇ ਤੇੜੇ ਵੀ ਨਹੀਂ ਵਿਚਰਦੀ। ਨੇਕੀ ਨਾਲ ਓਤ ਪੋਤ ਇਹ ਦੌਲਤ, ਪਹਿਲੇ ਦੇ ਹਿੱਸੇ ਇਕੋ ਥਾਂ ਕਿਰਸਾਨੀ ਦਾ ਕਰਤੱਵ ਨਿਭਾਅ ਕੇ ਅਤੇ ਦੂਜੇ ਦੇ ਦੇਸ਼-ਵਿਦੇਸ਼ ਵਿਕਰੀ ਕਰ ਕੇ ਆਉਂਦੀ ਹੈ। ਇਸ ਪ੍ਰਸੰਗ ਵਿਚ ਧਿਆਨ ਬੇਮਿਸਾਲ ਸਾਹਿਤ ਸਮੀਖਿਅਕ ਵਾਲਟਰ ਬੈਂਜਾਮਿਨ ਦੇ 'ਕਥਾਕਾਰ' ਨਾਮੀ ਮੁੱਲਵਾਨ ਲੇਖ ਵਲ ਮੁੜ ਜਾਂਦਾ ਹੈ। ਫਾਸ਼ੀਵਾਦ ਦੇ ਖੌਫਨਾਕ ਦੌਰ ਵਿਚ ਉਸ ਨੂੰ ਲੱਗਿਆ ਸੀ ਕਿ ਲੋਕ-ਕਥਾ ਦੇ ਦੁਵਲੇ ਸ੍ਰੋਤ ਨੂੰ ਸੁਰਜੀਤ ਕਰਨ ਨਾਲ ਭਾਵੁਕ ਤੌਰ 'ਤੇ ਲੋਕ ਸੁਖਾਲਾ ਮਹਿਸੂਸ ਕਰ ਸਕਦੇ ਸਨ। ਇਹ ਲੇਖ ਪਿਛਲੀ ਸਦੀ ਦੇ ਤੀਹਵਿਆਂ ਵਿਚ ਲਿਖਿਆ ਗਿਆ ਸੀ। ਇਸ ਤੋਂ ਚਾਰ ਸਦੀਆਂ ਤੋਂ ਵੱਧ ਸਮਾਂ ਪਹਿਲਾਂ ਰਚਿਆ ਗਿਆ ਗੁਰੂ ਨਾਨਕ ਦਾ ਉਪਰੋਕਤ ਸ਼ਬਦ ਵਧੇਰੇ ਸਾਹਸ ਦਾ ਸੰਦੇਸ਼ ਦਿੰਦਾ ਹੈ।

ਗੁਰੂ ਸਾਹਿਬ ਦੀ ਅਗੰਮੀ ਸੂਝ ਨੂੰ ਇਸ ਗੱਲ ਦਾ ਵੀ ਸਿਹਰਾ ਜਾਂਦਾ ਹੈ ਕਿ ਉਨ੍ਹਾਂ ਵਾਤਾਵਰਨ ਨੂੰ ਪਾਵਨ ਰੱਖਣ 'ਤੇ ਜ਼ੋਰ ਦਿੱਤਾ, ਉਹ ਵੀ ਐਸੀ ਸ਼ੈਲੀ ਵਿਚ ਜੋ ਇਕ ਵਾਰ ਤਾਂ ਮੰਤਰ ਮੁਗਧ ਕਰ ਦਿੰਦੀ ਹੈ। 'ਜਪੁਜੀ' ਦੇ ਅੰਤ 'ਤੇ ਇਹ ਸਲੋਕ ਹੈ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਇਆ ਖੇਲੈ ਸਗਤ ਜਗਤੁ॥

ਜਿਵੇਂ ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤ ਨੂੰ ਮਾਤਾ ਕਹਿ ਕੇ ਤਿੰਨਾਂ ਦੀ ਹੋਂਦ ਨੂੰ ਸਵੀਕਾਰਿਆ ਹੀ ਨਹੀਂ, ਪਰਿਭਾਸ਼ਤ ਕੀਤਾ, ਬਲਕਿ ਮੁਲੰਕਣ ਕੀਤਾ ਹੈ, ਸ਼ਾਇਦ ਹੀ ਕਿਸੇ ਹੋਰ ਧਰਮ ਗ੍ਰੰਥ ਵਿਚ ਸੁਲੱਭ ਹੋਵੇ। ਹਰ ਰੋਜ਼ ਸੁਬਹ ਸਵੇਰੇ 'ਜਪੁਜੀ' ਦੇ ਪਾਠ ਦੀ ਪ੍ਰਥਾ ਨੇ ਦੁਰਲੱਭ ਪ੍ਰੇਰਨਾ ਨੂੰ ਜਿੰਨਾ ਸੁਲੱਭ ਬਣਾ ਦਿੱਤਾ ਹੈ, ਓਨੇ ਹੀ ਅਸੀਂ ਇਸ ਦੇ ਮੁੱਲ-ਮੁਲੰਕਣ ਪ੍ਰਤੀ ਬੇਨਿਆਜ਼ ਹੋ ਗਏ ਜਪਦੇ ਹਾਂ। ਜਿਸ ਦਿਬ-ਦ੍ਰਿਸ਼ਟੀ ਨਾਲ ਗੁਰੂ ਸਾਹਿਬ ਨੇ ਧਰਤ ਦੇ ਮਾਂ, ਪਾਣੀ ਦੇ ਬਾਪ ਅਤੇ ਪਵਨ ਦੇ ਗੁਰੂ ਹੋਣ ਦਾ ਫੈਸਲਾ ਦਿੱਤਾ ਹੈ, ਉਹ ਦੇਸ਼ ਕਾਲ ਦੇ ਪ੍ਰਸੰਗ ਵਿਚ ਸਰਬ-ਵਿਆਪਕ ਹੈ। ਦੇਖਣ ਵਾਲੀ ਗੱਲ ਇਹ ਬਣਦੀ ਹੈ ਕਿ ਪ੍ਰਾਣੀਆਂ ਨੇ ਇਨ੍ਹਾਂ ਸਬੰਧਾਂ ਦੀ ਪ੍ਰਮਾਣਕਤਾ ਨੂੰ ਕਿਸ ਸੀਮਾ ਤੱਕ ਪਾਵਨ ਅਤੇ ਪ੍ਰਮਾਣਿਕ ਰੱਖਿਆ ਹੈ। ਸਭ ਤੋਂ ਪਹਿਲਾਂ ਭਾਂਪਣ ਵਾਲੀ ਗੱਲ ਇਹ ਜਾਣਨ ਦੀ ਹੈ ਕਿ ਪੰਜਾਬ ਦੀ ਧਰਤ ਨਾਲ ਇਸ ਦੇ ਵਸਨੀਕਾਂ ਵਿਸ਼ੇਸ਼ ਕਰ ਕੇ ਕਿਰਸਾਨੀ ਸਮੇਤ ਕਿੱਤਾਕਾਰੀ ਨੇ ਭਾਈਚਾਰਕ ਸਾਂਝ ਕਾਇਮ ਰੱਖਦਿਆਂ, ਕਿਸ ਹੱਦ ਤੱਕ ਵਫਾ ਨਿਭਾਈ ਹੈ। ਜਿਵੇਂ ਗੁਰੂ ਸਾਹਿਬ ਦੀਆਂ ਰਚਨਾਵਾਂ ਖਾਸ ਤੌਰ 'ਤੇ 'ਸਿੱਧ ਗੋਸ਼ਟਿ' ਤੋਂ ਪ੍ਰਤੱਖ ਹੋ ਜਾਂਦਾ ਹੈ, ਪੰਜਾਬ ਦੀ ਧਰਤ ਨੇ ਆਪਣਾ ਫਰਜ਼ ਨਿਭਾਉਣ ਵਿਚ ਕੋਈ ਕਸਰ ਨਹੀਂ ਛੱਡੀ। ਪੰਜਾਬ ਦੇ ਵਾਸੀ ਹੀ ਇਸ ਮਿਆਰ 'ਤੇ ਪੂਰੇ ਨਹੀਂ ਉਤਰ ਸਕੇ। ਮਜ਼ਹਬ ਦੇ ਆਤਮਿਕ ਪੱਖਾਂ ਨੂੰ ਅੱਖੋਂ-ਪਰੋਖੇ ਕਰ ਕੇ, ਇਸ ਦੇ ਤੁਅੱਸਬੀ ਅਤੇ ਕੱਟੜ ਪੱਖਾਂ ਨੂੰ ਇਸ ਹੱਦ ਤੱਕ ਉਭਾਰਿਆ ਕਿ ਅਟਕ ਤੋਂ ਜਮਨਾ ਦਰਿਆਵਾਂ ਤੱਕ ਅਤੇ ਬੀਕਾਨੇਰ ਦੇ ਮਾਰੂਥਲ ਤੋਂ ਜੰਮੂ ਦੀਆਂ ਪਹਾੜੀਆਂ ਤੱਕ ਦੀ ਧਰਤ ਨੂੰ ਪਹਿਲਾਂ ਦੋ ਭਾਗਾਂ ਵਿਚ ਵੰਡਣ ਦਾ ਹੁੰਗਾਰਾ ਭਰਿਆ ਅਤੇ ਬਾਅਦ ਵਿਚ ਵੰਡ-ਦਰ-ਵੰਡ ਦਾ ਵੀ ਵਿਰੋਧ ਨਾ ਕੀਤਾ। ਇਹ ਕਹਿਣ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਕਿਰਸਾਨੀ ਅਤੇ ਕਿੱਤਾਕਾਰੀ ਦੇ ਸਮੂਹ ਦੀ ਇਹ ਮਰਜ਼ੀ ਨਹੀਂ ਸੀ। ਆਪਣੀ ਮਰਜ਼ੀ ਨਾ ਪੁਗਾ ਸਕਣ ਦੇ ਦੋਸ਼ ਤੋਂ ਵੀ ਇਹ ਸਮੂਹ ਆਪਣੇ ਆਪ ਨੂੰ ਲਾਂਭੇ ਨਹੀਂ ਰੱਖ ਸਕਦਾ। ਪ੍ਰਤੱਖ ਹੀ ਜਿਸ ਧਰਤ ਨੇ ਜਨਮਦਾਤੀ ਹੋਣ ਦਾ ਕਰਤੱਵ ਨਿਭਾਇਆ, ਉਸ ਦੀ ਅਣਖ ਨੂੰ ਸੁਰੱਖਿਅਤ ਰੱਖਣ ਵਿਚ ਕਿਰਸਾਨੀ ਤੇ ਕਿੱਤਾਕਾਰੀ ਦਾ ਸਮੂਹ ਅਣਗਹਿਲੀ ਦਾ ਭਾਗੀ ਜ਼ਰੂਰ ਰਿਹਾ ਹੈ। ਗੁਰੂ ਨਾਨਕ ਦੀ ਪ੍ਰਤਿਭਾ ਨੇ ਜੋ ਮਾਪਦੰਡ ਨਿਰਧਾਰਤ ਕੀਤਾ, ਉਸ ਤੋਂ ਤਾਂ ਇਹੋ ਪ੍ਰਤੀਤ ਹੁੰਦਾ ਹੈ।

ਪਾਣੀ ਜਿਸ ਨੂੰ ਗੁਰੂ ਨਾਨਕ ਨੇ ਪਿਤਾ ਹੋਣ ਦਾ ਮਾਣ ਬਖਸ਼ਿਆ, ਉਸ ਨਾਲ ਵੀ ਘੱਟ ਬੁਰਾ ਨਹੀਂ ਹੋਇਆ। ਧਰਤ ਨੂੰ ਝੋਨਾ ਅਤੇ ਕਣਕ ਉਗਾਉਣ ਤੱਕ ਮਜਬੂਰ ਕਰ ਕੇ ਪਾਣੀ ਦੀ ਇਉਂ ਬੇਹਿਸਾਬ ਦੁਰਵਰਤੋਂ ਕੀਤੀ ਹੈ, ਜਿਵੇਂ ਖਾਸ ਕਰ ਕੇ ਮਿੱਥਕ ਕਥਾਵਾਂ ਵਿਚ ਪ੍ਰਚੱਲਿਤ ਪਿਤਾ ਪੁਰਖ ਤੋਂ ਪੂਰਵ ਜਨਮ ਜਨਮਾਂਤਰ ਦਾ ਬਦਲਾ ਲੈਣਾ ਹੋਵੇ। ਨਤੀਜਾ ਇਹ ਹੋਇਆ ਹੈ ਕਿ ਇਸ ਨੂੰ ਧਰਤ ਦੇ ਗਰਭ ਵਿਚ ਨੀਵੇਂ ਤੋਂ ਨੀਵੇਂ ਧਰਾਤਲ 'ਚ ਛੁਪਣਾ ਪੈ ਰਿਹਾ ਹੈ। ਇਹ ਇਉਂ ਦਾ ਵਰਤਾਰਾ ਹੈ, ਜਿਵੇਂ ਕੋਈ ਪਿਉ ਪੁੱਤਾਂ ਦੇ ਵੈਰ-ਵਿਰੋਧ ਦਾ ਮਾਰਿਆ ਆਪਣੀ ਬੀਵੀ ਨੂੰ ਮਾਂ ਜਾਣ ਉਸ ਦੀ ਸ਼ਰਨ ਭਾਲਦਾ ਹੋਵੇ। ਸਭਿਅਤਾਵਾਂ ਦੇ ਆਰੰਭ ਵਿਚ ਹੜ੍ਹਾਂ ਦੇ ਰੂਪ ਵਿਚ ਪਿਓ ਦੇ ਕ੍ਰੋਧ ਤੋਂ ਆਤੁਰ ਪੁੱਤ ਮਾਂ ਦੀ ਗੋਦ ਵਿਚ ਸ਼ਰਨ ਭਾਲਦੇ ਸਨ। ਪਾਣੀ ਨਾਲ ਜੋ ਹੁਣ ਹੋ ਰਿਹਾ, ਉਸ ਤੋਂ ਇਉਂ ਲਗਦਾ ਜਿਵੇਂ ਪੁਰਾਤਨ ਮਿੱਥ ਉਲਟਬਾਜ਼ੀ ਲਾ ਕੇ ਆਪਣੇ ਆਪ ਨੂੰ ਦੁਹਰਾ ਰਹੀ ਹੋਵੇ। ਗੁਰੂ ਨਾਨਕ ਨੇ ਜੋ ਉਸਾਰੂ ਨਾਤਾ ਜੋੜਿਆ ਸੀ ਧਰਤ ਨੂੰ ਪਾਣੀ ਦੀ ਬਦੌਲਤ ਕਿਰਸਾਨੀ ਤੇ ਕਿੱਤਕਾਰੀ ਦੀ ਖੁਸ਼ਹਾਲੀ ਖਾਤਰ, ਉਹ ਪੰਜਾਬ ਵਿਚ ਤਾਂ ਮੂਧੇ ਮੂੰਹ ਹੋ ਗਿਆ ਪ੍ਰਤੀਤ ਹੁੰਦਾ ਹੈ। ਇਸ ਨਾਲ ਪਾਣੀ ਹੀ ਨਿੱਸਲ ਨਹੀਂ ਹੋ ਰਿਹਾ, ਧਰਤ ਵੀ ਖੁਸ਼ਕ ਤੇ ਸੱਤਾਹੀਣ ਹੋ ਰਹੀ ਹੈ। ਉਹ ਵੇਈਂ ਨਦੀ ਜਿਸ ਵਿਚ ਗੁਰੂ ਨਾਨਕ ਟੁੱਬੀ ਮਾਰ ਕੇ ਕਈ ਦਿਨ ਲੋਪ ਰਹੇ ਸਨ ਅਤੇ ਫੇਰ 'ਨਾ ਹਿੰਦੂ ਨਾ ਮੁਸਲਮਾਨ' ਦਾ ਸੰਦੇਸ਼ ਦਿੰਦੇ ਪ੍ਰਗਟ ਹੋਏ ਸਨ, ਵੀ ਗੰਧਲੇਪਣ ਦੀਆਂ ਹੱਦਾਂ ਪਾਰ ਕਰ ਗਈ ਸੀ। ਉਸ ਸਮੇਂ ਲਹਿਰ ਬਹਿਰ ਹੋਣ ਦੀ ਭਾਅ ਦਿੰਦਾ ਇਹ ਵਗਦਾ ਸੀ ਅਤੇ ਗੁਰੂ ਸਾਹਿਬ ਨੂੰ ਚੁੱਭੀ ਮਾਰਨ ਲਈ ਪ੍ਰੇਰਦਾ ਸੀ, ਉਸ ਦੀ ਤਾਂ ਨਾਂ-ਮਾਤਰ ਕਨਸੋਅ ਵੀ ਨਹੀਂ ਆਉਂਦੀ।

ਪਵਨ ਨਾਲ ਵੀ ਇਹੋ ਕੁਝ ਹੋ ਰਿਹਾ ਹੈ, ਭਾਵੇਂ ਧਰਤ ਅਤੇ ਪਾਣੀ ਵਾਲੀ ਤਰਸਯੋਗ ਹਾਲਤ ਨੂੰ ਇਹ ਅਜੇ ਨਹੀਂ ਪਹੁੰਚੀ। ਕਿਰਸਾਨੀ ਲਈ ਨਵੀਨ, ਅਸਲ ਵਿਚ ਨਵੀਆਂ ਘਾਤਕ ਨੀਤੀਆਂ ਘੜਨ ਵਾਲੇ ਪਏ ਪਰਾਲੀ ਸਾੜਨ ਨੂੰ ਮੁੱਖ ਦੋਸ਼ੀ ਸਮਝਣ ਪਰ ਅਸਲ ਵਿਚ ਕਾਰਖਾਨਿਆਂ, ਆਵਾਜਾਈ ਦੇ ਸਾਧਨਾਂ ਨੇ ਤਾਜ਼ਾ ਹਵਾਵਾਂ ਨੂੰ ਭ੍ਰਿਸ਼ਟ ਕਰ ਰਹੇ ਮਾਰੂ ਹਥਿਆਰਾਂ ਆਦਿ ਦੇ ਸਿਰ ਇਸ ਦਾ ਦੋਸ਼ ਵਧੇਰੇ ਆਉਂਦਾ ਹੈ। ਥਾਪਣ ਨੂੰ ਉਥਾਪਣ ਨਾਲੋਂ ਨਿਖੇੜ ਕੇ ਦੇਖਣ ਦੀ ਜੋ ਉਪਰੋਂ ਪੰਡਤਾਊ, ਵਿਚੋਂ ਖੋਖਲੀ ਪ੍ਰਥਾ ਜੋ ਵਿਆਪਕ ਬਣ ਚੁੱਕੀ ਹੈ, ਉਹ ਇਨ੍ਹਾਂ ਪੱਖਾਂ ਨੂੰ ਨੀਝ ਹੇਠ ਲਿਆਉਣ ਦੀ ਖੇਚਲ ਨਹੀਂ ਕਰਦੀ। ਕਿੰਨਾ ਸਰਾਪਿਆ ਹੋਵੇਗਾ ਉਹ ਸਮਾਂ, ਜਦ ਧਰਤ 'ਤੇ ਹਰਿਆਵਲ ਲਈ ਨਦੀਆਂ ਨੀਰ-ਵਿਹੂੰਣੀਆਂ ਵਿਚ ਤਾਜ਼ਾ ਪਾਣੀ ਲਈ ਤਰਸਦੇ ਜੀਅ-ਜੰਤ ਤਾਜ਼ਾ ਪਵਨ ਦੇ ਵਰੋਲਿਆਂ ਦੀ ਵੀ ਨਿਸਫਲ ਉਡੀਕ ਕਰਿਆ ਕਰਨਗੇ।

ਹਾਲਾਤ ਜੋ ਬਣ ਰਹੇ ਹਨ, ਉਸ ਅਨੁਸਾਰ ਤਾਂ ਮੰਡੀ ਸਵੈ-ਚਾਲਕ ਹੋ ਨਿਬੜੇਗੀ। ਇਸ ਦੀ ਚਾਲ ਵਿਚ ਜਿਨ੍ਹਾਂ ਅਰਬਪਤੀਆਂ, ਜ਼ਖੀਰੇਦਾਰਾਂ, ਰਾਜਸੀ ਨੇਤਾਵਾਂ, ਉਨ੍ਹਾਂ ਦਾ ਲਾਹਾ ਲੈਣ ਵਾਲਿਆਂ ਆਦਿ ਦੀਆਂ ਗਿਣਤੀਆਂ ਮਿਣਤੀਆਂ ਸਵੈ-ਚਾਲਕ ਮੰਡੀ ਦੀਆਂ ਚਾਲਾਂ ਅਨੁਸਾਰ ਨਿਭਣਗੀਆਂ, ਉਨ੍ਹਾਂ ਦਾ ਜਿਉਣਾ ਹੀ ਦੁੱਭਰ ਹੋਣੋਂ ਬਚ ਸਕੇਗਾ। ਇਹ ਵੱਖਰੀ ਗੱਲ ਕਿ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ" ਵਿਚ ਨਗੀਨਿਆਂ ਵਾਂਗ ਜੜੇ ਤੇ ਫੁੱਲਾ ਵਾਂਗ ਟਹਿਕਦੇ ਮਹਿਕਦੇ, ਸੰਦੇਸ਼ ਦੀ ਕੋਈ ਸਾਰ ਨਹੀਂ ਹੋਵੇਗੀ। ਸਮੂਹ ਲੋਕਾਈ ਨੂੰ ਇਸ ਅਨੁਸਾਰ ਨਾ ਨਿਭਣ ਦਾ ਝੋਰਾ ਜ਼ਰੂਰ ਲਗਦਾ ਰਹੇਗਾ। ਇਸ ਝੋਰੇ ਦੇ ਬੋਝ ਤੋਂ ਨਿਰਮਲ ਪਰ ਨਿਰਬਲ ਕਾਮਨਾ ਪਲ ਭਰ ਲਈ ਹੀ ਨਿਜਾਤ ਦਿਵਾਉਣ ਲਈ, ਉਨ੍ਹਾਂ ਦਾ ਧਿਆਨ, ਗੁਰੂ ਨਾਨਕ ਦੀਆਂ ਹੇਠਲੀਆਂ ਸਤਰਾਂ ਵਲ ਵੀ ਦਿਵਾਉਂਦੀ ਰਹੇਗੀ:

ਨਾਨਕ ਦੁਨੀਆ ਕੈਸੀ ਹੋਈ॥
ਸਾਲਕੁ ਮਿਤੁ ਨ ਰਹਿਓ ਕੋਈ॥
ਭਾਈ ਬੰਧੀ ਹੇਤੁ ਚੁਕਾਇਆ॥
ਦੁਨੀਆ ਕਾਰਣਿ ਦੀਨੁ ਗਵਾਇਆ॥

ਗੁਰੂ ਸਮੇਤ ਬਾਬਾ ਵਲੋਂ ਮੁਖਾਤਿਬ ਹੁੰਦੇ ਨਾਨਕ ਦਾ ਉਪਰੋਕਤ ਸ਼ਬਦ ਵਿਚ ਕਲਮਬੰਦ ਫਿਕਰ 'ਦੁਖ ਦਾਰੂ ਸੁਖ ਰੋਗ ਭਇਆ' ਕਾਰਗਰ ਸਿੱਧ ਵੀ ਹੋ ਸਕਦਾ ਹੈ।

***ਹਾਲਾਤ ਜੋ ਬਣ ਰਹੇ ਹਨ, ਉਸ ਅਨੁਸਾਰ ਤਾਂ ਮੰਡੀ ਸਵੈ-ਚਾਲਕ ਹੋ ਨਿਬੜੇਗੀ। ਇਸ ਦੀ ਚਾਲ ਵਿਚ ਜਿਨ੍ਹਾਂ ਅਰਬਪਤੀਆਂ, ਜ਼ਖੀਰੇਦਾਰਾਂ, ਰਾਜਸੀ ਨੇਤਾਵਾਂ, ਉਨ੍ਹਾਂ ਦਾ ਲਾਹਾ ਲੈਣ ਵਾਲਿਆਂ ਆਦਿ ਦੀਆਂ ਗਿਣਤੀਆਂ ਮਿਣਤੀਆਂ ਸਵੈ-ਚਾਲਕ ਮੰਡੀ ਦੀਆਂ ਚਾਲਾਂ ਅਨੁਸਾਰ ਨਿਭਣਗੀਆਂ, ਉਨ੍ਹਾਂ ਦਾ ਜਿਉਣਾ ਹੀ ਦੁੱਭਰ ਹੋਣੋਂ ਬਚ ਸਕੇਗਾ।***

ਪੰਜਾਬ ਟਾਈਮਜ਼

ਸਨਿਚਰਵਾਰ, 7 ਨਵੰਬਰ 2020

# ਕਿਸਾਨ ਘੋਲ ਅਤੇ ਸਿਆਸੀ ਧਿਰਾਂ

ਪੰਜਾਬ ਦੇ ਕਿਸਾਨਾਂ ਦੀ ਅਗਵਾਈ ਹੇਠ ਲੜੇ ਜਾ ਰਹੇ ਅੰਦੋਲਨ ਬਾਰੇ ਮੋਦੀ ਸਰਕਾਰ ਦੇ ਰੁਖ ਵਿਚ ਕੋਈ ਤਬਦੀਲੀ ਨਹੀਂ ਆਈ ਹੈ। ਅਸਲ ਵਿਚ ਕੇਂਦਰ ਸਰਕਾਰ ਦਾ ਰੁਖ ਪਹਿਲੇ ਦਿਨ ਤੋਂ ਹੀ ਸਪਸ਼ਟ ਹੋ ਗਿਆ ਸੀ, ਜਦੋਂ ਇਸ ਨੇ ਕਰੋਨਾ ਲਾਕਡਾਊਨ ਦਾ ਬਹਾਨਾ ਬਣਾ ਕੇ ਤਿੰਨ ਖੇਤੀ ਆਰਡੀਨੈਂਸ ਜਾਰੀ ਕਰ ਦਿੱਤੇ ਸਨ। ਉਸ ਵਕਤ ਵੀ ਕਿਸਾਨ ਜਥੇਬੰਦੀਆਂ ਅਤੇ ਮਾਹਿਰਾਂ ਨੇ ਸਵਾਲ ਉਠਾਇਆ ਸੀ ਕਿ ਆਰਡੀਨੈਂਸ ਜਾਰੀ ਕਰ ਕੇ ਜਿਹੜੇ ਫੈਸਲੇ ਕਿਸਾਨਾਂ ਉਤੇ ਤੁਰੰਤ ਲਾਗੂ ਕਰ ਦਿੱਤੇ ਗਏ, ਉਨ੍ਹਾਂ ਬਾਰੇ ਕੋਈ ਐਮਰਜੈਂਸੀ ਨਹੀਂ ਸੀ। ਆਰਡੀਨੈਂਸ ਉਦੋਂ ਹੀ ਜਾਰੀ ਕੀਤੇ ਜਾਂਦੇ ਹਨ, ਜਦੋਂ ਸੰਸਦ ਦਾ ਸੈਸ਼ਨ ਕਿਸੇ ਕਾਰਨ ਬੁਲਾਇਆ ਨਾ ਜਾ ਸਕਦਾ ਹੋਵੇ ਅਤੇ ਕੋਈ ਮਸਲਾ ਇੰਨਾ ਜ਼ਿਆਦਾ ਜ਼ਰੂਰੀ ਹੋਵੇ ਜਿਸ ਤੋਂ ਬਗੈਰ ਸਰਦਾ ਹੀ ਨਾ ਹੋਵੇ ਪਰ ਮੋਦੀ ਸਰਕਾਰ ਨੇ ਆਰਡੀਨੈਂਸਾਂ ਰਾਹੀ ਜੋ ਪ੍ਰਬੰਧ ਕੀਤੇ, ਉਨ੍ਹਾਂ ਵਿਚ ਐਮਰਜੈਂਸੀ ਵਾਲਾ ਕੋਈ ਵੀ ਮਸਲਾ ਦਰਪੇਸ਼ ਨਹੀਂ ਸੀ। ਇਸ ਤੋਂ ਬਾਅਦ ਜਿਸ ਢੰਗ ਨਾਲ ਸੰਸਦ ਵਿਚ ਇਨ੍ਹਾਂ ਆਰਡੀਨੈਂਸਾਂ ਬਾਰੇ ਬਿੱਲ ਪਾਸ ਕਰਵਾਏ ਗਏ, ਉਸ ਤੋਂ ਇਹੀ ਸਪਸ਼ਟ ਹੋ ਰਿਹਾ ਸੀ ਕਿ ਸਰਕਾਰ ਕਿਸਾਨਾਂ ਨਾਲ ਜੁੜੇ ਇਨ੍ਹਾਂ ਮਸਲਿਆਂ ਬਾਰੇ ਕੁਝ ਵੀ ਸੁਣਨ ਨੂੰ ਤਿਆਰ ਨਹੀਂ। ਰਾਸ਼ਟਰਪਤੀ ਨੇ ਵੀ ਇਨ੍ਹਾਂ ਕਾਨੂੰਨਾਂ ਉਤੇ ਜਿੰਨੀ ਫੁਰਤੀ ਨਾਲ ਦਸਤਖਤ ਕੀਤੇ, ਉਸ ਤੋਂ ਸਾਫ ਹੋ ਗਿਆ ਕਿ ਸਰਕਾਰ ਇਸ ਮਸਲੇ ਵਿਚ ਪਿਛੇ ਮੁੜਨ ਜਾਂ ਇਨ੍ਹਾਂ ਬਾਰੇ ਮੁੜ ਵਿਚਾਰ ਕਰਨ ਦਾ ਕੋਈ ਇਰਾਦਾ ਨਹੀਂ ਰੱਖਦੀ। ਇਸ ਦੌਰਾਨ ਕਿਸਾਨ ਅੰਦੋਲਨ, ਖਾਸ ਕਰ ਕੇ ਪੰਜਾਬ ਵਿਚ, ਨਿੱਤ ਦਿਨ ਤਿੱਖਾ ਹੁੰਦਾ ਗਿਆ। ਕਿਸਾਨ ਅੰਦੋਲਨ ਕਰ ਕੇ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਪਹਿਲਾਂ ਕੇਂਦਰੀ ਵਜ਼ਾਰਤ ਅਤੇ ਫਿਰ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਦੀ ਭਾਈਵਾਲੀ ਛੱਡਣੀ ਪਈ। ਇਸੇ ਤਰ੍ਹਾਂ ਪੰਜਾਬ ਵਿਚ ਸੱਤਾਧਾਰੀ ਕਾਂਗਰਸ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਸਾਨਾਂ ਦੇ ਹੱਕ ਵਿਚ ਖਲੋਣ ਲਈ ਮਜਬੂਰ ਹੋਣਾ ਪਿਆ।

ਇਸ ਤਿੱਖੇ ਕਿਸਾਨ ਅੰਦੋਲਨ ਦਾ ਫਰਕ ਜਾਂ ਦਬਾਅ ਜੇ ਕਿਤੇ ਨਹੀਂ ਪੈ ਰਿਹਾ ਤਾਂ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀ ਭਾਰਤੀ ਜਨਤਾ ਪਾਰਟੀ ਹੈ। ਕਿਸਾਨਾਂ ਨੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਘਰੋਂ ਨਿਕਲਣਾ ਇਕ ਤਰ੍ਹਾਂ ਨਾਲ ਬੰਦ ਕੀਤਾ ਹੋਇਆ ਹੈ। ਪਾਰਟੀ ਦੇ ਸਰਕਰਦਾ ਆਗੂਆਂ ਦੇ ਘਰਾਂ ਦੇ ਬਾਹਰ ਲਗਾਤਾਰ ਧਰਨੇ ਚਲ ਰਹੇ ਹਨ। ਇਹੀ ਨਹੀਂ, ਪਾਰਟੀ ਦੇ ਕਈ ਆਗੂ, ਖਾਸ ਕਰ ਕੇ ਉਹ ਜਿਨ੍ਹਾਂ ਨੂੰ ਸਿੱਖ ਚਿਹਰੇ ਵਜੋਂ ਕਈ ਸਾਲਾਂ ਤੋਂ ਤਿਆਰ ਕੀਤਾ ਜਾ ਰਿਹਾ ਹੈ, ਅਸਤੀਫੇ ਦੇ ਰਹੇ ਹਨ। ਇਸ ਦੇ ਬਾਵਜੂਦ ਕੇਂਦਰ ਸਰਕਾਰ ਦਾ ਰਵੱਈਆ ਇਸ ਸੰਘਰਸ਼ ਨੂੰ ਕਿਸੇ ਨਾ ਕਿਸੇ ਤਰ੍ਹਾਂ ਤਾਰਪੀਡੋ ਕਰਨ ਦਾ ਹੀ ਜਾਪਦਾ ਹੈ। ਨਾਲ ਦੀ ਨਾਲ ਟਕਰਾਓ ਵਾਲੀ ਨੀਤੀ ਵੀ ਅਖਤਿਆਰ ਕੀਤੀ ਜਾ ਰਹੀ ਹੈ। ਪਹਿਲਾਂ ਪੰਜਾਬ ਨੂੰ ਜਾ ਰਹੀਆਂ ਸਾਰੀਆਂ ਮਾਲ ਗੱਡੀਆਂ ਰੋਕ ਲਈਆਂ ਗਈਆਂ, ਹੁਣ ਰਾਸ਼ਟਰਪਤੀ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣ ਤੋਂ ਹੀ ਇਨਕਾਰ ਕਰ ਦਿਤਾ ਹੈ। ਯਾਦ ਰਹੇ ਕਿ ਮੁੱਖ ਮੰਤਰੀ ਨੇ ਪੰਜਾਬ ਵਿਧਾਨ ਸਭਾ ਵਲੋਂ ਪਾਸ ਆਪਣੇ ਖੇਤੀ ਕਾਨੂੰਨਾਂ ਬਾਰੇ ਵਿਚਾਰ ਹਿਤ ਰਾਸ਼ਟਰਪਤੀ ਤੋਂ ਸਮਾਂ ਮੰਗਿਆ ਸੀ ਅਤੇ ਰਾਸ਼ਟਰਪਤੀ ਨੇ ਇਹ ਕਹਿ ਕੇ ਮਿਲਣ ਤੋਂ ਨਾਂਹ ਕਰ ਦਿੱਤੀ ਕਿ ਉਨ੍ਹਾਂ ਕੋਲ ਸੂਬਾਈ ਖੇਤੀ ਕਾਨੂੰਨ ਪੰਜਾਬ ਦੇ ਰਾਜਪਾਲ ਨੇ ਅਜੇ ਭੇਜੇ ਹੀ ਨਹੀਂ ਹਨ। ਅਸਲ ਵਿਚ, ਇਹ ਸਾਰਾ ਕੁਝ ਇਕ ਖਾਸ ਸੋਚ-ਵਿਚਾਰ ਤਹਿਤ ਕੀਤਾ ਜਾ ਰਿਹਾ ਹੈ ਤਾਂ ਕਿ ਪੰਜਾਬ ਨੂੰ ਕਿਸੇ ਨਾ ਕਿਸੇ ਢੰਗ-ਤਰੀਕੇ ਨਾਲ ਝੁਕਾਇਆ ਜਾ ਸਕੇ। ਪਹਿਲਾਂ ਵੀ ਸਰਕਾਰ ਦਾ ਇਹੀ ਰਵੱਈਆ ਸੀ ਅਤੇ ਹੁਣ ਇਸ ਵਿਚ ਤਲਖੀ ਦੇ ਅੰਸ਼ ਨਿੱਤ ਦਿਨ ਭਾਰੂ ਹੋ ਰਹੇ ਹਨ। ਪ੍ਰਧਾਨ ਮੰਤਰੀ ਅਤੇ ਉਸ ਦੇ ਹੋਰ ਮੰਤਰੀ ਵਾਰ-ਵਾਰ ਇਹੀ ਬਿਆਨ ਦਾਗ ਰਹੇ ਕਿ ਖੇਤੀ ਕਾਨੂੰਨ ਕਿਸਾਨਾਂ ਦੇ ਫਾਇਦੇ ਲਈ ਹਨ ਅਤੇ ਵਾਪਸ ਲੈਣ ਦਾ ਸਵਾਲ ਹੀ ਨਹੀਂ ਹੈ। ਸਰਕਾਰ ਦੇ ਇਸ ਰਵੱਈਏ ਖਿਲਾਫ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਦਿੱਲੀ ਵਿਚ ਧਰਨਾ ਵੀ ਲਾਇਆ ਗਿਆ।

ਇਸੇ ਦੌਰਾਨ ਕਿਸਾਨ ਸੰਘਰਸ਼ ਕਾਮਯਾਬੀ ਨਾਲ ਚਲ ਰਿਹਾ ਹੈ। ਇਸ ਮਸਲੇ 'ਤੇ ਤਕਰੀਬਨ ਸਾਰੀਆਂ ਕਿਸਾਨ ਇਕਜੁੱਟ ਹਨ। ਸਭ ਤੋਂ ਵੱਡੀ, ਕਿਸਾਨਾਂ ਦੇ ਇਸ ਸੰਘਰਸ਼ ਵਿਚ ਤਕਰੀਬਨ ਹਰ ਤਬਕੇ ਦੇ ਲੋਕ ਹਿੱਸਾ ਲੈ ਰਹੇ ਹਨ। ਉਂਜ ਵੀ, ਖੇਤੀ ਕਾਨੂੰਨਾਂ ਦੇ ਮੱਦੇਨਜ਼ਰ ਜਿਹੜੇ ਮਸਲੇ ਹੁਣ ਉਭਰ ਕੇ ਸਾਹਮਣੇ ਆਏ ਹਨ, ਉਨ੍ਹਾਂ ਤੋਂ ਇਹੀ ਸਪਸ਼ਟ ਹੋ ਰਿਹਾ ਹੈ ਕਿ ਇਹ ਇਕੱਲਾ ਕਿਸਾਨਾਂ ਦਾ ਮਸਲਾ ਨਹੀਂ, ਇਸ ਦਾ ਅਸਰ ਸਮੁੱਚੇ ਸਮਾਜ ਉਤੇ ਪੈਣਾ ਹੈ। ਵੈਸੇ ਇਸ ਮੋੜ 'ਤੇ ਪੁੱਜ ਕੇ ਵਿਚਾਰਨ ਵਾਲਾ ਅਹਿਮ ਮਸਲਾ ਇਹ ਹੈ ਕਿ ਕਿਸਾਨਾਂ ਦੇ ਇਸ ਸੰਘਰਸ਼ ਨੂੰ ਸਿਆਸੀ ਫਰੰਟ ਵਲੋਂ ਵੀ ਤਕੜਾ ਹੁੰਗਾਰਾ ਮਿਲਣਾ ਚਾਹੀਦਾ ਹੈ। ਹੁਣ ਤਕ ਪੰਜਾਬ ਦੀਆਂ ਤਿੰਨੇ ਮੁੱਖ ਸਿਆਸੀ ਧਿਰਾਂ- ਸੱਤਾਧਾਰੀ ਕਾਂਗਰਸ ਅਤੇ ਵਿਰੋਧੀ ਧਿਰ ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ, ਇਸ ਸਮੁੱਚੇ ਸੰਘਰਸ਼ ਬਾਰੇ ਮੁਕੰਮਲ ਕਾਰਵਾਈ 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਨੂੰ ਮੁੱਖ ਰੱਖ ਕੇ ਕਰ ਰਹੀਆਂ ਹਨ। ਇਹੀ ਨਹੀਂ, ਪੰਜਾਬ ਦੀਆਂ ਕੁਝ ਹੋਰ ਧਿਰਾਂ ਵੀ ਇਸ ਕਿਸਾਨ ਸੰਘਰਸ਼ ਵਿਚੋਂ ਆਪੋ-ਆਪਣਾ ਲਾਹਾ ਦੇਖ ਰਹੀਆਂ ਹਨ। ਜਿਸ ਤਰ੍ਹਾਂ ਦਾ ਰੁਖ ਹੁਣ ਕੇਂਦਰ ਸਰਕਾਰ ਵਲੋਂ ਅਪਣਾਇਆ ਜਾ ਰਿਹਾ ਹੈ, ਉਸ ਦੇ ਮੱਦੇਨਜ਼ਰ ਚਾਹੀਦਾ ਹੈ ਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਇਕਜੁਟ ਹੋ ਕੇ ਪੰਜਾਬ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ। ਪੰਜਾਬ ਵਿਚ ਸੱਤਾਧਾਰੀ ਕਾਂਗਰਸ ਨੇ ਇਸ ਮਾਮਲੇ 'ਤੇ ਦਿੱਲੀ ਵਿਚ ਧਰਨਾ ਮਾਰ ਕੇ ਪਹਿਲਕਦਮੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਕਾਲੀ ਦਲ ਜਿਸ ਨੇ ਹਾਲ ਹੀ ਵਿਚ ਫੈਡਰਲਿਜ਼ਮ 'ਤੇ ਡਟ ਕੇ ਪਹਿਰਾ ਦੇਣ ਦਾ ਐਲਾਨ ਕੀਤਾ ਸੀ, ਫਿਲਹਾਲ ਕੋਈ ਪਹਿਲਕਦਮੀ ਕਰਨ ਤੋਂ ਨਾਕਾਮ ਰਿਹਾ ਹੈ ਅਤੇ ਆਮ ਆਦਮੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵੀ ਪੰਜਾਬ ਪੱਖੀ ਕੋਈ ਮੁਹਿੰਮ ਚਲਾਉਣ ਵਿਚ ਪਿਛੇ ਰਹਿ ਗਈ ਜਾਪਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸੰਘਰਸ਼ ਦੇ ਰੋੜੇ

ਖੇਡਣ ਦੇਣ ਨਾ ਖੁੱਤੀਆਂ ਪੂਰ ਦਿੰਦੇ, ਹੁੰਦਾ ਕੰਮ ਇਹ ਖਸਲਤਾਂ ਮਾੜੀਆਂ ਦਾ।
ਛੱਡ ਸ਼ੁਰ੍ਹਲੀਆਂ ਕਾਜ ਵਿਗਾੜ ਦੇਣਾ, ਕਿਹਾ ਮੰਨ ਕੇ 'ਉਪਰਲੇ' ਆੜੀਆਂ ਦਾ।
'ਕੱਠ ਦੇਖ ਕੇ ਹੋਰਾਂ ਦਾ ਸੜਨ ਲਗਦੇ, ਰੂਪ ਚਾਹੁੰਦੇ ਨੇ ਦੇ ਦੇਣਾ ਫਾੜੀਆਂ ਦਾ।
ਖੜ੍ਹੇ ਕਰ ਕਰ ਅੜਿੱਕੇ ਨੇ ਮਾਣ ਕਰਦੇ, ਗੱਲੀਂ ਕੰਧਾਂ 'ਤੇ ਕੁੱਤੀਆਂ ਚਾੜ੍ਹੀਆਂ ਦਾ।
ਜੇਬ੍ਹਾਂ ਰੱਖਦੇ 'ਲੇਬਲਾਂ' ਨਾਲ ਭਰ ਕੇ, ਬਿਨ ਸੋਚਿਆਂ ਪਿੱਠਾਂ 'ਤੇ ਠੋਕ ਦਿੰਦੇ।
ਅਖੇ 'ਵਿਕ ਗਿਆ' ਬੰਦਾ ਏਜੰਸੀਆਂ ਦਾ, ਫਤਹਿ ਛੂੰਹਦੇ ਸੰਘਰਸ਼ ਨੂੰ ਰੋਕ ਦਿੰਦੇ!

# ਭਾਰਤੀ ਵਿਚ ਤਾਨਾਸ਼ਾਹੀ ਵਲ ਵਧਦੇ ਕਦਮ

*ਜਦੋਂ ਤੋਂ ਭਾਰਤ ਵਿਚ ਮੋਦੀ ਸਰਕਾਰ ਹੋਂਦ ਵਿਚ ਆਈ ਹੈ, ਤਾਨਾਸ਼ਾਹੀ ਅਤੇ ਫਾਸ਼ੀਵਾਦ ਬਾਰੇ ਗੱਲਾਂ ਅਕਸਰ ਹੁੰਦੀਆਂ ਰਹੀਆਂ ਹਨ ਪਰ ਇਸ ਸਾਲ ਮਾਰਚ ਦੇ ਅਖੀਰ ਵਿਚ ਕਰੋਨਾ ਵਾਇਰਸ ਕਾਰਨ ਲਾਏ ਲਾਕਡਾਊਨ ਤੋਂ ਮਗਰੋਂ ਮੋਦੀ ਸਰਕਾਰ ਦਾ ਜਿਹੜਾ ਵਿਹਾਰ ਸਾਹਮਣੇ ਆਇਆ ਹੈ, ਉਸ ਨੇ ਤਾਨਾਸ਼ਾਹੀ ਅਤੇ ਫਾਸ਼ੀਵਾਦ ਬਾਰੇ ਪ੍ਰਗਟ ਕੀਤੇ ਜਾ ਰਹੇ ਖਦਸ਼ਿਆਂ ਨੂੰ ਸੱਚ ਕਰ ਦਿੱਤਾ ਹੈ। ਸਰਕਾਰ ਦਾ ਹਰ ਫੈਸਲਾ ਫੈਡਰਲਿਜ਼ਮ ਉਤੇ ਸੱਟ ਮਾਰਨ ਵਾਲਾ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਹਮੀਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਹਮੀਰ ਸਿੰਘ

ਕੇਂਦਰ ਸਰਕਾਰ ਦੇ ਹਾਲ ਵਿਚ ਕੀਤੇ ਤਕਰੀਬਨ ਸਾਰੇ ਫੈਸਲੇ ਤਾਕਤਾਂ ਦੇ ਕੇਂਦਰੀਕਰਨ ਦੇ ਰੁਝਾਨ ਨੂੰ ਵਧਾਉਣ ਵਾਲੇ ਹਨ। ਸ਼ੁਰੂ ਤੋਂ ਹੀ ਭਾਰਤੀ ਸੰਵਿਧਾਨ ਵਿਚ ਸ਼ਕਤੀਆਂ ਦਾ ਝੁਕਾਅ ਕੇਂਦਰੀਕਰਨ ਵਲ ਸੀ ਪਰ ਹੁਣ ਤਾਂ ਰਹੀ ਸਹੀ ਕਸਰ ਵੀ ਪੂਰੀ ਕੀਤੀ ਜਾ ਰਹੀ ਹੈ। ਦਿੱਲੀ ਅਤੇ ਰਾਸ਼ਟਰੀ ਰਾਜਧਾਨੀ ਖੇਤਰ (ਐਨ.ਸੀ.ਆਰ.) ਉਤੇ ਪ੍ਰਦੂਸ਼ਣ ਦੇ ਪ੍ਰਭਾਵ ਨੂੰ ਰੋਕਣ ਲਈ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਸਾਹਮਣੇ ਪੇਸ਼ ਕੀਤੇ ਆਰਡੀਨੈਂਸ ਤਹਿਤ ਵਾਤਾਵਰਨ ਪ੍ਰਦੂਸ਼ਣ (ਰੋਕ ਤੇ ਕੰਟਰੋਲ) ਅਥਾਰਟੀ ਨੂੰ ਭੰਗ ਕਰ ਕੇ ਵੀਹ ਮੈਂਬਰੀ ਕਮਿਸ਼ਨ ਬਣਾਉਣ ਉਤੇ ਮੋਹਰ ਲਗਾਈ ਹੈ। ਇਸ ਰਾਹੀਂ ਪਰਾਲੀ ਜਲਾਉਣ ਸਮੇਤ ਹੋਰ ਪ੍ਰਦੂਸ਼ਣ ਫੈਲਾਉਣ ਵਾਲਿਆਂ ਉਤੇ ਇਕ ਕਰੋੜ ਰੁਪਏ ਤੱਕ ਜੁਰਮਾਨਾ ਅਤੇ ਪੰਜ ਸਾਲ ਤੱਕ ਸਜ਼ਾ, ਜਾਂ ਦੋਵੇਂ ਹੋ ਸਕਦੇ ਹਨ। ਆਰਡੀਨੈਂਸ ਲਿਆਉਣ ਤੋਂ ਪਹਿਲਾਂ ਕਿਸਾਨਾਂ, ਸਬੰਧਿਤ ਰਾਜ ਸਰਕਾਰਾਂ ਜਾਂ ਹੋਰ ਲੋਕਾਂ ਨਾਲ ਕੋਈ ਸਲਾਹ ਮਸ਼ਵਰਾ ਕਰਨ ਦੀ ਲੋੜ ਨਹੀਂ ਸਮਝੀ ਗਈ। ਪੰਜਾਬ ਸਮੇਤ ਹੋਰ ਰਾਜਾਂ ਦੇ 80 ਫੀਸਦੀ ਤੋਂ ਵੱਧ ਕਿਸਾਨਾਂ ਕੋਲ ਤਾਂ ਇਕ ਕਰੋੜ ਰੁਪਏ ਦੀ ਕੁਲ ਜ਼ਮੀਨ ਵੀ ਨਹੀਂ ਹੈ। ਜੁਰਮਾਨਾ ਕਿਸ ਦਲੀਲ ਅਤੇ ਤੱਥਾਂ ਦੇ ਆਧਾਰ ਉਤੇ ਲਗਾਇਆ ਗਿਆ ਹੈ, ਇਹ ਸਮਝੋਂ ਬਾਹਰ ਹੈ। ਇਸ ਦੇ ਨਾਲ ਹੀ ਰਾਜਾਂ ਦੇ ਪ੍ਰਦੂਸ਼ਣ ਰੋਕਥਾਮ ਬੋਰਡ ਇਕ ਤਰ੍ਹਾਂ ਨਾਲ ਬੇਕਾਰ ਹੋ ਜਾਣਗੇ ਅਤੇ ਹਰ ਮਾਮਲੇ ਵਿਚ ਕੇਂਦਰੀ ਕਮਿਸ਼ਨ ਦੇ ਫੈਸਲੇ ਲਾਗੂ ਹੋਣਗੇ।

ਇਸ ਤੋਂ ਪਹਿਲਾਂ ਸੰਵਿਧਾਨਕ ਤੌਰ ਉਤੇ ਧਾਰਾ 370 ਦੇ ਤਹਿਤ ਜੰਮੂ ਕਸ਼ਮੀਰ ਨੂੰ ਮਿਲੇ ਵਿਸ਼ੇਸ਼ ਅਧਿਕਾਰ ਦੇ ਰੁਤਬੇ ਖਤਮ ਕਰਦਿਆਂ 5 ਅਗਸਤ 2019 ਨੂੰ ਜੰਮੂ ਕਸ਼ਮੀਰ ਨੂੰ ਤੋੜ ਕੇ ਦੋ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ। ਇਸ ਨਾਲ ਸਮੁੱਚੀ ਸਿਆਸੀ ਧਿਰ ਅਤੇ ਰਿਆਸਤ ਦੇ ਲੋਕ ਬੇਇਜ਼ਤ ਮਹਿਸੂਸ ਕਰ ਰਹੇ ਹਨ। ਕਸ਼ਮੀਰ ਵਾਦੀ ਦੀਆਂ ਮੁੱਖ ਛੇ ਸਿਆਸੀ ਪਾਰਟੀਆਂ ਨੇ ਮਿਲ ਕੇ ਗੁਪਕਾਰ ਐਲਾਨਨਾਮੇ ਨੂੰ ਲਾਗੂ ਕਰਨ ਲਈ ਗੱਠਜੋੜ ਬਣਾਇਆ ਹੈ। ਇਸ ਮੁਤਾਬਿਕ ਧਾਰਾ 370 ਦੀ ਬਹਾਲੀ ਅਤੇ ਜੰਮੂ ਕਸ਼ਮੀਰ ਮਸਲੇ ਦਾ ਹੱਲ ਕਰਨ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ ਗਿਆ ਹੈ।

ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਕਾਨੂੰਨ ਵਿਚ 2019 ਵਿਚ ਕੀਤੀ ਸੋਧ ਨੇ ਸਾਈਬਰ ਅਪਰਾਧ ਇਸ ਏਜੰਸੀ ਹਵਾਲੇ ਕਰ ਦਿੱਤੇ ਹਨ। ਜ਼ਿਆਦਾਤਰ ਜੁਰਮਾਂ ਦਾ ਸਬੰਧ ਅੱਜਕੱਲ੍ਹ ਇੰਟਰਨੈੱਟ, ਮੋਬਾਇਲ ਫੋਨਾਂ ਆਦਿ ਰਾਹੀਂ ਸਾਈਬਰ ਦੇ ਦਾਇਰੇ ਵਿਚ ਆ ਜਾਂਦਾ ਹੈ। ਕਾਨੂੰਨ ਵਿਵਸਥਾ ਰਾਜਾਂ ਦਾ ਵਿਸ਼ਾ ਹੈ ਪਰ ਹੁਣ ਬਹੁਤੇ ਮਾਮਲਿਆਂ ਵਿਚ ਐਨ.ਆਈ.ਏ. ਦਾ ਦਖਲ ਹੋ ਗਿਆ ਹੈ। ਕਈ ਰਾਜਾਂ ਵਿਚ ਐਨ.ਆਈ.ਏ. ਅਤੇ ਰਾਜ ਸਰਕਾਰਾਂ ਦਰਮਿਆਨ ਟਕਰਾਅ ਪੈਦਾ ਹੋਣੇ ਸ਼ੁਰੂ ਹੋ ਗਏ ਹਨ। ਕੌਮੀ ਜਾਂਚ ਏਜੰਸੀ ਅੱਜਕੱਲ੍ਹ ਜੰਮੂ ਕਸ਼ਮੀਰ, ਛੱਤੀਸਗੜ੍ਹ, ਪੰਜਾਬ ਸਮੇਤ ਕਈ ਥਾਵਾਂ ਉਤੇ ਪੈਸਾ ਟਰਾਂਸਫਰ ਹੋਣ ਦੇ ਨਾਮ ਉਤੇ ਛਾਪੇ ਮਾਰ ਰਹੀ ਹੈ। ਘੱਟਗਿਣਤੀਆਂ, ਵੱਖਰੇ ਵਿਚਾਰਾਂ ਵਾਲੇ, ਦਲਿਤ ਅਤੇ ਕਬਾਇਲੀ ਨੌਜਵਾਨਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਤਹਿਤ ਫੜ ਕੇ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ। ਬਹੁਤੇ ਮਾਮਲਿਆਂ ਨੂੰ ਦੇਸ਼ਧ੍ਰੋਹ ਨਾਲ ਜੋੜ ਕੇ ਜ਼ਮਾਨਤ ਵੀ ਨਹੀਂ ਦਿੱਤੀ ਜਾ ਰਹੀ।

ਨਾਗਰਿਕ ਸੋਧ ਬਿੱਲ, ਕੌਮੀ ਨਾਗਰਿਕ ਰਜਿਸਟਰ, ਕੌਮੀ ਨਾਗਰਿਕ ਰਜਿਸਟ੍ਰੇਸ਼ਨ ਆਦਿ ਕਾਨੂੰਨਾਂ ਨੂੰ ਘੱਟ ਗਿਣਤੀ ਖਾਸ ਤੌਰ ਉਤੇ ਮੁਸਲਿਮ ਭਾਈਚਾਰੇ ਦੇ ਖਿਲਾਫ ਕਰਾਰ ਦਿੰਦਿਆਂ ਲੰਮੇ ਸਮੇਂ ਤੱਕ ਸ਼ਾਹੀਨ ਬਾਗ ਦੀਆਂ ਬੀਬੀਆਂ ਦੀ ਅਗਵਾਈ ਵਿਚ ਚੱਲੇ ਅੰਦੋਲਨ ਨੇ ਵਿਲੱਖਣ ਸ਼ੁਰੂਆਤ ਕੀਤੀ ਸੀ ਪਰ ਕੋਵਿਡ-19 ਦੇ ਨਾਮ ਉਤੇ ਆਖਰਕਾਰ ਉਸ ਧਰਨੇ ਨੂੰ ਖਤਮ ਕਰਵਾ ਦਿੱਤਾ ਗਿਆ। ਇਸ ਪਿੱਛੋਂ ਦਿੱਲੀ ਵਿਚ ਹੋਏ ਦੰਗਿਆਂ ਦੌਰਾਨ ਪੀੜਤ ਧਿਰ ਨੂੰ ਸਾਜ਼ਿਸ਼ੀ ਬਣਾ ਕੇ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ। ਨਾਗਰਿਕ ਸੋਧ ਬਿਲ ਅਤੇ ਦੂਸਰੇ ਦੋਵਾਂ ਕਾਨੂੰਨਾਂ ਦੇ ਖਿਲਾਫ 12 ਰਾਜਾਂ ਦੇ ਮੁੱਖ ਮੰਤਰੀਆਂ ਨੇ ਲਾਗੂ ਨਾ ਕਰਨ ਬਾਰੇ ਲਿਖ ਕੇ ਦਿੱਤਾ, ਫਿਰ ਵੀ ਕੇਂਦਰ ਸਰਕਾਰ ਨੇ ਇਸ ਨੂੰ ਲਾਗੂ ਕਰਨ ਦੀ ਜ਼ਿਦ ਬਰਕਰਾਰ ਰੱਖੀ ਹੋਈ ਹੈ।

ਕੋਵਿਡ-19 ਦੌਰਾਨ ਡਰ ਅਤੇ ਸਹਿਮ ਦੇ ਮਾਹੌਲ ਵਿਚ ਰਹਿ ਰਹੇ ਲੋਕਾਂ ਨੂੰ ਉਸ ਵਕਤ ਕਰੋਨਾ ਤੋਂ ਵੀ ਵੱਡਾ ਝਟਕਾ ਲੱਗਾ ਜਦੋਂ ਕੇਂਦਰ ਸਰਕਾਰ ਨੇ ਖੇਤੀ ਮੰਡੀ, ਕੰਟਰੈਕਟ ਫਾਰਮਿੰਗ ਅਤੇ ਜ਼ਰੂਰੀ ਵਸਤਾਂ ਸਬੰਧੀ ਸੋਧ ਬਾਰੇ ਆਰਡੀਨੈਂਸ ਜਾਰੀ ਕਰ ਦਿੱਤੇ। ਇਨ੍ਹਾਂ ਦੀ ਤੁਰੰਤ ਜ਼ਰੂਰਤ ਬਾਰੇ ਕੁਝ ਵੀ ਦੱਸਣ ਦੀ ਅੱਜ ਤੱਕ ਜ਼ਰੂਰਤ ਨਹੀਂ ਸਮਝੀ ਗਈ। ਬਿਜਲੀ ਸੋਧ ਬਿੱਲ-2020 ਉਤੇ ਰਾਇ ਮੰਗ ਲਈ ਗਈ। ਇਨ੍ਹਾਂ ਖਿਲਾਫ ਦੇਸ਼ ਭਰ ਵਿਚ ਅਤੇ ਖਾਸ ਤੌਰ ਉਤੇ ਪੰਜਾਬ ਵਿਚ ਪੈਦਾ ਹੋਏ ਕਿਸਾਨ ਅੰਦੋਲਨ ਨੂੰ ਜਿਸ ਤਰ੍ਹਾਂ ਲੋਕਾਂ ਦਾ ਹੁੰਗਾਰਾ ਮਿਲਿਆ ਹੈ, ਇਸ ਤੋਂ ਸਪਸ਼ਟ ਹੈ ਕਿ ਲੋਕਾਂ ਨੂੰ ਇਹ ਸਮਝ ਹੈ ਕਿ ਤਾਕਤਾਂ ਦੇ ਕੇਂਦਰੀਕਰਨ ਵਾਲੇ ਅਤੇ ਕਾਰਪੋਰੇਟ ਘਰਾਣਿਆਂ ਦੇ ਪੱਖੀ ਆਰਡੀਨੈਂਸਾਂ ਨੇ ਉਨ੍ਹਾਂ ਦੀ ਹੋਂਦ ਲਈ ਖਤਰਾ ਖੜ੍ਹਾ ਕਰ ਦਿੱਤਾ ਹੈ। ਲੋਕ ਰੋਹ ਨੂੰ ਟਿੱਚ ਜਾਣਦਿਆਂ ਕੇਂਦਰ ਨੇ ਇਨ੍ਹਾਂ ਬਿੱਲਾਂ ਨੂੰ ਰਾਜ ਸਭਾ ਵਿਚ ਪ੍ਰਕਿਰਿਆ ਦਾ ਉਲੰਘਣ ਕਰ ਕੇ ਪਾਸ ਕਰਵਾ ਲਿਆ। ਜਦੋਂ ਸੰਸਦ ਮੈਂਬਰ ਵੋਟਿੰਗ ਕਰਵਾਉਣ ਦੀ ਮੰਗ ਕਰ ਰਹੇ ਸਨ ਤਾਂ ਮੰਗ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਟੈਲੀਵਿਜ਼ਨ ਚੈਨਲ ਬੰਦ ਕਰ ਦਿੱਤੇ ਗਏ।

ਰਾਜ ਸਰਕਾਰਾਂ ਜੀ.ਐਸ.ਟੀ. ਦਾ ਪੰਜ ਸਾਲ ਤੱਕ ਰਾਜਾਂ ਨੂੰ 14 ਫੀਸਦੀ ਵਾਧੂ ਮਾਲੀਏ ਦਾ ਰੱਖਿਆ ਟੀਚਾ ਪੂਰਾ ਨਾ ਹੋਣ ਬਦਲੇ ਕੇਂਦਰ ਵਲੋਂ ਦਿੱਤੇ ਜਾਣ ਵਾਲੇ ਫੰਡ ਜਾਰੀ ਕਰਨ ਦੀ ਮੰਗ ਕਰ ਰਹੀਆਂ ਹਨ ਪਰ ਕੇਂਦਰ ਨੇ ਹੱਥ ਖੜ੍ਹੇ ਕਰ ਦਿੱਤੇ। ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ 2022 ਵਿਚ ਹੋਣੀਆਂ ਹਨ। ਜੇਕਰ ਪੰਜਾਬ ਦਾ 2022 ਤੋਂ ਪਿੱਛੋਂ ਦਾ ਹਾਲ ਚਿਤਵਿਆ ਜਾਵੇ ਤਾਂ ਰਾਜ ਸਰਕਾਰ ਦੀ ਹਾਲਤ ਕੀ ਹੋ ਜਾਵੇਗੀ? ਪੰਜਾਬ ਸਰਕਾਰ ਨੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦੀ ਗੱਲ ਕੀਤੀ ਸੀ ਪਰ ਮੁਸ਼ਕਿਲ ਨਾਲ 4700 ਕਰੋੜ ਰੁਪਿਆ ਹੀ ਮੁਆਫ ਕੀਤਾ ਗਿਆ ਜਦਕਿ ਕੇਵਲ ਸੰਸਥਾਈ ਕਰਜ਼ਾ ਹੀ 31 ਮਾਰਚ 2017 ਨੂੰ 73 ਹਜ਼ਾਰ ਕਰੋੜ ਰੁਪਏ ਤੋਂ ਵੱਧ ਸੀ। ਘਰ-ਘਰ ਨੌਕਰੀ ਦਾ ਮੁੱਦਾ ਠੰਢੇ ਬਸਤੇ ਵਿਚ ਹੈ। ਕਰੋਨਾ ਦੌਰਾਨ ਬੇਰੁਜ਼ਗਾਰੀ ਹੋਰ ਵਧ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਹਿ ਚੁੱਕੇ ਹਨ ਕਿ ਸੂਬੇ ਨੂੰ 25 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਕੇਂਦਰ ਨੇ ਅਜੇ ਵੀ 9 ਹਜ਼ਾਰ ਕਰੋੜ ਰੁਪਏ ਦਾ ਬਕਾਇਆ ਨਹੀਂ ਦਿੱਤਾ। 2022 ਤੋਂ ਪਿੱਛੋਂ ਤਾਂ ਇਹ ਪੈਸਾ ਮਿਲਣਾ ਵੈਸੈ ਹੀ ਬੰਦ ਹੋ ਜਾਣਾ ਹੈ। ਕੇਂਦਰ ਨੇ ਹੁਣ ਦਿਹਾਤੀ ਵਿਕਾਸ ਫੰਡ ਦਾ ਹਿਸਾਬ ਕਿਤਾਬ ਮੰਗ ਕੇ ਸਾਲ ਦਾ ਤਕਰੀਬਨ 1800 ਕਰੋੜ ਰੁਪਏ ਰੋਕ ਦਿੱਤਾ ਹੈ। ਖੇਤੀ ਕਾਨੂੰਨਾਂ ਵਿਚ ਇਕ ਮੱਦ ਇਹ ਵੀ ਹੈ ਕਿ ਖਰੀਦਦਾਰ ਉਤੇ ਕੋਈ ਟੈਕਸ ਨਹੀਂ ਲੱਗ ਸਕੇਗਾ। ਖੇਤੀ ਉਪਜ ਮੰਡੀ ਕਮੇਟੀ ਕਾਨੂੰਨ ਤਹਿਤ ਸੂਬਾ ਸਰਕਾਰ ਨੂੰ ਫਸਲਾਂ ਦੀ ਵਿਕਰੀ ਉਤੇ ਟੈਕਸ ਲਗਾਉਣ ਦਾ ਹੱਕ ਹੈ ਪਰ ਹੁਣ ਕੇਂਦਰ ਨੇ ਇਸ ਹੱਕ ਉਤੇ ਵੀ ਛਾਪਾ ਮਾਰਨਾ ਸ਼ੁਰੂ ਕਰ ਦਿੱਤਾ ਹੈ।

ਸਿੱਖਿਆ ਨੀਤੀ, ਕਿਰਤ ਕਾਨੂੰਨਾਂ ਵਿਚ ਅਖੌਤੀ ਸੁਧਾਰ ਅਤੇ ਹਰ ਕਾਨੂੰਨ ਅਜਿਹਾ ਹੈ ਜਿਸ ਨਾਲ ਰਾਜਾਂ ਅਤੇ ਲੋਕਾਂ ਦੇ ਅਧਿਕਾਰਾਂ ਉਤੇ ਦਿਨ ਦਿਹਾੜੇ ਡਾਕਾ ਮਾਰਿਆ ਜਾ ਰਿਹਾ ਹੈ। ਇਸ ਦੇ ਬਾਵਜੂਦ ਕੇਂਦਰ ਸਰਕਾਰ ਪਿੱਛੇ ਹਟਣ ਲਈ ਤਿਆਰ ਨਹੀਂ ਹੈ ਬਲਕਿ ਵਿਰੋਧ ਕਰਨ ਵਾਲਿਆਂ ਨੂੰ ਸਬਕ ਸਿਖਾਉਣ ਦੀ ਨੀਤੀ ਉਤੇ ਚੱਲਿਆ ਜਾ ਰਿਹਾ ਹੈ। ਇਹ ਇਕ ਤਰ੍ਹਾਂ ਨਾਲ ਤਾਨਾਸ਼ਾਹ ਵਤੀਰਾ ਅਤੇ ਅਣਐਲਾਨੀ ਐਮਰਜੈਂਸੀ ਹੈ।

ਕੇਂਦਰ ਦੇ ਇਸ ਅੜੀਅਲ ਰੁਖ ਦਾ ਜਵਾਬ ਇਕਜੁੱਟ ਤਾਕਤ ਨਾਲ ਹੀ ਸੰਭਵ ਹੈ। ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਵਿਚੋਂ 29 ਇਕੱਠੀਆਂ ਹੋਈਆਂ ਹਨ ਅਤੇ ਦੋ ਤਾਲਮੇਲ ਵਾਲੇ ਐਕਸ਼ਨ ਵਿਚ ਹਨ। ਖੁਦ ਨੂੰ ਵੱਡਾ, ਜ਼ਿਆਦਾ ਬਹਾਦਰ ਅਤੇ ਸਿਆਣਾ ਸਮਝਣ ਨੂੰ ਬਦਲਣ ਦਾ ਸੰਦੇਸ਼ ਇਸੇ ਧਰਤੀ ਉਤੇ ਗੁਰੂ ਨਾਨਕ ਜੀ ਨੇ ਦਿੱਤਾ ਹੈ। ਉਨ੍ਹਾਂ ਨੇ ਕਿਹਾ ਹੈ- ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ ਉਨ੍ਹਾਂ ਸੰਵਾਦ ਦਾ ਤਰੀਕਾ ਹੀ ਨਹੀਂ ਸੁਝਾਇਆ ਬਲਕਿ ਦੂਰ ਦੁਰਾਡੇ ਉਦਾਸੀਆਂ ਦੌਰਾਨ ਭਗਤ ਕਬੀਰ, ਰਵੀਦਾਸ ਤੇ ਹੋਰ ਬਹੁਤ ਸਾਰੇ ਤਤਕਾਲੀ ਬੁੱਧੀਜੀਵੀਆਂ ਅਤੇ ਬਗਾਵਤੀ ਸੁਰਾਂ ਵਾਲੇ ਦਾਨਿਸ਼ਵਰਾਂ ਦੀਆਂ ਬਾਣੀਆਂ ਲਿਆਂਦੀਆਂ। ਉਨ੍ਹਾਂ ਨੂੰ ਬਾਅਦ ਵਿਚ ਪੰਜਵੇਂ ਗੁਰੂ ਨੇ ਸੰਪਾਦਨਾ ਰਾਹੀਂ ਗ੍ਰੰਥ ਦੇ ਰੂਪ ਵਿਚ ਸਮੁੱਚਤਾ ਵਿਚ ਪੇਸ਼ ਕੀਤਾ। ਬਾਅਦ ਵਿਚ ਉਸੇ ਨੂੰ ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਮਿਲਿਆ। ਇਸ ਅੰਦੋਲਨ ਦੇ ਨਾਲ ਹੀ ਹੁਣ ਤੱਕ ਸਮਾਜਿਕ ਤੌਰ ਉਤੇ ਵਿਤਕਰੇ ਦਾ ਸ਼ਿਕਾਰ ਵਰਗਾਂ ਨਾਲ ਸੰਵਾਦ ਰਚਾਉਣਾ ਬੇਹੱਦ ਜ਼ਰੂਰੀ ਹੈ। ਦਲਿਤ ਭਾਈਚਾਰੇ ਦੀਆਂ ਬੀਬੀਆਂ ਫਾਈਨਾਂਸ ਕੰਪਨੀਆਂ ਦੀ ਲੁੱਟ, ਤੀਜੇ ਹਿੱਸੇ ਦੀ ਸ਼ਾਮਲਾਟ ਜ਼ਮੀਨ ਦਾ ਕਾਨੂੰਨੀ ਹੱਕ ਲੈਣ, ਮਗਨਰੇਗਾ ਤਹਿਤ ਕਾਨੂੰਨੀ ਅਧਿਕਾਰ, ਭਾਵ 100 ਦਿਨ ਕੰਮ ਦਾ ਬੁਨਿਆਦੀ ਅਧਿਕਾਰ ਹਾਸਲ ਕਰਨ ਲਈ ਜੱਦੋਜਹਿਦ ਕਰ ਰਹੀਆਂ ਹਨ। ਇਸੇ ਤਰ੍ਹਾਂ ਅੰਦੋਲਨ ਵਿਚ ਕਿਸਾਨ ਔਰਤਾਂ ਵੱਡੀ ਪੱਧਰ ਉਤੇ ਆਉਣ ਲੱਗੀਆਂ ਹਨ ਪਰ ਔਰਤਾਂ ਲਈ ਆਗੂ ਸਫਾਂ ਵਿਚ ਜਗ੍ਹਾ ਮੋਕਲੀ ਕਰਨੀ ਵੀ ਜ਼ਰੂਰੀ ਹੈ। ਪੰਜਾਬ ਦੇ ਪੰਚਾਇਤੀ ਰਾਜ ਅਤੇ ਸ਼ਹਿਰਾਂ ਦੀਆਂ ਸਥਾਨਕ ਸਰਕਾਰਾਂ ਵਿਚ ਹੁਣ ਪੰਜਾਹ ਫੀਸਦੀ ਬੀਬੀਆਂ ਚੁਣੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਬੀਬੀਆਂ ਲਈ ਖੁਦ ਕੰਮ ਕਰਨ ਦਾ ਮਾਹੌਲ ਦੇਣ ਦੀ ਜ਼ਿੰਮੇਵਾਰੀ ਕੌਣ ਨਿਭਾਏਗਾ?

ਇਨ੍ਹਾਂ ਸਵਾਲਾਂ ਦੇ ਨਾਲ ਦੀ ਨਾਲ ਪਿੰਡਾਂ ਦੀਆਂ ਗ੍ਰਾਮ ਸਭਾਵਾਂ, ਸ਼ਹਿਰਾਂ ਦੀਆਂ ਵਾਰਡ ਸਭਾਵਾਂ ਨੂੰ ਸਰਗਰਮ ਕਰਨ ਰਾਹੀਂ ਲੋਕਾਂ ਦੀ ਤਾਕਤ ਸਾਹਮਣੇ ਜਵਾਬਦੇਹ ਹੋਣ ਅਤੇ ਰਾਜਾਂ ਨੂੰ ਵੱਧ ਅਧਿਕਾਰਾਂ ਲਈ ਮੁਹਿੰਮ ਵਾਸਤੇ ਸਿਆਸੀ ਧਿਰਾਂ ਨੂੰ ਇਕਜੁੱਟਤਾ ਦਿਖਾਉਣ ਦੀ ਲੋੜ ਹੈ। ਆਪਸੀ ਖੋਹ-ਖਿੱਚ ਨਾਲੋਂ ਪਹਿਲਾਂ ਕੇਂਦਰ ਖਿਲਾਫ ਇਕਜੁੱਟ ਲੜਾਈ ਲੜੀ ਜਾਣੀ ਚਾਹੀਦੀ ਹੈ ਅਤੇ ਦੇਸ਼ ਭਰ ਵਿਚ ਫੈਡਰਲਿਜ਼ਮ ਦੀਆਂ ਧਾਰਨੀ ਸਿਆਸੀ ਤਾਕਤਾਂ ਨਾਲ ਤਾਲਮੇਲ ਕਰ ਕੇ ਫੈਡਰਲ ਫਰੰਟ ਖੜ੍ਹਾ ਕੀਤੇ ਜਾਣ ਦੀ ਲੋੜ ਹੈ। ਜੇਕਰ ਦੇਸ਼ ਦੇ ਹੁਕਮਰਾਨ ਗ੍ਰਾਮ ਸਭਾਵਾਂ ਦੇ ਮਤਿਆਂ, ਵਿਧਾਨ ਸਭਾ ਦੇ ਮਤੇ ਤੇ ਬਿਲਾਂ, ਮੁੱਖ ਮੰਤਰੀਆਂ ਦੀਆਂ ਚਿੱਠੀਆਂ, ਲੋਕ ਸਭਾ ਅਤੇ ਰਾਜ ਸਭਾ ਵਿਚ ਸੰਸਦ ਮੈਂਬਰਾਂ ਦੀ ਸੁਣਨ ਲਈ ਤਿਆਰ ਨਹੀਂ ਹਨ ਤਾਂ ਪੰਜਾਬ ਦੇ ਸੰਸਦ ਮੈਂਬਰ ਉਨ੍ਹਾਂ ਸਦਨਾਂ ਵਿਚ ਬੈਠ ਕੇ ਕੀ ਕਰ ਰਹੇ ਹਨ? ਕੀ ਉਨ੍ਹਾਂ ਨੂੰ ਇਖਲਾਕੀ ਜ਼ਿੰਮੇਵਾਰੀ ਲੈਂਦਿਆਂ ਅਸਤੀਫੇ ਦੇ ਕੇ ਸਿਆਸੀ ਲੜਾਈ ਲਈ ਮੈਦਾਨ ਵਿਚ ਨਹੀਂ ਕੁੱਦਣਾ ਚਾਹੀਦਾ? ਜੇਕਰ ਨਹੀਂ ਤਾਂ ਉਨ੍ਹਾਂ ਨੂੰ ਕੋਈ ਇਸ ਤੋਂ ਬਿਹਤਰ ਦਲੀਲ ਪੰਜਾਬ ਦੇ ਲੋਕਾਂ ਨਾਲ ਸਾਂਝੀ ਕਰਨੀ ਚਾਹੀਦੀ ਹੈ।

# ਮੋਦੀ ਸਰਕਾਰ ਤੇ ਕਸ਼ਮੀਰ ਦੀ ਸਿਆਸਤ

ਜੰਮੂ ਕਸ਼ਮੀਰ ਦੇ ਸਿਆਸੀ ਲੀਡਰਾਂ ਦੇ ਹਾਲ ਵਿਚ ਹੀ ਬਣੇ ਗੱਠਜੋੜ ਦੀ ਦੇਸ਼ ਭਰ ਦੇ ਮੀਡੀਆ ਵਿਚ ਚਰਚਾ ਹੈ। ਆਮ ਧਾਰਾ ਨਾਲ ਸੰਬੰਧ ਰੱਖਣ ਵਾਲੇ ਇਹਨਾਂ ਲੀਡਰਾਂ ਨੇ ਧਾਰਾ 370 ਤੋੜੇ ਜਾਣ ਦੇ ਖਿਲਾਫ ਮੋਰਚਾ ਬਣਾਇਆ ਹੈ। ਇਸ ਸਿਆਸੀ ਗੱਠਜੋੜ ਦਾ ਨਾਮ 'ਗੁਪਕਾਰ ਐਲਾਨੀਆ ਬਾਰੇ ਆਵਾਮੀ ਇਤਿਹਾਦ' ਰੱਖਿਆ ਗਿਆ ਹੈ। ਇਹ ਨਾਮ ਕੁਝ ਨਵੀਂ ਕਿਸਮ ਦਾ ਹੈ। ਸ੍ਰੀਨਗਰ ਵਿਚ 'ਗੁਪਕਾਰ' ਨਾਮ ਦਾ ਪੌਸ਼ ਮਹੱਲਾ ਹੈ ਜਿੱਥੇ ਚੋਟੀ ਦੇ ਅਮੀਰ ਤੇ ਪ੍ਰਭਾਵਸ਼ਾਲੀ ਲੋਕ ਰਹਿੰਦੇ ਹਨ। ਇਸੇ ਮਹੱਲੇ ਵਿਚ ਫਰੂਕ ਅਬਦੁੱਲਾ,

**ਅਭੈ ਸਿੰਘ**
ਫੋਨ: +91-98783-75903

ਅਮਰ ਅਬਦੁੱਲਾ ਤੇ ਮਹਿਬੂਬਾ ਮੁਫਤੀ ਦੇ ਬੰਗਲੇ ਹਨ। ਮਹਾਰਾਜਾ ਹਰੀ ਸਿੰਘ ਡੋਗਰਾ ਦਾ ਮਹੱਲ, ਹਰੀ ਨਿਵਾਸ, ਵੀ ਇਥੇ ਹੈ ਜਿਸ ਨੂੰ ਹੁਣ ਆਲੀਸ਼ਾਨ ਹੋਟਲ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ।

ਜਦੋਂ ਕੁਝ ਲੀਡਰਾਂ ਨੂੰ ਰਿਹਾ ਕਰ ਦਿੱਤਾ ਗਿਆ ਤਾਂ ਇਹਨਾਂ ਨੇ ਫਰੂਕ ਅਬਦੁੱਲਾ ਦੇ ਬੰਗਲੇ ਵਿਚ ਮੀਟਿੰਗ ਕਰ ਕੇ ਧਾਰਾ 370 ਨੂੰ ਬਹਾਲ ਕਰਨ ਦੀ ਮੰਗ ਕੀਤੀ, ਸਾਰੇ ਸਿਆਸੀ ਲੀਡਰ ਰਿਹਾ ਕਰਨ, ਦੂਜਿਆਂ ਸੂਬਿਆਂ ਵਿਚ ਕੈਦ ਹੋਰ ਸ਼ਹਿਰੀਆਂ ਨੂੰ ਰਿਹਾ ਕਰਨ ਤੇ ਜਮਹੂਰੀ ਪ੍ਰਣਾਲੀ ਸ਼ੁਰੂ ਕਰਨ ਦੀ ਮੰਗ ਕੀਤੀ। ਇਹਨਾਂ ਮੰਗਾਂ ਬਾਰੇ ਲੋਕਾਂ ਨੂੰ ਅੰਦੋਲਨ ਕਰਨ ਦਾ ਸੱਦਾ ਦਿੱਤਾ। ਇਹ ਮੀਟਿੰਗ ਗੁਪਕਾਰ ਮਹੱਲੇ ਵਿਚ ਹੋਈ ਸੀ, ਇਸ ਵਿਚ ਕੀਤੇ ਫੈਸਲੇ ਦਾ ਨਾਮ 'ਗੁਪਕਾਰ ਐਲਾਨੀਆ' ਪੈ ਗਿਆ। ਮਹਿਬੂਬਾ ਮੁਫਤੀ ਦੀ ਰਿਹਾਈ ਤੋਂ ਬਾਅਦ ਗੁਪਕਾਰ ਐਲਾਨੀਆ ਨੂੰ ਨਵਾਂ ਬਲ ਮਿਲਿਆ। ਉਹ ਪੂਰੀ ਤਰ੍ਹਾਂ ਇਸ ਵਿਚ ਸ਼ਾਮਲ ਹੋਣ ਵਾਸਤੇ ਸਹਿਮਤ ਹੋ ਗਈ। ਆਖਰ ਇਸ ਐਲਾਨੀਆ ਨੂੰ ਅਵਾਮੀ ਤਹਿਰੀਕ ਵਿਚ ਬਦਲਣ ਦਾ ਫੈਸਲਾ ਕੀਤਾ ਤੇ ਇਸ ਦੇ ਅਹੁਦੇਦਾਰ ਵੀ ਚੁਣੇ ਗਏ ਜਿਸ ਵਿਚ ਫਾਰੂਕ ਅਬਦੁੱਲਾ ਸਦਰ ਅਤੇ ਮਹਿਬੂਬਾ ਨਾਇਬ ਸਦਰ ਬਣਾਈ ਗਈ। ਇਸ ਦੌਰਾਨ ਹੀ ਮਹਿਬੂਬਾ ਨੇ ਆਪਣੀ ਪਾਰਟੀ ਦੀ ਮੀਟਿੰਗ ਕਰ ਕੇ ਪ੍ਰੈਸ ਕਾਨਫਰੰਸ ਕੀਤੀ ਜਿਸ ਵਿਚ ਆਪਣੀ ਪਾਰਟੀ ਦੇ ਕਲਮ ਦਵਾਤ ਦੇ ਨਿਸ਼ਾਨ ਵਾਲੇ ਹਰੇ ਝੰਡੇ ਦੇ ਨਾਲ ਹੀ ਜੰਮੂ ਕਸ਼ਮੀਰ ਰਿਆਸਤ ਦਾ ਲਾਲ ਰੰਗ ਦਾ ਝੰਡਾ ਮੇਜ਼ ਉਪਰ ਰੱਖਿਆ। ਉਸ ਨੇ ਐਲਾਨ ਕੀਤਾ ਕਿ ਉਹ ਜੰਮੂ ਕਸ਼ਮੀਰ ਦੀ ਰਿਆਸਤ ਦੇ ਝੰਡੇ ਦੀ ਦੋਬਾਰਾ ਬਹਾਲੀ ਦੀ ਮੰਗ ਕਰਦੀ ਹੈ ਤੇ ਜਦੋਂ ਤੱਕ ਇਸ ਦੀ ਬਹਾਲੀ ਨਹੀਂ ਹੋ ਜਾਂਦੀ, ਉਹ ਹੋਰ ਕੋਈ ਝੰਡਾ ਨਹੀਂ ਲਹਿਰਾਏਗੀ। ਇਸੇ ਨੂੰ ਬੀਜੇਪੀ ਵਾਲਿਆਂ ਨੇ ਤਿਰੰਗੇ ਦੀ ਬੇਹੁਰਮਤੀ ਮੰਨਿਆ ਤੇ ਉਸ ਨੂੰ ਗ੍ਰਿਫਤਾਰ ਕਰ ਕੇ ਦੇਸ਼ਧ੍ਰੋਹ ਦਾ ਮੁਕਦਮਾ ਚਲਾਉਣ ਦੀ ਮੰਗ ਕੀਤੀ। ਜੰਮੂ ਵਿਚ ਉਸ ਦੀ ਪਾਰਟੀ ਦੇ ਦਫਤਰ ਦੇ ਬਾਹਰ ਮੁਜ਼ਾਹਰਾ ਕੀਤਾ।

ਹੁਣ 'ਗੁਪਕਾਰ ਐਲਾਨੀਆ ਬਾਰੇ ਬਣੀ ਅਵਾਮੀ ਇਤਿਹਾਦ ਕਮੇਟੀ' ਨੇ ਵੀ ਆਪਣਾ ਨਿਸ਼ਾਨ ਇਹੀ ਝੰਡਾ ਚੁਣਿਆ ਹੈ। ਇਸ ਝੰਡੇ ਦਾ ਪਹਿਲਾ ਰੂਪ ਸ਼ੇਖ ਅਬਦੁੱਲਾ ਦੀ ਰਹਿਨੁਮਾਈ ਵਾਲੀ ਨੈਸ਼ਨਲ ਕਾਨਫਰੰਸ ਦਾ ਸੀ। ਲਾਲ ਰੰਗ ਦੇ ਆਇਤਾਕਾਰ ਇਸ ਝੰਡੇ ਵਿਚ ਸਫੈਦ ਰੰਗ ਦਾ ਹਲ ਦਾ ਨਿਸ਼ਾਨ ਹੈ। ਇਸ ਨੂੰ ਮਜ਼ਦੂਰਾਂ ਕਿਸਾਨਾਂ ਦਾ ਚਿੰਨ ਦੱਸਿਆ ਗਿਆ। ਜੰਮੂ ਕਸ਼ਮੀਰ ਦੀ ਚੁਣੀ ਹੋਈ ਸੰਵਿਧਾਨ ਸਭਾ ਨੇ 1952 ਵਿਚ ਇਸ ਝੰਡੇ ਨੂੰ ਰਿਆਸਤ ਤੇ ਝੰਡੇ ਵਜੋਂ ਅਪਣਾਇਆ ਤੇ ਹਲ ਦੇ ਨਿਸ਼ਾਨ ਦੇ ਨਾਲ ਹੀ ਤਿੰਨ ਲਕੀਰਾਂ ਬਣਾਈਆਂ ਗਈਅ। ਇਹ ਲਕੀਰਾਂ ਕਸ਼ਮੀਰ ਵਾਦੀ, ਜੰਮੂ ਤੇ ਲੱਦਾਖ ਦੀ ਤਰਜਮਾਨੀ ਕਰਦੀਆਂ ਹਨ।

ਦਰਅਸਲ ਇਸੇ ਸੰਵਿਧਾਨ ਸਭਾ ਨੇ ਜੰਮੂ ਕਸ਼ਮੀਰ ਦਾ ਭਾਰਤ ਨਾਲ ਪੱਕਾ ਇਲਹਾਕ ਕਰਨ ਦਾ ਫੈਸਲਾ ਕੀਤਾ ਸੀ ਜੋ ਦਿੱਲੀ ਸਰਕਾਰ ਵੱਲੋਂ ਵਿਸ਼ੇਸ਼ ਅਧਿਕਾਰ ਦੇਣ ਵਾਲੀ ਧਾਰਾ 370 ਲਗਾਏ ਜਾਣ ਤੋਂ ਬਾਅਦ ਕੀਤਾ ਗਿਆ। ਇਸ ਨੂੰ 1952 ਦੇ ਦਿੱਲੀ ਸਮਝੌਤੇ ਵਜੋਂ ਜਾਣਿਆ ਜਾਂਦਾ ਹੈ ਜੋ ਜੰਮੂ ਕਸ਼ਮੀਰ ਸੰਵਿਧਾਨ ਸਭਾ ਤੇ ਭਾਰਤ ਸਰਕਾਰ ਦੇ ਪ੍ਰਤੀਨਿਧੀਆਂ ਦਰਮਿਆਨ ਹੋਇਆ। ਇਸ ਤੋਂ ਬਾਅਦ ਭਾਰਤ ਸਰਕਾਰ ਮੁੱਖ ਤੌਰ ਤੇ ਸੰਵਿਧਾਨ ਸਭਾ ਦੇ ਮਤੇ ਨੂੰ ਹੀ ਜੰਮੂ ਕਸ਼ਮੀਰ ਉਪਰ ਆਪਣੇ ਦਾਅਵੇ ਦਾ ਮੁੱਖ ਆਧਾਰ ਬਣਾਉਂਦੀ ਰਹੀ ਕਿ ਇਹ ਉਥੋਂ ਦੇ ਲੋਕਾਂ ਦੀ ਚੁਣੀ ਹੋਈ ਅਸੈਂਬਲੀ ਦਾ ਕੀਤਾ ਹੋਇਆ ਫੈਸਲਾ ਹੈ। ਇਸ ਸੰਵਿਧਾਨ ਸਭਾ ਨੇ ਇਹ ਵੀ ਫੈਸਲਾ ਕੀਤਾ ਕਿ ਜੰਮੂ ਕਸ਼ਮੀਰ ਦੇ ਸਰਕਾਰੀ ਦਫਤਰਾਂ ਉਪਰ ਰਿਆਸਤ ਦੇ ਝੰਡੇ ਦੇ ਨਾਲ ਨਾਲ ਭਾਰਤ ਦਾ ਤਿਰੰਗਾ ਵੀ ਲਹਿਰਾਇਆ ਜਾਵੇਗਾ।

5 ਅਗਸਤ 2019 ਨੂੰ ਧਾਰਾ 370 ਤੋੜੇ ਜਾਣ ਤੋ ਪਹਿਲਾਂ ਜੰਮੂ ਤੇ ਸ੍ਰੀਨਗਰ ਦੇ ਸਕੱਤਰੇਤਾਂ ਉਪਰ ਜੰਮੂ ਕਸ਼ਮੀਰ ਦਾ ਝੰਡਾ ਤੇ ਭਾਰਤ ਦਾ ਝੰਡਾ ਬਰਾਬਰ ਝੂੱਲਦੇ ਰਹੇ ਸਨ। ਜਦੋ ਵੀ ਗਵਰਨਰ 15 ਅਗਸਤ ਜਾਂ 26 ਜਨਵਰੀ ਨੂੰ ਟੀ.ਵੀ. ਉਪਰ ਤਕਰੀਰ ਕਰਦਾ ਤਾਂ ਉਸ ਦੀ ਮੇਜ਼ ਉਪਰ ਦੋ ਝੰਡੇ ਹੁੰਦੇ ਸਨ। ਜੰਮੂ ਕਸ਼ਮੀਰ ਦਾ ਆਪਣਾ ਸੰਵਿਧਾਨ ਸੀ। ਵਿਸ਼ੇਸ਼ ਅਧਿਕਾਰ ਵਾਲੀ ਰਿਆਸਤ ਦਾ ਆਮ ਲੋਕਾਂ ਉਪਰ ਸ਼ਾਨ ਵਾਲਾ ਅਹਿਸਾਸ ਸੀ। ਇਸ ਦਾ ਸ਼ਹਿਰੀ ਹੋਣਾ ਮਾਣ ਵਾਲੀ ਗੱਲ ਸੀ। ਜਦੋਂ ਵਿਸ਼ੇਸ਼ ਅਧਿਕਾਰ ਵਾਲੀ ਸਟੇਟ ਨੂੰ ਇਕ ਹੀ ਝਟਕੇ ਨਾਲ ਸਾਧਾਰਨ ਸਟੇਟ ਵੀ ਨਾ ਰਹਿਣ ਦਿੱਤਾ, ਯੂਨੀਅਨ ਟੈਰੀਟਰੀ ਬਣਾ ਦਿੱਤਾ, ਦੋ ਹਿੱਸਿਆਂ ਵਿਚ ਵੰਡ ਦਿੱਤਾ, ਜੰਮੂ ਕਸ਼ਮੀਰ ਦੇ ਲੋਕ ਆਪਣੇ ਆਪ ਨੂੰ ਠੱਗੇ ਗਏ ਤੇ ਜ਼ਲੀਲ ਹੋਇਆ ਸਮਝਣ ਲੱਗੇ।

ਜੰਮੂ ਕਸ਼ਮੀਰ ਐਸ ਵੇਲੇ ਯੂਨੀਅਨ ਟੈਰਾਟਰੀ ਹੈ, ਇਸ ਦੇ ਕਾਨੂੰਨ ਬਣਾਉਣ ਦਾ ਅਧਿਕਾਰ ਕੇਂਦਰ ਕੋਲ ਹੈ, ਲੇਕਿਨ ਇਸ ਨੂੰ ਆਰਜ਼ੀ ਇੰਤਜ਼ਾਮ ਮੰਨਿਆ ਗਿਆ ਸੀ। ਜਮਹੂਰੀਅਤ ਦਾ ਤਕਾਜ਼ਾ ਹੈ ਕਿ ਇਸ ਬਾਰੇ ਅਹਿਮ ਕਾਨੂੰਨ ਹੁਣ ਨਾ ਬਣਾਏ ਜਾਣ ਤੇ ਉਸ ਵਾਸਤੇ ਪੂਰਨ ਰਾਜ ਦਾ ਦਰਜਾ ਬਹਾਲ ਹੋ ਕੇ ਚੋਣ ਹੋ ਜਾਣ ਦਾ ਇੰਤਜ਼ਾਰ ਕੀਤਾ ਜਾਵੇ। ਪਹਿਲਾਂ ਵਸਨੀਕਤਾ ਦੇ ਸਰਟੀਫਿਕੇਟ ਦੇਣਾ, ਫਿਰ ਰਾਜ ਭਾਸ਼ਾਵਾਂ ਦਾ ਹੁਕਮ ਤੇ ਹੁਣ ਬਾਹਰਲੇ ਲੋਕਾਂ ਵੱਲੋਂ ਜਾਇਦਾਦਾਂ ਖਰੀਦਣ ਦੇ ਹੱਕ ਦਾ ਕਾਨੂੰਨ ਅਸੂਲੀ ਤੌਰ ਤੇ ਰਾਜਾਂ ਦੇ ਅਧਿਕਾਰ ਵਿਚ ਆਉਂਦੇ ਹਨ। ਫਿਰ ਇਹ ਇਤਨੀ ਐਮਰਜੈਂਸੀ ਨਹੀਂ ਕਿ ਫੌਰੀ ਪਾਸ ਕੀਤੇ ਜਾਣ। ਇਕ ਸਾਲ ਤੋਂ ਉਪਰ ਹੋ ਗਿਆ ਹੈ, ਨਾ ਤਾਂ ਚੋਣ ਕੀਤੀ ਗਈ ਹੈ ਅਤੇ ਨਾ ਹੀ ਚੋਣ ਦੀ ਕੋਈ ਤਿਆਰੀ ਹੈ। ਲਗਦਾ ਨਹੀਂ ਕਿ ਉਥੇ ਨਜ਼ਦੀਕ ਭਵਿੱਖ ਵਿਚ ਜਮਹੂਰੀ ਪ੍ਰਕਿਰਿਆ ਸ਼ੁਰੂ ਕਰਨ ਦਾ ਕੋਈ ਇਰਾਦਾ ਹੋਵੇਗਾ।



ਇਹ ਹਕੀਕਤ ਸਭ ਨੂੰ ਸਮਝਣੀ ਪਵੇਗੀ, ਭਾਰਤ ਦੀ ਸਰਕਾਰ ਨੂੰ ਵੀ ਤੇ ਹਰ ਦੇਸ਼ ਭਗਤ ਨਾਗਰਿਕ ਨੂੰ ਵੀ ਕਿ ਇਹਨਾਂ ਇਕ ਤੋਂ ਬਾਅਦ ਦੂਜੀਆਂ ਧੱਕੇਸ਼ਾਹੀਆਂ ਦੇ ਵਿਰੁੱਧ ਜੰਮੂ ਕਸ਼ਮੀਰ ਦੀ ਸਾਧਾਰਨ ਜਨਤਾ ਅੰਦਰ ਵਿਆਪਕ ਰੋਸ ਹੈ, ਹੱਦੋਂ ਵੱਧ ਗੁੱਸਾ ਹੈ। ਇਥੋਂ ਤੱਕ ਕਿ ਜੰਮੂ ਖੇਤਰ ਦੇ ਭਾਜਪਾ ਸਮਰਥਕ ਸੰਗਠਨਾਂ ਨੇ ਵੀ ਤਿੱਖੇ ਵਿਰੋਧ ਜਤਾਏ ਹਨ। ਧਾਰਾ 370 ਤੋੜਨ ਤੋਂ ਬਾਅਦ ਪਹਿਲੀਆਂ ਵੋਟਾਂ ਲੇਹ ਦੀ ਵਿਕਾਸ ਕੌਂਸਲ ਦੀਆਂ ਪਈਆਂ। ਭਾਜਪਾ ਦਾ ਕਹਿਣਾ ਸੀ ਕਿ ਲੱਦਾਖ ਦਾ ਬੱਚਾ ਬੱਚਾ ਉਹਨਾਂ ਦਾ ਅਹਿਸਾਨਮੰਦ ਹੈ, ਉਹ ਇਸ ਕੌਂਸਲ ਦੀਆਂ 26 ਦੀਆਂ 26 ਸੀਟਾਂ ਉਪਰ ਹੂੰਝਾ ਫੇਰ ਜਿੱਤ ਦਾ ਦਾਅਵਾ ਕਰ ਰਹੇ ਸਨ ਪਰ ਉਹ 15 ਸੀਟਾਂ ਹੀ ਜਿੱਤ ਸਕੇ, ਪਹਿਲਾਂ ਨਾਲੋਂ ਵੀ ਘੱਟ। ਕਾਂਗਰਸ ਪਾਰਟੀ ਨੇ 9 ਸੀਟਾਂ ਹਾਸਲ ਕੀਤੀਆਂ ਹਨ। ਇਹ ਗੱਲ ਅਰਥ ਭਰਪੂਰ ਹੈ।

ਲੋਕਾਂ ਵਿਚ ਪਾਏ ਜਾਂਦੇ ਅਥਾਹ ਗੁੱਸੇ ਦੇ ਕਾਰਨ ਹੀ ਗੁਪਕਾਰ ਅੰਦੋਲਨ ਦੇ ਲੀਡਰਾਂ ਨੇ ਸਖ਼ਤ ਨਾਹਰੇ ਦਿੱਤੇ ਹਨ। ਇਹ ਉਹ ਲੀਡਰ ਹਨ ਜਿਹਨਾਂ ਨੂੰ ਆਮ ਧਾਰਾ ਦੇ ਲੀਡਰ ਕਿਹਾ ਜਾਂਦਾ ਹੈ। ਹੁਰੀਅਤ ਪਾਰਟੀ ਤੇ ਹੋਰ ਆਜ਼ਾਦੀ ਪਸੰਦ ਲੋਕ ਜਾਂ ਖਾੜਕੂ ਲੋਕ ਇਹਨਾਂ ਨੂੰ ਹਿੰਦ ਨਵਾਜ਼ ਤਾਕਤਾਂ ਦਾ ਨਾਮ ਦਿੰਦੇ ਹਨ। ਇਹਨਾਂ ਨੂੰ ਭਾਰਤ ਦੇ ਚਮਚੇ, ਗੱਦੀ ਦੇ ਭੁੱਖੇ ਤੇ ਕਸ਼ਮੀਰ ਦੀ ਆਜ਼ਾਦੀ ਦੇ ਗੱਦਾਰ ਤੱਕ ਕਿਹਾ ਜਾਂਦਾ ਹੈ। ਇਹਨਾਂ ਪਾਰਟੀਆਂ ਦੇ ਕਈ ਲੀਡਰ ਤੇ ਕਾਰਕੁਨ ਮਿਲੀਟੈਂਟਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਚੁਕੇ ਹਨ।

ਅੱਜ ਦੀ ਮੋਦੀ ਸਰਕਾਰ ਦਾ ਸਭ ਤੋਂ ਵੱਧ ਨਜ਼ਲਾ ਇਹਨਾਂ ਹੀ ਲੀਡਰਾਂ ਦੇ ਹੀ ਖਿਲਾਫ ਹੈ। ਪਹਿਲਾਂ ਸਾਲ ਭਰ ਵਾਸਤੇ ਜੇਲ੍ਹਾਂ ਵਿਚ ਰੱਖਿਆ, ਬਹੁਤ ਸਾਰੇ ਕਾਰਕੁਨ ਅਜੇ ਵੀ ਜੇਲ੍ਹਾਂ ਵਿਚ ਹਨ। ਇਹਨਾਂ ਖਿਲਾਫ ਬਹੁਤ ਬੇਹੂਦਾ ਪ੍ਰਚਾਰ ਟੀਵੀ ਚੈਨਲਾਂ ਉਪਰ ਕੀਤਾ ਜਾ ਰਿਹਾ ਹੈ, ਵਾਰ ਵਾਰ ਦੇਸ਼ਧ੍ਰੋਹ ਦੇ ਇਲਜ਼ਾਮ ਲਗਾਏ ਜਾ ਰਹੇ ਹਨ। ਅੱਜ ਧਾਰਾ 370 ਨੂੰ ਬਹਾਲ ਕਰਨ ਦੀ ਮੰਗ ਨੂੰ ਵੀ ਦੇਸ਼ ਵਿਰੋਧੀ ਦੱਸਿਆ ਜਾ ਰਿਹਾ ਹੈ ਜਦੋਂ ਕਿ ਇਹੀ ਧਾਰਾ ਜੰਮੂ ਕਸ਼ਮੀਰ ਨੂੰ ਭਾਰਤ ਦਾ ਹਿੱਸਾ ਦਰਸਾਉਣ ਦਾ ਦਸਤਾਵੇਜ਼ ਮੁਹੱਈਆ ਕਰਦੀ ਹੈ।

ਸਮਝਣ ਦੀ ਲੋੜ ਹੈ ਕਿ ਜੰਮੂ ਕਸ਼ਮੀਰ ਬਹੁਤ ਨਾਜ਼ਕ ਖਿੱਤਾ ਹੈ। ਅਸੀਂ ਇਸ ਤੱਥ ਤੋਂ ਕਦੇ ਇਨਕਾਰ ਨਹੀਂ ਕਰ ਸਕਦੇ ਕਿ ਕੌਮਾਂਤਰੀ ਪੱਧਰ ਤੇ ਇਹ ਵਿਵਾਦ ਵਾਲਾ ਖੇਤਰ ਹੈ। ਅਮਰੀਕਾ ਕੈਨੇਡਾ ਸਮੇਤ ਦੁਨੀਆ ਦੇ ਬਹੁ ਗਿਣਤੀ ਦੇਸ਼, ਯੂ.ਐਨ.ਓ., ਗੂਗਲ ਤੇ ਬੀ.ਬੀ.ਸੀ. ਦੇ ਨਕਸ਼ਿਆਂ ਵਿਚ ਇਹ ਭਾਰਤ ਦਾ ਹਿੱਸਾ ਨਹੀਂ, ਵਿਵਾਦ ਵਾਲਾ ਖੇਤਰ ਕਰ ਕੇ ਦਰਸਾਇਆ ਜਾਂਦਾ ਹੈ। ਭਾਰਤ ਦੀ ਕੁੱਲ ਫੌਜ ਦਾ ਇਕ ਤਿਹਾਈ ਤੋਂ ਵੱਧ ਜੰਮੂ ਕਸ਼ਮੀਰ ਵਿਚ ਤਾਇਨਾਤ ਹੈ। ਇਹ ਸਿਰਫ ਬਾਰਡਰ ਤੇ ਹੀ ਨਹੀਂ, ਇਕ ਇਕ ਸ਼ਹਿਰ ਦੀ ਇਕ ਇਕ ਗਲੀ, ਚੌਰਾਹੇ, ਪਿੰਡਾਂ ਨੂੰ ਜਾਂਦੀਆਂ ਸੜਕਾਂ, ਪਿੰਡਾਂ ਦੀਆਂ ਫਿਰਨੀਆਂ ਤੇ ਖੇਤਾਂ ਬਾਗਾਂ ਨੂੰ ਜਾਂਦਿਆਂ ਰਸਤਿਆਂ ਤੇ ਤਾਇਨਾਤ ਹੈ। ਇਸ ਉਪਰ ਹਰ ਰਜ਼ ਦਾ ਖਰਚਾ ਲੱਖਾਂ ਤੇ ਕਰੋੜਾਂ ਵਿਚ ਹੈ। ਜੰਮੂ ਕਸ਼ਮੀਰ ਬਾਰੇ ਹਰ ਨੀਤੀ ਇਸ ਹਕੀਕੀ ਤਸਵੀਰ ਦੇ ਚੌਖਟੇ ਦੇ ਮੱਦੇਨਜ਼ਰ ਹੀ ਬਣਾਈ ਜਾ ਸਕਦੀ ਹੈ।

ਗੁਪਕਾਰ ਅਵਾਮੀ ਕਮੇਟੀ ਦਾ ਭਵਿੱਖ ਪਤਾ ਨਹੀਂ ਕੀ ਹੋਵੇਗਾ, ਕਈ ਵੱਖਰੀਆਂ ਵੱਖਰੀਆਂ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ। ਅਜੇ ਵੀ ਕਸ਼ਮੀਰ ਦੀ ਜਨਤਾ ਦਾ ਇਕ ਹਿੱਸਾ ਇਸ ਨੂੰ ਮਹਿਜ਼ ਡਰਾਮਾ ਦੱਸਦਾ ਹੈ ਅਤੇ ਹੋਰ ਬਹੁਤ ਮਹਿਸੂਸ ਕਰਦੇ ਹਨ ਕਿ ਹੁਣ ਉਹਨਾਂ ਸਾਹਮਣੇ ਅਗਵਾਈ ਵਾਸਤੇ ਹੋਰ ਕੋਈ ਬਦਲ ਨਹੀਂ। ਜੇ ਕੇਂਦਰ ਸਰਕਾਰ ਦੀਆਂ ਗੈਰ ਜਮਹੂਰੀ ਨੀਤੀਆਂ ਇਸੇ ਤਰ੍ਹਾਂ ਚੱਲਦੀਆਂ ਰਹੀਆਂ ਤਾਂ ਹੋ ਸਕਦਾ ਕਿ ਗੁਪਕਾਰ ਅੰਦੋਲਨ ਵੀ ਪਿਛੇ ਨਾ ਹਟ ਸਕੇ। ਗੁਪਕਾਰ ਕਮੇਟੀ ਦਾ ਮਜ਼ਬੂਤ ਸੰਗਠਨ ਹੀ ਲੋਕਾਂ ਨੂੰ ਜਥੇਬੰਦਕ ਅਵਾਮੀ ਅੰਦੋਲਨ ਵੱਲ ਮੋੜ ਸਕਦਾ ਹੈ ਤੇ ਜੰਮੂ ਕਸ਼ਮੀਰ ਨੂੰ ਦਰਦਨਾਕ ਹਿੰਸਾ ਦੇ ਰਸਤੇ ਤੋਂ ਰੋਕ ਸਕਦਾ ਹੈ। ਫਿਲਹਾਲ ਜੰਮੂ ਕਸ਼ਮੀਰ ਦੇ ਅਵਾਮ ਤੇ ਸਾਰੇ ਭਾਰਤ ਵਿਚਲੇ ਜਮਹੂਰੀ ਤੇ ਦੇਸ਼ ਭਗਤ ਲੋਕਾਂ ਦੇ ਸਾਹਮਣੇ ਗੁਪਕਾਰ ਅੰਦੋਲਨ ਪ੍ਰਤੀ ਆਸਵੰਦ ਰੁਖ ਹੋਵੇਗਾ।

# ਸ਼੍ਰੋਮਣੀ ਕਮੇਟੀ ਦੀਆਂ ਵਿਦਿਅਕ ਸੰਸਥਾਵਾਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਸਿੱਖਾਂ ਦੀਆਂ ਸ਼ਹਾਦਤਾਂ ਅਤੇ ਸੰਘਰਸ਼ਾਂ ਕਰ ਕੇ ਹੋਂਦ ਵਿਚ ਆਈ ਹੈ। 15 ਨਵੰਬਰ 2020 ਨੂੰ ਇਹ ਸੰਸਥਾ ਸੰਘਰਸ਼ਾਂ ਭਰਿਆ ਲੰਮਾ ਪੈਂਡਾ ਤੈਅ ਕਰਦੀ ਹੋਈ ਆਪਣੇ 100 ਸਾਲ ਪੂਰੇ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਜਿਥੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਯਤਨਸ਼ੀਲ ਹੈ, ਉਥੇ ਵਿੱਦਿਅਕ ਖੇਤਰ ਵਿਚ ਵੀ

**ਮਾਸਟਰ ਮਿੱਠੂ ਸਿੰਘ ਕਾਹਨੇਕੇ**
ਫੋਨ: +91-98154-20625

ਇਸ ਸੰਸਥਾ ਨੇ ਕਾਫੀ ਯੋਗਦਾਨ ਪਾਇਆ ਹੈ। ਸ਼੍ਰੋਮਣੀ ਕਮੇਟੀ ਵਲੋਂ ਭਾਵੇਂ 1935 ਵਿਚ ਸ੍ਰੀ ਗੁਰੂ ਨਾਨਕ ਖਾਲਸਾ ਕਾਲਜ ਮੁੰਬਈ ਵਿਚ ਸ਼ੁਰੂ ਕੀਤਾ ਪਰ ਪੰਜਾਬ/ਹਰਿਆਣਾ ਅੰਦਰ ਸਿੱਖਿਆ ਦੇ ਖੇਤਰ ਵਿਚ ਪਿਛਲੇ 25-30 ਸਾਲਾਂ ਤੋਂ ਵਿੱਦਿਅਕ ਅਦਾਰੇ ਸਥਾਪਤ ਕਰਨੇ ਆਰੰਭੇ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਵਿੱਦਿਅਕ ਅਦਾਰਿਆਂ ਵਿਚ ਬੱਚਿਆਂ ਨੂੰ ਦੁਨਿਆਵੀ ਵਿੱਦਿਆ (ਅਕੈਡਮਿਕ) ਦੇ ਨਾਲ ਧਾਰਮਿਕ ਵਿੱਦਿਆ ਦੇਣ ਦੇ ਖੇਤਰ ਵਿਚ ਵੱਡੇ ਉਪਰਾਲੇ ਵੀ ਕੀਤੇ। ਦੋ ਯੂਨੀਵਰਸਿਟੀਆਂ, ਆਰਟਸ, ਸਾਇੰਸ, ਕਾਮਰਸ ਦੇ ਪੰਜਾਬ, ਹਰਿਆਣਾ, ਹਿਮਾਚਲ ਅੰਦਰ 33 ਕਾਲਜ ਅਤੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਵਾਲੇ 52 ਸਕੂਲਾਂ ਦਾ ਪ੍ਰਬੰਧ ਚਲਾ ਰਹੀ ਹੈ। ਇਨ੍ਹਾਂ ਅਦਾਰਿਆਂ ਦੇ ਪ੍ਰਬੰਧ ਲਈ 2007 ਵਿਚ ਐਜੂਕੇਸ਼ਨ ਡਾਇਰੈਕਟੋਰੇਟ ਹੋਂਦ ਵਿਚ ਆਇਆ ਜੋ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ (ਬਹਾਦਰਗੜ੍ਹ) 'ਚ ਸਥਾਪਤ ਕੀਤਾ ਗਿਆ। ਇਨ੍ਹਾਂ ਅਦਾਰਿਆਂ ਤੋਂ ਇਲਾਵਾ 4 ਕਾਲਜ ਮੁੰਬਈ 'ਚ ਪਹਿਲਾਂ ਤੋਂ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਹਨ।

ਸਿੱਖਿਆ ਰਾਹੀਂ ਸਮਾਜ ਅੰਦਰ ਚੇਤਨਾ ਪੈਦਾ ਕਰਨ ਤੇ ਸਮਾਜ ਨੂੰ ਸਿੱਖਿਅਤ ਕਰਨ ਦਾ ਚੰਗਾ ਉਪਰਾਲਾ ਹੈ। ਪਿਛਲੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਸਮਾਜ ਅੰਦਰ ਫੈਲੀ ਅਰਾਜਕਤਾ, ਜਬਰ-ਜ਼ੁਲਮ ਤੇ ਅੰਧ ਵਿਸ਼ਵਾਸ ਆਦਿ ਬੁਰਾਈਆਂ ਨੂੰ ਰੋਕਣ ਤੇ ਸਮਾਜ ਨੂੰ ਬਚਾਉਣ, ਚੇਤੰਨ ਕਰਨ ਲਈ ਗੁਰੂ ਨਾਨਕ ਜੀ ਨੇ ਆਪਣੀ ਇਨਕਲਾਬੀ ਵਿਚਾਰਧਾਰਾ ਦਿੱਤੀ, ਇਹ ਫਰਮਾਇਆ 'ਵਿੱਦਿਆ ਵੀਚਾਰੀ ਤਾਂ ਪਰਉਪਕਾਰੀ' ਹੈ, ਜੋ ਸਹੀ ਲੋੜਵੰਦ ਕਿਰਤੀ ਜਮਾਤ ਦੇ ਬੱਚਿਆਂ ਨੂੰ ਸਮਾਜ ਦੇ ਹਾਣ ਦਾ ਬਣਾਉਣ ਲਈ ਦਿੱਤੀ ਜਾਵੇ। ਗੁਰੂ ਨੇ ਆਪਣੇ ਸ਼ਰਧਾਲੂਆਂ ਨੂੰ ਜ਼ਿੰਦਗੀ ਭਰ ਸਿੱਖਣ ਦਾ ਸੰਦੇਸ਼ ਦਿੱਤਾ, ਇਸੇ ਉਦੇਸ਼ ਤੇ ਮਹੱਤਤਾ ਨੂੰ ਸਮਝਦਿਆਂ ਸ਼੍ਰੋਮਣੀ ਕਮੇਟੀ ਨੇ ਵਿੱਦਿਅਕ ਅਦਾਰੇ ਖੋਲ੍ਹਣ 'ਤੇ ਜ਼ੋਰ ਦਿੱਤਾ। ਮਾਪਿਆਂ ਨੇ ਆਪਣੇ ਬੱਚਿਆਂ ਨੂੰ ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰਿਆਂ ਤੋਂ ਵਿੱਦਿਆ ਪ੍ਰਾਪਤ ਕਰਨ ਲਈ ਦਾਖਲੇ ਦਵਾਉਣੇ ਸ਼ੁਰੂ ਕੀਤੇ।

ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਪਾਸ ਸ਼ਾਨਦਾਰ ਇਮਾਰਤ/ਖੇਡ ਮੈਦਾਨ, ਪੜ੍ਹਾਈ ਲਈ ਲੋੜੀਂਦਾ ਸਟਾਫ ਸਹੂਲਤਾਂ ਹਨ। ਐਜੂਕੇਸ਼ਨ ਡਾਇਰੈਕਟੋਰੇਟ ਵਲੋਂ ਜਾਰੀ ਰਿਪੋਰਟ ਮੁਤਾਬਕ 4 ਕਾਲਜਾਂ ਨੂੰ 'ਨਾਕ' ਵਲੋਂ ਏ-ਗਰੇਡ ਪ੍ਰਾਪਤ ਹੋਇਆ ਹੈ। ਇਹ ਕਾਲਜ ਆਤਮ-ਨਿਰਭਰ ਹਨ। ਸਮੇਂ ਸਿਰ ਇਨ੍ਹਾਂ ਦੇ ਸਟਾਫ ਨੂੰ ਤਨਖਾਹਾਂ ਮਿਲਦੀਆਂ ਹਨ। ਇਨ੍ਹਾਂ 4 ਕਾਲਜਾਂ ਨੂੰ ਛੱਡ ਕੇ ਪੰਜਾਬ, ਹਰਿਆਣਾ, ਹਿਮਾਚਲ ਅੰਦਰ ਚੱਲ ਰਹੇ (ਕੁੱਲ 33 ਕਾਲਜ 'ਚੋਂ) 29 ਕਾਲਜ ਕਿਉਂ ਘਾਟੇ ਵਿਚ ਹਨ। ਕਾਲਜਾਂ ਦੀ ਆਰਥਿਕਤਾ ਇੰਨੀ ਗੰਭੀਰ ਸੰਕਟ ਦਾ ਸ਼ਿਕਾਰ ਹੈ ਕਿ ਘਾਟੇ ਵਾਲੇ ਕਾਲਜਾਂ ਦੇ ਸਟਾਫ ਨੂੰ ਪਿਛਲੇ 10 ਮਹੀਨੇ ਤੋਂ 18 ਮਹੀਨਿਆਂ ਤੱਕ ਦੀਆਂ ਤਨਖਾਹਾਂ ਹੀ ਨਹੀਂ ਮਿਲੀਆਂ। ਸੈਸ਼ਨ 2019-20 ਦੌਰਾਨ ਵਿਦਿਆਰਥੀਆਂ ਦੀ ਕੁੱਲ ਗਿਣਤੀ 35,144 ਦੱਸੀ ਗਈ ਹੈ। ਆਤਮ-ਨਿਰਭਰ ਚਾਰੇ ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ 19,648 ਹੈ ਅਤੇ ਘਾਟੇ ਵਾਲੇ 29 ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਕੇਵਲ 15500 ਦੇ ਲਗਭਗ ਹੈ। ਇਨ੍ਹਾਂ ਕਾਲਜਾਂ ਵਿਚ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਦੀ ਗਿਣਤੀ 1500 ਲਗਪਗ ਹੈ ਤੇ ਪੂਰਾ ਸਟਾਫ ਕੰਮ ਕਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਵਿਚ ਕੇਵਲ 2,948 ਵਿਦਿਆਰਥੀਆਂ ਦੇ ਸੈਸ਼ਨ 2019-20 ਦੌਰਾਨ ਦਾਖਲੇ ਹੋਏ। ਲਗਭਗ 107 ਏਕੜ ਵਿਚ ਉਸਾਰੀ ਯੂਨੀਵਰਸਿਟੀ 'ਚ 400 ਗਿਣਤੀ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਲੋੜ ਤੋਂ ਵਧ ਹੈ। ਜਿਨ੍ਹਾਂ ਨੂੰ ਲਗਭਗ 15 ਕਰੋੜ ਸਾਲਾਨਾ ਤਨਖਾਹ ਦਿੱਤੀ ਜਾਂਦੀ ਹੈ। ਯੂਨੀਵਰਸਿਟੀ ਦੀਆਂ ਮਾਰਚ, 2020 ਤੱਕ ਤਨਖਾਹ ਸਮੇਤ ਕੁੱਲ ਦੇਣਦਾਰੀਆਂ 629.23 ਲੱਖ ਖੜੀਆਂ ਹਨ। ਐਸ.ਬੀ.ਆਈ. ਬੈਂਕ ਤੋਂ 30 ਕਰੋੜ ਲੋਨ ਲਿਆ ਹੈ ਜਿਸ ਦੀਆਂ ਦਸ ਸਾਲਾ ਕਿਸ਼ਤਾਂ ਭਾਵ ਦਸੰਬਰ, 2026 ਤੱਕ 34 ਕਰੋੜ ਵਿਆਜ ਅਤੇ 30 ਕਰੋੜ ਮੂਲ ਕੁੱਲ ਰਕਮ 64 ਕਰੋੜ ਰਾਸ਼ੀ ਕਿਸ਼ਤਾਂ ਰਾਹੀਂ ਭੁਗਤਾਨ ਕੀਤੀ ਜਾਵੇਗੀ। ਇਕੋ ਸਥਾਨ ਫਤਹਿਗੜ੍ਹ ਸਾਹਿਬ ਸ਼੍ਰੋਮਣੀ ਕਮੇਟੀ ਨੇ ਤਿੰਨ ਵਿੱਦਿਅਕ ਅਦਾਰੇ ਕਾਲਜ, ਯੂਨੀਵਰਸਿਟੀ ਖੋਲ੍ਹਣ ਨਾਲ ਆਪਸੀ ਮੁਕਾਬਲਾ ਹੋਇਆ, ਸਿੱਟੇ ਵਜੋਂ ਦੋ ਅਦਾਰੇ ਘਾਟੇ ਵਿਚ ਚੱਲ ਰਹੇ ਹਨ।

28 ਸਤੰਬਰ 2020 ਨੂੰ ਪਾਸ ਹੋਏ ਸੋਧ ਬਜਟ ਅਨੁਸਾਰ ਪੰਜਾਬ, ਹਰਿਆਣਾ ਅੰਦਰ ਐਜੂਕੇਸ਼ਨ ਡਾਇਰੈਕਟੋਰੇਟ ਅਧੀਨ ਚੱਲ ਰਹੇ 52 ਸਕੂਲਾਂ ਦੀ ਵਿੱਤੀ ਹਾਲਤ ਵੀ ਬਹੁਤ ਨਾਜ਼ੁਕ ਚੱਲ ਰਹੀ ਹੈ। ਸਿਰਫ 9 ਸਕੂਲ ਹੀ ਆਤਮ-ਨਿਰਭਰ ਸਕੂਲ ਹਨ ਪਰ ਬਾਕੀ 43 ਸਕੂਲ ਘਾਟੇ ਵਾਲੇ ਹਨ। ਐਡਿਡ ਦਸ ਸਕੂਲਾਂ ਦਾ ਘਾਟਾ ਪ੍ਰਤੀ ਸਕੂਲ ਸਵਾ-ਡੇਢ ਕਰੋੜ ਤੋਂ ਵੀ ਵਧ ਹੈ। ਇਨ੍ਹਾਂ ਸਕੂਲਾਂ ਨੂੰ ਚਾਲੂ ਰੱਖਣ ਲਈ ਚਾਲੂ ਸੈਸ਼ਨ 2020-21 ਦੌਰਾਨ ਸ਼੍ਰੋਮਣੀ ਕਮੇਟੀ ਨੂੰ 10 ਕਰੋੜ ਤੋਂ ਵਧ ਰਕਮ ਸਹਾਇਤਾ ਵਜੋਂ ਆਪਣੇ ਸੋਧੇ ਬਜਟ 'ਚੋਂ ਦੇਣੀ ਪਈ। ਇੱਕ ਸਕੂਲ ਜੋ ਬਹੁਤ ਹੀ ਘਾਟੇ ਵਿਚ ਸੀ ਨੂੰ ਇਸ ਸਾਲ ਬੰਦ ਕਰਨਾ ਪਿਆ। ਸਕੂਲਾਂ ਅੰਦਰ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ 1,822 ਗਿਣਤੀ ਹੈ ਜੋ ਲੋੜ ਨਾਲੋਂ ਵਧ ਹੈ। ਜਿਨ੍ਹਾਂ ਨੂੰ ਲਗਭਗ 45 ਕਰੋੜ ਸਾਲਾਨਾ ਸੈਲਰੀ ਅਤੇ ਸਮੁੱਚਾ ਸਕੂਲ ਪ੍ਰਬੰਧਾਂ ਨੂੰ ਚਲਾਉਣ ਲਈ 10 ਕਰੋੜ ਤੋਂ ਵੱਧ ਰਕਮ ਬਿਜਲੀ, ਪਾਣੀ, ਜੈਨਰੇਟਰ, ਮੁਰੰਮਤ ਆਦਿ ਵੱਖਰੇ ਖਰਚੇ ਹਨ ਪਰ ਸੈਸ਼ਨ 2019-20 ਦੌਰਾਨ ਵਿਦਿਆਰਥੀਆਂ ਦੀ ਗਿਣਤੀ 25,000 ਦੇ ਲਗਪਗ ਰਹੀ, ਜੋ ਚਾਲੂ ਸਾਲ 2020-21 ਦੌਰਾਨ ਸਕੂਲ ਖੋਲ੍ਹਣ ਤੇ ਹੀ ਵਿਦਿਆਰਥੀ ਦਾਖਲੇ ਦਾ ਪਤਾ ਲੱਗੇਗਾ। ਪਿਛਲੇ 6 ਸਾਲਾਂ ਤੋਂ ਹਰ ਸਾਲ 4/5 ਫੀਸਦੀ ਸਾਲਾਨਾ ਵਿਦਿਆਰਥੀ ਗਿਣਤੀ ਕਿਉਂ ਘੱਟ ਰਹੀ ਹੈ? ਕੇਵਲ 6 ਸੈਕੰਡਰੀ ਸਕੂਲਾਂ ਅੰਦਰ ਪ੍ਰਤੀ ਸਕੂਲਾਂ ਵਿਦਿਆਰਥੀ ਗਿਣਤੀ 1000 ਤੋਂ ਵੱਧ ਹੈ, 12 ਸਕੂਲਾਂ ਅੰਦਰ ਗਿਣਤੀ 500-700 ਵਿਚਕਾਰ ਹੀ ਹੈ। ਬਾਕੀ 34 ਸੀਨੀਅਰ ਸੈਕੰਡਰੀ ਸਕੂਲਾਂ ਵਿਚ ਤਾਂ ਪ੍ਰਤੀ ਸਕੂਲ ਗਿਣਤੀ 400 ਤੋਂ ਵੀ ਘਟ ਰਹੀ ਹੈ। ਦੋਵੇਂ ਯੂਨੀਵਰਸਿਟੀਆਂ ਤੇ ਸਕੂਲਾਂ, ਕਾਲਜਾਂ ਲਈ ਸੋਧਿਆ ਬਜਟ 215 ਕਰੋੜ ਹੈ। ਇਸ ਬਜਟ ਵਿਚ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੀਆਂ ਫੀਸਾਂ, ਦੁਕਾਨਾਂ ਤੇ ਟਰਾਂਸਪੋਰਟ ਕਿਰਾਇਆ ਆਦਿ ਆਮਦਨ ਕੇਵਲ 176 ਕਰੋੜ ਹੀ ਹੈ। ਬਾਕੀ ਬਜਟ ਰਕਮ ਵਿਚ ਸੈਕਸ਼ਨ 85 ਦੇ ਗੁਰਦੁਆਰਿਆਂ ਵਿਚੋਂ ਸਹਾਇਤਾ ਫੰਡ ਪਾ ਕੇ ਇਨ੍ਹਾਂ ਅਦਾਰਿਆਂ ਨੂੰ ਚਲਾਉਣ ਲਈ ਬਜਟ ਪੂਰਾ ਕਰਨ ਦਾ ਯਤਨ ਹੈ। ਪਿਛਲੇ 5-6 ਮਹੀਨਿਆਂ ਤੋਂ ਸਕੂਲਾਂ ਦੀਆਂ ਤਨਖਾਹਾਂ ਬਕਾਇਆ ਹਨ। ਸਵਾਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਵਿੱਦਿਅਕ ਅਦਾਰੇ ਦਿਨੋ-ਦਿਨ ਕਿਉਂ ਘਾਟੇ ਵਿਚ ਜਾ ਰਹੇ ਹਨ? ਕਿਉਂ ਇਨ੍ਹਾਂ ਅਦਾਰਿਆਂ 'ਚ ਵਿਦਿਆਰਥੀ ਦਾਖਲਾ ਗਿਣਤੀ ਘੱਟ ਰਹੀ ਹੈ, ਚਿੰਤਾਂ ਦਾ ਵਿਸ਼ਾ ਹੈ। ਅਜਿਹੇ ਪ੍ਰਬੰਧ ਲਈ ਜ਼ਿੰਮੇਵਾਰ ਕੌਣ ਹੈ ਅਤੇ ਇਸ ਦੇ ਕੀ ਕਾਰਨ ਹਨ? ਪੜਤਾਲਣ ਦੀ ਲੋੜ ਹੈ।

ਇਨ੍ਹਾਂ ਅਦਾਰਿਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਹਰਲੀ ਸਿਆਸੀ ਦਖਲ-ਅੰਦਾਜ਼ੀ ਬੰਦ ਹੋਣੀ ਚਾਹੀਦੀ ਹੈ। ਹਰ ਹਫਤੇ ਐਜੂਕੇਸ਼ਨ ਡਾਇਰੈਕਟਰ/ਐਜੂਕੇਸ਼ਨ ਸਕੱਤਰ ਵੀਡੀਓ ਕਾਨਫਰੰਸ ਰਾਹੀਂ ਹਰ ਵਿੱਦਿਅਕ ਅਦਾਰੇ ਦੀ ਪੜ੍ਹਾਈ ਦਾ ਜਾਇਜ਼ਾ ਲੈਣ ਦਾ ਉਚਿਤ ਪ੍ਰਬੰਧ ਦੀ ਲੋੜ ਹੈ।

# ਕਿਸਾਨ ਅੰਦੋਲਨ ਦੌਰਾਨ 'ਥਾਪੀਆਂ ਵਾਲੇ ਪਹਿਲਵਾਨਾਂ' ਦੀ ਅਸਲੀਅਤ

ਬਹੁਤ ਸਮਾਂ ਪਹਿਲਾਂ ਜਦੋਂ ਪਿੰਡਾਂ ਦੇ ਗੱਭਰੂਆਂ 'ਚ ਭਲਵਾਨੀ ਦਾ ਸ਼ੌਕ ਹੁੰਦਾ ਸੀ, ਸਾਡੇ ਪਿੰਡ ਦਾ ਇਕ ਪਹਿਲਵਾਨ ਸੀ, ਦਾਰੀ। ਆਮ ਪਹਿਲਵਾਨਾਂ ਦੇ ਉਲਟ ਉਹ ਚੁੱਪ ਰਹਿਣ ਵਾਲਾ ਸੀ। ਕੁਸ਼ਤੀ ਕਰਨ ਵੇਲੇ ਵੀ ਉਹ ਅਖਾੜੇ ਵਿਚ ਛੋਲ੍ਹੇ ਜਿਹੇ ਹੀ ਵੜਦਾ। ਪੱਟ 'ਤੇ ਥਾਪੀਆਂ ਮਾਰਨ ਦੀ ਉਸ ਨੂੰ ਬਹੁਤੀ ਆਦਤ ਨਹੀਂ ਸੀ ਅਤੇ ਨਾ ਹੀ ਉਹ ਡੌਲਿਆਂ ਦੀਆਂ ਛੱਲੀਆਂ ਨੂੰ ਬਹੁਤਾ ਭੜਕਾਉਂਦਾ। ਵਿਰੋਧੀ ਨੂੰ ਸਰਸਰੀ ਜਿਹੀ ਨਜ਼ਰ ਨਾਲ ਦੇਖ ਆਪਣੇ ਵਿਚ ਮਸਤ ਹੋ ਜਾਂਦਾ। ਕੁਸ਼ਤੀ ਸ਼ੁਰੂ ਹੋਣ ਤੋਂ ਪਹਿਲਾਂ ਦੂਜੇ ਪਹਿਲਵਾਨ ਨਾਲ ਨਿੱਘੀ ਹੱਥ ਘੁੱਟਣੀ ਕਰਦਾ। ਲਾਕੜੀ ਦਾ ਇਸ਼ਾਰਾ ਹੁੰਦੇ ਹੀ ਵਿਰੋਧੀ ਦੇ ਆਲੇ-ਦੁਆਲੇ ਇਕ ਦੋ ਚੱਕਰ ਲਾਉਂਦਾ, ਜਿਵੇਂ ਦੂਜੇ ਪਹਿਲਵਾਨ ਦੀ ਸਰੀਰਕ ਤਾਕਤ ਨੂੰ ਭਾਂਪ ਰਿਹਾ ਹੋਵੇ। ਫਿਰ ਇੱਕੋ ਦਮ ਦਾਅ-ਪੇਚਾਂ ਦੇ ਅਜਿਹੇ ਕਰਤੱਵ ਦਿਖਾਉਂਦਾ ਕਿ ਵਿਰੋਧੀ ਦੀਆਂ ਚੱਕਰੀਆਂ ਘੁੰਮਾ



**ਰਵਿੰਦਰ ਸਿੰਘ ਸੋਢੀ**
ਫੋਨ: 604-369-2371
ravindersodhi51@gmail.com

ਦਿੰਦਾ। ਆਪਣੀ ਪਹਿਲਵਾਨੀ ਦੇ ਦੌਰ ਵਿਚ ਉਹ ਤਿੰਨ-ਚਾਰ ਵਾਰ ਹੀ ਬਰਾਬਰੀ 'ਤੇ ਰਿਹਾ। ਹਰ ਵਾਰ ਉਸ ਦੀ ਜਿੱਤ ਪੱਕੀ ਹੁੰਦੀ ਸੀ। ਜਿੱਤਣ ਪਿਛੋਂ ਹੀ ਉਹ ਦੋ-ਚਾਰ ਵਾਰ ਪੱਟਾਂ 'ਤੇ ਹੱਥ ਮਾਰ ਕੇ ਅਖਾੜੇ ਵਿਚੋਂ ਬਾਹਰ ਆ ਜਾਂਦਾ। ਉਸ ਦੇ ਉਲਟ ਆਮ ਪਹਿਲਵਾਨ ਭਾਵੇਂ ਮਿਆਰੀ ਘੋਲ ਘੁਲਣ ਤੋਂ ਕੋਹਾਂ ਦੂਰ ਹੁੰਦੇ, ਪਰ ਬਿਨਾ ਕਿਸੇ ਕਾਰਨ ਹੀ ਪੱਟਾਂ 'ਤੇ ਹੱਥ ਮਾਰਦੇ ਰਹਿੰਦੇ। ਪਿੰਡ ਦੇ ਬਜੁਰਗ ਉਨ੍ਹਾਂ ਨੂੰ 'ਥਾਪੀਆਂ ਵਾਲੇ ਪਹਿਲਵਾਨ' ਹੀ ਕਹਿੰਦੇ।

ਭਾਰਤ ਵਿਚ ਬਹੁਤੇ ਰਾਜਸੀ ਨੇਤਾ ਵੀ ਬੱਸ ਥਾਪੀਆਂ ਮਾਰਨ ਜੋਗੇ ਹੀ ਹਨ। ਨੇਤਾ ਤਾਂ ਰਹੇ ਇਕ ਪਾਸੇ, ਉਨ੍ਹਾਂ ਦੇ ਪਿਛਲੱਗ ਹੀ ਮਾਣ ਨਹੀਂ। ਬੇਗਾਨੀ ਸ਼ਹਿ 'ਤੇ ਹੀ ਮੁੱਛਾਂ ਮੁਨਾਈ ਫਿਰਦੇ ਹਨ। ਆਪਣੇ ਆਪ ਨੂੰ ਨਾਢੂ ਖਾਂ ਦੇ ਸਾਲੇ ਹੀ ਸਮਝਦੇ ਰਹਿੰਦੇ ਹਨ। ਇਹ ਗੱਲ ਸਿਰਫ ਸਮੇਂ ਦੀ ਕੇਂਦਰੀ ਸਰਕਾਰ ਦੇ ਭਗਤਾਂ 'ਤੇ ਹੀ ਲਾਗੂ ਨਹੀਂ ਹੁੰਦੀ, ਸਗੋਂ ਸਾਰੀਆਂ ਰੰਗ-ਬਰੰਗੀਆਂ ਪਾਰਟੀਆਂ ਦੇ ਭਗਤਾਂ, ਪਿਛਲੱਗੂਆਂ, ਕੱਟੜ ਸਮਰਥਕਾਂ 'ਤੇ ਵੀ ਲਾਗੂ ਹੁੰਦੀ ਹੈ।

ਸਾਡਾ ਮੁੱਖ ਮੁੱਦਾ ਹੈ ਅੱਜ ਕੱਲ ਦੇ ਭਖਵੇਂ ਮਸਲੇ ਭਾਵ ਕਿਸਾਨਾਂ ਦੇ ਚੱਲ ਰਹੇ ਦੇਸ਼ ਵਿਆਪੀ ਅੰਦੋਲਨ 'ਤੇ। ਭਾਜਪਾ ਤੋਂ ਇਲਾਵਾ ਸਾਰੀਆਂ ਹੀ ਰਾਜਸੀ ਪਾਰਟੀਆਂ ਕਿਸਾਨਾਂ ਦੇ ਹੱਕ ਵਿਚ ਸੰਘ ਪਾੜ-ਪਾੜ ਕੇ ਰੌਲਾ ਪਾ ਰਹੀਆਂ ਹਨ। ਅਕਾਲੀ ਦਲ, ਜਿਨ੍ਹਾਂ ਦਾ ਭਾਜਪਾ ਨਾਲ ਨਹੁੰ-ਮਾਸ ਦਾ ਰਿਸ਼ਤਾ ਸੀ ਅਤੇ ਜਿਨ੍ਹਾਂ ਨੇ ਸ਼ੁਰੂ ਸ਼ੁਰੂ ਵਿਚ ਕਿਸਾਨਾ ਸਬੰਧੀ ਆਰਡੀਨੈਂਸਾਂ ਦੇ ਪੱਖ ਵਿਚ ਅਵਾਜ਼ ਉਠਾਈ ਸੀ, ਉਹ ਵੀ ਬਹੁਤਾ ਵਿਰੋਧ ਹੁੰਦਾ ਦੇਖ ਇਕੋ ਦਮ ਬਾਂਦਰ ਟਪੂਸੀ ਮਾਰ ਭਾਜਪਾ ਤੋਂ ਵੱਖ ਹੋ ਗਏ। ਕਾਂਗਰਸ ਤਾਂ ਮੁੱਢ ਤੋਂ ਹੀ ਇਨ੍ਹਾਂ ਬਿਲਾਂ ਦੀ ਵਿਰੋਧੀ ਸੀ।

ਅਸਲ ਵਿਚ ਦੇਖਿਆ ਜਾਵੇ ਤਾਂ ਸਾਰੀਆਂ ਵਿਰੋਧੀ ਪਾਰਟੀਆਂ ਦਾ ਇਹ ਦਿਖਾਵਾ ਕਿਸਾਨਾਂ ਦੇ ਖੈਰ-ਖਵਾਹ ਹੋਣ ਕਰਕੇ ਨਹੀਂ, ਸਗੋਂ ਭਾਜਪਾ ਵਿਰੋਧੀ ਹੋਣ ਕਰਕੇ ਹੈ। ਉਹ ਆਪਣੇ-ਆਪਣੇ ਸਮੇਂ ਕਿਸਾਨਾਂ ਦੀ ਕਿੰਨੀ ਕੁ ਬਾਂਹ ਫੜਦੇ ਰਹੇ ਹਨ, ਇਸ ਦਾ ਕਿਸਾਨਾਂ ਦੇ ਨਾਲ-ਨਾਲ ਉਨ੍ਹਾਂ ਨੂੰ ਆਪ ਵੀ ਚੰਗੀ ਤਰ੍ਹਾਂ ਪਤਾ ਹੈ। ਕਈਆਂ ਨੇ ਤਾਂ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਬਣਾਏ ਕਾਨੂੰਨਾਂ ਸਬੰਧੀ ਵਿਸਥਾਰ ਵਿਚ ਲਿਖਿਆ ਵੀ ਹੈ। ਵੱਖ ਵੱਖ ਸਮੇਂ ਕੇਂਦਰ ਦੀਆਂ ਕਾਂਗਰਸ ਸਰਕਾਰਾਂ ਫਸਲਾਂ ਦਾ ਨਿਰਧਾਰਤ ਮੁੱਲ ਤੈਅ ਕਰਨ ਵੇਲੇ ਜਿਹੜੀ ਕਿਰਸ ਵਰਤਦੀਆਂ ਸਨ, ਉਸ ਤੋਂ ਸਾਰੇ ਹੀ ਭਲੀਭਾਂਤ ਜਾਣੂ ਹਨ। ਹੁਣ ਉਹੀ ਕਾਂਗਰਸ ਟਾਹਰਾਂ ਮਾਰ ਰਹੀ ਹੈ ਕਿ ਕਿਸਾਨਾਂ ਨਾਲ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਕਾਲੀ-ਭਾਜਪਾ ਹਕੂਮਤ ਸਮੇਂ ਮੰਡੀਆਂ ਵਿਚ ਕਿਸਾਨਾਂ ਦੀ ਕੀ ਦੁਰਗਤ ਹੁੰਦੀ ਸੀ, ਸ਼ਾਇਦ ਉਹ ਭੁੱਲ ਚੁਕੇ ਹੋਣ, ਕਿਸਾਨ ਨਹੀਂ। ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨ ਵਿਚ ਸਿਰਫ ਦਿੱਲੀ ਦੀ ਆਮ ਪਾਰਟੀ ਸਰਕਾਰ ਨੇ ਪਹਿਲ ਕੀਤੀ ਹੈ। ਕਾਂਗਰਸ ਜਾਂ ਭਾਜਪਾ ਦੀਆਂ ਸਰਕਾਰਾਂ ਨੂੰ ਤਾਂ ਇਹ ਰਿਪੋਰਟ ਯਾਦ ਹੀ ਨਹੀਂ ਰਹੀ।

ਕੈਪਟਨ ਅਮਰਿੰਦਰ ਸਿੰਘ ਨੇ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਅਤੇ ਆਪਣੀ ਪਾਰਟੀ ਦੀ ਗਿਰ ਰਹੀ ਸ਼ਾਖ ਨੂੰ ਬਚਾਉਣ ਲਈ ਐਲਾਨ ਕਰ ਦਿੱਤਾ ਕਿ ਪੰਜਾਬ ਸਰਕਾਰ ਅਸੈਂਬਲੀ ਦਾ ਵਿਸ਼ੇਸ਼ ਸ਼ੈਸ਼ਨ ਬੁਲਾ ਕੇ ਕੇਂਦਰ ਵੱਲੋਂ ਪਾਸ ਕੀਤੇ ਕਾਨੂੰਨਾਂ ਨੂੰ ਰੱਦ ਕਰੇਗੀ। ਕੈਪਟਨ ਨੂੰ ਪਤਾ ਸੀ ਕਿ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੂੰ ਉਨ੍ਹਾਂ ਦਾ ਸਾਥ ਦੇਣਾ ਹੀ ਪਵੇਗਾ। ਇਸ ਤਰ੍ਹਾਂ ਦੇ ਪੈਂਤੜੇ ਨਾਲ ਉਹ ਕਿਸਾਨਾਂ ਦੀਆਂ ਵੋਟਾਂ ਪੱਕੀਆਂ ਕਰ ਲਵੇਗਾ ਅਤੇ ਆਮ ਜਨਤਾ ਵੱਲੋਂ ਹੋ ਰਹੀ ਕਾਂਗਰਸੀ ਸਰਕਾਰ ਦੀ ਨੁਕਤਾਚੀਨੀ ਤੋਂ ਵੀ ਬਚ ਜਾਵੇਗਾ। ਸੋ, ਪੰਜਾਬ ਦੀ ਹਰ ਫਰੰਟ 'ਤੇ ਫੇਲ੍ਹ ਕਾਂਗਰਸ ਸਰਕਾਰ ਨੇ ਇਕ ਤੀਰ ਨਾਲ ਕਈ ਨਿਸ਼ਾਨੇ ਫੁੰਡਣ ਦੀ ਸੋਚੀ। ਮੰਤਰੀ ਮੰਡਲ ਨੇ ਜਲਦੀ ਜਲਦੀ ਵਿਧਾਨ ਸਭਾ ਦਾ ਇਜਲਾਸ ਬੁਲਾਉਣ ਦਾ ਮਤਾ ਪਾਸ ਕਰ ਦਿੱਤਾ। ਲੋਕਾਂ ਅਤੇ ਵਿਸ਼ੇਸ਼ ਕਰਕੇ ਕਿਸਾਨਾਂ ਨੂੰ ਪ੍ਰਭਾਵਿਤ ਕਰਨ ਲਈ ਪੰਜਾਬ ਸਰਕਾਰ ਦੇ ਕਾਨੂੰਨੀ ਮਾਹਰਾਂ ਤੋਂ ਕਾਨੂੰਨੀ ਰਾਏ ਲੈਣ ਦਾ ਨਾਟਕ ਵੀ ਕੀਤਾ। ਜਿਵੇਂ ਕਿ ਆਸ ਸੀ ਕੇਂਦਰ ਦੇ ਬਣਾਏ ਤਿੰਨ ਕਾਨੂੰਨ ਰੱਦ ਕਰਨ ਦਾ ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ ਅਤੇ ਉਸ ਦੀ ਥਾਂ ਨਵੇਂ ਬਿਲ ਪਾਸ ਕਰਕੇ ਰਾਜਪਾਲ ਕੋਲ ਭੇਜ ਦਿੱਤੇ ਗਏ। ਜਿਹੜੀ ਗੱਲ ਅਸੀਂ ਉਪਰ ਕਹੀ ਸੀ ਕਿ ਅੱਜ ਕੱਲ ਦੇ ਬਹੁਤੇ ਰਾਜਸੀ ਨੇਤਾ ਦਿਖਾਵੇ ਲਈ ਥਾਪੀਆਂ ਮਾਰਨ ਜੋਗੇ ਹੀ ਹਨ, ਉਹ ਪੰਜਾਬ ਅਸੈਂਬਲੀ ਵੱਲੋਂ ਇਹ ਬਿਲ ਪਾਸ ਕਰਨ ਦੀ ਪ੍ਰਕਿਰਿਆ ਤੋਂ ਸਪਸ਼ਟ ਹੋ ਜਾਂਦੀ ਹੈ, ਕਿਉਂਕਿ ਅਜਿਹੀ ਪ੍ਰਕਿਰਿਆ ਪਾਣੀ ਵਿਚ ਮਧਾਣੀ ਮਾਰਨ ਤੋਂ ਵੱਧ ਕੁਝ ਨਹੀਂ।

ਜਿਨ੍ਹਾਂ ਨੂੰ ਸਾਡੇ ਦੇਸ਼ ਵਿਚ ਕੇਂਦਰ ਅਤੇ ਵੱਖ-ਵੱਖ ਰਾਜਾਂ ਵੱਲੋਂ ਕਾਨੂੰਨ ਬਣਾਉਣ ਦੇ ਨਿਯਮਾਂ ਦੀ ਜਾਣਕਾਰੀ ਹੈ, ਉਹ ਜਾਣਦੇ ਹਨ ਕਿ ਕਾਨੂੰਨ ਬਣਾਉਣ ਦੇ ਤਿੰਨ ਨਿਯਮ ਹਨ: ਕੁਝ ਮਸਲਿਆਂ ਉਤੇ ਤਾਂ ਸਿਰਫ ਕੇਂਦਰ ਸਰਕਾਰ ਹੀ ਕਾਨੂੰਨ ਬਣਾ ਸਕਦੀ ਹੈ (ਦੇਸ਼ ਦੀ ਰਖਿਆ ਲਈ, ਬਾਹਰਲੇ ਮੁਲਕਾਂ ਨਾਲ ਸਬੰਧ, ਰੇਲਵੇ, ਡਾਕ, ਮੁਦਰਾ ਅਤੇ ਹੋਰ ਕਈ); ਰਾਜ ਸਰਕਾਰਾਂ ਕੋਲ ਸਥਾਨਕ ਲੋੜਾਂ/ਹਾਲਾਤ ਨੂੰ ਮੁੱਖ ਰੱਖ ਕੇ ਕਾਨੂੰਨ ਬਣਾਉਣ ਦੇ ਅਧਿਕਾਰ (ਰਾਜ ਦੀ ਵਿਦਿਅਕ ਪ੍ਰਣਾਲੀ, ਆਬਕਾਰੀ, ਬਿਜਲੀ, ਐਕਸਾਈਜ਼, ਲੋਕਲ ਬਾਡੀਜ਼, ਡਾਕਟਰੀ, ਖੇਡਾਂ ਅਤੇ ਹੋਰ ਕਈ) ਅਤੇ ਤੀਜਾ ਸਾਂਝੀ ਸੂਚੀ। ਇਸ ਸੂਚੀ ਵਿਚੋਂ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ-ਦੋਵੇਂ ਹੀ ਕਾਨੂੰਨ ਬਣਾ ਸਕਦੀਆਂ ਹਨ; ਪਰ ਜੇ ਕੇਂਦਰ ਸਰਕਾਰ ਸਾਂਝੀ ਸੂਚੀ ਵਿਚੋਂ ਕਿਸੇ ਮਾਮਲੇ 'ਤੇ ਕਾਨੂੰਨ ਬਣਾਉਂਦੀ ਹੈ ਤਾਂ ਕੋਈ ਵੀ ਰਾਜ ਸਰਕਾਰ ਉਸ ਮਾਮਲੇ 'ਤੇ ਵੱਖਰਾ ਕਾਨੂੰਨ ਨਹੀਂ ਬਣਾ ਸਕਦੀ। ਜੇ ਬਣਾਵੇਗੀ ਤਾਂ ਕੇਂਦਰ ਸਰਕਾਰ ਵੱਲੋਂ ਬਣਾਇਆ ਕਾਨੂੰਨ ਹੀ ਮੰਨਿਆ ਜਾਵੇਗਾ। ਭਾਰਤੀ ਸੰਵਿਧਾਨ ਦੇ ਇਸ ਨਿਯਮ ਅਧੀਨ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਵੱਲੋਂ ਬਣਾਏ ਕਾਨੂੰਨਾਂ ਨੂੰ ਰੱਦ ਕਰਨਾ ਸੰਵਿਧਾਨ ਅਨੁਸਾਰ ਠੀਕ ਨਹੀਂ।

ਇਨ੍ਹਾਂ ਬਿਲਾਂ ਸਬੰਧੀ ਅਗਲੀ ਕਾਰਵਾਈ ਕੀ ਹੋ ਸਕਦੀ ਹੈ? ਪਹਿਲੀ ਗੱਲ ਤਾਂ ਇਹ ਹੈ ਕਿ ਹੋ ਸਕਦਾ ਹੈ ਕਿ ਰਾਜਪਾਲ ਇਸ ਬਿਲ ਨੂੰ ਪੰਜਾਬ ਸਰਕਾਰ ਨੂੰ ਮੁੜ ਵਿਚਾਰ ਕਰਨ ਲਈ ਵਾਪਸ ਭੇਜ ਦੇਵੇ। ਦੂਜੀ ਗੱਲ, ਰਾਜਪਾਲ ਇਸ ਬਿਲ ਨੂੰ ਲੰਮਾ ਸਮਾਂ ਆਪਣੇ ਕੋਲ ਰੱਖੀ ਬੈਠਾ ਰਹੇ। ਬਿਲ ਨੂੰ ਮਨਜੂਰ ਕਰਨ ਲਈ ਸਮੇਂ ਦੀ ਕੋਈ ਹੱਦ ਨਹੀਂ। ਪੰਜਾਬ ਦਾ ਮੌਜੂਦਾ ਰਾਜਪਾਲ, ਮੌਜੂਦਾ ਕੇਂਦਰ ਸਰਕਾਰ ਵੱਲੋਂ ਨਿਯੁਕਤ ਕੀਤਾ ਹੋਇਆ ਹੈ। ਅਜਿਹੇ ਮਸਲੇ 'ਤੇ ਉਹ ਕੇਂਦਰ ਸਰਕਾਰ ਵਿਰੁੱਧ ਨਹੀਂ ਜਾਵੇਗਾ। ਤੀਜਾ, ਰਾਜਪਾਲ ਇਹ ਬਿਲ ਰਾਸ਼ਟਰਪਤੀ ਕੋਲ ਭੇਜੇਗਾ। ਰਾਸ਼ਟਰਪਤੀ ਕੋਲ ਇਸ ਬਿਲ ਨੂੰ ਮਨਜੂਰ ਕਰਨ ਜਾਂ ਨਾਮਨਜ਼ੂਰ ਕਰਨ ਦਾ ਕੋਈ ਅਧਿਕਾਰ ਨਹੀਂ। ਉਹ ਇਸ ਬਿਲ ਨੂੰ ਕੇਂਦਰੀ ਮੰਤਰੀ ਮੰਡਲ ਕੋਲ ਭੇਜੇਗਾ। ਕੀ ਇਹ ਸੰਭਵ ਹੈ ਕਿ ਕੇਂਦਰੀ ਸਰਕਾਰ ਆਪਣੇ ਬਣਾਏ ਕਾਨੂੰਨਾਂ ਨੂੰ ਰੱਦ ਕਰਕੇ ਕਿਸੇ ਰਾਜ ਸਰਕਾਰ ਦੇ ਬਣਾਏ ਬਿਲ ਨੂੰ ਮਨਜੂਰ ਕਰ ਲਏ? ਇਸ ਦਾ ਉਤਰ ਤਾਂ ਸਭ ਨੂੰ ਪਤਾ ਹੀ ਹੈ। ਸੋ, ਮੌਜੂਦਾ ਪੰਜਾਬ ਸਰਕਾਰ ਤੋਂ ਕੀ ਇਹ ਪੁਛਿਆ ਜਾ ਸਕਦਾ ਹੈ ਕਿ ਅਜਿਹੇ ਬਿਲ ਪਾਸ ਕਰਨ ਦਾ ਕੀ ਲਾਭ? ਇਹ ਅਸਲ ਵਿਚ ਦਿਖਾਵੇ ਜਾ ਨੌਟੰਕੀ ਤੋਂ ਵੱਧ ਕੁਝ ਨਹੀਂ। ਸਰਕਾਰ ਕਹਿੰਦੀ ਹੈ ਕਿ ਉਨ੍ਹਾਂ ਨੇ ਕਾਨੂੰਨੀ ਸਲਾਹ ਲਈ ਹੈ। ਜੇ ਕਿਸੇ ਆਰ. ਟੀ. ਆਈ. ਕਾਰਕੁੰਨ ਨੇ ਆਰ. ਟੀ. ਆਈ. ਐਕਟ ਅਧੀਨ ਪੰਜਾਬ ਸਰਕਾਰ ਤੋਂ ਕਾਨੂੰਨੀ ਰਾਏ ਦੀ ਕਾਪੀ ਮੰਗ ਲਈ ਤਾਂ ਪੰਜਾਬ ਸਰਕਾਰ ਦਾ ਰੱਬ ਹੀ ਬੇਲੀ ਹੋਵੇਗਾ।

ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਕੈਪਟਨ ਨੇ ਪਾਣੀਆਂ ਦੇ ਸਾਰੇ ਸਮਝੌਤੇ ਰੱਦ ਕਰਨ ਦਾ ਬਿਲ ਪਾਸ ਕਰਵਾ ਲਿਆ ਸੀ, ਪਰ ਕੀ ਬਣਿਆ ਉਸ ਦਾ? ਅਦਾਲਤ ਨੇ ਨਾਮਨਜ਼ੂਰ ਕਰ ਦਿੱਤਾ। ਉਸ ਸਮੇਂ ਵੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਹਿਤੈਸ਼ੀ ਹੋਣ ਦਾ ਦਾਅਵਾ ਕੀਤਾ ਸੀ। ਉਨ੍ਹਾਂ ਦੇ ਨਜ਼ਦੀਕੀਆਂ ਨੇ ਪਤਾ ਨਹੀਂ ਕੈਪਟਨ ਲਈ ਕੀ ਕੀ ਵਿਸ਼ੇਸ਼ਣ ਵਰਤੇ ਸਨ; ਪਰ ਜਦੋਂ ਸੁਪਰੀਮ ਕੋਰਟ ਨੇ ਉਹ ਕਾਨੂੰਨ ਮਨਸੂਖ ਕਰ ਦਿੱਤਾ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਸਰਕਾਰ ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਅਦਾਲਤ ਵਿਚ ਪੈਰਵੀ ਠੀਕ ਨਹੀਂ ਕੀਤੀ। ਹੁਣ ਵੀ ਮੁੱਖ ਮੰਤਰੀ ਦੇ ਨਜ਼ਦੀਕੀ ਨਵੇਂ ਬਿਲਾਂ ਕਾਰਨ ਉਨ੍ਹਾਂ ਨੂੰ ਕਿਸਾਨਾਂ ਦਾ ਰਾਖਾ, ਹਮਦਰਦ, ਹਿਤੈਸ਼ੀ ਵਗੈਰਾ ਵਗੈਰਾ ਕਹਿ ਰਹੇ ਨੇ ਅਤੇ ਕਈ ਇਸ ਨੂੰ ਕੈਪਟਨ ਅਮਰਿੰਦਰ ਸਿੰਘ ਦਾ 'ਮਾਸਟਰ ਸਟ੍ਰੋਕ' ਕਹਿ ਰਹੇ ਹਨ; ਪਰ ਕਾਨੂੰਨ ਦੀ ਨਿਗ੍ਹਾ ਵਿਚ ਇਸ ਬਿਲ ਦੀ ਕੋਈ ਵੁੱਕਤ ਨਹੀਂ। ਕਾਗਜ਼ੀ ਪਹਿਲਵਾਨਾਂ ਵਾਂਗ ਪੱਟਾਂ 'ਤੇ ਥਾਪੀਆਂ ਮਾਰਨ ਜਿਹਾ ਹੀ ਹੈ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਵੀ ਇਸੇ ਕਰਕੇ ਸਾਥ ਦਿੱਤਾ ਕਿ ਕਿਸਾਨਾਂ ਨੂੰ ਖੁਸ਼ ਕਰ ਕੇ ਮੌਕਾ ਸੰਭਾਲ ਲਉ। ਅਕਾਲੀਆਂ ਦੀ ਦੋਗਲੀ ਨੀਤੀ ਕਰਕੇ ਪਿੰਡਾਂ ਦਾ ਵੋਟ ਬੈਂਕ ਖਿੰਡ ਰਿਹਾ ਹੈ, ਆਮ ਆਦਮੀ ਪਾਰਟੀ ਨੇ ਆਪਣਾ ਆਧਾਰ ਮਜਬੂਤ ਕਰਨਾ ਹੈ, ਕਾਂਗਰਸ ਨੇ ਚੋਣ ਵਾਅਦੇ ਪੂਰੇ ਨਾ ਕਰਨ ਕਰਕੇ ਹੋ ਰਹੀ ਥੂ ਥੂ ਨੂੰ ਕੁਝ ਬ੍ਰੇਕ ਲਾਉਣੀ ਹੈ।

ਕਈ ਰਾਜਸੀ ਮਾਹਿਰ ਇਹ ਵੀ ਕਹਿ ਰਹੇ ਹਨ ਕੇ ਹੋ ਸਕਦਾ ਹੈ ਕਿ ਕੇਂਦਰ ਸਰਕਾਰ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦੇਵੇ! ਪਰ ਭਾਜਪਾ ਅਜਿਹਾ ਮੂਰਖਤਾਨਾ ਕਦਮ ਨਹੀਂ ਚੁੱਕੇਗੀ। ਜੇ ਪੰਜਾਬ ਸਰਕਾਰ ਭੰਗ ਕਰ ਦਿੱਤੀ ਜਾਂਦੀ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਮੱਲੋ-ਮੱਲੀ ਲੋਕਾਂ 'ਚ ਥਾਂ ਬਣ ਜਾਵੇਗੀ। ਅਗਲੀਆਂ ਚੋਣਾਂ ਵਿਚ ਉਹ ਕਹੇਗਾ ਕਿ ਜਦੋਂ ਉਸ ਦੀ ਸਰਕਾਰ ਚੋਣ ਵਾਅਦੇ ਪੂਰੇ ਕਰਨ ਦੀ ਸਥਿਤੀ ਵਿਚ ਸੀ, ਪਰ ਉਸ ਨੂੰ ਮੌਕਾ ਨਹੀਂ ਦਿੱਤਾ ਗਿਆ। ਕਾਂਗਰਸੀ ਸਰਕਾਰ ਆਪਣੀ ਮਾੜੀ ਕਾਰਗੁਜ਼ਰੀ ਦੀ ਆਲੋਚਨਾ ਤੋਂ ਬਚ ਜਾਵੇਗੀ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵਾਲੇ ਸ਼ਰੀਕ ਦਾ ਮੱਕੂ ਠੱਪੇ ਜਾਣ ਤੋਂ ਬਾਗੋ ਬਾਗ ਹੋ ਜਾਣਗੇ। ਦੂਜਾ ਉਨ੍ਹਾਂ ਨੂੰ ਇਹ ਖੁਸ਼ੀ ਹੋਵੇਗੀ ਕਿ ਚੋਣਾਂ ਸਮੇਂ ਕਾਂਗਰਸ ਨੂੰ ਘਪਲੇ ਕਰਨ ਦਾ ਮੌਕਾ ਨਹੀਂ ਮਿਲੇਗਾ। ਪਰ ਭਾਜਪਾ ਲਈ ਮੁੱਖ ਚੁਣੌਤੀ ਕਿਸਾਨ ਅੰਦੋਲਨ ਨੂੰ ਨਜਿੱਠਣ ਦੀ ਹੋ ਜਾਵੇਗੀ। ਇਸ ਲਈ ਸ਼ਾਇਦ ਉਹ ਪੰਜਾਬ ਸਰਕਾਰ ਭੰਗ ਕਰਨ ਤੋਂ ਗੁਰੇਜ ਹੀ ਕਰਨ।

ਦੇਖਣਾ ਇਹ ਹੈ ਕਿ ਕੀ ਕਿਸਾਨਾਂ ਨੂੰ ਅਜਿਹੀ ਨੌਟੰਕੀ ਕਰਨ ਵਾਲੇ ਨੇਤਾਵਾਂ 'ਤੇ ਵਿਸ਼ਵਾਸ ਹੈ? ਜਵਾਬ ਹੈ, ਨਹੀਂ। ਕਿਸਾਨਾਂ ਨੂੰ ਭਲੀਭਾਂਤ ਇਹ ਪਤਾ ਲੱਗ ਚੁਕਾ ਹੈ ਕਿ ਕੈਪਟਨ ਦਾ ਪੰਜਾਬ ਵਿਧਾਨ ਸਭਾ ਵਿਚੋਂ ਬਿਲ ਪਾਸ ਕਰਵਾਉਣਾ ਨਿਰੋਲ ਕਾਗਜ਼ੀ ਕਾਰਵਾਈ ਹੀ ਹੈ। ਦੂਜੀਆਂ ਦੋ ਵਿਰੋਧੀ ਪਾਰਟੀਆਂ ਵੱਲੋਂ ਬਿਲਾਂ ਦੀ ਹਮਾਇਤ ਕਰਨੀ ਵੀ ਨਾਟਕ ਦਾ ਇਕ ਹਿੱਸਾ ਹੀ ਹੈ। ਕਦੇ ਕਾਂਗਰਸ ਨੇ ਦਿੱਲੀ ਤੋਂ ਰਾਹੁਲ ਗਾਂਧੀ ਨੂੰ ਬੁਲਾ ਕੇ ਟਰੈਕਟਰ ਰੈਲੀ ਕੱਢ ਲਈ, ਕਦੇ ਅਕਾਲੀਆਂ ਨੇ ਕੀਮਤੀ ਗੱਡੀਆਂ ਵਿਚ ਬੈਠ ਕਿਸਾਨਾਂ ਦੇ ਹੱਕ ਵਿਚ ਰੈਲੀ ਕੱਢ ਆਪਣੇ ਵੋਟ ਬੈਂਕ ਨੂੰ ਪ੍ਰਭਾਵਿਤ ਕਰ ਲਿਆ। ਆਮ ਆਦਮੀ ਪਾਰਟੀ ਵਿਚ ਕਿਸਾਨਾਂ ਨਾਲ ਜੋ ਹਮਦਰਦੀ ਜਤਾ ਰਹੀ ਹੈ, ਉਹ ਵੀ ਰਾਜਨੀਤੀ ਤੋਂ ਹੀ ਪ੍ਰੇਰਿਤ ਹੈ। ਅਸਲ ਵਿਚ ਤਾਂ ਕਿਸਾਨ ਆਪਣੀ ਲੜਾਈ ਖੁਦ ਹੀ ਲੜ ਰਹੇ ਹਨ, ਉਹ ਵੀ ਨੰਗੇ ਧੜ। ਪੰਜਾਬ ਦੀ ਕਿਸੇ ਵੀ ਰਾਜਸੀ ਤਾਕਤ ਨੇ ਕਿਸਾਨਾਂ ਦੇ ਝੰਡੇ ਹੇਠ ਇੱਕਠੇ ਹੋਣ ਦਾ ਜਿਗਰਾ ਨਹੀਂ ਦਿਖਾਇਆ, ਪਰ ਕਿਸਾਨਾਂ ਨੇ ਆਪਣੀ ਰਾਜਸੀ ਸੂਝ ਦਾ ਪ੍ਰਗਟਾਵਾ ਕਰਦਿਆਂ ਆਪਣੇ ਅੰਦੋਲਨ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ ਹੋਈ ਹੈ, ਸੰਜਮ ਤੋਂ ਕੰਮ ਲਿਆ ਹੈ, ਤੋੜ-ਫੋੜ ਤੋਂ ਗੁਰੇਜ ਕੀਤਾ ਹੈ। ਇਸੇ ਲਈ ਆਮ ਜਨਤਾ ਵੀ ਉਨ੍ਹਾਂ ਨੂੰ ਸਹਿਯੋਗ ਦੇ ਰਹੀ ਹੈ। ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਰੇਲ ਗੱਡੀਆਂ ਨੂੰ ਚਲਾਉਣ ਦੀ ਹਾਮੀ ਵੀ ਭਰ ਦਿੱਤੀ। ਇਹ ਤਾਂ ਕੇਂਦਰੀ ਸਰਕਾਰ ਦੀ ਬਚਕਾਨਾ ਅਤੇ ਨਾ ਸਮਝੀ ਹੈ ਕਿ ਉਹ ਸ਼ਰਤ ਲਾ ਰਹੇ ਹਨ ਕਿ ਮਾਲ ਗੱਡੀਆਂ ਤਾਂ ਚੱਲਣੀਆਂ, ਜੇ ਮੁਸਾਫਿਰ ਗੱਡੀਆਂ ਚੱਲਣਗੀਆਂ। ਇਹ ਕੇਂਦਰੀ ਸਰਕਾਰ ਦੀ ਹੱਠ ਧਰਮੀ ਹੈ ਅਤੇ ਉਨ੍ਹਾਂ ਦੇ ਅੜੀਅਲ ਰਵਈਏ ਤੋਂ ਪਤਾ ਚਲਦਾ ਹੈ ਕਿ ਉਹ ਕਿਸੇ ਕਿਸਮ ਦੇ ਸਮਝੌਤੇ ਤੋਂ ਟਾਲਾ ਵੱਟ ਰਹੇ ਹਨ। ਉਨ੍ਹਾਂ ਨੂੰ ਸ਼ਾਇਦ ਇਹ ਨਹੀਂ ਪਤਾ ਕੇ ਲੋਕ ਰੋਹ ਦਾ ਸਾਹਮਣਾ ਸਿਆਣਪ ਨਾਲ ਕੀਤਾ ਜਾਂਦਾ ਹੈ, ਆਕੜ ਨਾਲ ਨਹੀਂ।

ਇਹ ਅੰਦੋਲਨ ਹੁਣ ਦੇਸ਼ ਵਿਆਪੀ ਪਸਰ ਰਿਹਾ ਹੈ। ਅੱਜ ਨਹੀਂ ਤਾਂ ਕੱਲ ਕੇਂਦਰੀ ਨੂੰ 'ਮੈਂ ਨਾ ਮਾਨੂੰ' ਵਾਲਾ ਰਵੱਈਆ ਤਿਆਗ ਕੇ ਕਿਸਾਨਾਂ ਨਾਲ ਕੋਈ ਸਮਝੌਤਾ ਕਰਨਾ ਹੀ ਪਵੇਗਾ।

# ਕੇਂਦਰੀ ਸਰਕਾਰ ਦਾ ਅੜੀਅਲ ਰਵੱਈਆ ਰਾਜ ਸਬੰਧਾਂ ਲਈ ਘਾਤਕ

ਕੇਂਦਰ ਸਰਕਾਰ ਦੇ 'ਮੈਂ ਨਾ ਮਾਨੂੰ' ਵਾਲੇ ਅੱਖੜ ਰਵੱਈਏ ਨੇ ਪੰਜਾਬ ਨੂੰ ਚੌਰਾਹੇ 'ਤੇ ਲਿਆ ਖੜ੍ਹਾ ਕੀਤਾ ਹੈ। ਆਪਸੀ ਟਕਰਾਓ ਵਧਣ ਦੇ ਆਸਾਰ ਬਣਦੇ ਜਾ ਰਹੇ ਹਨ। ਦੂਜੇ ਪਾਸੇ ਕਿਸਾਨ ਯੂਨੀਅਨਾਂ ਨੇ ਪੰਜ ਨਵੰਬਰ ਨੂੰ 12 ਤੋਂ 4 ਵਜੇ ਤਕ ਦੇਸ਼ ਵਿਆਪੀ ਚੱਕਾ ਜਾਮ ਕਰਨ ਤੇ ਦੂਜੇ ਪੜਾਅ ਵਜੋਂ 26 ਤੇ 27 ਨਵੰਬਰ 2020 ਨੂੰ 'ਦਿੱਲੀ ਚਲੋ' ਦਾ ਫੈਸਲਾ ਕਰਕੇ ਆਰ-ਪਾਰ ਦੀ



**ਸੁਕੰਨਿਆਂ ਭਾਰਦਵਾਜ ਨਾਭਾ**
ਫੋਨ: 815-307-3112

ਲੜਾਈ ਵਿੱਢ ਦਿੱਤੀ ਹੈ। ਇਹ ਫੈਸਲਾ ਪਿਛਲੇ ਦਿਨੀਂ ਦਿੱਲੀ ਵਿਖੇ 300 ਤੋਂ ਉਪਰ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਵਿਚ ਕੀਤਾ ਸੀ। ਕੇਂਦਰ ਕਿਸੇ ਤਰ੍ਹਾਂ ਵੀ ਨਵੇਂ ਬਣਾਏ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਮੂਡ ਵਿਚ ਨਹੀਂ, ਜਿਸ ਨਾਲ ਦੇਸ਼ ਵਿਆਪੀ ਰੋਹ ਫੈਲ ਗਿਆ ਹੈ। ਭਾਵੇਂ ਕੌਮੀ ਮੀਡੀਆ ਕਿਸਾਨਾਂ ਦੇ ਇਸ ਅੰਦੋਲਨ ਤੋਂ ਦੂਰੀ ਬਣਾ ਕੇ ਚਲ ਰਿਹਾ ਹੈ, ਪਰ ਸ਼ੋਸ਼ਲ ਮੀਡੀਆ ਤੇ ਵਿਦੇਸ਼ੀ ਪੰਜਾਬੀ ਮੀਡੀਆ ਵਲੋਂ ਕਿਸਾਨ ਅੰਦੋਲਨ ਦੀ ਖੁੱਲ੍ਹੀ ਹਮਾਇਤ ਨੇ ਅੰਦੋਲਨਕਾਰੀਆਂ ਦਾ ਹੌਸਲਾ ਬੁਲੰਦ ਕੀਤਾ ਹੋਇਆ ਹੈ।

ਪੰਜਾਬ ਵਿਚ ਕਿਸਾਨ ਸੰਘਰਸ਼ ਭਾਜਪਾ ਆਗੂਆਂ ਦੇ ਘਰਾਂ, ਦਫਤਰਾਂ, ਟੋਲ ਪਲਾਜ਼ਿਆਂ, ਮਾਲਾਂ, ਰੇਲਵੇ ਸਟੇਸ਼ਨਾਂ ਅਤੇ ਹੋਰ ਥਾਂਵਾਂ 'ਤੇ ਬਾਦਸਤੂਰ ਜਾਰੀ ਹੈ। ਰੇਲ ਵਿਭਾਗ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਰੇਲਵੇ ਟਰੈਕਾਂ ਨੂੰ ਖਾਲੀ ਕਰਵਾਉਣ ਦੇ ਆਦੇਸ਼ ਉਤੇ ਕਿਸਾਨ ਆਗੂਆਂ ਨੇ ਆਪਣਾ ਪੁਰਾਣਾ ਵਾਅਦਾ ਦੁਹਰਾਇਆ ਕਿ ਉਹ ਮਾਲ ਗੱਡੀਆਂ ਨੂੰ ਹੀ ਲੰਘਣ ਦੇਣਗੇ, ਸਵਾਰੀ ਗੱਡੀਆਂ ਨੂੰ ਨਹੀਂ। ਇਸ ਲਈ 21 ਅਕਤੂਬਰ ਤੋਂ ਪੰਜਾਬ ਸਰਕਾਰ ਦੇ ਮੰਤਰੀਆਂ ਨਾਲ ਮੀਟਿੰਗ ਪਿਛੋਂ ਉਨ੍ਹਾਂ ਆਪਣੇ ਧਰਨੇ ਚੁੱਕ ਕੇ ਰੇਲਵੇ ਪਲੈਟਫਾਰਮਾਂ 'ਤੇ ਲਾ ਲਏ ਸਨ, ਪਰ ਪ੍ਰਾਈਵੇਟ ਥਰਮਲ ਪਲਾਂਟਾਂ (ਰਾਜਪੁਰਾ, ਗੋਇੰਦਵਾਲ ਤੇ ਰੋਪੜ) ਨੂੰ ਕੋਈ ਗੱਡੀ ਨਾ ਜਾਣ ਦੇਣ 'ਤੇ ਬਜ਼ਿਦ ਹਨ। ਉਸ ਤੋਂ ਤੁਰੰਤ ਬਾਅਦ ਹੀ ਕੇਂਦਰ ਨੇ ਪੰਜਾਬ ਨੂੰ ਜਾਣ ਵਾਲੀਆਂ ਗੱਡੀਆਂ ਆਪਣੇ ਪੱਧਰ 'ਤੇ ਬੰਦ ਕਰ ਦਿੱਤੀਆਂ ਸਨ।

ਲੋਕਾਂ ਦਾ ਗੁੱਸਾ ਕੇਂਦਰ ਸਰਕਾਰ ਦੇ ਨਾਲ ਕਾਰਪੋਰੇਟ ਘਰਾਣਿਆਂ ਵੱਲ ਵੱਧ ਰਿਹਾ ਹੈ। ਬੀਬੀਆਂ, ਬਜੁਰਗਾਂ, ਬੱਚਿਆਂ, ਨੌਜਵਾਨਾਂ, ਹਰ ਵਰਗ, ਧਰਮ, ਛੋਟੇ ਵਪਾਰੀਆਂ, ਆੜਤੀਆਂ, ਪੱਲੇਦਾਰਾਂ, ਮੁਲਾਜ਼ਮਾਂ ਆਦਿ ਦਾ ਭਾਰੀ ਸਮਰਥਨ ਕਿਸਾਨ ਸੰਘਰਸ਼ ਨੂੰ ਮਿਲ ਰਿਹਾ ਹੈ। ਪੰਜਾਬੀ ਕਲਾ ਜਗਤ ਦੇ ਕਲਾਕਾਰ, ਅਦਾਕਾਰ, ਗੀਤਕਾਰ ਸਮੇਤ ਸਮੂਹ ਅਮਲਾ ਫੈਲਾ ਪਹਿਲੇ ਦਿਨ ਤੋਂ ਹੀ ਕਿਸਾਨਾਂ ਦੇ ਹਰ ਧਰਨੇ ਵਿਚ ਸ਼ਿੱਦਤ ਨਾਲ ਸ਼ਮੂਲੀਅਤ ਕਰ ਰਿਹਾ ਹੈ। ਮੁਸਲਮਾਨ ਵੀਰਾਂ ਨੇ ਤਾਂ ਕਈ ਥਾਂਵਾਂ 'ਤੇ ਆਪਣੀ ਨਮਾਜ਼ ਵੀ ਕਿਸਾਨਾਂ



ਦੇ ਧਰਨੇ ਵਾਲੇ ਟੈਂਟਾਂ ਵਿਚ ਅਦਾ ਕੀਤੀ ਹੈ। ਕਿਸਾਨੀ/ਪੰਜਾਬ ਨੂੰ ਬਚਾਉਣ ਹਿੱਤ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਆਈ. ਡੀ. ਪੀ. ਦੇ ਸਹਿਯੋਗ ਨਾਲ ਜਲ੍ਹਿਆਵਾਲਾ ਬਾਗ, ਅੰਮ੍ਰਿਤਸਰ ਤੋਂ 'ਪਿੰਡ ਬਚਾਓ, ਪੰਜਾਬ ਬਚਾਓ' ਪੈਦਲ ਯਾਤਰਾ ਸ਼ੁਰੂ ਕਰ ਦਿੱਤੀ ਹੈ।

ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਵੀ ਕਿਸਾਨਾਂ ਦੇ ਹੱਕ ਵਿਚ ਅਵਾਜ਼ ਉਠਾਉਣ ਨਾਲ ਇਹ ਲੜਾਈ ਇਕੱਲੇ ਕਿਸਾਨਾਂ ਦੀ ਨਾ ਹੋ ਕੇ ਪੰਜਾਬ ਤੇ ਕੇਂਦਰ ਸਰਕਾਰ ਵਿਚ ਸਿੱਧੀ ਹੋ ਗਈ ਹੈ। ਕੇਂਦਰ ਸਰਕਾਰ ਪੰਜਾਬ ਨੂੰ ਤੰਗ ਕਰਨ ਲਈ ਹਰ ਹਰਬਾ ਵਰਤ ਰਹੀ ਹੈ। ਮੋਦੀ ਸਰਕਾਰ ਡੇਢ ਸੌ ਸਾਲ ਪੁਰਾਣੀ ਪੰਜਾਬ ਯੂਨੀਵਰਸਿਟੀ ਚੰਡੀਗੜ ਦੀ ਸੈਨੇਟ ਖਤਮ ਕਰਕੇ ਕੇਂਦਰੀ ਬੋਰਡ ਬਣਾਉਣ ਜਾ ਰਹੀ ਹੈ। ਪੰਜਾਬ ਦੇ 28 ਪਿੰਡਾਂ ਨੂੰ ਉਜਾੜ ਕੇ ਬਣਾਈ ਇਸ ਯੂਨੀਵਰਸਿਟੀ ਵਿਚ ਹਰਿਆਣਾ, ਹਿਮਾਚਲ ਸਮੇਤ ਬਾਹਰਲੇ ਸੂਬਿਆਂ ਵਿਚੋਂ ਵੀ ਵਿਦਿਆਰਥੀ ਪੜ੍ਹਨ ਲਈ ਆਉਂਦੇ ਹਨ ਤੇ ਇੱਕ ਸਾਂਝਾ ਸਭਿਆਚਾਰ ਵੇਖਣ ਨੂੰ ਮਿਲਦਾ ਹੈ। ਹੁਣ ਪੰਜਾਬ ਦੇ ਆਧਾਰ ਨੂੰ ਖਤਮ ਕਰਨ ਲਈ ਕੇਂਦਰ ਵਲੋਂ ਵਾਈਸ ਚਾਂਸਲਰ ਦੇ ਬਰਾਬਰ ਆਪਣਾ ਅਧਿਕਾਰੀ ਨਿਯੁਕਤ ਕੀਤਾ ਜਾਵੇਗਾ। ਇਸ ਯੂਨੀਵਰਸਿਟੀ ਦਾ ਚਾਂਸਲਰ ਦੇਸ਼ ਦਾ ਉਪ ਰਾਸ਼ਟਰਪਤੀ, ਜਦੋਂ ਕਿ ਪੰਜਾਬ ਦੀਆਂ ਬਾਕੀ ਯੂਨੀਵਰਸਿਟੀਆਂ ਦਾ ਚਾਂਸਲਰ ਗਵਰਨਰ ਹੁੰਦਾ ਹੈ; ਪਰ ਸੈਨੇਟ ਅਧਿਆਪਕ, ਵਿਦਿਆਰਥੀ ਯੂਨੀਅਨਾਂ ਤੇ ਪ੍ਰਬੰਧਾਂ ਵਿਚ ਪੰਜਾਬ ਦੀ ਝੰਡੀ ਰਹਿੰਦੀ ਹੈ। ਇਥੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ, ਮਰਹੂਮ ਕੇਂਦਰੀ ਮੰਤਰੀ ਸ਼ੁਸ਼ਮਾ ਸਵਰਾਜ, ਨੋਬਲ ਇਨਾਮ ਵਿਜੇਤਾ ਹਰਗੋਬਿੰਦ ਖੁਰਾਣਾ ਸਮੇਤ ਬਹੁਤ ਸਾਰੀਆਂ ਉਘੀਆਂ ਸ਼ਖਸੀਅਤਾਂ ਨੇ ਉਚ ਸਿਖਿਆ ਪ੍ਰਾਪਤ ਕੀਤੀ। ਗੱਲ ਕੀ, ਹਰ ਖੇਤਰ ਦੀਆਂ ਨਾਮੀ ਸ਼ਖਸੀਅਤਾਂ ਦੇ ਵਿਅਕਤੀਤਵ ਨਿਰਮਾਣ ਵਿਚ ਇਸ ਯੂਨੀਵਰਸਿਟੀ ਦਾ ਵਿਸ਼ੇਸ਼ ਯੋਗਦਾਨ ਹੈ।

ਇਸ ਤੋਂ ਪਹਿਲਾਂ ਅਕਾਲੀ ਸਰਕਾਰ ਵੇਲੇ ਐਨ. ਸੀ. ਆਰ. ਟੀ. ਦੀਆਂ ਕਿਤਾਬਾਂ ਵਿਚ ਸਾਡੇ ਕੌਮੀ ਪ੍ਰਵਾਨਿਆਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਅਤਿਵਾਦੀ ਲਿਖਿਆ ਗਿਆ। ਪੰਚਮ ਪਾਤਸ਼ਾਹ ਗੁਰੂ ਅਰਜੁਨ ਦੇਵ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਖਿਲਾਫ ਵੀ ਭੱਦੀ ਸ਼ਬਦਾਵਲੀ ਲਿਖੀ ਗਈ ਤੇ ਉਨ੍ਹਾਂ ਦੀ

*(ਬਾਕੀ ਅਗਲੇ ਸਫੇ 'ਤੇ)*

# ਖਤਰੇ ਵਿਚ ਭਾਰਤ ਦੀ ਧਰਮ-ਨਿਰਪੱਖਤਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਮੈਨੂੰ ਇਸ ਵੇਲੇ ਨਹੀਂ ਪਤਾ ਕਿ ਬਿਹਾਰ ਕੀ ਨਤੀਜੇ ਪੇਸ਼ ਕਰੇਗਾ, ਪਰ ਉਸ ਰਾਜ ਵਿਚ ਹਵਾ ਭਾਜਪਾ ਤੇ ਉਸ ਦੇ ਭਾਈਵਾਲ ਨਿਤੀਸ਼ ਕੁਮਾਰ ਵਾਲੇ ਜਨਤਾ ਦਲ ਯੁਨਾਈਟਿਡ ਦੇ ਪੱਖ ਵਿਚ ਬਹੁਤੀ ਨਹੀਂ ਜਾਪਦੀ। ਪਿਛਲੀ ਵਾਰੀ ਨਿਤੀਸ਼ ਕੁਮਾਰ ਨੇ ਲਾਲੂ ਪ੍ਰਸਾਦ ਯਾਦਵ ਨਾਲ ਸਾਂਝ ਪਾ ਲਈ ਸੀ, ਇਸ ਵਾਰੀ ਭਾਜਪਾ ਨਾਲ ਹੈ ਤੇ ਅਗਲੀ ਵਾਰੀ ਉਹ ਕਿਸ ਨਾਲ ਖੜੋਵੇਗਾ, ਇਹੋ ਜਿਹੇ ਚੁਫੇਰਗੜ੍ਹੀਏ ਬੰਦਾ ਦਾ ਕੋਈ ਪਤਾ ਹੀ ਨਹੀਂ। ਇਹ ਆਦਮੀ ਵੀ ਕਿਸੇ ਵਕਤ ਭਾਰਤ ਵਿਚ ਧਰਮ ਨਿਰਪੱਖਤਾ ਦਾ ਝੰਡਾ-ਬਰਦਾਰ ਬਣਿਆ ਫਿਰਦਾ ਸੀ ਤੇ ਦੇਸ਼ ਦੀ ਮੁੱਖ ਧਾਰਾ ਦੇ ਆਗੂਆਂ ਨੂੰ ਹਰਮਨ ਪਿਆਰਾ ਵੀ ਲੱਗਦਾ ਸੀ, ਕਿਉਂਕਿ ਇਸ ਨੇ ਨਰਿੰਦਰ ਮੋਦੀ ਨਾਲ ਆਢਾ ਲਿਆ ਸੀ। ਮਸਾਂ ਛੇ ਮਹੀਨੇ ਲੰਘੇ ਸਨ ਕਿ ਇਹ ਨਰਿੰਦਰ ਮੋਦੀ ਵੱਲੋਂ ਮਿਲਿਆ ਸੱਦਾ ਮੰਨ ਕੇ ਉਸ ਦੇ ਘਰ ਜਾ ਵੜਿਆ ਅਤੇ ਦਿੱਲੀ ਵਿਚ ਕੌਮੀ ਪਾਰਟੀਆਂ ਦੇ ਗੱਠਜੋੜ ਦੇ ਨੇਤਾ ਮੀਟਿੰਗ ਵਿਚ ਇਸ ਦੀ ਉਡੀਕ ਕਰਦੇ ਰਹੇ ਸਨ। ਜਦੋਂ ਇਸ ਨੇ ਨਰਿੰਦਰ ਮੋਦੀ ਨਾਲ ਆਢਾ ਲਿਆ ਸੀ, ਓਦੋਂ ਖਾਸ ਵਜ੍ਹਾ ਇਹ ਸੀ ਕਿ ਇਸ ਨੂੰ ਭਾਜਪਾ ਦੇ ਅਟਲ ਬਿਹਾਰੀ ਵਾਜਪਾਈ ਧੜੇ ਦੀ ਚੁੱਕਣਾ ਮਿਲੀ ਸੀ ਕਿ ਮੋਦੀ ਦੇ ਪੈਰ ਨਹੀਂ ਲੱਗਣ ਦੇਣੇ ਤੇ ਫਿਰ ਉਹੀ ਵਾਜਪਾਈ ਧੜਾ ਜਦੋਂ ਮੋਦੀ ਅੱਗੇ ਨੀਵੀਂ ਪਾ ਬੈਠਾ ਤਾਂ ਇਸ ਨੂੰ ਇੱਕਦਮ ਮੋੜਾ ਕੱਟਣਾ ਔਖਾ ਜਾਪਣ ਕਰ ਕੇ ਆਢਾ ਲੈਣਾ ਮਜਬੂਰੀ ਬਣ ਗਿਆ ਸੀ। ਲਾਲੂ ਪ੍ਰਸਾਦ ਅਤੇ ਕਾਂਗਰਸ ਦੀ ਸਾਂਝ ਦੌਰਾਨ ਨਰਿੰਦਰ ਮੋਦੀ ਨਾਲ ਚੋਣ ਆਢਾ ਲੈਣ ਤੋਂ ਪਹਿਲਾਂ ਇਹੋ ਨਿਤੀਸ਼ ਕੁਮਾਰ ਇੱਕ ਵਾਰ ਗੁਜਰਾਤ ਦੇ ਇੱਕ ਸਮਾਗਮ ਵਿਚ ਇਹ ਗੱਲ ਕਹਿ ਚੁਕਾ ਸੀ ਕਿ ਮੋਦੀ ਵਰਗਾ ਪ੍ਰਸ਼ਾਸਕ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਹੋਣਾ ਚਾਹੀਦਾ ਹੈ। ਬਾਅਦ ਵਿਚ ਇਹੋ ਨਿਤੀਸ਼ ਕੁਮਾਰ ਉਸੇ ਮੋਦੀ ਵਿਰੁੱਧ ਬਿਹਾਰ ਦੇ ਲੋਕਾਂ ਤੋਂ ਜੀਨ ਦੇ ਸੈਂਪਲ ਇਕੱਠੇ ਕਰਦਾ ਫਿਰਦਾ ਸੀ ਤਾਂ ਕਿ ਮੋਦੀ-ਵਿਰੋਧੀ ਵਜੋਂ ਧਾਂਕ ਜਮਾ ਸਕੇ।



ਨਿਤੀਸ਼ ਕੁਮਾਰ



ਊਧਵ ਠਾਕਰੇ

ਮਹਾਰਾਸ਼ਟਰ ਵਿਚ ਅੱਜ ਮੁੱਖ ਧਾਰਾ ਦੀਆਂ ਪਾਰਟੀਆਂ ਨੂੰ ਉਧਵ ਠਾਕਰੇ ਚੰਗਾ ਲੱਗਦਾ ਹੈ, ਕਿਉਂਕਿ ਉਹ ਸਵੇਰੇ ਉੱਠ ਕੇ ਰੋਜ਼ ਇੱਕ ਬਿਆਨ ਨਰਿੰਦਰ ਮੋਦੀ ਦੇ ਵਿਰੋਧ ਲਈ ਦਾਗ ਛੱਡਦਾ ਹੈ। ਇਹ ਓਸੇ ਸ਼ਿਵ ਸੈਨਾ ਦਾ ਆਗੂ ਹੈ, ਜਿਸ ਨੇ ਬਾਕੀ ਸਾਰੀਆਂ ਧਿਰਾਂ ਵੱਲੋਂ ਛੇਕੀ ਹੋਈ ਭਾਜਪਾ ਨਾਲ ਅੱਜ ਤੋਂ ਛੱਬੀ ਸਾਲ ਪਹਿਲਾਂ ਸਾਂਝ ਪਾ ਕੇ ਮਹਾਰਾਸ਼ਟਰ ਦੀ ਚੋਣ ਲੜੀ ਤੇ ਸਾਂਝੀ ਸਰਕਾਰ ਬਣਾਈ ਸੀ। ਉਸ ਤੋਂ ਪਹਿਲਾਂ ਭਾਜਪਾ ਦੇ ਉਸ ਰਾਜ ਵਿਚ ਪੈਰ ਨਹੀਂ ਸੀ ਲੱਗਦੇ ਤੇ ਉਸ ਸਾਂਝੀ ਸਰਕਾਰ ਨੂੰ ਭਾਜਪਾ ਨੇ ਇਹੋ ਜਿਹਾ ਵਰਤਿਆ ਸੀ ਕਿ ਅੱਜ ਉਹ ਉਸ ਰਾਜ ਦੀ ਸਭ ਤੋ ਵੱਡੀ ਪਾਰਟੀ ਹੈ। ਕਰਨਾਟਕ ਦੇ ਹਰਦਨਹੱਲੀ ਡੋਡਾਗੌੜਾ ਦੇਵਗੌੜਾ ਅਤੇ ਉਸ ਦੇ ਪੁੱਤਰ ਕੁਮਾਰਸਵਾਮੀ ਨੂੰ ਵੀ ਧਰਮ ਨਿਰਪੱਖ ਕਿਹਾ ਜਾਂਦਾ ਹੈ, ਪਰ ਉਹ ਕਿਸੇ ਸਮੇਂ ਭਾਜਪਾ ਨਾਲ ਸਾਂਝ ਪਾ ਕੇ ਉਸ ਰਾਜ ਵਿਚ ਉਸ ਦੇ ਪੈਰ ਲਵਾਉਣ ਦਾ ਗੁਨਾਹ ਨਹੀਂ ਭੁਲਾ ਸਕਦੇ। ਪਿਛਲੀਆਂ ਚੋਣਾਂ ਵੇਲੇ ਕੁਮਾਰਸਵਾਮੀ ਨੇ ਖੁਦ ਹੀ ਕਿਹਾ ਸੀ ਕਿ ਭਾਜਪਾ ਨਾਲ ਸਾਂਝੀ ਸਰਕਾਰ ਬਣਾਉਣਾ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਭੁੱਲ ਸੀ। ਹਰਿਆਣੇ ਵਿਚ ਚੌਧਰੀ ਦੇਵੀ ਲਾਲ ਆਮ ਤੌਰ 'ਤੇ ਭਾਜਪਾ ਨੂੰ ਨੇੜੇ ਨਹੀਂ ਸੀ ਲੱਗਣ ਦਿੰਦਾ, ਪਰ ਜਦੋਂ ਇਸ ਘਰ ਦੀ ਚੌਧਰ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੂੰ ਮਿਲੀ ਤਾਂ ਸਿਰਫ ਸਰਕਾਰ ਬਣਾਉਣ ਲਈ ਉਸ ਨੇ ਭਾਜਪਾ ਨਾਲ ਏਦਾਂ ਦੀ ਸਾਂਝ ਪਾਈ ਕਿ ਉਸ ਨੂੰ ਹਰਿਆਣਾ ਦੀ ਸਭ ਤੋਂ ਵੱਡੀ ਪਾਰਟੀ ਬਣਨ ਦਾ ਮੌਕਾ ਦੇ ਦਿੱਤਾ। ਅੱਜ ਭਾਜਪਾ ਮੋਹਰੇ ਖੜੋਂਦੀ ਹੈ ਅਤੇ ਚੌਟਾਲੇ ਦਾ ਪੋਤਰਾ ਉਨ੍ਹਾਂ ਉੱਤੇ ਨਿਰਭਰ ਹੋਇਆ ਵਿਖਾਵੇ ਜੋਗੀ ਡਿਪਟੀ ਚੀਫ ਮਨਿਸਟਰੀ ਨਾਲ ਉਸ ਕਿਸਾਨ ਭਾਈਚਾਰੇ ਦਾ ਸਾਥ ਵੀ ਛੱਡੀ ਬੈਠਾ ਹੈ, ਜਿਸ ਨੇ ਇਸ ਪਰਿਵਾਰ ਨੂੰ ਚੌਧਰਾਂ ਬਖਸ਼ੀਆਂ ਸਨ। ਭਾਜਪਾ ਦੀ ਮਾਰ ਤੋਂ ਸਾਂਝ ਪਾਉਣ ਦੇ ਬਾਵਜੂਦ ਜੇ ਕੋਈ ਬਚਿਆ ਹੈ ਤਾਂ ਸਿਰਫ ਉੜੀਸਾ ਦਾ ਨਵੀਨ ਪਟਨਾਇਕ ਹੀ ਬਚ ਸਕਿਆ ਹੈ। ਗਵਾਂਢ ਵਿਚ ਚੰਦਰ ਬਾਬੂ ਨਾਇਡੂ ਵਰਗੇ ਵੀ ਭਾਜਪਾ ਉੱਤੇ ਲੋੜ ਤੋਂ ਵੱਧ ਨੇੜਤਾ ਅਤੇ ਨਿਰਭਰਤਾ ਦੇ ਕਾਰਨ ਗਲੀ-ਗਲੀ ਇੰਜ ਤੁਰੇ ਫਿਰਦੇ ਹਨ ਕਿ ਕੋਈ ਠਾਹਰ ਵੀ ਨਹੀਂ ਲੱਭਦੀ ਜਾਪਦੀ। ਇਸ ਤੋਂ ਹੋਰਨਾਂ ਨੂੰ ਸਬਕ ਸਿੱਖਣ ਦੀ ਲੋੜ ਹੈ।

ਪੰਜਾਬ ਦੇ ਅਕਾਲੀ ਭਾਈਆਂ ਨੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਚੌਵੀ ਕੁ ਸਾਲ ਪਹਿਲਾਂ ਭਾਜਪਾ ਨਾਲ ਸਾਂਝ ਪਾਈ ਅਤੇ ਉਸ ਦੇ ਬਾਅਦ ਤਿੰਨ ਵਾਰ ਪੰਜਾਬ ਦੀਆਂ ਸਰਕਾਰਾਂ ਦਾ ਨਿੱਘ ਮਾਣਿਆ ਸੀ। ਇਸ ਦੌਰਾਨ ਕੇਂਦਰ ਵਿਚ ਵੀ ਵਜ਼ੀਰੀਆਂ ਮਿਲਦੀਆਂ ਰਹੀਆਂ ਅਤੇ ਬਹੁਤ ਖੁਸ਼ ਸਨ, ਪਰ ਇਹ ਗੱਲ ਯਾਦ ਨਹੀਂ ਰੱਖ ਸਕੇ ਕਿ ਭਾਜਪਾ ਲੀਡਰਸ਼ਿਪ ਵਕਤ ਦੀ ਉਡੀਕ ਵਿਚ ਹੈ, ਜਦੋਂ ਉਹ ਵਕਤ ਆ ਗਿਆ, ਅਕਾਲੀਆਂ ਨੂੰ ਵੀ ਔਕਾਤ ਵਿਖਾ ਦੇਵੇਗੀ। ਕਿਸਾਨ ਸੰਘਰਸ਼ ਦੇ ਦੌਰ ਵਿਚ ਅਕਾਲੀ ਲੀਡਰਸ਼ਿਪ ਨੇ ਇੱਕ ਹੱਦ ਤੱਕ ਔਖੇ ਹੋ ਕੇ ਵੀ ਸਾਂਝ ਨਿਭਾਈ ਜਾਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਇਹ ਗੱਲ ਪਤਾ ਲੱਗੀ ਕਿ ਭਾਜਪਾ ਦੀ ਸਾਂਝ ਕਾਰਨ ਪੰਜਾਬ ਵਿਚੋਂ ਜੜ੍ਹਾਂ ਉੱਖੜ ਜਾਣ ਦਾ ਡਰ ਹੈ, ਉਨ੍ਹਾਂ ਨੇ ਕੂਹਣੀ ਮੋੜ ਕੱਟ ਕੇ ਆਪਣੇ ਆਪ ਨੂੰ ਬਚਾਉਣ ਦੇ ਹੀਲੇ ਸ਼ੁਰੂ ਕਰ ਦਿੱਤੇ। ਇਸ ਵੇਲੇ ਅਕਾਲੀ ਦਲ ਵਲੋਂ ਕਿਸਾਨਾਂ ਦੇ ਸੰਘਰਸ਼ ਦੌਰਾਨ ਜਿਹੜੀ ਸਰਗਰਮੀ ਕੀਤੀ ਜਾ ਰਹੀ ਹੈ, ਉਹ ਅਸਲ ਵਿਚ ਕਿਸਾਨਾਂ ਲਈ ਨਹੀਂ, ਭਾਜਪਾ ਨਾਲ ਆਪਣੀ ਸਾਂਝ ਵੇਲੇ ਦੀਆਂ ਭੁੱਲਾਂ ਉੱਤੇ ਪੋਚਾ ਮਾਰਨ ਲਈ ਕੀਤੀ ਜਾ ਰਹੀ ਹੈ, ਪਰ ਅੰਦਰੋਂ ਇਹ ਝਾਕ ਅਜੇ ਤੱਕ ਵੀ ਹੈ ਕਿ ਕੱਲ੍ਹ ਨੂੰ ਅਸੈਂਬਲੀ ਚੋਣਾਂ ਵਿਚ ਗੱਠਜੋੜ ਬਣਾ ਕੇ ਰਾਜ-ਭਾਗ ਮਾਣਨ ਦਾ ਰਾਹ ਨਿਕਲ ਆਵੇ ਤਾਂ ਬੁਰਾ ਨਹੀਂ ਹੋਵੇਗਾ।

ਫਿਰ ਵੀ ਜਿਹੜੀ ਸੱਟ ਭਾਜਪਾ ਨਾਲ ਸਾਂਝ ਕਾਰਨ ਉੱਤਰ ਪ੍ਰਦੇਸ਼ ਵਿਚਲੀ ਰਾਜਨੀਤੀ ਨੂੰ ਪਈ ਹੈ, ਉਹ ਸਾਰਿਆਂ ਤੋਂ ਵੱਖਰੀ ਹੈ। ਰਾਮ ਮੰਦਿਰ ਦੀ ਮੁਹਿੰਮ ਚੱਲਣ ਤੱਕ ਭਾਜਪਾ ਉਥੇ ਕਿਸੇ ਗਿਣਤੀ ਵਿਚ ਨਹੀਂ ਸੀ ਹੁੰਦੀ। ਪਹਿਲਾਂ ਜਨਤਾ ਦਲ ਵੱਲੋਂ ਤੇ ਫਿਰ ਸਮਾਜਵਾਦੀ ਪਾਰਟੀ ਬਣਾ ਕੇ ਮੁਲਾਇਮ ਸਿੰਘ ਦੀ ਚੋਖੀ ਭੱਲ ਦਿਖਾਈ ਦਿੰਦੀ ਸੀ। ਸਾਲ 1991 ਵਿਚ ਭਾਜਪਾ ਨੇ ਪਹਿਲੀ ਵਾਰੀ ਆਪਣੇ ਸਿਰ ਦੋ ਸੌ ਇੱਕੀ ਸੀਟਾਂ ਜਿੱਤੀਆਂ ਅਤੇ ਸਰਕਾਰ ਬਣਾਈ ਸੀ, ਪਰ ਬਾਬਰੀ ਮਸਜਿਦ ਢਾਹੁਣ ਕਾਰਨ ਉਹ ਸਰਕਾਰ ਜਦੋਂ ਉਸੇ ਸਾਲ ਡਿੱਗ ਪਈ ਤਾਂ ਅਗਲੀ ਵਾਰੀ ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਦੇ ਗੱਠਜੋੜ ਨੇ ਉਸ ਨੂੰ ਖੂੰਜੇ ਲਾ ਦਿੱਤਾ ਸੀ। ਉਨ੍ਹਾਂ ਦੋਹਾਂ ਦੀਆਂ ਮਿਲਾ ਕੇ ਇੱਕ ਸੌ ਛਿਆਸੀ ਸੀਟਾਂ ਸਨ ਤੇ ਉਨ੍ਹਾਂ ਦੀ ਸਰਕਾਰ ਨੂੰ ਬਾਹਰੋਂ ਕਾਂਗਰਸ ਅਤੇ ਕਮਿਊਨਿਸਟਾਂ ਨੇ ਵੀ ਹਮਾਇਤ ਦਿੱਤੀ ਸੀ, ਪਰ ਮੁੱਖ ਮੰਤਰੀ ਬਣਨ ਦੀ ਤੀਬਰ ਤਾਂਘ ਕਾਰਨ ਬੀਬੀ ਮਾਇਆਵਤੀ ਨੇ ਹਸਪਤਾਲ ਬੈਠੇ ਬਾਬੂ ਕਾਂਸ਼ੀ ਰਾਮ ਨੂੰ ਵੀ ਨਹੀਂ ਸੀ ਪੁੱਛਿਆ ਤੇ ਮੁਲਾਇਮ ਸਿੰਘ ਦਾ ਸਾਥ ਛੱਡ ਕੇ ਭਾਜਪਾ ਦੀ ਮਦਦ ਨਾਲ ਸਰਕਾਰ ਬਣਾ ਲਈ ਸੀ। ਸਾਢੇ ਚਾਰ ਮਹੀਨਿਆਂ ਬਾਅਦ ਉਹ ਸਰਕਾਰ ਦੋਹਾਂ ਧਿਰਾਂ ਦਾ ਸੁਭਾਅ ਨਾ ਮਿਲਣ ਕਾਰਨ ਟੁੱਟ ਗਈ, ਪਰ ਇਸ ਨੇ ਖੂੰਜੇ ਲੱਗੀ ਭਾਜਪਾ ਨੂੰ ਮੁੜ ਕੇ ਉੱਠਣ ਦਾ ਮੌਕਾ ਦੇ ਦਿੱਤਾ ਤੇ ਅਗਲੀਆਂ ਚੋਣਾਂ ਵਿਚ ਭਾਜਪਾ ਪੌਣੇ ਦੋ ਸੌ ਸੀਟਾਂ ਲੈ ਗਈ। ਬੀਬੀ ਮਾਇਆਵਤੀ ਨੂੰ ਉਦੋਂ ਵੀ ਰਾਜ ਦੀ ਇੱਛਾ ਨੇ ਏਨਾ ਸਤਾਇਆ ਕਿ ਭਾਜਪਾ ਨਾਲ ਛੇ-ਛੇ ਮਹੀਨੇ ਰਾਜ ਕਰਨ ਦਾ ਸੌਦਾ ਮਾਰ ਕੇ ਕੁਰਸੀ ਮੱਲ ਲਈ, ਪਰ ਉਸ ਦੇ ਬਾਅਦ ਫਿਰ ਗੱਦੀ ਤੋਂ ਝਗੜਾ ਪੈ ਗਿਆ ਤੇ ਭਾਜਪਾ ਵਾਲਿਆਂ ਨੇ ਵਿਧਾਨ ਸਭਾ ਦੇ ਅੰਦਰ ਬਹੁਜਨ ਸਮਾਜ ਪਾਰਟੀ ਦੇ ਵਿਧਾਇਕਾਂ ਅਤੇ ਆਗੂਆਂ ਨੂੰ ਏਨਾ ਕੁੱਟਿਆ ਸੀ ਕਿ ਸਾਰੀ ਦੁਨੀਆਂ ਵਿਚ ਇਹੋ ਚਰਚਾ ਹੁੰਦੀ ਰਹੀ ਸੀ। ਘੱਟ ਮੁਲਾਇਮ ਸਿੰਘ ਨੇ ਵੀ ਨਹੀਂ ਕੀਤੀ। ਉਸ ਨੇ ਮਾਇਆਵਤੀ ਦੇ ਖਿਲਾਫ ਵੀ ਉੱਧੜਧੁੰਮੀ ਚੁੱਕ ਰੱਖੀ ਸੀ ਤੇ ਜਿਨ੍ਹਾਂ ਕਮਿਊਨਿਸਟਾਂ ਤੋਂ ਸਰਕਾਰ ਬਣਾਉਣ ਵਾਸਤੇ ਮਦਦ ਲਈ ਸੀ, ਉਨ੍ਹਾਂ ਦੇ ਦਫਤਰ ਵਿਚ ਚੱਲਦੀ ਬੈਠਕ ਵਿਚੋਂ ਉਨ੍ਹਾਂ ਦੇ ਸੱਤ ਵਿਧਾਇਕ ਵੀ ਚੁਕਾ ਲਿਆਂਦੇ ਸਨ। ਉਸ ਪਿੱਛੋਂ ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਪਛੜਦੀਆਂ ਗਈਆਂ ਅਤੇ ਭਾਜਪਾ ਦਾ ਦਬਦਬਾ ਕਾਇਮ ਹੁੰਦਾ ਗਿਆ, ਪਰ ਦੋਵੇਂ ਧਿਰਾਂ ਅਜੇ ਵੀ ਅਕਲ ਨਹੀਂ ਕਰਦੀਆਂ। ਬੀਤੇ ਦਿਨੀਂ ਉੱਤਰ ਪ੍ਰਦੇਸ਼ ਤੋਂ ਜਦੋਂ ਰਾਜ ਸਭਾ ਦੀਆਂ ਕੁਝ ਸੀਟਾਂ ਦੀ ਚੋਣ ਹੋਣੀ ਸੀ, ਇੱਕ ਸੀਟ ਬਦਲੇ ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਨੇ ਇੱਕ ਦੂਸਰੇ ਦੇ ਬੰਦੇ ਭੰਨਣ ਦਾ ਕੰਮ ਸ਼ੁਰੂ ਕਰ ਲਿਆ। ਉਸ ਸੀਟ ਦੀ ਚੋਣ ਤਾਂ ਆਪਣੇ ਥਾਂ ਹੋਵੇਗੀ, ਇਸ ਚੋਣ ਤੋਂ ਕੁੜੱਤਣ ਏਨੀ ਵਧੀ ਹੈ ਕਿ ਬਹੁਜਨ ਸਮਾਜ ਪਾਰਟੀ ਨੇ ਸਮਾਜਵਾਦੀ ਪਾਰਟੀ ਦੇ ਖਿਲਾਫ ਭਾਰਤੀ ਜਨਤਾ ਪਾਰਟੀ ਦਾ ਸਾਥ ਦੇਣ ਦਾ ਐਲਾਨ ਵੀ ਕਰ ਦਿੱਤਾ ਹੈ। ਇਹੋ ਗੱਲ ਤਾਂ ਭਾਜਪਾ ਚਾਹੁੰਦੀ ਸੀ, ਜੋ ਦੋਹਾਂ ਦੀ ਲੜਾਈ ਵਿਚੋਂ ਆਰਾਮ ਨਾਲ ਹੋ ਗਈ ਹੈ।



ਅਸੀਂ ਇਹ ਲੰਮੀ ਲੜੀ ਇਸ ਲਈ ਪੇਸ਼ ਕੀਤੀ ਹੈ ਕਿ ਅੱਜ ਜਦੋਂ ਧਰਮ ਨਿਰਪੱਖਤਾ ਦੀ ਹਰ ਮਾੜੀ-ਮੋਟੀ ਧਿਰ ਦੇ ਆਗੂ ਭਾਜਪਾ ਦੇ ਖਿਲਾਫ ਬੋਲਦੇ ਸੁਣੇ ਜਾ ਰਹੇ ਹਨ, ਉਹ ਇਹ ਗੱਲ ਨਹੀਂ ਸੋਚਦੇ ਕਿ ਭਾਜਪਾ ਦੀ ਚੜ੍ਹਤ ਲਈ ਉਨ੍ਹਾਂ ਦੀ ਆਪਣੀ ਭੂਮਿਕਾ ਕਿੱਦਾਂ ਦੀ ਰਹੀ ਹੈ? ਕੁਰਸੀਆਂ ਪਿੱਛੇ ਲਾਰ ਸੁੱਟਣ ਵਾਲੇ ਇਨ੍ਹਾਂ ਧਰਮ ਨਿਰਪੱਖ ਆਗੂਆਂ ਨੇ ਕਦੇ ਵੀ ਲਗਾਤਾਰ ਧਰਮ ਨਿਰਪੱਖ ਪੈਂਤੜਾ ਨਹੀਂ ਲਿਆ। ਜਿਸ ਪਾਸੇ ਤੋਂ ਕੁਰਸੀ ਦੀ ਝਾਕ ਦਿੱਸ ਜਾਂਦੀ ਰਹੀ, ਉਹ ਉਸੇ ਪਾਸੇ ਵੱਲ ਉਡਾਰੀਆਂ ਲਾ ਲੈਂਦੇ ਰਹੇ ਤੇ ਖੁਦ ਹੀ ਭਾਜਪਾ ਦੀ ਚੜ੍ਹਤ ਦੇ ਹਾਲਾਤ ਪੈਦਾ ਕਰਨ ਪਿੱਛੋਂ ਅੱਜਕੱਲ੍ਹ ਸਵੇਰੇ-ਸ਼ਾਮ ਇਹ ਰੋਣਾ ਰੋਈ ਜਾਂਦੇ ਹਨ ਕਿ ਦੇਸ਼ ਦੀ ਧਰਮ ਨਿਰਪੱਖਤਾ ਨੂੰ ਢਾਹ ਲੱਗਦੀ ਪਈ ਹੈ। ਸਿਆਣੇ ਕਿਹਾ ਕਰਦੇ ਸਨ ਕਿ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਹੀਦਾ, ਪਰ ਭਾਰਤੀ ਰਾਜਨੀਤੀ ਦੇ ਧਰਮ ਨਿਰਪੱਖਤਾ ਦੀਆਂ ਕੂਕਾਂ ਮਾਰਨ ਵਾਲੇ ਧਨੰਤਰ ਅੱਜ ਵੀ ਧਰਮ ਨਿਰਪੱਖਤਾ ਤੋਂ ਪਾਰਟੀ ਵੱਡੀ ਤੇ ਪਾਰਟੀ ਤੋਂ ਕੁਰਸੀ ਵੱਡੀ ਕਰਦਿਆਂ ਆਖਰ ਨੂੰ ਦੇਸ਼ ਦੇ ਹਿੱਤਾਂ ਤੋਂ ਆਪਣੇ ਹਿੱਤਾਂ ਨੂੰ ਅੱਗੇ ਰੱਖ ਬੈਠੇ ਹਨ। ਇਨ੍ਹਾਂ ਹਾਲਾਤ ਵਿਚ ਧਰਮ ਨਿਰਪੱਖਤਾ ਦਾ ਸਿਰਫ ਨਾਅਰਾ ਹੀ ਲੱਗੀ ਜਾਂਦਾ ਹੈ, ਉਹ ਬਹੁਤਾ ਚਿਰ ਰਹਿਣ ਵਾਲੀ ਨਹੀਂ।

ਪਾਕਿਸਤਾਨ ਦੇ ਫੌਜੀ ਰਾਜ ਵਾਲੇ ਦਿਨਾਂ ਵਿਚ ਇੱਕ ਕਾਮੇਡੀ ਸ਼ੋਅ ਵਿਚ ਇੱਕ ਪ੍ਰੋਫੈਸਰ ਨੇ ਇੱਕ ਵਿਦਿਆਰਥੀ ਨੂੰ 'ਸਟੈਚੂ ਆਫ ਲਿਬਰਟੀ' ਪੁੱਛਿਆ ਸੀ। ਵਿਦਿਆਰਥੀ ਉੱਠ ਕੇ ਕਹਿਣ ਲੱਗਾ, "ਇਹ ਅਮਰੀਕਾ ਵਿਚ ਲੱਗਾ ਹੋਇਆ ਬੁੱਤ ਹੈ, ਜਿਸ ਦੀ ਛਾਂਵੇਂ ਖੜੋ ਕੇ ਪਾਕਿਸਤਾਨ ਵਾਲੇ ਲੋਕ ਹਉਕੇ ਭਰ-ਭਰ ਕੇ ਕਹਿੰਦੇ ਹਨ, 'ਲਿਬਰਟੀ, ਲਿਬਰਟੀ, ਲਿਬਰਟੀ' ਅਤੇ ਜਦੋਂ ਥੱਕ ਜਾਂਦੇ ਹਨ ਤਾਂ ਆਪਣੇ ਦੇਸ਼ ਆਣ ਵੜਦੇ ਹਨ।" ਜੇ ਭਾਰਤ ਵਿਚ ਵੀ ਅੱਜ ਵਾਲੇ ਹਾਲਾਤ ਹੀ ਰਹਿਣੇ ਹਨ ਤਾਂ ਇੱਕ ਦਿਨ ਇਸ ਦੇਸ਼ ਵਿਚ ਵੀ ਧਰਮ ਨਿਰਪੱਖਤਾ ਦੀ ਹੋਂਦ ਲਿਬਰਟੀ ਦੇ ਸਟੈਚੂ ਜਿਹੀ ਬਣ ਕੇ ਰਹਿ ਜਾਵੇਗੀ ਅਤੇ ਲੋਕ ਥੋੜ੍ਹੀ ਜਿਹੀ ਵਿਹਲ ਕੱਢ ਕੇ ਹਫਤੇ ਦੇ ਇੱਕ ਦਿਨ ਧਰਮ ਨਿਰਪੱਖਤਾ ਦੇ ਹਉਕੇ ਭਰ ਕੇ ਆਪਣੇ ਮਨ ਦਾ ਭਾਰ ਹੌਲਾ ਕਰ ਲਿਆ ਕਰਨਗੇ।

---

# ਕੇਂਦਰੀ ਸਰਕਾਰ ਦਾ ਅੜੀਅਲ ਰਵੱਈਆ ਰਾਜ ਸਬੰਧਾਂ ਲਈ ਘਾਤਕ

*(ਪਿਛਲੇ ਸਫੇ ਦੀ ਬਾਕੀ)*

ਕੁਰਬਾਨੀ ਨੂੰ ਛੁਟਿਆਇਆ ਗਿਆ, ਜਿਸ ਨੂੰ ਸੂਬੇ ਦੇ ਕੈਬਨਿਟ ਮੰਤਰੀ ਡਾ. ਰਤਨ ਸਿੰਘ ਅਜਨਾਲਾ ਨੇ ਸਿਲੇਬਸ ਵਿਚੋਂ ਕਢਵਾਇਆ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਵੀ ਇਸ ਲਾਬੀ ਨੇ ਲਾਲਾ ਲਾਜਪਤ ਰਾਏ ਤੇ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ (ਪਗੜੀ ਸੰਭਾਲ ਜੱਟਾ) ਨੂੰ ਅਤਿਵਾਦੀ ਧੜਿਆਂ ਦੇ ਆਗੂ ਲਿਖਾ ਦਿੱਤਾ ਸੀ। ਇਸ ਤਰ੍ਹਾਂ ਕੇਂਦਰ ਵਲੋਂ ਸਾਡੀ ਆਰਥਕ, ਸਭਿਆਚਾਰਕ, ਧਾਰਮਿਕ, ਸਮਾਜਕ, ਵਿਦਿਅਕ, ਬੋਲੀ, ਭਾਸ਼ਾ 'ਤੇ ਹਮਲੇ ਕੀਤੇ ਜਾ ਰਹੇ ਹਨ। ਇਹ ਇਤਿਹਾਸਕ ਸੱਚਾਈ ਹੈ ਕਿ ਜੇ ਕਿਸੇ ਕੌਮ ਦੇਸ਼ ਨੂੰ ਖਤਮ ਕਰਨਾ ਹੋਵੇ ਤਾਂ ਉਸ ਦੀ ਬੋਲੀ ਖੋਹ ਲਓ ਤੇ ਸਭਿਆਚਾਰ ਗੰਧਲਾ ਕਰ ਦਿਓ।

ਗੰਨੇ ਦਾ ਕਰੋੜਾਂ ਰੁਪਏ ਦਾ ਬਕਾਇਆ ਕਿਸਾਨ ਨੂੰ ਅਜੇ ਤਕ ਨਹੀਂ ਮਿਲਿਆ। ਵੱਡੀਆਂ ਕੰਪਨੀਆਂ ਵਲੋਂ ਕੰਟਰੈਕਟਿੰਗ ਫਾਰਮਿੰਗ ਰਾਹੀਂ ਬਿਜਾਇਆ ਆਲੂ ਤੇ ਟਮਾਟਰ ਸੜਕਾਂ 'ਤੇ ਰੁਲਿਆ ਹੈ। ਇਹ ਸਭ ਕੁਝ ਕਿਸਾਨ ਆਪਣੇ ਪਿੰਡੇ 'ਤੇ ਹੰਢਾਉਂਦਾ ਰਿਹਾ ਹੈ। ਸਰਕਾਰਾਂ ਨੇ ਕਦੇ ਕੋਈ ਯਤਨ ਨਹੀਂ ਕੀਤਾ, ਉਸ ਨੂੰ ਇਸ ਜਿਲ੍ਹਣ ਵਿਚੋਂ ਕੱਢਣ ਦਾ। 4 ਸਾਲ ਪਹਿਲਾਂ ਸ਼ੁਰੂ ਕੀਤੀ ਫਸਲੀ ਬੀਮਾ ਯੋਜਨਾ ਵਿਚ ਕਿਸਾਨ ਨੂੰ ਕੁਝ ਨਹੀਂ ਮਿਲਿਆ, ਪਰ ਰਿਲਾਇੰਸ ਵਾਲੇ ਕਰੋੜਾਂ ਰੁਪਏ ਕਮਾ ਗਏ। ਜੀ. ਐਸ. ਟੀ. ਵਿਚੋਂ ਪੰਜਾਬ ਦਾ ਬਣਦਾ ਹਿੱਸਾ ਵੀ ਪੂਰਾ ਨਹੀਂ ਦਿੱਤਾ ਜਾਂਦਾ। ਹੁਣ ਪੰਜਾਬ ਸਰਕਾਰ ਵਲੋਂ ਰੇਲਵੇ ਮੰਤਰੀ ਤੇ ਪ੍ਰਧਾਨ ਮੰਤਰੀ ਨੂੰ ਵਾਰ ਵਾਰ ਅਪੀਲ ਕਰਨ ਦੇ ਬਾਵਜੂਦ ਮਾਲ ਗੱਡੀਆਂ ਨਹੀਂ ਚਲਾਈਆਂ ਗਈਆਂ।

ਕੇਂਦਰ ਵਲੋਂ ਦਿਹਾਤੀ ਵਿਕਾਸ ਫੰਡ (ਆਰ. ਡੀ. ਏ.) ਨੂੰ ਰੋਕ ਦਿੱਤਾ ਗਿਆ ਹੈ ਤੇ ਪਿਛਲੇ ਸਮੇਂ ਵਿਚ ਹਰ ਹਾੜੀ ਸਾਉਣੀ ਭੇਜੇ ਜਾਂਦੇ ਇਸ ਫੰਡ ਦਾ ਹਿਸਾਬ-ਕਿਤਾਬ ਵੀ ਮੰਗ ਲਿਆ ਹੈ। ਕੁਝ ਦਿਨ ਪਹਿਲਾਂ ਹੀ ਕੈਪਟਨ ਅਮਰਿੰਦਰ ਸਿੰਘ ਦੇ ਸਪੁੱਤਰ ਰਣਇੰਦਰ ਸਿੰਘ ਨੂੰ ਇੱਕ 2016 ਦੇ ਵਿਦੇਸ਼ੀ ਮੁਦਰਾ ਸਬੰਧੀ ਪੁਰਾਣੇ ਕੇਸ ਵਿਚ ਕੇਂਦਰੀ ਐਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਸੰਮਨ ਭੇਜ ਕੇ ਤਲਬ ਕੀਤਾ ਹੈ। ਨਵਾਂ ਆਰਡੀਨੈਂਸ ਪ੍ਰਦੂਸ਼ਣ-2020 ਬੜੀ ਤੇਜੀ ਨਾਲ ਲਿਆਂਦਾ ਜਾ ਰਿਹਾ ਹੈ, ਜਿਸ ਵਿਚ ਪ੍ਰਦੂਸ਼ਣ ਫੈਲਾਉਣ ਵਾਲੇ ਵਿਅਕਤੀ/ਸੰਸਥਾ ਨੂੰ ਇੱਕ ਕਰੋੜ ਤਕ ਦਾ ਜੁਰਮਾਨਾ ਤੇ ਪੰਜ ਸਾਲ ਤਕ ਦੀ ਸਜ਼ਾ ਦੀ ਤਜਵੀਜ਼ ਹੈ। ਪਰਾਲੀ ਸਾੜੇ ਜਾਣ ਦੀ ਹਾਲਤ ਵਿਚ ਇਸ ਦੀ ਗਾਜ ਵੀ ਕਿਸਾਨ 'ਤੇ ਹੀ ਡਿਗੇਗੀ। ਪਰਾਲੀ ਨਾਲ ਚੱਲਣ ਵਾਲੇ ਬਾਇਓਮਾਸ ਪਲਾਂਟਾਂ ਨੂੰ ਚਲਾਉਣ ਵੱਲ ਸਰਕਾਰ ਦੀ ਕੋਈ ਰੁਚੀ ਨਹੀਂ। ਜਦੋਂਕਿ ਲੰਬੇ ਸਮੇਂ ਤੋਂ ਫੈਕਟਰੀਆਂ, ਥਰਮਲਾਂ, ਡਿਸਟਿਲਰੀਆਂ ਦੀਆਂ ਚਿਮਨੀਆਂ ਦਾ ਧੂੰਆਂ ਤੇ ਇਨ੍ਹਾਂ ਵਿਚੋਂ ਨਿਕਲਦੇ ਕੈਮੀਕਲ ਸਤਲੁਜ, ਬਿਆਸ ਤੇ ਬੁੱਢੇ ਨਾਲੇ ਨੂੰ ਦੂਸ਼ਿਤ ਕਰ ਰਹੇ ਹਨ। ਇਸ ਨਾਲ ਪਾਣੀ ਦੇ ਜੀਵ ਤਾਂ ਮਰਦੇ ਹੀ ਹਨ ਤੇ ਅੱਗੋਂ ਇਹ ਪੀਣ ਵਾਲੇ ਪਾਣੀ ਵਿਚ ਮਿਲ ਕੇ ਭਿਆਨਕ ਤਬਾਹੀ ਦਾ ਕਾਰਨ ਬਣਦੇ ਹਨ। ਲੋਕ ਬਿਮਾਰੀਆਂ ਗ੍ਰਸਤ ਹੋ ਰਹੇ ਹਨ। ਮਾਲਵਾ ਵਿਚ ਕੈਂਸਰ ਬੈਲਟ ਸਥਾਪਤ ਹੋ ਚੁਕੀ ਹੈ। ਇਸ ਤੋਂ ਵੱਡਾ ਕੀ ਸਬੂਤ ਹੋ ਸਕਦਾ ਹੈ ਕਿ ਪੰਜਾਬ ਕੀ ਕੀ ਝੱਲ ਰਿਹਾ ਹੈ! ਕੇਂਦਰ ਦੀਆਂ ਲੋਕ ਮਾਰੂ ਨੀਤੀਆਂ ਸਰਹੱਦੀ ਸੂਬੇ ਪੰਜਾਬ ਨੂੰ ਗਵਰਨਰੀ ਰਾਜ ਵੱਲ ਧੱਕ ਰਹੀਆਂ ਵਿਖਾਈ ਦੇ ਰਹੀਆਂ ਹਨ।

ਖੇਤੀ ਪ੍ਰਧਾਨ ਦੇਸ਼ ਵਿਚ ਕਿਸਾਨਾਂ ਦੀ ਇਹ ਦੁਰਗਤ ਆਪਣੇ ਆਪ ਵਿਚ ਹੈਰਾਨੀਜਨਕ ਤੇ ਨਿਖੇਧੀਜਨਕ ਹੈ। ਕਰੋਨਾ ਦੀ ਮਾਰ, ਝੋਨਾ ਮੰਡੀਆਂ/ਖੇਤਾਂ ਵਿਚ ਰੁਲ ਰਿਹਾ ਹੈ ਤੇ ਕਣਕ ਦੀ ਬਿਜਾਈ ਲੇਟ ਹੋਣ ਦੇ ਬਾਵਜੂਦ ਕਿਸਾਨ ਇਹ ਹਕੂਕੀ ਲੜਾਈ ਲੜ ਰਿਹਾ ਹੈ। ਕਿਸਾਨਾਂ ਦੇ ਮਸੀਹਾ ਮਰਹੂਮ ਸਰ ਛੋਟੂ ਰਾਮ ਨੇ ਕਿਹਾ ਸੀ, "ਐ ਭੋਲੇ ਕਿਸਾਨ! ਬੋਲਣਾ ਤੇ ਆਪਣੇ ਦੁਸ਼ਮਣ ਨੂੰ ਪਛਾਣਨਾ ਸਿੱਖ।" ਉਨ੍ਹਾਂ ਨੇ ਰਾਜਨੀਤੀਵਾਨਾਂ ਨੂੰ ਵੀ ਆਗਾਹ ਕਰਦਿਆਂ ਕਿਹਾ ਸੀ, "ਦੇਸ਼ ਦੇ ਕਿਸਾਨਾਂ ਨੂੰ ਨਾ ਛੇੜਿਓ ਇਹ ਆਫਤ ਬਣ ਕੇ ਡਿਗਣਗੇ।"

ਸੰਸਾਰ ਵਪਾਰ ਸੰਸਥਾ (ਡਬਲਿਊ. ਟੀ. ਓ.) ਦੇ ਦਬਾਓ ਸਦਕਾ ਇਹ ਕਿਸਾਨ ਬਿੱਲ ਆਏ ਹਨ। ਅੰਬਾਨੀ-ਅਡਾਨੀ-ਮੋਦੀ ਤਾਂ ਮੋਹਰੇ ਨੇ। ਸੰਸਾਰ ਕ੍ਰਿਸ਼ੀ ਇਤਿਹਾਸ ਗਵਾਹ ਹੈ, ਜਿਥੇ ਇਹ ਕਾਨੂੰਨ ਲਾਗੂ ਹੋਏ ਹਨ, ਉਥੇ ਛੋਟੀ ਕਿਸਾਨੀ ਮਰੀ ਹੈ। ਛੱਤੀਸਗੜ੍ਹ ਨੇ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਮਤਾ ਪਾਇਆ ਹੈ ਤੇ ਰਾਜਸਥਾਨ ਵੀ ਇਹ ਮਤਾ ਲਿਆ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਵੀ ਮਜਬੂਰੀ ਵੱਸ ਤੁਰਿਆ ਹੋਇਆ ਹੈ। ਉਸ ਉਤੇ ਕਿਸਾਨ ਜਥੇਬੰਦੀਆਂ ਦੇ ਨਾਲ ਕੇਂਦਰ ਸਰਕਾਰ ਦਾ ਵੀ ਹਰ ਤਰ੍ਹਾਂ ਦਾ ਦਬਾਓ ਹੈ, ਕਿਉਂਕਿ ਗਵਰਨਰ ਪੰਜਾਬ ਨੇ ਵੀ ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ ਬਿਲਾਂ ਦਾ ਕੋਈ ਨੋਟਿਸ ਨਹੀਂ ਲਿਆ। ਜਦੋਂ ਕਿ ਕੇਰਲਾ ਵਿਚ ਵਿਧਾਨ ਸਭਾ ਵਲੋਂ 16 ਸਬਜ਼ੀਆਂ ਉਤੇ ਐਮ. ਐਸ. ਪੀ. ਦੇਣ ਦਾ ਐਲਾਨ ਪਿਛਲੇ ਦਿਨੀਂ ਕੀਤਾ ਹੈ ਤੇ ਨਾਰੀਅਲ 'ਤੇ ਇਹ ਪਹਿਲਾਂ ਹੀ ਲਾਗੂ ਹੈ। ਜੇ ਕਿਸੇ ਕਾਰਨ ਇਹ ਉਕਤ ਵਸਤਾਂ ਐਮ. ਐਸ. ਪੀ. ਤੋਂ ਘੱਟ ਵਿਕਦੀਆਂ ਹਨ ਤਾਂ ਬਾਕੀ ਰਕਮ ਸੂਬਾ ਸਰਕਾਰ ਆਪ ਦੇਵੇਗੀ। ਪੰਜਾਬ ਵਿਚ ਅਜਿਹੀ ਤਜਵੀਜ਼ ਕਿਉਂ ਨਹੀਂ? ਮੁੱਖ ਮੰਤਰੀ ਦੇ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਨੇ ਅੰਗਰੇਜ਼ੀ ਦੇ ਵੱਡੇ ਅਖਬਾਰਾਂ ਵਿਚ ਆਰਟੀਕਲ ਲਿਖ ਕੇ ਕੇਂਦਰ ਰਾਜ ਅਧਿਕਾਰਾਂ ਦੀ ਸੰਵਿਧਾਨਕ ਵਿਆਖਿਆ ਕਰਦਿਆ ਕਿਹਾ ਹੈ ਕਿ ਸੰਵਿਧਾਨ ਦੀ ਧਾਰਾ-254 ਕਹਿੰਦੀ ਹੈ ਕਿ ਸੂਬੇ ਆਪਣੇ ਲੋਕਾਂ ਦੇ ਹਿੱਤ ਵਿਚ ਫੈਸਲਾ ਲੈ ਸਕਦੇ ਹਨ, ਪਰ ਇਨ੍ਹਾਂ ਲਈ ਰਾਸ਼ਟਰਪਤੀ ਦੀ ਮਨਜੂਰੀ ਜਰੂਰੀ ਹੈ। ਸੋ ਇਨ੍ਹਾਂ ਹਾਲਤਾਂ ਵਿਚ ਕੈਪਟਨ ਦੀ ਇਹ ਕਵਾਇਦ ਇੱਕ ਰਸਮ ਬਣ ਕੇ ਰਹਿ ਜਾਣ ਦੀ ਵਧੇਰੇ ਸੰਭਾਵਨਾ ਹੈ।

ਪ੍ਰਧਾਨ ਮੰਤਰੀ ਨੂੰ ਬਦਲਾਖੋਰੀ ਦੀ ਰਾਜਨੀਤੀ ਕਰਨ ਨਾਲੋਂ ਰਾਜ-ਧਰਮ ਨਿਭਾਉਣਾ ਚਾਹੀਦਾ ਹੈ। ਉਸਾਰੂ ਤੇ ਸਕਾਰਾਤਮਕ ਪਹੁੰਚ ਨਾਲ ਵੱਡੇ ਤੋਂ ਵੱਡੇ ਮਸਲੇ ਸੁਲਝਾਏ ਜਾ ਸਕਦੇ ਹਨ। ਸੰਘੀ ਢਾਂਚੇ ਵਿਚ ਕੇਂਦਰ ਰਾਜਾਂ ਦੇ ਅਧਿਕਾਰਾਂ ਦੀ ਗਰਿਮਾ ਬਣੀ ਰਹੇ, ਇਸ ਲਈ ਡਾਇਲਾਗ ਦੀ ਭਾਵਨਾ ਦਾ ਕਾਇਮ ਰਹਿਣਾ ਜਰੂਰੀ ਹੈ। ਕੇਂਦਰ ਸਰਕਾਰ ਕੋਲ ਹਾਲੇ ਵੀ ਗੁੰਜਾਇਸ਼ ਹੈ ਕਿ ਜੋ ਸਟੇਟਾਂ ਕਾਨੂੰਨਾਂ ਦਾ ਵਿਰੋਧ ਕਰ ਰਹੀਆਂ ਹਨ, ਉਹ ਉਨ੍ਹਾਂ ਨੂੰ ਇਨ੍ਹਾਂ ਕਾਨੂੰਨਾਂ ਤੋਂ ਛੋਟ ਦੇ ਕੇ ਤੇ ਉਦਯੋਗਿਕ ਤਰਜ 'ਤੇ ਕਿਸਾਨਾਂ ਦੇ ਕਰਜੇ ਮੁਆਫ ਕਰਕੇ ਕਿਸਾਨੀ ਅੰਦੋਲਨ ਨੂੰ ਸ਼ਾਂਤ ਕਰਵਾ ਸਕਦੀ ਹੈ; ਪਰ...!

# ਗੱਲ ਪੰਜਾਬ ਦੀ...

## ਪੰਜਾਬ ਬਿਖੜੇ ਰਾਹ ‘ਤੇ

ਦਰਦ ਹੰਢਾਏ ਸੰਤਾਲੀ ਦੇ
ਹਜੇ ਤੱਕ ਅੱਲੇ ਜ਼ਖਮ ਪਏ,
ਉਤੋਂ ਆਣ ਚੌਰਾਸੀ ਵਿਚ
ਨਵੇਂ ਦੁੱਖੜੇ ਸਿਰ ਆਣ ਪਏ।
ਇਨਸਾਫ ਤਾਂ ਗੁੰਗਾ ਬੋਲਾ ਹੈ
ਅੱਖਾਂ ‘ਤੇ ਬੰਨ੍ਹੀ ਪੱਟੀ ਹੈ,
ਹਾਕਮ ਦੇ ਗਾਉਂਦਾ ਸੋਹਿਲੇ
ਉਹ ਰੋਜ਼ ਭਰਦਾ ਚੱਟੀ ਹੈ।

ਚਾਲ ਵੈਰੀ ਦੀ ਡੂੰਘੀ ਹੈ
ਵਿਚ ਨਸ਼ਿਆਂ ਦੇ ਡੋਬ ਦਿੱਤੇ,
ਨਫਰਤ ਫਿਰਕਾਪ੍ਰਸਤੀ ਦੇ
ਖੰਜਰ ਸੀਨੇ ‘ਚ ਖੋਭ ਦਿੱਤੇ।
ਡੋਡੇ, ਭੁੱਕੀ ਤੋਂ ਅੱਗੇ ਵਧ ਕੇ
ਸ਼ਰਾਬ ਨੂੰ ਪਿੱਛੇ ਛੱਡ ਦਿੱਤਾ,
ਹੈਰੋਇਨ, ਸਮੈਕ, ਚਿੱਟੇ ਨੇ
ਗੱਭਰੂ ਦਾ ਕੰਡਾ ਕੱਢ ਦਿੱਤਾ।

ਮੁੰਡੇ ਬਾਪੂ ਬਣਨ ਦੇ ਕਾਬਿਲ ਨਾ
ਅਤੇ ਕੁੜੀਆਂ ਨਾ ਮਾਂ,
ਨਸ਼ੇ ਦੇ ਦਰਿਆ ‘ਚ ਡੁੱਬ ਗਏ
ਮੌਤ ਨੂੰ ਲੱਭਦੇ ਥਾਂ ਥਾਂ।
ਕਿਸਾਨ ਮਾਰੇ ਕਰਜ਼ੇ ਨੇ
ਤੇ ਅਲਗਰਜ਼ੀ ਦੇ ਖਰਚੇ ਨੇ,
ਹੱਥੀਂ ਲਾਏ ਰੁੱਖਾਂ ‘ਤੇ ਲਟਕੇ
ਖੁਦਕੁਸ਼ੀਆਂ ਦੇ ਪਰਚੇ ਨੇ।

ਨਵਾਂ ਸ਼ੋਸ਼ਾ ਛੱਡਿਆ ਹੈ
ਅੱਜ ਕੱਲ੍ਹ ਦੀਆਂ ਸਰਕਾਰਾਂ ਨੇ,
ਸੁਧਾਰਾਂ ਦੇ ਨਾਂ ‘ਤੇ ਹੱਕ ਖੋਹੇ
ਕਾਮੇ ਵਿਰੋਧੀ ‘ਕਰਾਰਾਂ ਨੇ।
ਰੋਜ਼ ਮੁਜਾਹਰੇ ਹੁੰਦੇ ਨੇ
ਧਰਨਿਆਂ ਦਾ ਨਵਾਂ ਪੁਆੜਾ ਹੈ,
ਪੰਜਾਬ ਪਿਛਾਂਹ ਨੂੰ ਫਿਰ ਜਾਊ,
ਕੰਮ ਧੰਧੇ ‘ਤੇ ਕੁਹਾੜਾ ਹੈ।

ਲਾਮਬੰਦ ਹੋ ਤਾਂ ਤੁਰੇ ਨੇ
ਪਰ ਆਗੂ ਅੱਗੇ ਨਹੀਂ ਦਿਸਦਾ,
‘ਜੰਗ ਜਿੱਤ ਕੇ ਅੰਤ ਨੂੰ ਹਾਰਨ ਦਾ’
ਪੂਰਾ ਖਦਸ਼ਾ ਦਿਸਦਾ।
ਅੱਗੇ ਹਨੇਰੀ ਸੁਰੰਗ ਹੈ
ਕਿਤੇ ਦਫਨ ਨਾ ਹੋ ਪੰਜਾਬ ਜਾਏ,
ਮਸਾਂ ਲੀਹ ‘ਤੇ ਚੜ੍ਹਿਆ ਹੈ
ਮਸਲਿਆ ਨ ਗੁਲਾਬ ਜਾਏ।

ਦਰਦ ਬਹਿ ਗਏ ਦਿਲ ਦੇ ਕੋਨੇ
ਧੁਖਦੇ ਵਾਂਗਰਾਂ ਗੋਹੇ ਹਾਂ,
ਕੱਖ ਬਚਿਆ ਨਾ ਪੱਲੇ ਤਾਂ
ਨਾ ਜਿਉਂਦੇ ਰਹੇ, ਨਾ ਮੋਏ ਹਾਂ।

*-ਸੇਵਾ ਸਿੰਘ ਨੂਰਪੁਰੀ*

---

## ਚੁੰਨੀ ਤੇ ਪੱਗ

ਚੁੰਨੀ ਨਾਲ ਨੇ ਕੌਰਾਂ ਸੋਂਹਦੀਆਂ,
ਪੱਗਾਂ ਨਾਲ ਸਰਦਾਰ।
ਚੰਨ ਨਾਲ ਜਿਵੇਂ ਚਾਨਣੀ
ਤੇ ਫੁੱਲਾਂ ਨਾਲ ਬਹਾਰ।
ਸਿੰਘਾਂ ਦੇ ਹੱਥੀਂ ਕੱੜੇ ਸੋਂਹਦੇ,
ਮਿਆਨ ਵਿਚ ਤਲਵਾਰ
ਸੁਰਮਿਆਂ ਦੇ ਗੱਲ ਫਾਂਸੀ ਸੋਂਹਦੀ,
ਨਰਕੀਂ ਪੈਂਦੇ ਗੱਦਾਰ।
ਦਾਨਸ਼ਵਰਾਂ ਨੂੰ ਹਲੀਮੀ ਸੋਂਹਦੀ,
ਫੁਕਰਿਆਂ ਨੂੰ ਹੰਕਾਰ।
ਪੱਗਾਂ ਲਾਹ ਅੱਜ ਟੋਪੀਆਂ ਪਾਈਆਂ,
ਪੰਜਾਬ ਜਾਪੇ ਬਿਹਾਰ।
ਏਹੋ ਹਾਲ ਰਿਹਾ ਜੇ ਲੋਕੋ,
ਫਿਰ ਆਵੇਗਾ ਸਮਾਂ ਇਕ ਵਾਰ।
ਫੋਟੋ ਲਾਉਣਗੇ ਪੱਗਾਂ ਵਾਲੀਆਂ,
ਆਉਣ ਵਾਲੇ ਪਰਿਵਾਰ।
ਉਂਗਲਾਂ ਕਰਕੇ ਦੱਸਣਗੇ,
‘ਸਾਹੀ’ ਆਹ ਸੀ ਹੁੰਦੇ ਸਰਦਾਰ।

*-ਚਰਨਜੀਤ ਸਿੰਘ ਸਾਹੀ*



## ਹਤਿਆਰੀ ਦਿੱਲੀ

ਦਿਨ ਉਦਾਸ ਨੇ, ਰਾਤਾਂ ਗਮਗੀਨ ਨੇ।
ਦੋਸ਼ ਕਤਲੇਆਮ ਦੇ, ਕਿੰਨੇ ਸੰਗੀਨ ਨੇ।
ਦਨ ਦਨਾਂਦੇ ਕਾਤਲ, ਵਜ਼ੀਰ ਬਣ ਗਏ।
ਮਾਰੇ ਗਏ ਜਿਨ੍ਹਾਂ ਦੇ, ਫਕੀਰ ਬਣ ਗਏ।
ਅੱਲੇ ਨੇ ਜ਼ਖਮ ਹਜੇ, ਨਾਸੂਰ ਬਣ ਗਏ।
ਕੌਮ ਦੇ ਅਹਿਸਾਨ ਵੀ, ਕਸੂਰ ਬਣ ਗਏ।
ਦਿੱਲੀ, ਕਾਨਪੁਰ, ਇੰਦੌਰ, ਧਨਬਾਦ ਸੀ।
ਬੇਪੱਤ ਤੇ ਬੇਆਬਰੂ, ਹੋਏ ਬਰਬਾਦ ਸੀ।
ਪੁੱਛਿਆ ਨਾ ਹਾਲ, ਅੰਨ੍ਹਾ ਇਨਸਾਫ ਸੀ।
ਹਾਕਮ ਦੋਸ਼ੀ ਸੀ, ਨੀਅਤ ਨਾ ਸਾਫ ਸੀ।
ਪੈਂਤੀ ਸਾਲ ਬਾਅਦ, ਸਬੂਤ ਮੰਗਦੇ ਨੇ।

ਨੱਕ ਹੇਠਾਂ ਹੋਇਆ,ਜਰਾ ਨਾ ਸੰਗਦੇ ਨੇ।
ਕਿੰਨੇ ਮਾਰੇ ਜੀਂਦੇ ਸਾੜੇ,ਕਿੰਨੇ ਅਨਾਥ ਨੇ?
ਚੁੰਨੀ ਲੱਥੀ ਕੱਢੇ ਹਾੜੇ,ਕਿੰਨੇ ਮੁਹਥਾਜ ਨੇ?
ਝੂਠੀ ਦਲੀਲਾਂ ਨਾਲ, ਸਮਾਂ ਟਪਾਉਂਦੇ ਨੇ।
ਅੱਧੇ ਗਵਾਹ ਮਰ ਚੁੱਕੇ,ਬੱਸ ਟਰਕਾਂਦੇ ਨੇ।
ਬਹੁਤੇ ਭਾਣਾ ਮੰਨ ਕੇ, ਚੁੱਪ ਚਾਪ ਹੋਏ ਨੇ।
ਰੋਸ ਕਰੀਏ ਕਿਸ ਕੋਲ, ਨਿਰਾਸ਼ ਹੋਏ ਨੇ।

*-ਸੇਵਾ ਸਿੰਘ ਨੂਰਪੁਰੀ*

---

## ਦੱਸ ਖਾਂ ਰੱਬਾ !

ਪਾਈਆਂ ਗਲ ਵਿਚ ਪਾਟੀਆਂ ਲੀਰਾਂ,
ਪੈਰੋਂ ਨੰਗੀ ਵਾਂਗ ਫਕੀਰਾਂ।
ਹੱਥ ਵਿਚ ਠੂਠਾ ਖਾਲੀ ਓਹਦੇ,
ਛਾਵੇਂ ਬਹਿ ਗਈ ਜੰਡ ਕਰੀਰਾਂ।

ਵਾਸਤੇ ਬੈਠੀ ਪਾਵੇ ਰੱਬ ਨੂੰ,
ਗਲ ਚੋਂ ਰੱਬਾ ਲਾਹ ਵੇ ਜੱਬ ਨੂੰ।
ਆ ਤੂੰ ਮੇਰੇ ਵੱਲੀਂ ਹੋ ਜਾ,
ਮੇਰਾ ਵੀ ਰੱਬ ਕਹਿਦਿਆਂ ਸਭ ਨੂੰ।

ਤੈਨੂੰ ਨਹੀਂ ਦਿੱਸਦੀ ਸਾਡੀ ਕੁੱਲੀ,
ਮੈਂ ਨਾ ਰੱਬਾ ਤੈਨੂੰ ਭੁੱਲੀ।
ਵਿਚ ਕੁੱਲੀਆਂ ਤਿੱਖੀਆਂ ਧੁੱਪਾਂ,
ਹਵਾ ਵੀ ਬਣ ਹਨੇਰੀ ਝੁੱਲੀ।

ਵੱਡੇ ਰੁਤਬੇ ਵੱਡੀਆਂ ਗੱਲਾਂ,
ਮਹਿਲਾਂ ਮਾਰੀਆ ਉਚੀਆਂ ਮੱਲਾਂ।
ਮੇਰੇ ਲਈ ਵੀ ਖਜਾਨਾ ਦੱਬਿਐ?
ਦੱਸ ਖਾਂ ਨੰਗੇ ਪੈਰੀ ਚੱਲਾਂ!

ਚੁੱਪ ਵੱਟੀ ਕਿਉਂ ਨੀਵੀਂ ਪਾ ਲਈ?
ਹੌਲੀ ਚੱਲਾਂ ਨਹੀਂ ਕਰਦੀ ਕਾਹਲੀ।
ਛੇਤੀ ਦੱਸ ਖਾਂ ਆਟਾ ਵੀ ਮੰਗਣੈ,
ਬੇਬੇ ਚਿੰਤਾ ਕਰਦੀ ਹੋਊ ਵਾਹਲੀ।

*-ਗੁਰਵੀਰ ਕੌਰ ਅਤਫ*
*ਛਾਜਲਾ (ਸੰਗਰੂਰ)*
*ਫੋਨ: 91-87259-62914*

## ਜਿੱਥੇ ਗੱਲਾਂ ਹੋਣ ਪੰਜਾਬ ਦੀਆਂ

ਜਿੱਥੇ ਮੱਖਣ ਮਲਾਈਆਂ ਨੇ, ਭਾਵੇਂ ਘੱਟ ਕਮਾਈਆਂ ਨੇ
ਜਿੱਥੇ ਸ਼ੇਰਾਂ ਵਰਗੇ ਜਿਗਰੇ ਤੇ ਹੌਸਲਿਆਂ ਨਾਲ ਚੜ੍ਹਾਈਆਂ ਨੇ
ਸਾਰੇ ਜੱਗ ਵਿਚ ਹੁੰਦੀਆਂ ਗੱਲਾਂ ਜਿਸ ਖੁਰਾਕ ਦੀਆਂ।
ਮੈਨੂੰ ਉਥੇ ਲੈ ਚੱਲ ਬਾਪੂ ਜਿੱਥੇ ਗੱਲਾਂ ਹੋਣ ਪੰਜਾਬ ਦੀਆਂ।

ਜਿੱਥੇ ਬਾਜਾਂ ਵਾਲੇ ਨੇ ਪਰਿਵਾਰ ਸ਼ਹੀਦ ਕਰਾ‘ਤਾ
ਜਿੱਥੇ ਬਾਬੇ ਨਾਨਕ ਨੇ ਤੇਰਾ ਦਾ ਪਾਠ ਪੜ੍ਹਾ‘ਤਾ
ਮਾਹਾਰਾਜਾ ਰਣਜੀਤ ਸਿੰਘ ਨਨਕਾਣਾ ਸਾਹਿਬ ਦੀਆਂ...।

ਜਿੱਥੇ ਸ਼ਾਮ ਸਵੇਰੇ ਨਿੱਤ ਮਧਾਣੀਆਂ ਖਿਰਕਦੀਆਂ
ਜਿੱਥੇ ਦਿੱਤੀਆਂ ਜਾਣ ਮਿਸਾਲਾਂ ਮਾਂ ਦੇ ਸਿਦਕ ਦੀਆਂ
ਟੁੱਟਦੀਆਂ ਨਹੀਓਂ ਜਿੱਥੇ ਤੰਦਾਂ ਮੋਹ ਤੇ ਪਿਆਰ ਦੀਆਂ...।

ਜਿੱਥੇ ਬੈਠ ਕੇ ਬਚਪਨ ਦੇ ਵਿਚ ਖਾਬ ਸੰਜੋਏ ਸੀ
ਜਿੱਥੇ ਉਂਗਲੀ ਫੜ ਕੇ ਤੇਰੀ, ਚੱਲਣ ਜੋਗੇ ਹੋਏ ਸੀ
‘ਪ੍ਰਵੀਨ ਘਰੋਟੀਆ’ ਨਹੀਂ ਭੁੱਲਦਾ ਪਿੰਡ, ਯਾਦਾਂ ਸਾੜਦੀਆਂ।
ਮੈਨੂੰ ਉਥੇ ਲੈ ਚੱਲ ਬਾਪੂ ਜਿੱਥੇ ਗੱਲਾਂ ਹੋਣ ਪੰਜਾਬ ਦੀਆਂ।

*-ਪਰਵੀਨ ਘਰੋਟੀਆ*
*ਫੋਨ: 91-98149-30031*

## ਸੁਣ ਅੰਨ ਦਾਤਿਆ ਵੀਰਾ

ਮੇਰੇ ਦੇਸ਼ ਦੇ ਜਵਾਨਾ, ਅੰਨ ਦਾਤਿਆ ਕਿਸਾਨਾ,
ਤੈਨੂੰ ਮੂਰਖ ਬਣਾਇਆ ਤੇਰੇ ਆਗੂ ਬੇਈਮਾਨਾਂ।
ਭੋਰਾ ਕਦਰ ਨਾ ਪਾਈ ਸਮੇਂ ਦਿਆਂ ਹੁਕਮਰਾਨਾਂ,
ਤੈਨੂੰ ਕਦੇ ਲਾਉਣ ਲਾਰੇ, ਕਦੇ ਲਾਉਂਦੇ ਨੇ ਬਹਾਨਾ।
ਤੈਨੂੰ ਲੈ ਕੇ ਬਹਿ ਗਿਆ ਏ ਇੱਕ ਤੇਰਾ ਬਚਕਾਨਾ।
ਖੱਟੀ ਖੱਟ‘ਗੇ ਵਪਾਰੀ ਤੈਨੂੰ ਬਚਿਆ ਨਾ ਆਨਾ।

ਸੌਦਾ ਜੀਹਦੇ ਨਾਲ ਮਾਰੇ ਤੇਰਾ ਮੁੱਕਰੇ ਬਿਆਨਾ।
ਖੁਦਕਸ਼ੀਆਂ ਦੇ ਰਾਹੀਂ ਤੂੰ ਗੁਆਉਂਦਾ ਰਹੇਂ ਜਾਨਾਂ।
ਹੁਣ ਲਗਦੈ ਤੂੰ ਖੋਲ੍ਹਿਆ ਏ ਅਕਲਾਂ ਦਾ ਖਾਨਾ।
ਏਕਾ ਕਰੇ ਤੋਂ ਬਗੈਰ ਨਹੀਂਓਂ ਸਰਨਾਂ ਨਾਦਾਨਾ।
ਹੁਣ ਤਾਂ ਖੜ੍ਹਨਾ ਹੀ ਪੈਣਾ ਤੈਨੂੰ ਵਾਂਗਰਾਂ ਚੱਟਾਨਾਂ।

ਤੇਰੇ ਨਾਲ ਜੁੜ ਗਈਆਂ ਨੇ ਸੁਆਣੀਆਂ ਰਕਾਨਾਂ।
ਰਲ ਕੇ ਠੋਕਣਾ ਪਊਗਾ ਹਰ ਚੂਲ ਵਿਚ ਫਾਨਾ।
ਤੇਰੇ ਧੀਆਂ ਅਤੇ ਪੁੱਤ ਵਾਰ ਸਕਦੇ ਨੇ ਜਾਨਾਂ।
ਵੇਖੀਂ ‘ਸ਼ਰਮਾ’ ਲਿਖੂਗਾ ਤੇਰੀਆਂ ਜੋ ਦਾਸਤਾਨਾਂ।

*-ਮੂਲ ਚੰਦ ਸ਼ਰਮਾ*
*ਫੋਨ: 91-94784-08898*

# ਕਾਵਿ-ਜਗਤ



## ਨਿਜ਼ਾਮ

ਸ਼ਾਇਦ ਮੈਂ ਸਰਕਾਰਾਂ ਬਦਲਣ ਦੀ
ਸਮਰੱਥਾ ਨਹੀਂ ਰੱਖਦਾ
ਪਰ ਵਿਰੋਧ ਕਰ ਸਕਦਾ ਹਾਂ,
ਇੱਕ ਦਿਨ ਇਹ ਵਿਰੋਧ
ਲਾਮਿਸਾਲ ਹੋ ਜਾਵੇਗਾ।
ਇਹ ਹਜੂਮ ਇਨਕਲਾਬ ਲਿਆਵੇਗਾ,
ਇੱਕ ਦਿਨ ਨਿਜ਼ਾਮ ਬਦਲ ਜਾਵੇਗਾ।

ਜਿਹੜੇ ਕਦੇ ਨਹੀਂ ਸੀ
ਸੁਣਦੇ ਗੱਲ ਮੇਰੀ ਨੂੰ,
ਅੱਜ ਚੁੱਪ ਹੋ ਗਏ ਨੇ।
ਜਿਹੜੇ ਅੱਜ ਚੁੱਪ ਹੋ ਗਏ ਨੇ,
ਕੱਲ ਤੇਰੇ ਮੂਹਰੇ ਹਿੱਕ ਡਾਹ ਕੇ ਖੜੇ ਹੋਣਗੇ।
ਚੇਤੇ ਰੱਖੀਂ ਹਾਕਮਾ
ਇਹ ਦਿਨ ਜ਼ਰੂਰ ਆਵੇਗਾ,
ਇੱਕ ਦਿਨ ਨਿਜ਼ਾਮ ਬਦਲ ਜਾਵੇਗਾ।

ਜਿਸ ਹਕੂਮਤ ਦੇ ਨਸ਼ੇ ਵਿਚ
ਤੂੰ ਚੂਰ ਹੋਇਆ,
ਲੋਕ ਉਤਾਰ ਦੇਣਗੇ।
ਜਿਹੜੀ ਬਰਬਾਦੀ ‘ਤੇ ਤੂੰ ਤੁਲਿਆ,
ਲੋਕ ਹਿਸਾਬ ਲੈਣਗੇ।
ਲੋਕਾਂ ਦਾ ਸਬਰ ਟੁੱਟ ਜਾਵੇਗਾ,
ਇੱਕ ਦਿਨ ਨਿਜ਼ਾਮ ਬਦਲ ਜਾਵੇਗਾ।

ਸਹਿੰਦੇ ਰਹੇ ਚੁੱਪ-ਚਾਪ ਲੋਕ ਜ਼ੁਲਮ ਤੇਰੇ,
ਹੁਣ ਨਹੀਂ ਸਹਿਣਗੇ।
ਜੇ ਹਿਟਲਰ ਜਿਹਾ ਤਾਨਾਸ਼ਾਹ ਬਣਿਆ
ਤਾਂ ਲੋਕ ਲਾਹ ਦੇਣਗੇ।
ਤਾਂ ਹੀ ਸੁੱਖਦਾ ਸਾਹ ਆਵੇਗਾ,
ਇੱਕ ਦਿਨ ਨਿਜ਼ਾਮ ਬਦਲ ਜਾਵੇਗਾ।

ਜੁਆਨੀ ਨਸ਼ੇ ਦੇ ਖੂਨੀ ਦਰਿਆ
ਵਿਚ ਵਹਿ ਤੁਰੀ ਏ।
ਧੀ ਪੰਜਾਬ ਦੀ ਜਿਸਮਾਨੀ ਭੁੱਖੜਾਂ
ਦੀ ਢਾਕੇ ਚੜ੍ਹੀ ਏ।
ਅੱਜ ਹਰ ਵਾਸੀ ਨਾਅਰਾ,
ਇਨਕਲਾਬੀ ਲਾਏਗਾ।
ਇੱਕ ਦਿਨ ਨਿਜ਼ਾਮ ਬਦਲ ਜਾਵੇਗਾ।

ਬਦਲਾਂਗੇ ਤੈਨੂੰ ਨਹੀਂ
ਆਪਣੇ ਆਪ ਨੂੰ।
ਪੂਰਾ ਨਹੀਂ ਹੋਣ ਦਿਆਂਗੇ,
ਤੇਰੇ ਖਾਬ ਨੂੰ।
ਮੂੰਹ ਤੋੜ ਦਿਆਂਗੇ ਜਵਾਬ,
ਜੇ ਕੋਈ ਕਹਿਰ ਢਾਵੇਗਾ।
ਇੱਕ ਦਿਨ ਨਿਜ਼ਾਮ ਬਦਲ ਜਾਵੇਗਾ।

ਸੁਚੱਜੇ ਸਮਾਜ ਦੀ
ਸਿਰਜਣਾ ਕਰਾਂਗੇ।
ਤਾਜ ਇਨਸਾਨੀਅਤ ਦੇ
ਸਿਰ ਧਰਾਂਗੇ।
ਸਭ ਨੂੰ ਬੋਲਣ ਦੀ ਆਜ਼ਾਦੀ ਹੋਵੇਗੀ,
ਧੀ ਦਾ ਸਤਿਕਾਰ ਕੀਤਾ ਜਾਵੇਗਾ,
ਉਹ ਦਿਨ ਦੂਰ ਨਹੀਂ
ਬਹੁਤ ਜਲਦ ਆਵੇਗਾ।
ਇੱਕ ਦਿਨ ਨਿਜ਼ਾਮ ਬਦਲ ਜਾਵੇਗਾ।
ਇੱਕ ਦਿਨ ਨਿਜ਼ਾਮ ਬਦਲ ਜਾਵੇਗਾ।

*-ਬਲਜਿੰਦਰ ਸਿੰਘ ਸਿੱਧੂ*
*ਫੋਨ: 91-95010-15085*

---

## ਕੁਦਰਤ

ਕੁਦਰਤ ਦੇ ਨਾਲ ਕੀਤੇ ਆਪਾਂ ਕੀ ਕੀ ਕਾਰੇ ਨਹੀਂ,
ਤਹਿਸ ਨਹਿਸ ਕਰਦਿਆਂ, ਪਰਿਣਾਮ ਵਿਚਾਰੇ ਨਹੀਂ।

ਗਿਰਝਾਂ, ਇੱਲਾਂ, ਚਿੜੀਆਂ, ਸ਼ਿਕਰਾ, ਬਾਜ ਤੇ ਤੋਤਾ
ਕੀ ਕੀ ਹੋਰ ਗਿਣਾਵਾਂ ਪੰਛੀ ਜਿਹੜੇ ਮਾਰੇ ਨਹੀਂ।

ਧਰਤੀ ਦਾ ਸ਼ਿੰਗਾਰ ਸੀ ਰੁੱਖ ਵੀ ਆਪਾਂ ਬਖਸ਼ੇ ਨਹੀਂ
ਇੱਕ ਵੱਢਿਆਂ ਤਿੰਨ ਸੀ ਲਾਉਣੇ, ਲਾਉਂਦੇ ਸਾਰੇ ਨਹੀਂ।

ਗੰਧਲਾ ਕੀਤਾ ਵਾਤਾਵਰਨ ਪਾਣੀ ਵੀ ਹੁਣ ਜ਼ਹਿਰੀ ਹੈ
ਹਰ ਘਰ ਹੈ ਕੈਂਸਰ ਆਪਾਂ ਜ਼ਹਿਰਾਂ ਪੀ ਪੀ ਹਾਰੇ ਨਹੀਂ।

ਕੀ ਜੰਗਲ ਕੀ ਮੈਦਾਨ, ਨਹਿਰਾਂ, ਨਦੀਆਂ ਪਰਬਤ
ਉਹ ਥਾਂ ਦੱਸੋ ਮੈਨੂੰ ਜਿੱਥੇ ਆਪਾਂ ਮਹਿਲ ਉਸਾਰੇ ਨਹੀਂ।

ਕੈਦ ਕਰ ਲਏ ਜਾਨਵਰ ਤੇ ਪੰਛੀ ਪਿੰਜਰੇ ਬੰਦ ਨੇ ਸਾਰੇ
ਇਨ੍ਹਾਂ ਰੱਬ ਦੇ ਜੀਆਂ ‘ਤੇ ਕੀ ਕੀ ਕਹਿਰ ਗੁਜ਼ਾਰੇ ਨਹੀਂ।

ਗੁਲਾਮ ਬਣਾ ਕੇ ਕੁਦਰਤ ਨੂੰ ਮਜ਼ਾਕ ਹੀ ਸਮਝੀ ਬੈਠੇ ਓ
ਗੱਲ ਯਾਦ ਰੱਖੀਂ ਜਿਓਣਿਆ, ਜੇ ਦਿਨੇ ਵਿਖਾਏ ਤਾਰੇ ਨਹੀਂ।

*-ਜਤਿੰਦਰ ਜਿਓਣਾ, ਭੁੱਚੋ, ਫੋਨ: 91-95014-75400*



# ਪੱਤਝੜ ਦੇ ਰੰਗ

ਬਹਾਰ ਦੇ ਆਪਣੇ ਰੰਗ ਹੁੰਦੇ ਹਨ, ਪੱਤਝੜ ਦੇ ਆਪਣੇ। ਕੈਨੇਡਾ ਦੀ ਪੱਤਝੜ ਵਿਚ ਵੀ ਰੰਗਾਂ ਦੀ ਛਹਿਬਰ ਲੱਗ ਜਾਂਦੀ ਹੈ। ਇਹ ਰੰਗ ਬਹਾਰ ਦੇ ਰੰਗਾਂ ਨੂੰ ਵੀ ਮਾਤ ਪਾਉਂਦੇ ਹਨ। ਮੈਂ ਅਕਤੂਬਰ ਦੀਆਂ ਰੰਗੀਨ ਸ਼ਾਮਾਂ ਨੂੰ ਰੱਖਾਂ ਦੀਆਂ ਪਹੀਆਂ ਉੱਤੇ ਸੈਰ ਕਰਦਾ ਹਾਂ ਤਾਂ ਝੂੰਮਦੇ ਰੁੱਖਾਂ ਉੱਤੇ ਅਤੇ ਆਲੇ ਦੁਆਲੇ ਉੱਚੇ ਨੀਵੇਂ ਭੋਇੰ ਦ੍ਰਿਸ਼ਾਂ 'ਤੇ ਰਚੀ ਰੰਗਾਂ ਦੀ ਅਪਾਰ ਲੀਲ੍ਹਾ ਵੇਖਦਾ ਹਾਂ। ਅਨੇਕਾਂ ਰੰਗ ਹੁੰਦੇ ਹਨ-ਪੱਤਿਆਂ, ਝਾੜੀਆਂ, ਫਲਾਂ-ਫੁੱਲਾਂ, ਘਾਹ-ਫੂਸ, ਰੁੱਖਾਂ-ਬੂਟਿਆਂ ਤੇ ਆਲੇ-ਦੁਆਲੇ ਰੰਗ ਵਟਾ ਰਹੀ ਬਨਸਪਤੀ ਦੇ। ਹੈਰਾਨੀ ਹੁੰਦੀ ਹੈ, ਏਨੇ ਰੰਗ! ਖਿੜਨ ਵੇਲੇ ਤਾਂ ਰੰਗਾਂ ਨੇ ਟਹਿਕਣਾ ਹੀ ਹੋਇਆ, ਇਹ ਤਾਂ ਮੁਰਝਾਉਣ ਲੱਗੇ ਵੀ ਟਹਿਕਦੇ ਨੇ!

ਪ੍ਰਿੰ. ਸਰਵਣ ਸਿੰਘ

ਧਰਤੀ ਦੇ ਰੰਗ ਵੇਖਦਿਆਂ ਕਦੇ-ਕਦੇ ਨਿਗ੍ਹਾ ਉਪਰ ਅੰਬਰ ਵੱਲ ਵੀ ਉਠ ਜਾਂਦੀ ਹੈ। ਅਸਮਾਨ 'ਚ ਤੈਰਦੀਆਂ ਤਿੱਤਰ-ਖੰਭੀਆਂ ਬੱਦਲੀਆਂ ਕਦੇ ਬੱਗੀਆਂ, ਕਦੇ ਕਾਲੀਆਂ ਤੇ ਕਦੇ ਸਾਂਵਲੀਆਂ ਹੋ ਜਾਂਦੀਆਂ ਹਨ। ਕਦੇ ਸੂਰਜ ਦੀ ਲਿਸ਼ਕੋਰ ਵਿਚ ਸੰਤਰੀ ਭਾਅ ਮਾਰਦੀਆਂ ਹਨ। ਲੱਗਦੈ ਜਿਵੇਂ ਬੱਦਲੀਆਂ ਦੀਆਂ ਕੰਨੀਆਂ ਨੂੰ ਗੁਲਾਨਾਰੀ ਗੋਟਾ-ਕਿਨਾਰੀ ਲੱਗੀ ਹੋਵੇ। ਜਿਵੇਂ ਅਸਮਾਨੀ ਮਤਾਬੀਆਂ ਜਗ ਰਹੀਆਂ ਹੋਣ। ਉਡਦੇ ਪੰਖੇਰੂਆਂ ਦੇ ਖੰਭ ਪਲ-ਪਲ ਰੰਗ ਵਟਾਉਂਦੇ ਲੱਗਦੇ ਹਨ। ਕਦੇ ਕਾਲੇ, ਕਦੇ ਚਮਕੀਲੇ, ਕਦੇ ਕੇਸਰੀ, ਕਦੇ ਕਾਸ਼ਨੀ ਤੇ ਕਦੇ ਕਪਾਹੀ। ਕਦੇ ਉੱਘੜਵੇਂ, ਕਦੇ ਮੱਧਮ, ਕਦੇ ਨਿੱਖਰੇ ਤੇ ਕਦੇ ਘਸਮੈਲੇ। ਹੋਠਾਂ ਰੁੱਖਾਂ ਅਤੇ ਵੇਲਾਂ-ਬੂਟਿਆਂ ਉਤੇ ਰੰਗ ਖੇਡਦੇ ਹਨ, ਉੱਤੇ ਬੱਦਲਾਂ ਅਤੇ ਪੰਛੀਆਂ ਦੇ ਖੰਭਾਂ 'ਤੇ ਕਲੋਲਾਂ ਕਰਦੇ ਹਨ। ਮਨ ਕੂਕ ਉਠਦੈ, ਸੁਭਾਨ ਤੇਰੀ ਕੁਦਰਤ!

ਕਦੇ ਕਦੇ ਮੈਨੂੰ ਪੰਜਾਬ ਦੇ ਬਨਸਪਤ-ਦ੍ਰਿਸ਼ ਵੀ ਯਾਦ ਆਉਣ ਲਗਦੇ ਹਨ। ਮੈਂ ਪੰਜਾਬ ਦੀਆਂ ਰੁੱਤਾਂ ਵੇਖਦਾ ਹੀ ਵੱਡਾ ਹੋਇਆ ਹਾਂ। ਰੰਗ ਵਟਾਉਂਦੀ ਪ੍ਰਕਿਰਤੀ ਮੈਨੂੰ ਹਮੇਸ਼ਾ ਸਰਸ਼ਾਰ ਕਰਦੀ ਰਹੀ ਹੈ। ਪੰਜਾਬ ਦੀਆਂ ਲਵੀਆਂ ਤੇ ਪੱਕੀਆਂ ਪੈਲੀਆਂ ਦੇ ਰੰਗ ਵੀ ਕਮਾਲ ਦੇ ਨੇ। ਦੂਰ-ਦਿਸਹੱਦਿਆਂ ਤਕ ਝੱਲਿਆਂ ਦੀ ਹਰਿਆਵਲ ਦਾ ਲਹਿਲਹਾਉਣਾ, ਬੰਬੀਆਂ ਦੀਆਂ ਚਾਂਦੀ-ਰੰਗੀਆਂ ਧਾਰਾਂ ਦਾ ਵਹਿਣਾ, ਚਰ੍ਹੀਆਂ ਦੀ ਮਿੱਠੀ ਮਹਿਕ, ਬਾਜਰੇ ਦੇ ਗੁੰਦਵੇਂ ਸਿੱਟੇ, ਮੱਕੀ ਦੇ ਭੁੱਬਲਦਾਰ ਬਾਵੂ, ਹਰੇ ਭਰੇ ਲੂਸਣ, ਬਰਸੀਮ, ਵਗਦੀਆਂ ਆੜਾਂ ਦੀ ਲਿਸ਼ਕ ਤੇ ਗਿੱਲੀ ਮਿੱਟੀ ਦੀ ਖੁਸ਼ਬੋ, ਸੁਨਹਿਰੀ ਕਣਕਾਂ ਦਾ ਝੂੰਮਣਾ ਤੇ ਸੂਰਜਮੁਖੀ ਦੇ ਫੁੱਲਾਂ ਦਾ ਦਗਦੇ ਸੁਨਹਿਰੇ ਰੰਗਾਂ ਨਾਲ ਮੂੰਹ ਵਿਖਾਉਣਾ ਕਦੇ ਨਹੀਂ ਭੁੱਲਿਆ। ਸਰਵ੍ਹਾਂ ਦੇ ਪੀਲੇ ਫੁੱਲਾਂ ਦੀ ਬਹਾਰ ਦਾ ਆਪਣਾ ਰੰਗ ਹੈ ਤੇ ਤਿਲਾਂ ਦੇ ਚਿੱਟੇ ਅਤੇ ਅਲਸੀ ਦੇ ਅਲਸਾਏ ਫੁੱਲਾਂ ਦਾ ਆਪਣਾ। ਤਦੇ ਤਾਂ ਲੋਕ ਗੀਤ ਜੁੜਿਆ, 'ਨਣਦ ਚੱਲੀ ਮੁਕਲਾਵੇ ਅਲਸੀ ਦੇ ਫੁੱਲ ਵਰਗੀ।' ਮੈਂ ਵੀ ਕਦੇ ਜੁਆਨੀ ਸਮੇਂ ਦੇ ਸ਼ੌਕੀਨ ਅਥਲੀਟ ਮਹਿੰਦਰ ਸਿੰਘ ਗਿੱਲ ਦੇ ਰੇਖਾ ਚਿੱਤਰ ਦਾ ਨਾਂ 'ਅਲਸੀ ਦਾ ਫੁੱਲ' ਹੀ ਰੱਖਿਆ ਸੀ।

ਮੈਨੂੰ ਉਹ ਦ੍ਰਿਸ਼ ਮੁੜ-ਮੁੜ ਦਿਖਾਈ ਦਿੰਦੇ ਨੇ ਜਦੋਂ ਟਿੱਬਿਆਂ ਉਤੋਂ ਦੀ ਛਿਪਦਾ ਸੰਧੂਰੀ ਸੂਰਜ ਕਿਸੇ ਕਾਲੀ ਕਿੱਕਰ ਦੇ ਦੁਸਾਂਗ ਉੱਤੇ ਠੋਡੀ ਰੱਖ ਕੇ ਝਾਤ ਕਰਦਾ ਤੇ ਸਵੇਰਸਾਰ ਸੁਨਹਿਰੀ ਕਿਰਨਾਂ ਦਾ ਛੱਟਾ ਦਿੰਦਾ ਫਿਰ ਹਾਜ਼ਰ ਹੋ ਜਾਂਦਾ। ਉਹਦੀਆਂ ਲਿਸ਼ਕਦੀਆਂ ਕਿਰਨਾਂ ਵਿਚ ਕਣਕਾਂ ਦੇ ਹਰੇ ਕਚੂਰ ਪੱਤਿਆਂ ਨਾਲ ਲਟਕਦੇ ਤ੍ਰੇਲ ਤੁਪਕੇ ਅਨੇਕਾਂ ਰੰਗਾਂ 'ਚ ਚਮਕਦੇ/ਲਿਸ਼ਕਦੇ। ਕਦੇ ਉਹ ਹੀਰੇ ਮੋਤੀ ਬਣ ਜਾਂਦੇ ਤੇ ਉਨ੍ਹਾਂ 'ਚ ਪਈਆਂ ਸੱਤਰੰਗੀਆਂ ਪੀਂਘਾਂ ਦੇ ਹੁਲਾਰੇ ਨੱਚਦੇ ਦਿਸਦੇ। ਨ੍ਹਾਤੇ ਧੋਤੇ ਪੱਤਿਆਂ 'ਤੇ ਮੋਰ ਦੀ ਧੌਣ ਅਤੇ ਕਲਗੀ ਵਰਗੀ ਸਾਵੀ-ਸੁਨਹਿਰੀ ਭਾਅ ਲਿਸ਼ਕਦੀ। ਲਵੀਆਂ ਕੂਲੀਆਂ ਕਣਕਾਂ ਤੋਤੇਰੰਗੀ ਸ਼ਨੀਲ ਦੀ ਭਾਅ ਮਾਰਦੀਆਂ। ਸੂਰਜ ਦੀ ਲਿਸ਼ਕੋਰ ਵਿਚ ਇਹ ਭਾਅ ਮੇਰੀਆਂ ਨਜ਼ਰਾਂ ਦੇ ਨਾਲ-ਨਾਲ ਤੁਰੀ ਜਾਂਦੀ।

ਪੰਜਾਬ ਤੋਂ ਕੈਨੇਡਾ ਆ ਕੇ ਜਦੋਂ ਮੈਂ ਕੈਨੇਡਾ ਦੀ ਪਤਝੜ ਦੇ ਅਨੰਤ ਰੰਗ ਵੇਖਣ ਲੱਗਾ ਹਾਂ ਤਾਂ ਕੁਦਰਤ ਦੇ ਹੋਰ ਵੀ ਬਲਿਹਾਰੇ ਜਾਣ ਨੂੰ ਜੀਅ ਕਰਦੈ। ਇਥੇ ਕਿਸੇ ਉੱਚੇ ਥਾਂ ਖੜ੍ਹ ਕੇ ਹੇਠਾਂ ਪਸਰੀਆਂ ਰੱਖਾਂ ਤੇ ਢਲਵਾਨਾਂ 'ਤੇ ਝਾਤ ਮਾਰਦਾ ਹਾਂ ਤਾਂ ਰੰਗਾਂ ਦੀ ਦੀਪਮਾਲਾ ਜਗਦੀ ਜਾਪਦੀ ਹੈ। ਅਨੇਕਾਂ ਰੰਗਾਂ ਦੀਆਂ ਫੁੱਲਝੜੀਆਂ ਚੱਲਦੀਆਂ ਮਲੂਮ ਹੁੰਦੀਆਂ ਹਨ। ਰੰਗਾਂ ਦੀ ਆਤਿਸ਼ਬਾਜ਼ੀ ਆਕਾਸ਼ ਵਿਚ ਨਹੀਂ, ਧਰਤੀ 'ਤੇ ਹੋ ਰਹੀ ਲੱਗਦੀ ਹੈ। ਕਦੇ-ਕਦੇ ਮੈਂ ਰੁੱਖਾਂ, ਬੂਟਿਆਂ ਤੇ ਫੁੱਲਾਂ ਝਾੜੀਆਂ ਕੋਲ ਖੜ੍ਹ ਕੇ ਉਨ੍ਹਾਂ ਦੇ ਰੰਗ ਨਿਹਾਰਦਾ ਹੈਰਾਨ ਹੁੰਨਾਂ ਕਿ ਕੁਦਰਤ ਨੇ ਏਨੇ ਰੰਗ ਬਖਸ਼ੇ ਕਿਥੋਂ ਨੇ? ਕਿਹਾ ਜਾਂਦਾ ਹੈ ਕਿ ਕਾਲਾ, ਚਿੱਟਾ, ਹਰਾ, ਲਾਲ ਤੇ ਨੀਲਾ ਬੁਨਿਆਦੀ ਰੰਗ ਹਨ। ਓਲੰਪਿਕ ਖੇਡਾਂ ਦੇ ਝੰਡੇ 'ਤੇ ਵੀ ਇਨ੍ਹਾਂ ਰੰਗਾਂ ਦੇ ਹੀ ਚੱਕਰ ਪਰੋਏ ਹਨ। ਇਹ ਵੀ ਕਿਹਾ ਜਾਂਦੈ ਕਿ ਸਾਰੇ ਰੰਗ ਇਨ੍ਹਾਂ ਦੇ ਘੁਲਣ ਮਿਲਣ 'ਚੋਂ ਹੀ ਨਿਕਲੇ ਹਨ। ਤੇ ਉਹ ਏਨੇ ਰੰਗ ਬਣ ਗਏ ਹਨ ਕਿ ਗਿਣਤੀ ਹੀ ਕੋਈ ਨਹੀਂ। ਹਰ ਬੋਲੀ 'ਚ ਇਨ੍ਹਾਂ ਰੰਗਾਂ ਦੇ ਵੱਖ-ਵੱਖ ਨਾਂ ਰੱਖੇ ਹੋਏ ਹਨ। ਰੰਗਾਂ ਦੀ ਸ਼ਨਾਖਤ ਕਰਨ ਵਿਚ ਪੰਜਾਬੀ ਭਾਸ਼ਾ ਵੀ ਕਿਸੇ ਤੋਂ ਘੱਟ ਨਹੀਂ।

ਸੈਰ ਕਰਦਾ ਮੈਂ ਵੇਖਦਾ ਹਾਂ ਕਿਸੇ ਪੱਤੇ/ਪੱਤੀ, ਫਲ/ਫੁੱਲ ਤੇ ਝਾੜ/ਝਾੜੀ ਦਾ ਰੰਗ ਸੁਰਮਈ ਹੈ, ਕਿਸੇ ਦਾ ਅੰਗੂਰੀ, ਦਾਖੀ, ਅੰਬਰੀ ਤੇ ਕਿਸੇ ਦਾ ਕਥਈ। ਕੋਈ ਬਲੈਕਬੇਰੀ ਹੈ, ਦਾਲਚੀਨੀ, ਮੂੰਗੀਆ, ਫਿਰੋਜ਼ੀ ਤੇ ਕੋਈ ਅੰਡਰਈ। ਕਿਸੇ ਦਾ ਰੰਗ ਗੁਲਾਬਾਸੀ, ਦੁਧੀਆ, ਰਾਣੀ ਕਲਰ, ਕਿਸੇ ਦਾ ਕਰੀਮ ਕਲਰ, ਕੋਈ ਕੱਚਾ ਪੀਲਾ, ਪੱਕਾ ਪੀਲਾ, ਕੋਈ ਸ਼ਬਨਮੀ, ਸੰਦਲੀ, ਲੂਸਣੀ, ਲਾਖਾ, ਸਾਵਾ, ਬੱਗਾ, ਬੂਰਾ, ਚਿਤਕਬਰਾ, ਮਟਮੈਲਾ, ਘਸਮੈਲਾ ਤੇ ਕਿਸੇ ਦਾ ਅਰਬੀ ਹੈ। ਕਿਸੇ ਦਾ ਰੰਗ ਮੋਰਪੰਖੀਆ, ਗੁਲਮੋਹਰੀ, ਯਾਕੂਤੀ ਤੇ ਕਿਸੇ ਦਾ ਸ਼ਰਬਤੀ!

ਖਿਲਰੇ ਪੱਤਿਆਂ ਤੇ ਖਿੜੇ ਫੁੱਲਾਂ ਦੀਆਂ ਪੱਤੀਆਂ ਦੇ ਰੰਗ, ਫਲਾਂ ਦੇ ਰੰਗ, ਰਾਹ ਜਾਂਦਿਆਂ ਨੂੰ ਰੋਕਦੇ ਹਨ। ਕਿਤੇ ਗੂੜ੍ਹੇ ਰੰਗਾਂ ਦੇ ਪੱਕੇ ਹੋਏ ਫਲ ਦਿਸਦੇ ਹਨ ਤੇ ਕਿਤੇ ਹਲਕੇ ਰੰਗਾਂ ਦੇ ਕੱਚੇ ਫਲ। ਕਿਸੇ ਫਲ ਦਾ ਰੰਗ ਅਨਾਰੀ ਹੈ, ਕਿਸੇ ਦਾ ਬਦਾਮੀ, ਬਿਸਕੁਟੀ, ਗਾਜਰੀ ਤੇ ਕਿਸੇ ਦਾ ਸੰਤਰੀ। ਝਾੜੀਆਂ ਨੂੰ ਲੱਗੇ ਮਲ੍ਹਿਆਂ ਦੇ ਬੇਰਾਂ ਵਰਗੇ ਨਿੱਕੇ ਸੁਰਖ ਫਲ ਖਾਣ ਨੂੰ ਜੀਅ ਕਰਦਾ ਹੈ। ਸੰਧੂਰੀ ਅੰਬੀਆਂ ਵਰਗੇ ਰੱਤੇ ਸੇਬ ਲੱਗੇ ਹੁੰਦੇ ਨੇ ਕਈ ਥਾਂਈਂ। ਝਾੜੀਆਂ ਦੇ ਪੱਤੇ ਭਾਵੇਂ ਨਿੱਕੇ ਨਿੱਕੇ ਹੁੰਦੇ ਨੇ, ਪਰ ਉਨ੍ਹਾਂ ਦੇ ਰੰਗਾਂ ਦਾ ਵੀ ਅੰਤ ਨਹੀਂ। ਟਾਹਣੀਓਂ ਟੁੱਟ ਕੇ ਤਾਂ ਉਹ ਹੋਰ ਹੀ ਰੰਗ ਵਟਾ ਲੈਂਦੇ ਨੇ। ਕਿਸੇ ਦਾ ਪੱਤੀ ਦਾ ਰੰਗ ਮੋਤੀਆ, ਕਿਸੇ ਦਾ ਬਡਮੋਤੀਆ, ਕੱਦੂਮੋਤੀਆ, ਕਪੂਰੀ, ਘਿਉਕਪੂਰੀ, ਕਿਸੇ ਦਾ ਪਿਆਜ਼ੀ ਤੇ ਕਿਸੇ ਦਾ ਹਵਾ ਪਿਆਜ਼ੀ।

ਕੈਨੇਡਾ ਦਾ ਰਾਜਰੁੱਖ ਮੇਪਲ ਟ੍ਰੀ ਹੈ। ਮੇਪਲ ਦਾ ਪੱਤਾ ਕੈਨੇਡਾ ਦੇ ਰਾਸ਼ਟਰੀ ਝੰਡੇ 'ਤੇ ਅੰਕਿਤ ਹੈ। ਕੈਨੇਡਾ ਵਿਚ ਉਂਜ ਵੀ ਮੇਪਲ ਰੁੱਖਾਂ ਦੀ ਭਰਮਾਰ ਹੈ। ਰੁੱਖ ਭਾਵੇਂ ਕੋਈ ਵੀ ਹੈ, ਪੱਤੇ ਉਹਦੇ ਮੇਪਲ ਵਰਗੇ ਹੀ ਲੱਗਦੇ ਹਨ। ਪੱਤਝੜ ਵਿਚ ਮੇਪਲ ਦੇ ਪੱਤੇ ਵੀ ਅਨੇਕਾਂ ਰੰਗ ਵਟਾਉਂਦੇ ਹਨ। ਮੇਪਲ ਜਦੋਂ ਹਰਿਆ ਭਰਿਆ ਹੋਵੇ ਤਾਂ ਤੋਤੇਰੰਗਾ ਹੁੰਦੈ, ਜਿਨ੍ਹਾਂ 'ਚ ਤੋਤੇ ਲੁਕ ਵੀ ਸਕਦੇ ਨੇ। ਫਿਰ ਇਸ ਦੇ ਪੱਤੇ ਕਦੇ ਤਰਬੂਜ਼ੀਆ, ਕਦੇ ਬੈਂਗਣੀ, ਜਾਮਨੀ, ਕਦੇ ਮਹਿੰਦੀ ਰੰਗੇ, ਨਸਵਾਰੀ ਤੇ ਕਦੇ ਲਾਜਵਰੀ ਰੰਗਾਂ 'ਚ ਰੰਗੇ ਜਾਂਦੇ ਨੇ। ਪੱਤਝੜ ਦੀ ਰੁੱਤ ਜਦੋਂ ਸ਼ੁਰੂ ਹੁੰਦੀ ਹੈ, ਉਦੋਂ ਪੱਤੇ ਅਤੇ ਫੁੱਲ, ਰੁੱਖਾਂ ਅਤੇ ਬੂਟਿਆਂ ਉੱਤੇ ਹੀ ਰੰਗ ਵਟਾਉਂਦੇ ਰਹਿੰਦੇ ਹਨ। ਜਦੋਂ ਪਤਝੜ ਪੱਤੇ ਝਾੜਨ 'ਤੇ ਆਉਂਦੀ ਹੈ ਤਾਂ ਪੱਤੇ ਧਰਤੀ 'ਤੇ ਡਿੱਗ ਕੇ ਹੋਰ ਵੀ ਰੰਗ ਵਟਾਉਂਦੇ ਹਨ। ਧਰਤੀ 'ਤੇ ਡਿੱਗੇ ਪਏ ਪੱਤਿਆਂ ਤੇ ਫੁੱਲ-ਪੱਤੀਆਂ 'ਤੇ ਝਾਤ ਮਾਰੀਏ ਤਾਂ ਇਉਂ ਲੱਗਦੈ ਜਿਵੇਂ ਰੰਗੀਨ ਫੁਲਕਾਰੀਆਂ ਵਿਛਾ ਰੱਖੀਆਂ ਹੋਣ। ਉਨ੍ਹਾਂ ਵਿਚ ਅਸਮਾਨੀ ਰੰਗ ਵੀ



ਹੁੰਦੇ ਹਨ, ਸਰ੍ਹੋਂ-ਫੁੱਲੇ ਵੀ, ਊਦੇ ਵੀ, ਮੋਰਪੰਖੀਏ ਵੀ, ਗਿੱਦੜਰੰਗੇ ਵੀ ਤੇ ਘੁੱਗੀਰੰਗੇ ਵੀ। ਕਿਸੇ ਪੱਤੇ ਦਾ ਰੰਗ ਕਾਸ਼ਨੀ ਹੁੰਦੈ, ਕਿਸੇ ਦਾ ਭਗਵਾਂ, ਗੇਰੂਆ, ਗੁਲਾਨਾਰੀ, ਉਨਾਬੀ, ਅਨਾਰੀ, ਜਾਮਣੀ, ਗੁਲਾਬੀ, ਕਿਸੇ ਦਾ ਕਬੂਤਰੀ ਤੇ ਕਿਸੇ ਦਾ ਕਿਰਮਚੀ।

ਇੱਕ ਦਿਨ ਬੱਦਲ ਛਾਏ ਹੋਏ ਸਨ। ਮੈਂ ਬਾਰੀ 'ਚੋਂ ਬਾਹਰ ਵੇਖਿਆ, ਅੰਬਰ ਸੁਰਮਈ/ਸਲੇਟੀ ਹੋਇਆ ਪਿਆ ਸੀ। ਗੂੜ੍ਹੇ ਬੱਦਲਾਂ 'ਤੇ ਕਾਲੋਂ ਫਿਰੀ ਹੋਈ ਸੀ। ਬੱਦਲ ਖਿੰਡੇ ਤਾਂ ਚੁਫੇਰੇ ਚਿੱਟਾ/ਸਫੈਦ ਚਾਨਣ ਹੋ ਗਿਆ। ਸੂਰਜ ਦੀਆਂ ਧੁਪੀਲੀਆਂ ਕਿਰਨਾਂ ਨਾਲ ਬਨਸਪਤੀ ਦੇ ਰੰਗ ਫਿਰ ਜਗ ਪਏ। ਪੌਣਾਂ ਵਿਚ ਵੀ ਜਿਵੇਂ ਮਹਿਕਾਂ ਘੁਲ ਗਈਆਂ ਹੋਣ। ਹਵਾ ਦੀ ਸਰਸਰਾਹਟ ਟੁਣੇਹਾਰੀ ਲੱਗਣ ਲੱਗੀ। ਲੱਗਾ ਜਿਵੇਂ ਪੌਣ ਬਾਰੀਆਂ 'ਚੋਂ ਬਣ ਠਣ ਕੇ ਲੰਘਦੀ ਹੋਵੇ। ਮੈਨੂੰ ਬਾਰੀ 'ਚੋਂ ਅੰਬਰ ਦੇ ਅਸਮਾਨੀ ਰੰਗਾਂ ਹੇਠਾਂ ਬਨਸਪਤੀ ਦੇ ਕਿਧਰੇ ਜੋਗੀਆ, ਅੰਬਰਸੀਆ, ਗਾਜਰੀ, ਲਸੂੜੀਆ, ਨਾਸ਼ਪਾਤੀ ਤੇ ਕਿਧਰੇ ਕਾਸ਼ਨੀ ਰੰਗਾਂ ਦੇ ਦਰਸ਼ਨ ਹੋਏ। ਸੁੱਕੀ ਭੋਇੰ ਦਾਖੀ ਤੇ ਖਾਕੀ ਜਿਹੀ ਦਿਸ ਰਹੀ ਸੀ। ਛੰਭ ਦਾ ਪਾਣੀ ਭਾਵੇਂ ਮਟਮੈਲਾ ਸੀ, ਪਰ ਝੀਲ ਦਾ ਪਾਣੀ ਨੀਲਾ ਤੇ ਨਿਰਮਲ ਸੀ। ਫੁਹਾਰਿਆਂ ਵਿਚੋਂ ਚਾਂਦੀ ਰੰਗੇ, ਤਾਂਬੇ ਰੰਗੇ ਤੇ ਸੋਨ ਰੰਗੇ ਪਾਣੀ ਦੀਆਂ ਬੁਛਾੜਾਂ ਪੈ ਰਹੀਆਂ ਸਨ। ਧੁੱਪ ਗੋਰੀ-ਗੋਰੀ ਸੀ ਤੇ ਛਾਂ ਸਾਂਵਲੀ-ਸਾਂਵਲੀ। ਮਧਰੀਆਂ ਝਾੜੀਆਂ ਹਰੀਆਂ ਚੁੰਨੀਆਂ ਓੜੀ ਘੁੰਡ ਕੱਢੀ ਖੜ੍ਹੀਆਂ ਸਨ।

ਕੈਨੇਡਾ ਦੀਆਂ ਰੁੱਤਾਂ ਵਿਚ ਸਭ ਤੋਂ ਮਾੜੀ ਰੁੱਤ ਸਰਦੀਆਂ ਦੀ ਗਿਣੀ ਜਾਂਦੀ ਹੈ। ਉਦੋਂ ਟੋਰਾਂਟੋ ਵੱਲ ਬਰਫਾਂ ਪੈ ਜਾਂਦੀਆਂ ਹਨ। ਬਾਹਰ ਨਿਕਲਦਿਆਂ ਹੱਡ ਪੈਰ ਠਰਦੇ ਹਨ। ਉਦੋਂ ਬਾਰੀ ਤੋਂ ਬਾਹਰ ਬਰਫਾਂ ਦਾ ਰੰਗ ਚਿੱਟਾ ਸਫੈਦ ਦਿਸਦਾ ਹੈ ਜਾਂ ਸੁੱਕੇ ਰੁੱਖਾਂ ਤੇ ਨੰਗੀਆਂ ਟਾਹਣੀਆਂ ਦਾ ਭੂਰਾ ਭੂਸਲਾ। ਉਦੋਂ ਰੰਗਾਂ ਵਿਚ ਭਿੰਨਤਾ ਨਹੀਂ ਹੁੰਦੀ। ਰੰਗਾਂ ਦਾ ਰੰਗ-ਬਰੰਗਾ ਜਲੌਅ ਨਹੀਂ ਦਿਸਦਾ, ਰੰਗਾਂ ਦੀ ਹੋਲੀ ਖੇਡੀ ਜਾਂਦੀ ਨਹੀਂ ਦਿਸਦੀ। ਰੰਗ ਬਹਾਰ ਦੀ ਰੁੱਤ ਵਿਚ ਉਗਮਦੇ ਤੇ ਗਰਮੀਆਂ ਦੀ ਰੁੱਤ 'ਚ ਪੱਕਦੇ ਹਨ। ਬਹਾਰ ਸੋਹਣੀ ਲੱਗਦੀ ਹੈ ਤੇ ਗਰਮੀ ਸੁਖਾਵੀਂ; ਪਰ ਪਤਝੜ ਦਾ ਜਲਵਾ ਵੀ ਕਿਸੇ ਤੋਂ ਘੱਟ ਨਹੀਂ ਹੁੰਦਾ। ਤਦੇ ਤਾਂ ਕਹੀਦੈ ਕਿ ਕੈਨੇਡਾ ਦੀ ਪਤਝੜ ਦੇ ਨਜ਼ਾਰੇ ਵੀ ਹੁਸੀਨ ਹੁੰਦੇ ਹਨ। ਕਹਿਣ ਵਾਲਾ ਤਾਂ ਇਹ ਵੀ ਹੈ ਕਿ ਸਾਡੀ ਮਾਂ ਬੋਲੀ ਪੰਜਾਬੀ 'ਚ ਰੰਗਾਂ ਦੇ ਨਾਂ ਰੱਖਣ ਵਾਲਿਆਂ ਦੇ ਵੀ ਕਿਆ ਕਹਿਣੇ! ਰੰਗਾਂ ਦੇ ਸੌ ਕੁ ਨਾਂ ਤਾਂ ਰੱਖੇ ਹੀ ਗਏ ਹਨ ਤੇ ਹੋਰ ਰੱਖੇ ਜਾ ਰਹੇ ਹਨ।

ਕੋਵਿਡ-19 ਦੀ ਮਾਰ ਝੱਲ ਰਹੇ ਦੌਰ ਵਿਚ ਵੀ ਸਾਡਾ ਪੁੱਤਰ ਸਾਨੂੰ ਬਰੈਂਪਟਨ ਨੇੜਲੀਆਂ ਰੱਖਾਂ, ਟ੍ਰੇਲਾਂ ਤੇ ਰਾਖਵੇਂ ਪਾਰਕਾਂ ਦੀਆਂ ਸੈਰਾਂ ਕਰਵਾ ਲਿਆਇਆ ਹੈ। ਕਈ ਵਾਰ ਇਹ ਸੈਰਾਂ ਅੱਠ ਦਸ ਕਿਲੋਮੀਟਰ ਲੰਮੀਆਂ ਵੀ ਹੋ ਜਾਂਦੀਆਂ ਰਹੀਆਂ ਹਨ। ਕੁਦਰਤ ਦੇ ਰੰਗਾਂ ਦੀ ਲੀਲ੍ਹਾ ਮਾਣਦਿਆਂ ਭੁੱਲ ਜਾਂਦਾ ਰਿਹਾ ਹਾਂ, ਪਈ ਮੈਂ ਅੱਸੀ ਸਾਲਾਂ ਤੋਂ ਟੱਪ ਗਿਆਂ ਤੇ ਕਰੋਨਾ ਦੀ ਦਹਿਸ਼ਤ ਵਿਚ ਜਿਓਂ ਰਿਹਾਂ।

# ਵਿਰਸੇ ਦੀ ਖੂਬਸੂਰਤ ਬਾਤ ਪਾਉਂਦਾ ਗੀਤ 'ਵਿਰਾਸਤ-ਏ-ਸੰਗਰੂਰ'

ਅਜੋਕੇ ਸਮੇਂ ਦੀ ਦੁਨੀਆਂ ਵਿਚ ਹਰ ਕੋਈ ਭਵਿੱਖ ਨੂੰ ਉਮੀਦਾਂ, ਕਲਪਨਾਵਾਂ, ਵਿਸ਼ਵਾਸਾਂ ਅਤੇ ਵਿਚਾਰਾਂ ਨਾਲ ਵੇਖ ਰਿਹਾ ਹੈ, ਪਰ ਇਕ ਹੋਰ ਪਹਿਲੂ ਨੂੰ ਧਿਆਨ ਨਾਲ ਵੇਖਣ ਦੀ ਲੋੜ ਹੈ, ਜਿਵੇਂ ਕਿ ਸਾਡੇ ਬਜ਼ੁਰਗ ਕਿਸ ਤਰ੍ਹਾਂ ਜੀਵਨ ਜਿਉਂਦੇ ਸਨ ਜਾਂ ਸਾਡੇ ਪੂਰਵਜ ਕਿਵੇਂ ਰਹਿੰਦੇ ਸਨ, ਸਭ ਤੋਂ ਅਹਿਮ ਗੱਲ ਇਹ ਹੈ ਕਿ ਸਾਡੇ ਸ਼ਹਿਰਾਂ ਅਤੇ ਕਸਬਿਆਂ ਨੇ ਆਜ਼ਾਦੀ ਤੋਂ ਪਹਿਲਾਂ ਦੇ ਯੁੱਗ ਵਿਚ ਕਿਸ ਤਰ੍ਹਾਂ ਦਾ ਵਿਕਾਸ ਕੀਤਾ। ਸੰਗਰੂਰ ਹੈਰੀਟੇਜ

ਨਵਜੋਤ ਕੌਰ, ਜਲੰਧਰ
ਫੋਨ: 91-81968-24390

ਪ੍ਰਜ਼ਰਵੇਸ਼ਨ ਸੁਸਾਇਟੀ ਦੀ ਵੀ ਇਹੋ ਕਹਾਣੀ ਹੈ, ਜਿਸ ਨੇ ਸੰਗਰੂਰ ਅਤੇ ਇਸ ਦੇ ਆਸ-ਪਾਸ ਦੇ ਸਾਰੇ ਨਾਗਰਿਕਾਂ ਨੂੰ ਉਨ੍ਹਾਂ ਦੇ ਸੁੰਦਰ ਸ਼ਹਿਰ ਦੇ ਇਤਿਹਾਸ ਬਾਰੇ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਨੂੰ ਅਕਸਰ ਬਸਤੀਵਾਦੀ ਦੌਰ ਵਿਚ ਗਾਰਡਨ ਸਿਟੀ ਕਿਹਾ ਜਾਂਦਾ ਹੈ। ਉਨ੍ਹਾਂ ਦਾ ਸਭ ਤੋਂ ਤਾਜ਼ਾ ਯਤਨ ਇੱਕ ਗੀਤ 'ਵਿਰਾਸਤ-ਏ-ਸੰਗਰੂਰ' ਹੈ।

ਕੀ ਸਿਫਤ ਕਰਾਂ ਪੰਜਾਬ ਦੀ
ਇਹਦੇ ਤਾਂ ਲੱਖਾਂ ਕਿੱਸੇ ਨੇ,
ਮੇਰੀ ਨਗਰੀ ਵੀ ਹੈ ਇਹਦੇ ਵਿਚ
ਕੁਝ ਕਿੱਸੇ ਓਹਦੇ ਹਿੱਸੇ ਨੇ।
ਕਈ ਸਾਧੂ ਸੰਤ ਫਕੀਰ ਹੋਏ
ਕਈ ਯੋਧੇ ਏਥੇ ਵੱਸਦੇ ਨੇ,
ਇਹ ਗੱਲ ਸੰਗਰੂਰ ਵਿਰਾਸਤ ਦੀ
ਇਤਿਹਾਸ ਦੇ ਪੰਨੇ ਦੱਸਦੇ ਨੇ।
ਰੱਬ ਦੀ ਰਹਿਮਤ ਨਾਲ
ਇਹ ਧਰਤੀ ਭਰਪੂਰ ਹੈ,
ਇਹ ਸਾਡਾ ਸੰਗਰੂਰ ਹੈ
ਇਹ ਸਾਡਾ ਸੰਗਰੂਰ ਹੈ।
ਸੰਗਰੂਰ ਮੇਰੀ ਜਾਨ ਪੰਜਾਬ ਮੇਰੀ ਸ਼ਾਨ।

ਇਨ੍ਹਾਂ ਬੋਲਾਂ ਨਾਲ ਸ਼ੁਰੂ ਹੁੰਦਾ ਇਹ ਗੀਤ ਹਿੰਸਾ ਅਤੇ ਕੁੜੀਆਂ ਬਾਰੇ ਚੱਲ ਰਹੇ ਬੁਰੇ ਗੀਤਾਂ ਦੇ ਦੌਰ ਵਿਚ ਠੰਡੀ ਹਵਾ ਦਾ ਬੁੱਲ੍ਹਾ ਹੈ।

ਸੰਗਰੂਰ ਦੀ ਸਥਾਪਨਾ ਸੰਗਰੂਰ ਦੁਆਰਾ ਕੀਤੀ ਗਈ ਸੀ, ਜੋ 16ਵੀਂ ਸਦੀ ਵਿਚ ਜੇਸਲ (ਜੈਸਲਮੇਰ ਦੇ ਸੰਸਥਾਪਕ) ਦਾ ਇੱਕ ਵੰਸ਼ਜ ਸੀ। 1827 ਵਿਚ ਰਾਜਾ ਸੰਗਤ ਸਿੰਘ, ਜੋ ਮਹਾਰਾਜਾ ਰਣਜੀਤ ਸਿੰਘ ਦੇ ਭਤੀਜੇ ਸਨ, ਨੇ ਸੰਗਰੂਰ ਨੂੰ ਜੀਂਦ ਰਾਜ ਦੀ ਰਾਜਧਾਨੀ ਵਜੋਂ ਸਥਾਪਿਤ ਕੀਤਾ ਅਤੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ। 1870 ਵਿਚ ਰਾਜ ਦੇ ਤਤਕਾਲੀ ਮਹਾਰਾਜਾ ਰਘੁਬੀਰ ਸਿੰਘ ਨੇ ਜੈਪੁਰ ਦੇ ਨਕਸ਼ੇ ਦੇ ਆਧਾਰ 'ਤੇ ਸ਼ਹਿਰ ਨੂੰ ਪੂਰੀ ਤਰ੍ਹਾਂ ਬਦਲਣ ਦਾ ਫੈਸਲਾ ਕੀਤਾ। ਇਹ ਇਕ ਪੂਰੀ ਤਰ੍ਹਾਂ ਗੜ੍ਹ ਵਾਲਾ ਸ਼ਹਿਰ ਸੀ, ਸ਼ਹਿਰ ਦੇ ਚਾਰੇ ਕੋਨਿਆਂ 'ਤੇ ਫਾਟਕ ਸਨ ਅਤੇ ਵੱਡੀ ਗਿਣਤੀ ਵਿਚ ਬਾਗ ਇਸ ਦੀ ਸੁੰਦਰਤਾ ਨੂੰ ਜੋੜਦੇ ਸਨ। ਇਸ ਕਸਬੇ ਦੀ ਇਕ ਖਾਸ ਵਿਸ਼ੇਸ਼ਤਾ ਸੰਗਮਰਮਰ ਮਾਰਬਲ ਦੀ ਬਣੀ ਇਕ ਸੰਗਮਰਮਰ ਦੀ ਬਾਰਾਂਦਰੀ ਹੈ।

ਵਿਰਾਸਤ ਦੀ ਸੰਭਾਲ ਇਕ ਬਹੁਤ ਅਹਿਮ ਵਿਸ਼ਾ ਅਤੇ ਪਹਿਲੂ ਹੈ, ਪਰ ਇਸ ਬਾਰੇ ਘੱਟ




ਗੱਲ ਕੀਤੀ ਜਾਂਦੀ ਹੈ। ਸਰਕਾਰਾਂ ਭਾਰਤੀ ਵਿਰਾਸਤ ਦੀ ਵਿਸ਼ਾਲਤਾ ਅਤੇ ਵੰਨ-ਸੁਵੰਨਤਾ ਦੇ ਮੁਕਾਬਲੇ ਇਸ ਸੈਕਟਰ ਨੂੰ ਬਹੁਤ ਸਾਰੇ ਸਰੋਤ ਨਿਰਧਾਰਤ ਕਰਨ ਵਿਚ ਅਸਫਲ ਰਹੀਆਂ ਹਨ। ਖਾਸਕਰ ਛੋਟੇ ਸ਼ਹਿਰਾਂ ਦੀਆਂ ਯਾਦਗਾਰਾਂ, ਜਿਵੇਂ ਕਿ ਸੰਗਰੂਰ ਇਕ ਅਣਗੌਲੇ ਰਾਜ ਵਿਚ ਰਹਿ ਗਏ ਹਨ, ਜਿਸ ਦੀ ਕੋਈ ਦੇਖ-ਭਾਲ ਨਹੀਂ ਕਰਦਾ।

ਪਰ ਸੰਗਰੂਰ ਵਿਚ ਸ. ਕਰਨਵੀਰ ਸਿੰਘ ਸਿਬੀਆ ਦੇ ਯਤਨਾਂ ਨਾਲ ਸੰਗਰੂਰ ਹੈਰੀਟੇਜ ਪ੍ਰਜ਼ਰਵੇਸ਼ਨ ਸੁਸਾਇਟੀ ਦਾ ਸੰਕਲਪ ਸਾਲ 2014 ਦਾ ਹੈ, ਜਿਸ ਦਾ ਮਕਸਦ ਸੰਗਰੂਰ ਦੀ ਯਾਦਗਾਰ ਵਿਰਾਸਤ ਦੀ ਦੇਖਭਾਲ ਕਰਨਾ ਅਤੇ ਨਾਲ ਹੀ ਵਸਨੀਕਾਂ ਨੂੰ ਕਸਬੇ ਦੇ ਡੂੰਘੇ ਇਤਿਹਾਸ ਤੇ ਵਿਰਾਸਤ ਬਾਰੇ ਜਾਗਰੂਕ ਕਰਨਾ ਹੈ। ਸੰਗਠਨ ਨੇ ਸਾਡੀ ਵਿਰਾਸਤ ਪ੍ਰਤੀ ਜਾਗਰੂਕਤਾ ਅਤੇ ਪਿਆਰ ਦੇ ਮੁੱਖ ਉਦੇਸ਼ ਨਾਲ ਸੰਗਰੂਰ ਹੈਰੀਟੇਜ ਫੈਸਟੀਵਲ, ਰਾਜ ਹਾਈ ਸਕੂਲ, ਕਲਾਕ ਟਾਵਰ ਜਿਹੀਆਂ ਅਹਿਮ ਵਿਰਾਸਤੀ ਇਮਾਰਤਾਂ ਨੂੰ ਸੁਰੱਖਿਅਤ ਰੱਖਣ ਦੀਆਂ ਸਫਲ ਕੋਸ਼ਿਸ਼ਾਂ ਅਤੇ ਵਸਨੀਕਾਂ ਲਈ ਸੰਗਰੂਰ ਹੈਰੀਟੇਜ ਫੈਸਟੀਵਲ ਦਾ ਆਯੋਜਨ ਕਰਦਿਆਂ ਆਪਣੀ ਕੈਪ ਵਿਚ ਵੱਖੋ ਵੱਖਰੇ ਖੰਭ ਲਾਏ ਹਨ। ਇਸ ਪ੍ਰਸੰਗ ਵਿਚ ਵਿਰਾਸਤ-ਏ-ਸੰਗਰੂਰ ਗਾਣੇ ਨੂੰ ਪੇਸ਼ ਕਰਨਾ, ਇਸ ਵੱਲ ਅਗਲਾ ਕਦਮ ਹੈ।

ਇਹ ਗਾਣਾ ਸਤਿ ਨਾਗਰ ਵਲੋਂ ਲਿਖਿਆ ਅਤੇ ਗਾਇਆ ਗਿਆ ਹੈ, ਜੋ ਸੰਗਰੂਰ ਤੋਂ ਹੀ ਹੈ। ਗਾਣਾ ਇਸ ਸ਼ਹਿਰ ਦੇ ਸਾਰੇ ਪਹਿਲੂਆਂ ਨੂੰ ਪੂਰੀ ਤਰ੍ਹਾਂ ਕਵਰ ਕਰਦਾ ਹੈ, ਜਿਸ ਦੀ ਮੁਗਲ ਰਾਜਪੂਤਾਨਾ ਆਰਕੀਟੈਕਚਰ, ਖੇਤੀ ਉਤਪਾਦਕਤਾ, ਲੰਬੇ ਸਮੇਂ ਤੋਂ ਖਤਮ ਹੋਈ ਲੋਕ ਸੰਸਕ੍ਰਿਤੀ, ਪਰੰਪਰਾਵਾਂ, ਕਬੱਡੀ ਜਿਹੀ ਦੇਸੀ ਖੇਡ, ਸਿੱਖਿਆ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਇਹ ਦਰਸਾਉਂਦਾ ਹੈ ਕਿ ਇਸ ਧਰਤੀ ਨੂੰ ਗੁਰੂ ਨਾਨਕ ਦੇਵ ਜੀ ਦਾ ਅਸ਼ੀਰਵਾਦ ਪ੍ਰਾਪਤ ਹੋਇਆ ਹੈ, ਜਦੋਂ ਉਹ ਸੰਗਰੂਰ ਦੇ ਨਜ਼ਦੀਕ ਅਕੋਈ ਸਾਹਿਬ ਗਏ ਸਨ।

ਇਸ ਪ੍ਰਾਜੈਕਟ ਦੇ ਨਿਰਮਾਤਾ ਸ. ਕਰਨਵੀਰ ਸਿੰਘ ਸਿਬੀਆ ਦਾ ਕਹਿਣਾ ਹੈ ਕਿ ਇਸ ਗਾਣੇ ਨੂੰ ਸ਼ੁਰੂ ਕਰਨ ਦਾ ਮਨੋਰਥ ਵਿਸ਼ਵ ਦੇ ਵੱਖ-ਵੱਖ ਕੋਨਿਆਂ ਵਿਚ ਵਸਦੇ ਲੋਕਾਂ ਨਾਲ ਜੁੜਨਾ ਅਤੇ ਉਨ੍ਹਾਂ ਨੂੰ ਦਰਸਾਉਣਾ ਹੈ ਕਿ ਉਨ੍ਹਾਂ ਦੀ ਵਿਰਾਸਤ ਕਿੰਨੀ ਸੁੰਦਰ ਤੇ ਸਾਂਭਣਯੋਗ ਹੈ। ਗਲੋਬਲ ਮੰਗਾਂ, ਰੁਚੀਆਂ ਅਤੇ ਰੁਝਾਨ ਬਦਲਣ ਨਾਲ ਵਿਚਾਰਾਂ, ਕਲਾਵਾਂ ਨੂੰ ਪੇਸ਼ ਕਰਨ ਦੇ ਸਿਰਜਣਾਤਮਕ ਢੰਗ ਦੀ ਲੋੜ ਸੀ। ਇਕ ਹੋਰ ਪਹਿਲੂ ਇਹ ਹੈ, ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਨਾਲ ਸ਼ਾਮਲ ਕਰਨਾ, ਜੋ ਅੱਜ ਕੱਲ੍ਹ ਵਰਚੂਅਲ ਪਲੇਟਫਾਰਮ 'ਤੇ ਵਧੇਰੇ ਸਰਗਰਮ ਹੈ।

ਸਾਰਾ ਪ੍ਰਾਜੈਕਟ ਸੰਗਰੂਰ ਦੇ ਵਿਰਸੇ ਵਿਚ ਇਕੱਤਰ ਕੀਤਾ ਗਿਆ ਹੈ, ਜਿਸ ਨਾਲ ਇਹ ਸੰਪੂਰਨ 'ਮੇਡ ਇਨ ਸੰਗਰੂਰ' ਪ੍ਰਾਜੈਕਟ ਬਣ ਜਾਂਦਾ ਹੈ। ਸੰਗਠਨ ਨੂੰ ਉਮੀਦ ਹੈ ਕਿ ਇਹ ਗਾਣਾ ਵਿਸ਼ਵ ਦੇ ਸਾਰੇ ਕੋਨਿਆਂ ਵਿਚ ਸਥਿਤ ਸਮੂਹ ਸੰਗਰੂਰੀਆਂ ਤੱਕ ਪਹੁੰਚੇਗਾ ਅਤੇ ਉਨ੍ਹਾਂ ਵਿਚ ਆਪਣੇ ਆਪ ਨੂੰ ਆਪਣੇ ਨਾਲ ਜੋੜਨ ਦੀ ਭਾਵਨਾ ਨੂੰ ਪ੍ਰੇਰਿਤ ਕੀਤਾ। ਇਸ ਗੀਤ ਨੂੰ ਯੂ-ਟਿਊਬ 'ਤੇ ਰਿਲੀਜ਼ ਕੀਤਾ ਜਾ ਚੁਕਾ ਹੈ। ਆਉਣ ਵਾਲੀਆਂ ਵੱਡੀਆਂ ਸਿਰਜਣਾਵਾਂ ਵਿਚ ਇਹ ਸਿਰਫ ਇਕ ਛੋਟਾ ਜਿਹਾ ਪਰ ਬਹੁਤ ਹੀ ਅਹਿਮ ਕਦਮ ਹੋਵੇਗਾ।

# ਪ੍ਰਤੀਬੱਧਤਾ ਦਾ ਪ੍ਰਗੀਤ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਗੁਣਾਂ ਦੀ ਪੋਟਲੀ ਛੰਡਦਿਆਂ ਗੁਣਵੰਤਾ ਦੀ ਗਾਥਾ ਛੋਹੀ ਸੀ, "ਗੁਣਾਂ ਨਾਲ ਹੀ ਗੁਣਵੰਤਾ ਅਤੇ ਗੂੜ੍ਹ-ਗਿਆਨੀ ਦਾ ਮਰਤਬਾ ਹਾਸਲ ਹੁੰਦਾ। ਮਨੁੱਖ ਨੇ ਗੁਣਵੰਤਾ ਹੋ ਕੇ ਆਪਣੀ ਪਛਾਣ ਬਣਾਉਣੀ ਜਾਂ ਗਵਾਰ ਹੋ ਕੇ ਪਛਾਣ ਦੀ ਬੇਖੁਦੀ ਨੂੰ ਹੰਢਾਉਣਾ, ਇਹ ਮਨੁੱਖ 'ਤੇ ਨਿਰਭਰ।...ਕੋਈ ਸਰਬ-ਗੁਣੀ ਸੰਪੂਰਨ ਨਹੀਂ ਹੁੰਦਾ। ਹਰੇਕ ਵਿਚ ਕੁਝ ਕਮੀਆਂ, ਖਾਮੀਆਂ ਜਾਂ ਕੁਝ ਕੋਹਜ ਹੁੰਦੇ, ਪਰ ਇਹ ਮਨੁੱਖ 'ਤੇ ਨਿਰਭਰ ਕਰਦਾ ਏ ਕਿ ਉਸ ਨੇ ਚੰਗੇ ਗੁਣਾਂ ਨੂੰ ਗ੍ਰਹਿਣ ਕਰਨਾ ਕਿ ਮਾੜੇ ਗੁਣਾਂ ਦੀ ਕੁਸੰਗਤੀ 'ਚੋਂ ਆਪਣੇ ਜੀਵਨ ਨੂੰ ਹੀ ਦਾਅ 'ਤੇ ਲਾਉਣਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਪ੍ਰਤੀਬੱਧਤਾ ਦੀ ਪੂਣੀ ਕੱਤਦਿਆਂ ਛਿੱਕੂ ਵਿਚ ਪ੍ਰਗੀਤ ਦੇ ਗਲੋਟੇ ਸਜਾਏ ਹਨ। ਉਨ੍ਹਾਂ ਦੀ ਤਾਕੀਦ ਹੈ, "ਪ੍ਰਤੀਬੱਧਤਾ ਅੰਤਰੀਵੀ ਹੋਵੇ, ਸੁੱਚਮ ਨਾਲ ਭਰਪੂਰ ਹੋਵੇ, ਪਾਕੀਜ਼ ਹੋਵੇ ਅਤੇ ਰੂਹਾਨੀ ਹੋਵੇ ਤਾਂ ਮਨੁੱਖ ਨੂੰ ਨਵੀਂ ਪਛਾਣ ਮਿਲਦੀ, ਪਰ ਜੇ ਪ੍ਰਤੀਬੱਧਤਾ ਨਾਪਾਕ ਹੋਵੇ, ਕਾਲਖੀ ਹੋਵੇ, ਓਪਰੀ ਹੋਵੇ ਅਤੇ ਦਿਖਾਵੇ ਤੀਕ ਸੀਮਤ ਹੋਵੇ ਤਾਂ ਇਸ ਦੇ ਕੋਈ ਅਰਥ ਨਹੀਂ।" ਉਹ ਕਹਿੰਦੇ ਹਨ, "ਪ੍ਰਤੀਬੱਧਤਾ ਤਹਿਜ਼ੀਬ ਹੈ, ਤਤਪਰਤਾ ਹੈ, ਤਮੰਨਾਵਾਂ ਦੀ ਪੂਰਤੀ ਦਾ ਰਿਆਜ਼ ਹੈ, ਨਿਰੰਤਰਤਾ ਪੈਦਾ ਕਰਨ ਦਾ ਅੰਦਾਜ਼ ਹੈ ਤੇ ਸੁਰਬੱਧਤਾ ਵਿਚ ਵੱਜ ਰਿਹਾ ਸੰਦਲਾ ਸਾਜ਼ ਹੈ ਅਤੇ ਜੀਵਨ-ਮਾਰਗ ਦਾ ਰਾਗ ਹੈ।...ਪ੍ਰਤੀਬੱਧਤਾ ਸਭ ਤੋਂ ਜਰੂਰੀ ਹੈ, ਮਨੁੱਖ ਦੀ ਖੁਦ ਨਾਲ। ਜੇ ਮਨੁੱਖ ਖੁਦ ਨਾਲ ਹੀ ਪ੍ਰਤੀਬੱਧ ਨਹੀਂ ਹੋਵੇਗਾ ਤਾਂ ਉਸ ਕਿਸ ਨਾਲ ਪ੍ਰਤੀਬੱਧ ਹੋ ਸਕਦਾ?" -ਸੰਪਾਦਕ***

ਪ੍ਰਤੀਬੱਧਤਾ ਸਰੋਕਾਰਾਂ, ਸੰਭਾਵਨਾਵਾਂ, ਸੁਪਨਿਆਂ, ਸਮਰੱਥਾਵਾਂ, ਸਮਝਦਾਰੀ, ਸਿਆਣਪ, ਸਾਧਨਾ ਅਤੇ ਸਿਰੜ ਦੀ ਸਮਰਪਣ ਭਰੀ ਸੰਵੇਦਨਾ। ਇਸ ਵਿਚੋਂ ਹੀ ਮਿਲਦੀ ਹੈ-ਸਮੁੰਦਰ ਵਰਗੀ ਵਿਸ਼ਾਲਤਾ, ਪਰਬਤਾਂ ਵਰਗੀ ਸਿਖਰਤਾ, ਸੂਰਜਾਂ ਵਰਗਾ ਤੱਪ-ਤੇਜ਼ ਅਤੇ ਦਰਿਆਵਾਂ ਜਿਹੀ ਰਵਾਨਗੀ।

ਪ੍ਰਤੀਬੱਧਤਾ ਤੇ ਸਮਰਪਣ ਸਮ-ਅਰਥੀ, ਸਮ-ਭਾਵੀ ਅਤੇ ਸਮ-ਦ੍ਰਿਸ਼ਟੀਕੋਣੇ; ਪਰ ਸਮਰਪਣ ਨਾਲੋਂ ਪ੍ਰਤੀਬੱਧਤਾ ਜ਼ਿਆਦਾ ਅਹਿਮ, ਖਾਸ ਅਤੇ ਪਲੇਠਾ ਗੁਣ।

ਪ੍ਰਤੀਬੱਧਤਾ ਵਿਚਾਰ, ਵਿਹਾਰ, ਵਰਤੋਂ ਅਤੇ ਵਿਸਥਾਰ ਨਾਲ ਜੁੜੀ ਮਨੁੱਖੀ ਸੋਚ ਅਤੇ ਜੀਵਨੀ ਕਰਮ-ਧਰਾਤਲ ਨਾਲ ਗੂੜ੍ਹਾ ਸਬੰਧ। ਪ੍ਰਤੀਬੱਧਤਾ ਇਕਮਿੱਕਤਾ, ਇਕਸਾਰਤਾ ਅਤੇ ਸਹਿਹੋਂਦ ਵਿਚੋਂ ਨਵੀਂ ਪਛਾਣ, ਪਹਿਲ, ਪਗਡੰਡੀਆਂ ਅਤੇ ਪ੍ਰਾਪਤੀਆਂ ਦੇ ਇਤਿਹਾਸ ਦੀ ਸਿਰਜਣਾ।

ਪ੍ਰਤੀਬੱਧਤਾ ਵਿਚੋਂ ਹੀ ਸੁਪਨਿਆਂ ਨੂੰ ਪਰਵਾਜ਼, ਕਦਮਾਂ ਵਿਚ ਉਤਸ਼ਾਹ, ਸੋਚਾਂ ਵਿਚ ਹੁਲਾਸ ਅਤੇ ਖੁਦ 'ਤੇ ਵਿਸ਼ਵਾਸ ਅਤੇ ਅੰਬਰਾਂ ਨੂੰ ਹੱਥ ਲਾਉਣ ਦਾ ਅਭਾਸ। ਪ੍ਰਤੀਬੱਧਤਾ, ਮਨੁੱਖੀ ਸੋਚ ਦਾ ਫੈਲਾਅ, ਸੁਪਨ ਦਿਸਹੱਦਿਆਂ ਨੂੰ ਨਵੀਆਂ ਦਿਸ਼ਾਵਾਂ, ਧਾਰਨਾਵਾਂ ਅਤੇ ਸਿਰਲੇਖਾਂ ਰਾਹੀਂ ਮਿਲਣ ਵਾਲੀ ਮਾਨਤਾ।

ਪ੍ਰਤੀਬੱਧਤਾ ਸਮੂਹ ਮਾਨਵੀ ਸ਼ਕਤੀਆਂ ਨੂੰ ਕੇਂਦਰਤ ਕਰਨਾ, ਖਾਸ ਉਦੇਸ਼ ਵੰਨੀਂ ਪ੍ਰੇਰਤ ਹੋਣਾ ਅਤੇ ਇਸ ਦੀ ਪ੍ਰਾਪਤੀ ਤੀਕ ਖੁਦ ਵਿਚੋਂ ਖੁਦ ਨੂੰ ਮਨਫੀ ਕਰਨਾ। ਮਨ ਵਿਚ ਸਿਰਫ ਟੀਚਾ ਹੀ ਪਰਿਕਰਮਾ ਕਰਦਾ।

ਪ੍ਰਤੀਬੱਧਤਾ ਮਨ ਦੀ ਪਕਿਆਈ, ਕਰਮ ਵਿਚ ਸਿਰੜ ਤੇ ਕਦਮਾਂ ਲਈ ਠੋਸ ਧਰਾਤਲ। ਪੈੜਾਂ ਵਿਚ ਧਰਤੀ ਨਾਲ ਜੁੜੇ ਰਹਿ ਕੇ ਨਵੀਆਂ ਰਾਹਾਂ ਦੀ ਨਿਸ਼ਾਨਦੇਹੀ ਅਤੇ ਨਰੋਏ ਨਕਸ਼ ਉਲੀਕਣ ਦਾ ਨਾਮ।

ਪ੍ਰਤੀਬੱਧਤਾ ਮਨ-ਵਾਦੀ, ਸਰਬਭਾਵੀ, ਅੰਤਰੀਵੀ ਅਤੇ ਬਾਹਰੀ ਵੀ। ਖੁਦ ਨਾਲ ਵੀ ਅਤੇ ਸਮਾਜ ਨਾਲ ਵੀ। ਬਹੁਤ ਸਾਰੀਆਂ ਹਨ ਇਸ ਦੀਆਂ ਪਰਤਾਂ, ਪ੍ਰਤੀਕ ਅਤੇ ਪਹਿਲੁਨਾਵਾਂ। ਬਹੁਤ ਹਨ ਇਸ ਦੇ ਰੰਗ-ਢੰਗ, ਅਵਾਜ਼-ਨਾਦ ਅਤੇ ਅਨਾਦੀ ਵਿਹਾਰ।

ਪ੍ਰਤੀਬੱਧਤਾ ਸਿਰਫ ਮਨੁੱਖ ਦੀ ਮਨੁੱਖ ਨਾਲ ਹੀ ਨਹੀਂ ਹੁੰਦੀ। ਇਹ ਤਾਂ ਮਨੁੱਖੀ ਵਿਹਾਰ ਵਿਚੋਂ ਪਨਪਦੀ ਕਿ ਉਸ ਦਾ ਆਪਣੇ ਆਲੇ-ਦੁਆਲੇ ਨਾਲ ਕਿਹੋ ਜਿਹਾ ਵਰਤਾਓ? ਕੁਦਰਤ ਨੂੰ ਕਿਹੜੀ ਅੱਖ ਨਾਲ ਦੇਖਦੀ? ਕਾਇਨਾਤ ਦਾ ਕਿਸ ਤਰ੍ਹਾਂ ਵਿਸ਼ਲੇਸ਼ਣ ਕਰਨਾ ਚਾਹੁੰਦਾ? ਕਿਹੜੇ ਰੂਪ ਵਿਚ ਸਮਾਜਕ ਚੇਤਨਾ ਨੂੰ ਵਿਸਥਾਰਨਾ ਅਤੇ ਵਿਕਸਿਤ ਕਰਨਾ ਚਾਹੁੰਦਾ?

ਪ੍ਰਤੀਬੱਧਤਾ ਅੰਤਰੀਵੀ ਹੋਵੇ, ਸੁੱਚਮ ਨਾਲ ਭਰਪੂਰ ਹੋਵੇ, ਪਾਕੀਜ਼ ਹੋਵੇ ਅਤੇ ਰੂਹਾਨੀ ਹੋਵੇ ਤਾਂ ਮਨੁੱਖ ਨੂੰ ਨਵੀਂ ਪਛਾਣ ਮਿਲਦੀ, ਪਰ ਜੇ ਪ੍ਰਤੀਬੱਧਤਾ ਨਾਪਾਕ ਹੋਵੇ, ਕਾਲਖੀ ਹੋਵੇ, ਓਪਰੀ ਹੋਵੇ ਅਤੇ ਦਿਖਾਵੇ ਤੀਕ ਸੀਮਤ ਹੋਵੇ ਤਾਂ ਇਸ ਦੇ ਕੋਈ ਅਰਥ ਨਹੀਂ। ਸਗੋਂ ਅਜਿਹੀ ਪ੍ਰਤੀਬੱਧਤਾ ਕੁਰੀਤੀਆਂ, ਕੁਕਰਮਾਂ ਅਤੇ ਕਮੀਨਗੀਆਂ ਨੂੰ ਜਨਮ ਦਿੰਦੀ। ਕਈ ਵਾਰ ਤਾਂ ਇਹ ਕਤਲਾਂ, ਕੁਹਰਾਮ ਜਾਂ ਕੀਰਨਿਆਂ ਦੀ ਤ੍ਰਾਸਦੀ ਹੰਢਾਉਣ ਲਈ ਵੀ ਮਜਬੂਰ ਕਰਦੀ।

ਪ੍ਰਤੀਬੱਧਤਾ ਕਿਸ ਨਾਲ ਹੈ? ਕਿਸ ਮਕਸਦ ਨੂੰ ਮੁਖਾਤਬ ਹੈ? ਇਸ ਦੇ ਦੂਰਰੱਸ ਸਿਟਿਆਂ ਦੇ ਕੀ ਅਰਥ ਹੋ ਸਕਦੇ? ਇਸ ਵਿਚੋਂ ਸਮਾਜ ਤੇ ਸਰੋਕਾਰਾਂ ਨੂੰ ਕੀ ਨਵੀਂ ਦਿੱਖ ਮਿਲਦੀ ਹੈ, ਆਦਿ ਬਹੁਤ ਕੁਝ ਹੁੰਦਾ ਏ ਪ੍ਰਤੀਬੱਧਤਾ ਦੀ ਤਹਿ ਵਿਚ ਛੁਪਿਆ।

ਪ੍ਰਤੀਬੱਧਤਾ ਮਨੁੱਖ ਦਾ ਸ਼ਖਸੀ ਗੁਣ, ਜੋ ਮਨੁੱਖ ਦੀ ਸਮੁੱਚਤਾ ਨੂੰ ਪਰਿਭਾਸ਼ਤ ਕਰਦਾ। ਵਿਅਕਤੀਤਵ ਨੂੰ ਵਿਲੱਖਣਤਾ ਅਤੇ ਵਿਕੋਲਿਤਰਾਪਣ ਬਖਸ਼ਦਾ। ਮਨੁੱਖ ਨੇ ਇਨਸਾਨ ਬਣਨ ਵੰਨੀਂ ਕਦਮ ਉਠਾਉਣੇ ਜਾਂ ਹੈਵਾਨੀਅਤ ਨੂੰ ਅਕੀਦਾ ਬਣਾਉਣਾ ਆਦਿ ਵੀ ਪ੍ਰਤੀਬੱਧਤਾ ਦੀ ਕਿਸਮ ਹੀ ਨਿਸ਼ਚਿਤ ਕਰਦੀ।

ਪ੍ਰਤੀਬੱਧਤਾ, ਵਿਚਾਰਾਂ ਨਾਲ ਤੇ ਕਰਮ ਨਾਲ, ਸੋਚ ਵਿਚ ਵੀ ਤੇ ਸੁਪਨਿਆਂ ਵਿਚ ਵੀ, ਸੰਦੇਸ਼ ਵਿਚ ਵੀ ਤੇ ਸੇਧ ਵਿਚ ਵੀ, ਸਮਝਣ ਤੇ ਸਮਝਾਉਣ ਵਿਚ ਵੀ ਅਤੇ ਸਿੱਖਿਆ ਦੇਣ ਤੇ ਸਿਖਿਆ ਪ੍ਰਾਪਤ ਕਰਨ ਵਿਚ ਵੀ।

ਪ੍ਰਤੀਬੱਧ ਲੋਕ ਜੀਵਨ ਬੁਲੰਦੀਆਂ ਦਾ ਨਾਮਕਰਨ। ਤਵਾਰੀਖ ਵਿਚ ਸਨਮਾਨ ਅਤੇ ਮਾਣ ਮਿਲਦਾ। ਉਹ ਸਮਾਜਕ ਸਰੋਕਾਰਾਂ ਨੂੰ ਪ੍ਰਣਾਏ ਖੁਦ ਅਤੇ ਸਮਾਜ ਦੇ ਅਕੀਦਿਆਂ ਨੂੰ ਲਗਨ ਤੇ ਮਿਹਨਤ ਨਾਲ ਨਵੀਆਂ ਤਰਜ਼ੀਹਾਂ ਦਿੰਦੇ, ਜਿਸ ਵਿਚੋਂ ਨਵੀਂ ਤਹਿਰੀਕ ਜਨਮਦੀ।

ਪ੍ਰਤੀਬੱਧਤਾ ਸਭ ਤੋਂ ਜਰੂਰੀ ਹੈ, ਮਨੁੱਖ ਦੀ ਖੁਦ ਨਾਲ। ਜੇ ਮਨੁੱਖ ਖੁਦ ਨਾਲ ਹੀ ਪ੍ਰਤੀਬੱਧ ਨਹੀਂ ਹੋਵੇਗਾ ਤਾਂ ਉਸ ਕਿਸ ਨਾਲ ਪ੍ਰਤੀਬੱਧ ਹੋ ਸਕਦਾ?

ਪ੍ਰਤੀਬੱਧਤਾ ਯਕੀਨ ਦਾ ਨਾਮ, ਆਸ ਪੂਰਨਤਾ ਦੀ ਆਸਥਾ ਅਤੇ ਵਿਸ਼ਵਾਸ ਵਿਚ ਦ੍ਰਿੜਤਾ ਦਾ ਸੰਕਲਪ। ਸੁਪਨਿਆਂ ਲਈ ਸੰਪੂਰਨਤਾ ਅਤੇ ਹਾਸਲਤਾ ਦੇ ਨੈਣਾਂ ਵਿਚ ਉਗਣ ਵਾਲੇ ਸੂਰਜਾਂ ਦੀ ਤਫਸੀਲ।

ਪ੍ਰਤੀਬੱਧਤਾ, ਨਵੇਂ ਪੈਗਾਮਾਂ ਅਤੇ ਪ੍ਰੇਰਨਾਵਾਂ ਦਾ ਮਨ ਵਿਚ ਰੁੱਸ਼ਨਾਅ। ਚਾਨਣ ਨਾਲ ਧੋਤੀਆਂ ਰਾਹਵਾਂ ਦੀ ਭਾਲ। ਮਨੁੱਖ ਨੂੰ ਆਪਣੇ ਸੁਪਨਿਆਂ ਪ੍ਰਤੀ ਸਪੱਸ਼ਟਤਾ ਤੇ ਸੇਧਤ ਸਿਰਨਾਵਿਆਂ ਦੀ ਸੂਚੀ ਤੇ ਸਮਾਂ-ਬੱਧਤਾ ਮਿਲਦੀ।

ਪ੍ਰਤੀਬੱਧ ਜਦ ਮਨੁੱਖ ਆਪਣੇ ਆਪ ਨਾਲ ਹੁੰਦਾ ਤਾਂ ਉਹ ਆਪਣੀ ਰੂਹ ਸਾਹਵੇਂ ਪਾਰਦਰਸ਼ੀ। ਝੂਠ ਨਹੀਂ ਬੋਲਦਾ, ਕਪਟ ਨਹੀਂ ਕਰਦਾ ਅਤੇ ਨਾ ਹੀ ਕੋਝੀਆਂ ਚਾਲਾਂ ਵਿਚੋਂ ਨਿੱਜੀ ਮੁਫਾਦ ਦੀ ਪੂਰਤੀ ਲਈ ਕਮੀਨੀਆਂ ਸ਼ਰਾਰਤਾਂ ਜਾਂ ਹਰਕਤਾਂ ਨਾਲ ਥੋੜ੍ਹ-ਚਿਰੀਆਂ ਪ੍ਰਾਪਤੀਆਂ ਨੂੰ ਆਪਣੀਆ ਅਹਿਮ ਪ੍ਰਾਪਤੀਆਂ ਸਮਝਦਾ।

ਉਤਸ਼ਾਹ, ਉਮੀਦ, ਆਸ ਅਤੇ ਆਸਥਾ ਪ੍ਰਤੀ ਪ੍ਰਤੀਬੱਧ ਵਿਅਕਤੀ ਨੂੰ ਇਹ ਵਿਸ਼ਵਾਸ ਹੁੰਦਾ ਕਿ ਮਜ਼ਿਲਾਂ ਉਸ ਦੇ ਕਦਮਾਂ ਦੀ ਉਡੀਕ ਕਰ ਰਹੀਆਂ ਨੇ। ਉਹ ਆਪਣੀ ਘਾਲਣਾ ਨਾਲ ਨਵੀਆਂ ਨਕੋਰ ਸੰਭਾਵਨਾਵਾਂ ਨੂੰ ਸੱਚ ਕਰਦਾ।

ਪ੍ਰਤੀਬੱਧ ਤਾਂ ਮਨੁੱਖ ਦਾ ਆਪਣੇ ਧਾਰਮਿਕ ਅਕੀਦੇ ਪ੍ਰਤੀ ਹੋਣਾ ਲਾਜ਼ਮੀ; ਪਰ ਧਰਮ ਅਜਿਹਾ, ਜੋ ਪ੍ਰੇਮ ਭਾਵਨਾ ਦਾ ਸੰਦੇਸ਼ ਦੇਵੇ, ਸਰਬਸੁੱਖਨਤਾ ਦੀ ਹਾਮੀ ਭਰੇ ਅਤੇ ਸਰੱਬਤ ਦੇ ਭਲੇ ਦੀ ਕਾਮਨਾ ਕਰੇ। ਧਰਮ ਅਜਿਹਾ ਨਾ ਹੋਵੇ ਕਿ ਉਹ ਧਰਮਾਂ ਵਿਚ ਨਫਰਤ ਫੈਲਾਵੇ, ਹਿੰਸਾ ਤੇ ਨਫਰਤ ਦੀਆਂ ਕੰਧਾਂ ਉਸਾਰੇ ਅਤੇ ਸੋਚ-ਦਾਇਰਿਆਂ ਨੂੰ ਸੀਮਤ ਕਰੇ। ਧਰਮ ਦੇ ਨਾਂ 'ਤੇ ਮਨੁੱਖੀ ਖੂਨ ਨਾਲ ਹੱਥ ਰੰਗਣ ਵਾਲੇ ਲੋਕ ਤਾਂ ਧਰਮ ਦੇ ਮਖੌਟੇ ਵਿਚ ਪਾਖੰਡੀ ਅਤੇ ਜ਼ਾਹਲ ਹੋ ਸਕਦੇ। ਅਜਿਹੇ ਅਧਰਮੀ ਲੋਕਾਂ ਨੇ ਧਰਮ ਨੂੰ ਬਹੁਤ ਬਦਨਾਮ ਕੀਤਾ ਏ।

ਪ੍ਰਤੀਬੱਧ ਹੋਵੋ ਆਪਣੇ ਪਰਿਵਾਰ ਨਾਲ, ਰਿਸ਼ਤਿਆਂ ਅਤੇ ਰਿਸ਼ਤਿਆਂ ਦੀ ਪਾਕੀਜ਼ਗੀ ਬਾਰੇ। ਪਰਿਵਾਰਕ ਫਰਜ਼ਾਂ ਪ੍ਰਤੀ, ਕਦਰਾਂ-ਕੀਮਤਾਂ ਨੂੰ ਨਵੇਂ ਦਿਸਹੱਦੇ ਅਤੇ ਅਰੋਗਤਾ ਬਖਸ਼ਣ ਲਈ। ਪਰਿਵਾਰ ਦੀ ਉਚੇਰੀ ਮਾਣ-ਮਰਿਆਦਾ ਨੂੰ ਚਿਰਸਦੀਵਤਾ ਅਤੇ ਸਥਾਈਪਣ ਬਖਸ਼ਣ ਪ੍ਰਤੀ। ਕਦੇ ਵੀ ਪਰਿਵਾਰਕ ਰਹਿਤਲ ਨੂੰ ਜ਼ਰਜ਼ਰੀ ਕਰਨ ਅਤੇ ਅਮੀਰ ਪਰੰਪਰਾਵਾਂ ਨੂੰ ਰੂੜੀਵਾਦੀ ਕਹਿ ਕੇ ਭੰਡਣ ਅਤੇ ਇਸ ਦੀਆਂ ਨੀਂਹਾਂ ਨੂੰ ਖੋਖਲਾ ਕਰਨ ਪ੍ਰਤੀ ਕਦੇ ਵੀ ਖੁਦ ਨੂੰ ਪ੍ਰਤੀਬੱਧ ਨਾ ਕਰੋ।

ਪ੍ਰਤੀਬੱਧ ਹੋਵੋ ਤਾਂ ਕਿ ਸਮਾਜ ਦੀਆਂ ਥੋਥੀਆਂ ਤੇ ਮਾੜੀਆਂ ਰਹੁਰੀਤਾਂ ਅਤੇ ਰਿਵਾਜਾਂ ਨੂੰ ਨਕਾਰਿਆ ਜਾਵੇ, ਪਰ ਇਸ ਦੀ ਉਤਮ ਤੇ ਅਮੀਰ ਗੁਣਵੰਤਾ ਨੂੰ ਕਦੇ ਨਾ ਦੁਰਕਾਰੋ, ਕਿਉਂਕਿ ਇਨ੍ਹਾਂ ਨੂੰ ਦੁਰਕਾਰਨ 'ਤੇ ਤੁਸੀਂ ਖੁਦ ਵੀ ਦੁਰਕਾਰੇ ਜਾਵੋਗੇ।

ਪ੍ਰਤੀਬੱਧ ਹੋਣਾ ਹੀ ਚਾਹੀਦਾ ਹੈ ਆਪਣੀ ਕੌਮ ਤੇ ਦੇਸ਼ ਪ੍ਰਤੀ ਤਾਂ ਕਿ ਇਸ ਦੇ ਮਾਣ-ਸਨਮਾਨ, ਪ੍ਰਸਿੱਧੀ ਅਤੇ ਪ੍ਰਾਪਤੀਆਂ ਨੂੰ ਕੋਈ ਆਂਚ ਨਾ ਆਵੇ, ਪਰ ਜੋ ਲੋਕ ਪ੍ਰਤੀਬੱਧ ਹੁੰਦੇ ਨੇ ਦੇਸ਼ ਨੂੰ ਲੁੱਟਣ ਤੇ ਉਜਾੜਨ ਲਈ, ਕੌਮ ਦੀ ਬੋਲੀ ਲਾਉਣ ਅਤੇ ਕੌਮ ਨੂੰ ਵੇਚ ਕੇ ਨਿੱਜੀ ਸਲਤਨਤਾਂ ਉਸਾਰਨ ਵਾਲੇ, ਉਹ ਕੌਮ ਜਾਂ ਦੇਸ਼ ਦੇ ਗੱਦਾਰ ਹੁੰਦੇ। ਉਨ੍ਹਾਂ ਲਈ ਸਵਾਰਥਹੀਣ ਪ੍ਰਤੀਬੱਧਤਾ ਅਰਥਹੀਣ ਹੁੰਦੀ।

ਪ੍ਰਤੀਬੱਧਤਾ ਅਜੋਕੇ ਸਮੇਂ ਵਿਚ ਬਹੁਤ ਹੀ ਅਚੰਭਤ ਚੀਜ਼, ਦੁਰਲੱਭ ਮਨੁੱਖੀ ਗੁਣ। ਕਿਤੇ ਕਿਤੇ ਹੀ ਨਜ਼ਰ ਆਉਂਦੀ ਵਰਤਾਰੇ ਵਿਚ। ਵਿਰਲਿਆਂ ਵਿਚ ਦਿੱਸਦਾ ਪ੍ਰਤੀਬੱਧ ਵਿਹਾਰ। ਹਰੇਕ ਹੀ ਪ੍ਰਤੀਬੱਧਤਾ ਨੂੰ ਵਿਕਾਊ ਸਮਝ ਕੇ, ਇਸ ਦੀ ਬੋਲੀ ਲਾਉਣ ਅਤੇ ਬੋਲੀ ਦੇਣ ਲਈ ਕਾਹਲਾ।

ਪ੍ਰਤੀਬੱਧਤਾ ਦੀ ਅਣਹੋਂਦ ਸਿਰਫ ਸਮਾਜ ਜਾਂ ਪਰਿਵਾਰ ਵਿਚ ਹੀ ਨਹੀਂ। ਸਗੋਂ ਵਿਦਵਾਨਾਂ, ਰਾਜਨੇਤਾਵਾਂ, ਧਾਰਮਿਕ ਆਗੂਆਂ ਅਤੇ ਜੀਵਨ ਦੇ ਹਰੇਕ ਖੇਤਰ ਵਿਚ ਹਾਜ਼ਰ-ਨਾਜ਼ਰ। ਸਿਰਫ ਮਾਤਰਾ ਘੱਟ ਵੱਧ ਹੋ ਸਕਦੀ। ਜਿਹੜੀ ਕੌਮ, ਕਬੀਲਾ ਜਾਂ ਵਿਚਾਰਧਾਰਾ ਪ੍ਰਤੀਬੱਧਤਾ ਤੋਂ ਹੀਣੀ ਹੋ ਜਾਂਦੀ, ਉਸ ਦਾ ਮਰਸੀਆਂ ਪੜ੍ਹਨ ਲਈ ਤਿਆਰ ਰਹਿਣਾ ਚਾਹੀਦਾ।

***ਪ੍ਰਤੀਬੱਧਤਾ ਦੀ ਅਣਹੋਂਦ ਸਿਰਫ ਸਮਾਜ ਜਾਂ ਪਰਿਵਾਰ ਵਿਚ ਹੀ ਨਹੀਂ। ਸਗੋਂ ਵਿਦਵਾਨਾਂ, ਰਾਜਨੇਤਾਵਾਂ, ਧਾਰਮਿਕ ਆਗੂਆਂ ਅਤੇ ਜੀਵਨ ਦੇ ਹਰੇਕ ਖੇਤਰ ਵਿਚ ਹਾਜ਼ਰ-ਨਾਜ਼ਰ। ਸਿਰਫ ਮਾਤਰਾ ਘੱਟ ਵੱਧ ਹੋ ਸਕਦੀ। ਜਿਹੜੀ ਕੌਮ, ਕਬੀਲਾ ਜਾਂ ਵਿਚਾਰਧਾਰਾ ਪ੍ਰਤੀਬੱਧਤਾ ਤੋਂ ਹੀਣੀ ਹੋ ਜਾਂਦੀ, ਉਸ ਦਾ ਮਰਸੀਆਂ ਪੜ੍ਹਨ ਲਈ ਤਿਆਰ ਰਹਿਣਾ ਚਾਹੀਦਾ।...ਪ੍ਰਤੀਬੱਧਤਾ ਉਦਾਸੀਆਂ ਵਿਚ ਕੇਹੀ ਉਤਰੀ ਕਿ ਬਾਬੇ ਨਾਨਕ ਨੇ ਉਦਾਸੀਆਂ ਨੂੰ ਹੀ ਜੀਵਨ ਦਾ ਮੁੱਖ ਉਦੇਸ਼ ਬਣਾ ਕੇ ਲੋਕਾਈ ਦੇ ਦੁੱਖ-ਦਰਦਾਂ ਨੂੰ ਰਾਹਤ ਦੇਣ ਅਤੇ ਉਨ੍ਹਾਂ ਦੀ ਸੋਚ-ਜੂਹ ਵਿਚ ਤਾਰਿਆਂ ਦੀਆਂ ਕਲਮਾਂ ਲਾਉਣ ਦਾ ਉਚਾ ਤੇ ਸੁੱਚਾ ਕਾਰਜ ਕੀਤਾ, ਜਿਸ ਨੇ ਇਤਿਹਾਸ ਨੂੰ ਨਵਾਂ ਮੋੜ ਅਤੇ ਨਵੀਂ ਵਿਚਾਰਧਾਰਾ ਨੂੰ ਜੀਵਨ-ਸ਼ੈਲੀ ਦੇ ਨਾਮ ਕੀਤਾ।***

ਪ੍ਰਤੀਬੱਧਤਾ ਸਾਹਿਤ, ਸਭਿਆਚਾਰ, ਸੰਸਥਾਵਾਂ ਜਾਂ ਸਾਹਿਤਕਾਰਾਂ ਵਿਚੋਂ ਵੀ ਹੌਲੀ ਹੌਲੀ ਅਲੋਪ ਹੋ ਰਹੀ ਹੈ, ਜੋ ਮੌਜੂਦਾ ਅਧੋਗਤੀ ਦਾ ਸੂਚਕ। ਜਦ ਕੋਈ ਵਿਦਵਾਨ ਕਿਸੇ ਕਿਰਤ ਦੀ ਥਾਂ ਧੜਿਆਂ ਨਾਲ ਪ੍ਰਤੀਬੱਧ ਹੁੰਦਾ, ਵਿਚਾਰ ਦੀ ਥਾਂ ਸਥਾਪਤ ਫਰੇਮ ਵਿਚ ਹੀ ਲਿਖਤ ਨੂੰ ਪਰਖਣ ਦੀ ਕੋਸ਼ਿਸ਼ ਕਰਦਾ ਜਾਂ ਕਿਸੇ ਨੂੰ ਨੀਵਾਂ ਜਾਂ ਉਚੇਰਾ ਦਿਖਾਉਣ ਲਈ ਖਾਸ ਮਾਪਦੰਡ ਨਿਰਧਾਰਤ ਕਰਦਾ ਤਾਂ ਉਹ ਕਦੇ ਵੀ ਕਿਰਤ ਦੀ ਸੁੱਚਮਤਾ ਅਤੇ ਉਚਤਮਤਾ ਪ੍ਰਤੀ ਪ੍ਰਤੀਬੱਧ ਨਹੀਂ ਹੁੰਦਾ। ਸਗੋਂ ਉਹ ਆਪਣੇ ਮਨ ਵਿਚ ਪਾਲੇ ਹੋਏ ਕਿਸੇ ਖਾਸ ਭਰਮ, ਭੁਲੇਖੇ ਜਾਂ ਮਕਸਦ ਪ੍ਰਤੀ ਹੀ ਪ੍ਰਤੀਬੱਧ ਹੁੰਦਾ।

ਪ੍ਰਤੀਬੱਧਤਾ ਆਪਣੇ ਕੰਮ ਨਾਲ ਹੋਵੇ ਤਾਂ ਕੰਮ ਕਰਨ ਦਾ ਲੁਤਫ ਆਉਂਦਾ। ਕਿੱਤੇ ਅਤੇ ਕਰਮ ਵਿਚੋਂ ਖੁਸ਼ੀ ਅਤੇ ਖੇੜਿਆਂ ਦੀ ਖੇਤੀ ਕਰਨ ਵਾਲੇ ਲੋਕ ਹੀ ਆਪਣੇ ਅਦਾਰੇ ਜਾਂ ਸੰਸਥਾ ਨੂੰ ਨਵੀਆਂ ਪ੍ਰਾਪਤੀਆਂ ਨਾਲ ਨਿਵਾਜਦੇ। ਉਹ ਸੰਸਥਾ ਲਈ ਹੀ ਨਹੀਂ, ਸਗੋਂ ਖੁਦ ਲਈ ਵੀ ਮਾਣ ਹੁੰਦੇ।

ਬਹੁਤ ਘੱਟ ਲੋਕ ਨੇ ਜੋ ਆਪਣੇ ਸੁਪਨਿਆਂ ਨਾਲ ਪ੍ਰਤੀਬੱਧ ਹੁੰਦੇ। ਜਦ ਸੁਪਨਿਆਂ ਨਾਲ ਪ੍ਰਤੀਬੱਧਤਾ ਮਰ ਜਾਂਦੀ ਤਾਂ ਸਿਸਕਦੇ ਨੇ ਸੁਪਨੇ ਅਤੇ ਰੋਂਦੀਆਂ ਨੇ ਸਫਲਤਾਵਾਂ ਤੇ ਸਿਰਲੇਖਾਂ ਨੂੰ ਨਮੋਸ਼ੀ ਉਠਾਉਣੀ ਪੈਂਦੀ।

ਪ੍ਰਤੀਬੱਧਤਾ ਜਦ ਪਰਿਵਾਰ ਨਾਲ ਨਾ ਹੁੰਦੀ ਤਾਂ ਨਾਜਾਇਜ਼ ਰਿਸ਼ਤਿਆਂ ਦਾ ਮੁੱਢ ਬੱਝਦਾ ਅਤੇ ਕਪਟੀ ਚਾਲਾਂ ਚੱਲੀਆਂ ਜਾਂਦੀਆਂ। ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਚਰਿੱਤਰ ਦਾ ਚੀਰ ਹਰਨ ਕੀਤਾ ਜਾਂਦਾ। ਮਿੱਤਰ-ਮੋਢਿਆਂ ਨੂੰ ਮਾਰ ਪੈਂਦੀ। ਚੀੜ੍ਹੀਆਂ ਯਾਰੀਆਂ ਵੀ ਤਿੜਕ ਜਾਂਦੀਆਂ। ਖੂਨ ਦਾ ਰੰਗ ਸਫੈਦ ਹੋ ਜਾਂਦਾ। ਸਾਂਝੇ ਘਰ ਦੀਆਂ ਨੀਂਹਾਂ ਵਿਚ ਆਪਣਿਆਂ ਨੂੰ ਚਿਣਿਆ ਜਾਂਦਾ ਅਤੇ ਭਰਾ ਹੀ ਭਰਾਂ ਨੂੰ ਵੱਟ ਹੇਠ ਦੱਬਦਾ।

ਪ੍ਰਤੀਬੱਧਤਾ ਪਰਖਦੀ ਹੈ ਮਰਦਾਨਗੀ ਨੂੰ, ਪਛਾਣਦੀ ਹੈ ਮਨੁੱਖੀ ਮਨ ਵਿਚ ਵੱਸਦੀ ਮਾਨਵਤਾ ਨੂੰ, ਪ੍ਰੇਰਦੀ ਹੈ ਅਬੋਧ ਮਨਾਂ ਨੂੰ ਅਤੇ ਮਹਿਕਣ ਲਾਉਂਦੀ ਹੈ ਮਨ ਦੀਆਂ ਉਜਾੜ ਬਸਤੀਆਂ ਨੂੰ।

ਪ੍ਰਤੀਬੱਧਤਾ ਹੁੰਦੀ ਏ ਅਧਿਆਪਕ ਦੀ, ਜਦ ਉਸ ਦੇ ਸ਼ਾਗਿਰਦਾਂ ਦੇ ਮਨਾਂ ਵਿਚ ਅੱਖਰ-ਜੋਤ ਜਗਦੀ। ਪੂਰਨਿਆਂ ਵਿਚੋਂ ਜਗਦੇ ਨੇ ਜੁਗਨੂੰ ਅਤੇ ਬਸਤਿਆਂ ਵਿਚੋਂ ਉਡਣਾ ਲੋਚਦੀਆਂ ਸੁਪਨ-ਉਡਾਣਾਂ ਨੂੰ ਨਵੇਂ ਅੰਦਾਜ਼ ਵਿਚ ਪਰਵਾਜ਼ ਮਿਲਦੀ। ਉਹ ਦੁਨਿਆਵੀ ਖੇਤਰ ਵਿਚ ਕਰਮ-ਧਰਮ ਦੀ ਕਿਰਤ-ਵਿਰਤ ਕਰੇਂਦੇ, ਆਪਣਾ ਨਾਮ ਵੀ ਰੁਸ਼ਨਾਉਂਦੇ ਅਤੇ ਆਪਣੇ ਰਾਹ-ਦਸੇਰਿਆਂ ਲਈ ਵੀ ਮਾਣਮੱਤਾ ਸ਼ਰਫ ਬਣਦੇ।

ਪ੍ਰਤੀਬੱਧਤਾ ਨੂੰ ਮਖੌਟਾ ਨਾ ਬਣਾਓ। ਮਜਬੂਰੀ ਨਾ ਸਮਝੋ। ਨਾ ਹੀ ਇਸ ਨੂੰ ਮਾਂਗਵੀਂ ਧਾੜ ਸਮਝ ਕੇ ਕਦੇ ਕਦਾਈ ਹਾਕ ਮਾਰੋ। ਇਸ ਨੂੰ ਜੀਵਨ-ਅਕੀਦਾ ਬਣਾਓ।

ਪ੍ਰਤੀਬੱਧਤਾ ਮਨੁੱਖ ਲਈ ਮੂਲ-ਮੰਤਰ ਅਤੇ ਜੀਵਨ-ਮੁਹਾਰਨੀ। ਇਸ ਦੀ ਰੱਟ ਵਿਚੋਂ ਹੀ ਮਨੁੱਖ ਨੂੰ ਰਮਜ਼ਾਂ, ਰੂਹਾਂ ਅਤੇ ਰੰਗਰੇਜ਼ਤਾ ਦਾ ਅਹਿਸਾਸ ਹੁੰਦਾ। ਰੂਹ ਵਿਚ ਰਚੀ ਪ੍ਰਤੀਬੱਧਤਾ ਦਾ ਮਜੀਠੀ ਰੰਗ ਸਦੀਵ ਅਤੇ ਅਮਿੱਟ।

ਪ੍ਰਤੀਬੱਧਤਾ ਉਦਾਸੀਆਂ ਵਿਚ ਕੇਹੀ ਉਤਰੀ ਕਿ ਬਾਬੇ ਨਾਨਕ ਨੇ ਉਦਾਸੀਆਂ ਨੂੰ ਹੀ ਜੀਵਨ ਦਾ ਮੁੱਖ ਉਦੇਸ਼ ਬਣਾ ਕੇ ਲੋਕਾਈ ਦੇ ਦੁੱਖ-ਦਰਦਾਂ ਨੂੰ ਰਾਹਤ ਦੇਣ ਅਤੇ ਉਨ੍ਹਾਂ ਦੀ ਸੋਚ-ਜੂਹ ਵਿਚ ਤਾਰਿਆਂ ਦੀਆਂ ਕਲਮਾਂ ਲਾਉਣ ਦਾ ਉਚਾ ਤੇ ਸੁੱਚਾ ਕਾਰਜ ਕੀਤਾ, ਜਿਸ ਨੇ ਇਤਿਹਾਸ ਨੂੰ ਨਵਾਂ ਮੋੜ ਅਤੇ ਨਵੀਂ ਵਿਚਾਰਧਾਰਾ ਨੂੰ ਜੀਵਨ-ਸ਼ੈਲੀ ਦੇ ਨਾਮ ਕੀਤਾ।

ਪ੍ਰਤੀਬੱਧਤਾ ਮੌਲਕਤਾ, ਮਨ-ਮੌਜਤਾ, ਮਨੁੱਖਤਾ, ਮਹਿਰਮੀ ਜਾਂ ਮਿਹਨਤ-ਮੁਸ਼ੱਕਤ ਨਾਲ ਹੁੰਦੀ ਤਾਂ ਇਸ ਵਿਚੋਂ ਸ਼ੁਭ-ਕਰਮਨ ਦੇ ਸੂਹੇ ਫੁੱਲ ਉਗਦੇ। ਇਸ ਦੀ ਮਹਿਕ ਵਿਚ ਓਤ-ਪੋਤ ਹੋ ਜਾਂਦੀ ਮਨੁੱਖੀ ਮਨ ਦੀ ਬਾਗ-ਬਗੀਚੀ ਅਤੇ ਰੰਗਾਂ ਨਾਲ ਲਬਰੇਜ਼ ਹੋ ਜਾਂਦੀ ਫਿਜ਼ਾਈ ਰੰਗਤ।

ਪ੍ਰਤੀਬੱਧਤਾ ਦਾ ਅਜ਼ੀਮ ਤੇ ਅਨੂਠਾ ਰੂਪ ਹੁੰਦਾ ਏ, ਜਦ ਕੋਈ ਫਕੀਰ ਵਜਦ ਵਿਚ ਆਪਣੀ ਰੂਹ ਦੀਆਂ ਬਾਤਾਂ ਪਾਉਂਦਾ, ਅੱਲ੍ਹਾ ਯਾਰ ਨੂੰ ਧਿਆਉਂਦਾ ਅਤੇ ਉਸ ਦੀ ਜੁਸਤਜੂ ਵਿਚ ਫੱਕਰਤਾ ਦੀਆਂ ਝੁਮਰਾਂ ਪਾਉਂਦਾ।

ਪ੍ਰਤੀਬੱਧਤਾ ਜਦ ਜਜ਼ਬਾਤ, ਜਜ਼ਬਿਆਂ ਅਤੇ ਜ਼ਰੂਰਤਾਂ ਤੋਂ ਹੁੰਦੀ ਹੋਈ ਜਿਉਣ ਅਤੇ ਜਿੱਤਾਂ ਵੰਨੀਂ ਪੱਬ ਉਠਾਉਂਦੀ ਤਾਂ ਆਪਣੀ ਹੋਂਦ ਤੇ ਹਾਸਲ ਵਿਚੋਂ ਅਸੀਮ ਅਤੇ ਅਨੰਤ ਬਰਕਤਾਂ ਨੂੰ ਆਪਣੀ ਝੋਲੀ ਵਿਚ ਪਵਾਉਂਦੀ।

ਪ੍ਰਤੀਬੱਧਤਾ ਜਦ ਸ਼ਬਦਾਂ ਵਿਚ ਸਮਾਉਂਦੀ, ਅਰਥਾਂ ਨੂੰ ਆਪਣਾ ਅਦਬ ਬਣਾਉਂਦੀ ਅਤੇ ਸੱਚ ਦੀ ਸਦਾਕਤ ਨਾਲ ਇਬਾਰਤ ਨੂੰ ਇਬਾਦਤ ਬਣਾਉਂਦੀ ਤਾਂ ਇਹ ਤਹਿਜ਼ੀਬ ਦੇ ਵਰਕਿਆਂ 'ਤੇ ਦੇਸੀ ਘਿਓ ਦੇ ਦੀਵੇ ਜਗਾਉਂਦੀ। ਇਸ ਦੀ ਰੌਸ਼ਨੀ ਵਿਚ ਖੁਦ ਵੀ ਜਗਮਾਉਂਦੀ ਅਤੇ ਆਲੇ-ਦੁਆਲੇ ਨੂੰ ਵੀ ਚੁੰਧਿਆਉਂਦੀ।

ਪ੍ਰਤੀਬੱਧਤਾ ਨਾਲ ਕਦੇ ਸਮਝੌਤਾ ਨਾ ਕਰੋ। ਨਾ ਹੀ ਇਸ ਦੀ ਬੋਲੀ ਲਾਓ ਅਤੇ ਨਾ ਹੀ ਇਸ ਨੂੰ ਹੈਂਕੜ-ਹੰਕਾਰ ਬਣਾਓ। ਮਰ ਜਾਂਦਾ ਏ ਮਨੁੱਖ ਜਦ ਉਹ ਆਪਣੇ ਗੁਣਾਂ ਨੂੰ ਤਰਾਜੂ ਵਿਚ ਤੋਲਦਾ ਅਤੇ ਆਪਣੇ ਸ਼ਖਸੀ ਬਿੰਬ ਨੂੰ ਪੈਰਾਂ ਹੇਠ ਰੋਲਦਾ।


ਪ੍ਰਤੀਬੱਧਤਾ ਜਦ ਮਰਦੀ ਤਾਂ ਮਰ ਜਾਂਦੀ ਇਨਸਾਨੀਅਤ ਅਤੇ ਫਿਰ ਇਨਸਾਨ, ਮਨੁੱਖ ਵੀ ਨਹੀਂ ਰਹਿੰਦਾ। ਤਦ ਸਾਹ ਬਖਸ਼ਣ ਵਾਲਾ ਡਾਕਟਰ ਬਣਦਾ ਏ ਕਾਤਲ, ਧਰਮੀ ਆਗੂ ਬਣਦਾ ਏ ਕੂੜ ਦਾ ਵਪਾਰੀ, ਕਿਰਸਾਨ ਬਣ ਜਾਂਦਾ ਏ ਜ਼ਹਿਰ ਦਾ ਵਣਜਾਰਾ, ਅਧਿਆਪਕ ਬਣਦਾ ਏ ਨਿੱਜੀ ਲਾਭ-ਪੂਰਤੀ ਦਾ ਹੱਕਦਾਰ, ਰਾਜਨੇਤਾ ਬਣਦਾ ਨੇ ਸੁਪਨਈ ਸੰਸਾਰ ਦਾ ਥੋਕ ਵਿਕਰੇਤਾ ਅਤੇ ਪ੍ਰੇਮੀ ਬਣਦਾ ਏ ਪਾਖੰਡੀ।

ਪ੍ਰਤੀਬੱਧਤ ਦਿਖਾਵਾ ਨਹੀਂ। ਇਹ ਤੁਹਾਡੇ ਸਮੁੱਚ ਵਿਚੋਂ ਉਦੈ ਹੁੰਦੀ। ਇਕ ਕਲਾਸ ਵਿਚ ਇਕ ਵਿਦਿਆਰਥੀ ਦੀ ਘੜੀ ਗਵਾਚ ਜਾਂਦੀ ਏ ਅਤੇ ਉਹ ਅਧਿਆਪਕ ਨੂੰ ਗਵਾਚੀ ਘੜੀ ਬਾਰੇ ਦੱਸਦਾ ਹੈ। ਘੜੀ ਨੂੰ ਲੱਭਣ ਲਈ ਅਧਿਆਪਕ ਇਕ ਤਰਕੀਬ ਬਣਾਉਂਦਾ ਹੈ। ਉਹ ਸਾਰੇ ਵਿਦਿਆਰਥੀਆਂ ਨੂੰ ਅੱਖਾਂ ਤੇ ਪੱਟੀ ਬੰਨਣ ਲਈ ਕਹਿੰਦਾ ਹੈ। ਹਰ ਵਿਦਿਆਰਥੀ ਦੀ ਤਲਾਸ਼ੀ ਲੈਂਦਿਆਂ ਇਕ ਵਿਦਿਆਰਥੀ ਦੀ ਜੇਬ ਵਿਚੋਂ ਘੜੀ ਲੱਭ ਲੈਂਦਾ ਏ ਅਤੇ ਜਿਸ ਦੀ ਘੜੀ ਹੁੰਦੀ ਹੈ, ਉਸ ਨੂੰ ਦੇ ਦਿੰਦਾ ਹੈ; ਪਰ ਚੋਰੀ ਕਰਨ ਵਾਲੇ ਵਿਦਿਆਰਥੀ ਬਾਰੇ ਕੁਝ ਨਹੀਂ ਬੋਲਦਾ। ਕੁਝ ਸਾਲਾਂ ਬਾਅਦ ਇਕ ਸਮਾਗਮ ਦੌਰਾਨ ਸ਼ਹਿਰ ਦਾ ਨਾਮੀ-ਗਰਾਮੀ ਨੌਜਵਾਨ ਉਸ ਦੇ ਕਦਮਾਂ ਵਿਚ ਝੁੱਕਦਾ ਹੈ ਅਤੇ ਨਿਮਰਤਾ ਸਹਿਤ ਦੱਸਦਾ ਹੈ, ਤੁਸੀਂ ਮੇਰੇ ਜੀਵਨ-ਦਾਨੀ ਹੋ। ਅਧਿਆਪਕ ਅਚੰਭਤ ਹੋ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਤਾਂ ਉਸ ਨੂੰ ਜਾਣਦਾ ਨਹੀਂ। ਤੇ ਫਿਰ ਨੌਜਵਾਨ ਦੱਸਦਾ ਹੈ ਕਿ ਮੈਂ ਉਹੀ

***(ਬਾਕੀ ਅਗਲੇ ਸਫੇ 'ਤੇ)***

# ਬੀ. ਸੀ. ਵਿਧਾਨ ਸਭਾ ਵਿਚ ਕਪੂਰਥਲੀਏ ਤੇ ਭੰਮੀਪੁਰੀਏ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ (ਬੀ. ਸੀ.) ਸੂਬੇ ਦੀਆਂ ਵਿਧਾਨ ਸਭਾ ਚੋਣਾਂ ਦੇ ਅੰਤਿਮ ਨਤੀਜਿਆਂ ਦਾ ਐਲਾਨ ਤਾਂ ਭਾਵੇਂ 6 ਨਵੰਬਰ ਨੂੰ ਡਾਕ ਰਾਹੀਂ ਪਈਆਂ ਵੋਟਾਂ ਗਿਣਨ ਤੋਂ ਪਿਛੋਂ ਹੋਵੇਗਾ, ਪਰ ਇਹ ਗੱਲ ਤੈਅ ਹੈ ਕਿ ਸਰਕਾਰ ਨਿਊ ਡੈਮੋਕ੍ਰੇਟਿਕ ਪਾਰਟੀ ਦੀ ਬਣੇਗੀ। ਇਸ ਪਾਰਟੀ ਵਲੋਂ 87 ਵਿਚੋਂ 55 ਸੀਟਾਂ ਜਿੱਤਣਾ ਨਿਸ਼ਚਿਤ ਹੈ। ਇਹ ਵੀ ਕਿ ਸੂਬੇ ਦਾ ਅਗਲਾ ਮੁੱਖ ਮੰਤਰੀ ਐਨ. ਡੀ. ਪੀ. ਨੇਤਾ ਜੌਹਨ ਹੌਰਗਨ ਹੋਵੇਗਾ। ਕਿਸੇ ਵੇਲੇ ਦੁਆਬੇ ਦੇ ਪਿੰਡ ਦੁਸਾਂਝ ਕਲਾਂ ਦੇ ਜੰਮਪਲ ਉਜੱਲ ਦੁਸਾਂਝ ਨਾਲ ਜੁੜਿਆ ਇਹ ਸੂਬਾ ਪੰਜਾਬੀਆਂ ਦਾ ਗੜ੍ਹ ਹੈ, ਜਿਥੋਂ ਸੱਜਰੀਆਂ ਚੋਣਾਂ ਵਿਚ ਪੰਜ ਪੰਜਾਬੀ ਤੇ ਤਿੰਨ ਪੰਜਾਬਣਾਂ ਚੋਣ ਜਿੱਤ ਰਹੀਆਂ ਹਨ। ਜਿਲਾ ਕਪੂਰਥਲਾ ਦੇ ਪਿੰਡ ਹਰਦਾਸਪੁਰ ਦਾ ਜੰਮਪਲ ਹੈਰੀ ਬੈਂਸ ਇਕ ਵਾਰ ਫਿਰ ਸਰੀ ਨਿਊਟਨ ਤੋਂ ਚੋਣ ਜਿਤ ਗਿਆ ਹੈ ਤੇ ਉਸ ਦੇ ਨਾਲ ਹੀ ਕਪੂਰਥਲਾ ਦੇ ਸ਼ਹਿਰ ਸੁਲਤਾਨਪੁਰ ਲੋਧੀ ਦਾ ਜੰਮਪਲ ਐਡਵੋਕੇਟ ਅਮਨਦੀਪ ਸਿੰਘ ਬ੍ਰਿਟਿਸ਼ ਕੋਲੰਬੀਆ ਦਾ ਪਹਿਲਾ ਦਸਤਾਰਧਾਰੀ ਸਿੱਖ ਵਿਧਾਇਕ ਹੋਵੇਗਾ।

ਮੰਤਰੀ ਬਣਦਾ ਹੈ ਜਾਂ ਨਹੀਂ, ਉਸ ਨੇ ਆਪਣੇ ਜੱਦੀ ਖੇਤਰ ਸੁਲਤਾਨਪੁਰ ਲੋਧੀ ਦੀ ਪ੍ਰੋ. ਉਪਿੰਦਰਜੀਤ ਕੌਰ ਚੇਤੇ ਕਰਵਾ ਦਿੱਤੀ ਹੈ, ਜੋ ਇਥੋਂ ਦੀ ਪੰਜਾਬ ਕੈਬਨਿਟ ਵਿਚ ਸਿੱਖਿਆ ਮੰਤਰੀ ਰਹਿ ਚੁਕੀ ਹੈ। ਮੇਰੀ ਦਿਲਚਸਪੀ ਤਾਂ ਇਸ ਗੱਲ ਵਿਚ ਵੀ ਬਣੀ ਰਹੇਗੀ ਕਿ ਉਹ ਮੇਰੇ ਜਾਣੂ ਹੈਰੀ ਬੈਂਸ ਦੇ ਬਰਾਬਰ ਚਲਦਾ ਹੈ ਜਾਂ ਉਸ ਨੂੰ ਮਾਤ ਪਾ ਜਾਂਦਾ ਹੈ।

ਤਹਿਸੀਲ ਜਗਰਾਓਂ ਦੇ ਪਿੰਡ ਭੰਮੀਪੁਰਾ ਦੀ ਪੋਤੀ ਅਤੇ ਇਪਟਾ ਵਾਲੇ ਸਵਰਗਵਾਸੀ ਰੰਗਮੰਚ ਕਰਮੀ ਤੇਰਾ ਸਿੰਘ ਚੰਨ ਦੀ ਦੋਹਤੀ ਆਪਣੇ ਪਿਤਰੀ ਪਿੰਡ ਭੰਮੀਪੁਰਾ ਦਾ ਨਾਂ ਕਿੰਨਾ ਚਮਕਾਉਂਦੀ ਹੈ, ਇਹ ਵੀ ਸਮੇਂ ਦੇ ਹੱਥ ਹੈ। ਰਚਨਾ ਸਿੰਘ ਰਘਬੀਰ ਸਿੰਘ ਸਿਰਜਣਾ ਦੀ ਬੇਟੀ ਹੈ ਤੇ ਅਮਰੀਕਾ ਨਿਵਾਸੀ ਸਿਰਜਣਾ ਸਿੰਘ ਦੀ ਛੋਟੀ ਭੈਣ। ਮਾਪਿਆਂ ਨੇ ਸਿਰਫ ਦੋ ਹੀ ਬੇਟੀਆਂ ਨੂੰ ਜਨਮ ਦਿੱਤਾ ਤੇ ਨਾਂ ਰੱਖੇ ਸਿਰਜਣਾ ਸਿੰਘ ਅਤੇ ਰਚਨਾ ਸਿੰਘ।



ਗੁਰਦੇਵ ਸਿੰਘ
ਪ੍ਰਧਾਨ



ਕਰਨਲ ਜਸਮੇਰ ਸਿੰਘ ਬਾਲਾ
ਸਕੱਤਰ



ਇੰਜੀਨੀਅਰ ਕੁਲਬੀਰ ਸਿੰਘ
ਮੀਤ ਪ੍ਰਧਾਨ



ਐਡਵੋਕੇਟ ਕਰਨਦੀਪ ਸਿੰਘ
ਚੀਮਾ, ਜੁਆਇੰਟ ਸਕੱਤਰ

ਬਹੁਤ ਘਟ ਲੋਕਾਂ ਨੂੰ ਪਤਾ ਹੈ ਕਿ ਪਿੰਡ ਭੰਮੀਪੁਰਾ ਜਗਰਾਓਂ ਤਹਿਸੀਲ ਦੇ ਉਘੇ ਪਿੰਡ ਹਠੂਰ ਦੇ ਨੇੜੇ ਪੈਂਦਾ ਹੈ। 2001 ਦੀ ਮਰਦਮਸ਼ੁਮਾਰੀ ਅਨੁਸਾਰ ਭੰਮੀਪੁਰਾ ਦੀ ਵਸੋਂ 3720 ਸੀ ਤੇ ਹਠੂਰ ਦੀ 7138, ਪਰ ਹਠੂਰ ਅਪਣੇ ਪਿੰਡ ਦੇ ਥੇਹਾਂ ਕਰਕੇ ਵਧੇਰੇ ਜਾਣਿਆ ਜਾਂਦਾ ਹੈ। ਇਥੇ ਰਾਜਾ ਕਨਕੇਤੂ ਦੇ ਸਮੇਂ ਭਗਵਾਨ ਮਹਾਂਵੀਰ ਨੇ ਚੁਮਾਸਾ ਕੱਟਿਆ ਸੀ। ਥੇਹ ਵਾਲੀ ਥਾਂ ਤੋਂ ਪੁਰਾਣੇ ਸਿੱਕੇ ਤੇ ਹੋਰ ਨਿਸ਼ਾਨੀਆਂ ਹੁਣ ਵੀ ਮਿਲਦੀਆਂ ਰਹਿੰਦੀਆਂ ਹਨ। ਇਥੋਂ ਦੇ ਲੋਕ ਇਸ ਥਾਂ ਦਾ ਪੁਰਾਣਾ ਨਾਂ ਅਹੀਚਤ ਦਸਦੇ ਹਨ।

ਅੱਜ ਦੇ ਦਿਨ ਸਪੋਰਟਸ ਅਥਾਰਟੀ ਆਫ ਇੰਡੀਆ ਦੇ ਨੈਸ਼ਨਲ ਐਵਾਰਡੀ ਤੇ ਅਜੋਕੀ ਪੰਜਾਬੀ ਵਾਰਤਕ ਥੰਮ ਪ੍ਰਿੰ. ਸਰਵਣ ਸਿੰਘ ਦੇ ਜੱਦੀ ਪਿੰਡ ਚਕਰ ਨੂੰ ਵੀ ਜਗਰਾਓਂ-ਹਠੂਰ ਸੜਕ 'ਤੇ ਪੈਂਦਾ ਦੱਸਿਆ ਜਾਂਦਾ ਹੈ। ਹੋ ਸਕਦਾ ਹੈ, ਕੱਲ ਨੂੰ ਦੱਸਣ ਵਾਲੇ ਇਹ ਕਹਿਣ ਲੱਗ ਜਾਣ ਕਿ ਪਿੰਡ ਚਕਰ ਜਗਰਾਓ-ਭੰਮੀਪੁਰਾ ਸੜਕ 'ਤੇ ਪੈਂਦਾ ਹੈ। ਹਠੂਰ, ਭੰਮੀਪੁਰਾ ਤੇ ਚਕਰ ਦਾ ਰੇਲਵੇ ਸਟੇਸ਼ਨ ਵੀ ਇੱਕ ਹੀ ਹੈ, ਜਗਰਾਓਂ, ਜੋ ਹਠੂਰ ਤੋਂ 26 ਕਿਲੋਮੀਟਰ ਹੈ, ਭੰਮੀਪੁਰਾ ਤੋਂ 16 ਕਿਲੋਮੀਟਰ ਤੇ ਚਕਰ ਤੋਂ 12 ਕਿਲੋਮੀਟਰ। ਅੱਜ ਤੱਕ ਤੱਲਾ, ਦੇਹੜਕਾ, ਬੁਰਜ ਕਲਾਰਾਂ ਸਮੇਤ ਇਹ ਤਿੰਨੋਂ ਪਿੰਡ ਜਗਰਾਓਂ-ਹਠੂਰ ਸੜਕ 'ਤੇ ਪੈਂਦੇ ਦੱਸੇ ਜਾਂਦੇ ਹਨ। ਕੱਲ ਦੀਆਂ ਕੱਲ ਜਾਣੇ। ਅੱਠ ਦੇ ਅੱਠੇ ਹੀ ਜੇਤੂ ਵਧਾਈ ਦੇ ਹੱਕਦਾਰ ਹਨ।

**ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਨਵੇਂ ਪਹਿਰੇਦਾਰ:** ਸਿੱਖ ਐਜੂਕੇਸ਼ਨਲ ਸੁਸਾਇਟੀ ਵੱਜੋਂ ਜਾਣੀ ਜਾਂਦੀ ਵੱਕਾਰੀ ਸਿੱਖ ਵਿਦਿਅਕ ਸੰਸਥਾ ਦੀ ਜਨਰਲ ਹਾਊਸ ਬੈਠਕ ਵਿਚ ਇਸ ਵਾਰ ਫਿਰ ਸੇਵਾ ਮੁਕਤ ਆਈ. ਏ. ਐਸ. ਅਧਿਕਾਰੀ ਗੁਰਦੇਵ ਸਿੰਘ ਨੂੰ ਸੰਸਥਾ ਦਾ ਪ੍ਰਧਾਨ ਚੁਣ ਕੇ ਉਸ ਨੂੰ ਆਪਣਾ ਮੀਤ ਪ੍ਰਧਾਨ, ਸੈਕਟਰੀ ਤੇ ਜੁਆਇੰਟ ਸੈਕਟਰੀ ਚੁਣਨ ਦੇ ਅਧਿਕਾਰ ਦਿੱਤੇ ਸਨ। ਇਨ੍ਹਾਂ ਉਤੇ ਅਮਲ ਕਰਦਿਆਂ ਉਨ੍ਹਾਂ ਨੇ ਇੰਜੀਨੀਅਰ ਕੁਲਬੀਰ ਸਿੰਘ ਨੂੰ ਮੀਤ ਪ੍ਰਧਾਨ, ਸੇਵਾ ਮੁਕਤ ਕਰਨਲ ਜਸਮੇਰ ਸਿੰਘ ਬਾਲਾ ਨੂੰ ਸਕੱਤਰ ਤੇ ਐਡਵੋਕੇਟ ਕਰਨਦੀਪ ਸਿੰਘ ਚੀਮਾ ਨੂੰ ਸੁਸਾਇਟੀ ਦਾ ਜੁਆਇੰਟ ਸਕੱਤਰ ਨਾਮਜ਼ਦ ਕੀਤਾ ਹੈ।

ਚੇਤੇ ਰਹੇ, ਇਹ ਸੁਸਾਇਟੀ ਸਨ ਸੰਤਾਲੀ ਦੀ ਦੇਸ਼ ਵੰਡ ਤੋਂ ਇਕ ਦਹਾਕਾ ਪਹਿਲਾਂ ਲਾਹੌਰ ਵਿਚ ਸਥਾਪਤ ਹੋਈ ਸੀ, ਜਿਸ ਨੇ ਉਥੇ ਸਿੱਖ ਨੈਸ਼ਨਲ ਕਾਲਜ ਲਾਹੌਰ ਵੀ ਸਥਾਪਤ ਕੀਤਾ ਸੀ। ਅੱਜ ਦੇ ਦਿਨ ਇਹ ਸੰਸਥਾ ਪੰਜਾਬ ਤੇ ਚੰਡੀਗੜ੍ਹ ਵਿਚ ਅੱਠ ਵਿਦਿਅਕ ਅਦਾਰੇ ਚਲਾ ਰਹੀ ਹੈ। ਇਨ੍ਹਾਂ ਵਿਚ ਚੰਡੀਗੜ੍ਹ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਗੁਰੂ ਗੋਬਿੰਦ ਸਿੰਘ ਕਾਲਜ ਫਾਰ ਵੂਮਨ, ਸਿੱਖ ਨੈਸ਼ਨਲ ਕਾਲਜ ਬੰਗਾ ਤੇ ਸਿੱਖ ਨੈਸ਼ਨਲ ਕਾਲਜ ਕਾਦੀਆਂ ਸ਼ਾਮਲ ਹਨ। ਮੂਲ ਮੰਤਵ ਸਿਖਿਆ ਦੇ ਨਾਲ ਨਾਲ ਧਾਰਮਿਕ, ਸਾਹਿਤਕ ਤੇ ਸਭਿਆਚਾਰਕ ਕੀਮਤਾਂ ਉਤੇ ਪਹਿਰਾ ਦੇਣਾ ਹੈ। ਇਹ ਕੰਮ ਤੇ ਵਿਕਾਸ ਜੱਗ ਜਾਹਰ ਹੈ। ਨਹੀਂ ਰੀਸਾਂ ਇਸ ਸੰਸਥਾਂ ਦੀਆਂ!

**ਅੰਤਿਕਾ: ਮਾਲ ਰੋਡ 'ਤੇ ਮਿਰਜ਼ਾ ਗਾਲਿਬ**

ਹਜ਼ਾਰੋਂ ਲੜਕੀਆਂ ਐਸੀ ਕਿ
ਹਰ ਲੜਕੀ ਪੇ ਦਮ ਨਿਕਲੇ
ਬਹੁਤ ਨਿਕਲੇ ਹਸੀਨ ਸੜਕੋਂ ਪੇ
ਲੇਕਿਨ ਫਿਰ ਭੀ ਕਮ ਨਿਕਲੇ।

*(ਮਹਿਦੀ ਅਲੀ ਖਾਨ)*


# ਕੁਦਰਤ ਤੇਰੇ ਰੰਗ ਨਿਰਾਲੇ

**ਹਰਜੀਤ ਦਿਓਲ, ਬਰੈਂਪਟਨ**

ਵਿਗਿਆਨੀਆਂ ਦੀ ਅਣਥੱਕ ਮਿਹਨਤ ਅਤੇ ਲਗਨ ਸਦਕਾ ਆਖਰ ਅਸੀਂ ਇਸ ਦੁਨੀਆਂ ਦਾ ਮੁੱਢ ਕਿਵੇਂ ਬੱਝਾ, ਸਮਝਣ ਵਿਚ ਸਫਲ ਹੋਏ, ਜਿਸ ਨਾਲ ਇੱਕ ਕਲਪਤ ਰੱਬ ਦੀ ਗ੍ਰਿਫਤ ਵਿਚੋਂ ਬਾਹਰ ਆਉਣ ਦਾ ਰਾਹ ਸਾਫ ਹੋਇਆ। ਡਾਰਵਿਨ ਵਰਗੇ ਵਿਗਿਆਨੀ ਨੇ ਆਪਣਾ ਸਾਰਾ ਜੀਵਨ ਇਹ ਜਾਣਨ ਲਈ ਸਮਰਪਿਤ ਕਰ ਦਿੱਤਾ ਕਿ ਅਸੀਂ ਜਾਣ ਸਕੀਏ ਕਿ ਇਹ ਸੰਸਾਰ ਕਿਸੇ ਕ੍ਰਿਸ਼ਮਾਈ ਰੱਬ ਨੇ ਸਿਰਜ ਦਿੱਤਾ ਜਾਂ ਇਹ ਅਟੱਲ ਕੁਦਰਤੀ ਨੇਮਾਂ ਦੀ ਉਪਜ ਹੈ। ਜਿਵੇਂ ਕਿ ਅਕਸਰ ਹੁੰਦਾ ਹੈ, ਪਰੰਪਰਾਵਾਂ 'ਚ ਬੱਝੇ ਲੋਕ ਕੁਝ ਵੀ ਨਵਾਂ ਹਜ਼ਮ ਨਹੀਂ ਕਰਿਆ ਕਰਦੇ, ਥੋੜ੍ਹੇ ਰਾਮ ਰੌਲੇ ਉਪਰੰਤ ਡਾਰਵਿਨ ਦੇ ਸਿਧਾਂਤਾਂ ਨੂੰ ਮਾਨਤਾ ਪ੍ਰਾਪਤ ਹੋ ਹੀ ਗਈ ਕਿ ਇਹ ਪਸਾਰਾ ਕਿਸੇ ਸਰਵਸ਼ਕਤੀਸ਼ਾਲੀ ਦਾ ਘੜਿਆ ਨਹੀਂ, ਅਟੱਲ ਕੁਦਰਤੀ ਨੇਮਾਂ ਦਾ ਫਲ ਹੈ।

ਹਾਲ ਦੀ ਘੜੀ ਧਰਤੀ ਦੇ ਹੋਂਦ ਵਿਚ ਆਉਣ ਤੋਂ ਸ਼ੁਰੂ ਕਰਦੇ ਹਾਂ। ਕੋਈ ਤਿੰਨ ਕੁ ਬਿਲੀਅਨ ਸਾਲ ਪਹਿਲਾਂ ਬੈਕਟੀਰੀਆ ਦੇ ਰੂਪ 'ਚ ਜੀਵਨ ਪਲਰਨਾ ਅਰੰਭ ਹੋਇਆ ਅਤੇ ਲਗਭਗ 20 ਕੁ ਮਿਲੀਅਨ ਸਾਲ ਪਹਿਲਾਂ ਬਾਂਦਰ ਪ੍ਰਜਾਤੀ ਤੋਂ ਅੱਜ ਦੇ ਮਨੁੱਖ ਦਾ ਮੁੱਢ ਬੱਝਾ। ਪੰਜ ਕੁ ਮਿਲੀਅਨ ਸਾਲ ਪਹਿਲਾਂ ਇਸ ਵਿਕਸਿਤ ਹੋ ਰਹੀ ਨਸਲ ਦਾ ਦਿਮਾਗ ਸਿਰਫ 400 ਸੀ. ਸੀ. (ਕਿਊਬਿਕ ਸੈਂਟੀਮੀਟਰ) ਦਾ ਰਿਹਾ ਹੋਵੇਗਾ, ਜੋ ਵਿਕਸਿਤ ਹੁੰਦਾ ਹੋਇਆ 1500 ਸੀ. ਸੀ. ਦੇ ਲਾਗੇ ਪਹੁੰਚ ਗਿਆ।

ਡਾਰਵਿਨ ਅਨੁਸਾਰ ਜੀਵਾਂ ਦੇ ਆਪਣੀ ਹੋਂਦ ਬਚਾਉਣ ਦਾ ਸੰਘਰਸ਼ ਬੜਾ ਦਿਲਚਸਪ ਵੀ ਹੈ ਅਤੇ ਹੈਰਾਨੀਜਨਕ ਵੀ ਹੈ। ਇਸ ਵਿਗਿਆਨੀ ਦਾ ਮੰਨਣਾ ਹੈ ਕਿ ਜਿਨ੍ਹਾਂ ਵਾਤਾਵਰਣ ਅਨੁਸਾਰ ਆਪਣੇ ਆਪ ਨੂੰ ਢਾਲ ਲੈਣ ਦੀ ਸਮਰੱਥਾ ਹਾਸਲ ਕਰ ਲਈ, ਆਪਣੀ ਹੋਂਦ ਕਾਇਮ ਰੱਖਣ ਦੀ ਜੰਗ ਜਿੱਤ ਸਕੇ; ਬਾਕੀ ਕਾਲ ਦੇ ਗਰਭ 'ਚ ਸਮਾ ਗਏ। ਇਸ ਆਪਾ ਬਚਾਊ ਜੁਗਤਾਂ ਦਾ ਕੁਝ ਕੁ ਬੜਾ ਦਿਲਚਸਪ ਵੇਰਵਾ ਪਾਠਕਾਂ ਨਾਲ ਸਾਂਝਾ ਕਰਨਾ ਚਾਹਾਂਗਾ। ਫਿਲਹਾਲ ਨਿਗੂਣੇ ਜਿਹੇ ਦਿਸਦੇ ਕੀਟ ਪਤੰਗਾਂ ਦੇ ਵਿਲੱਖਣ ਸੰਸਾਰ ਵੱਲ ਝਾਤੀ ਮਾਰਦੇ ਹਾਂ।





ਇਨ੍ਹਾਂ ਜੀਵਾਂ ਦੀ ਕੁਦਰਤੀ ਦਿੱਖ ਅਕਸਰ ਇੱਕ ਕਪਟੀ ਛਲਾਵਾ ਹੁੰਦਾ ਹੈ। ਵਿਗਿਆਨੀਆਂ ਦੇ ਆਧੁਨਿਕ ਕੈਮਰਿਆਂ ਰਾਹੀਂ ਦੇਖਿਆ ਗਿਆ ਹੈ ਕਿ ਦੱਖਣੀ ਅਫਰੀਕਾ 'ਚ ਰੇਗਿਸਤਾਨ ਦੇ ਕੁਝ ਪੌਧੇ ਆਪਣੇ ਬਚਾਓ ਲਈ ਪੱਥਰਾਂ ਦਾ ਰੂਪ ਧਾਰੀ ਬੈਠੇ ਹਨ ਤਾਂ ਪਾਣੀਆਂ ਥੱਲੇ ਸ਼ਰਿੰਪ ਮੱਛੀਆਂ ਸ਼ਿਕਾਰੀ ਨੂੰ ਧੋਖਾ ਦੇਣ ਲਈ ਘਾਹ ਦੇ ਤੀਲੇ ਨਜ਼ਰ ਆਉਂਦੀਆਂ ਹਨ ਅਤੇ ਜੰਗਲ ਦੇ ਕੁਝ ਫੁੱਲ ਨਜ਼ਰ ਆਉਂਦੇ ਜੀਵ ਅਚਾਨਕ ਉਡਾਰੀ ਮਾਰ ਜਾਂਦੇ ਹਨ। ਇੱਕ ਤਰ੍ਹਾਂ ਦੀ ਸੁੰਡੀ ਰੁੱਖ ਦੀ ਟਹਿਣੀ ਜਾਪਦੀ ਹੈ। ਇਹ ਸਭ ਕੁਝ ਦੁਸ਼ਮਣਾਂ ਤੋਂ ਆਪਣੀ ਜਾਨ ਬਚਾਉਣ ਦੀਆਂ ਕੁਦਰਤ ਨੇ ਬਖਸ਼ੀਆਂ ਜੁਗਤਾਂ ਹਨ। ਇੱਕ ਤਿਤਲੀਨੁਮਾ ਕੀੜੇ ਨੇ ਆਪਣੀ ਪਿੱਠ ਭੂਮੀ ਵਰਗਾ ਰੰਗ ਵਟਾ ਲਿਆ ਹੈ ਅਤੇ ਇਹ ਦਿਸਦਾ ਹੀ ਨਹੀਂ, ਤਾਂ ਦੂਜਾ ਕੀਟ ਘਾਹ ਦਾ ਡੱਕਾ ਨਜ਼ਰ ਆਉਂਦਾ ਹੈ। ਕੁਝ ਤਿਤਲੀਆਂ ਦੇ ਫੰਘਾਂ 'ਤੇ ਡਰਾਉਣੀਆਂ ਅੱਖਾਂ ਬਣੀਆਂ ਹਨ ਤਾਂ ਜੋ ਦੁਸ਼ਮਣ ਦੂਰ ਰਹੇ।



ਇਹ ਤਾਂ ਹੋਏ ਸ਼ਿਕਾਰੀ ਜੀਵਾਂ ਤੋਂ ਬਚਣ ਦੇ ਢੰਗ ਉਪਰਾਲੇ, ਪਰ ਸ਼ਿਕਾਰੀ ਵੀ ਕਈ ਵੇਰਾਂ ਨਹਿਲੇ 'ਤੇ ਦਹਿਲਾ ਸਾਬਤ ਹੁੰਦੇ ਹਨ। ਇੱਕ ਤਰ੍ਹਾਂ ਦਾ ਕੀੜਾ ਫੁੱਲ ਵਾਂਗ ਨਜ਼ਰ ਆਉਂਦਾ ਹੈ, ਪਰ ਜਿਵੇਂ ਹੀ ਕੋਈ ਮੱਖੀ ਇਸ ਵੱਲ ਆਕਰਸ਼ਤ ਹੋ ਇਸ ਉਪਰ ਆ ਬੈਠਦੀ ਹੈ, ਇਹ ਫੁੱਲ ਹਰਕਤ ਵਿਚ ਆ ਉਸ ਨੂੰ ਆਪਣੀ ਜਕੜ ਵਿਚ ਲੈ ਆਪਣਾ ਭੋਜਨ ਬਣਾ ਲੈਂਦਾ ਹੈ। ਇੱਕ ਤਰ੍ਹਾਂ ਦਾ ਮਕੜਾ ਫੁੱਲ ਦਾ ਰੰਗ ਵਟਾ ਇਸ 'ਤੇ ਬੈਠ ਸ਼ਿਕਾਰ ਦੀ ਉਡੀਕ ਕਰਦਾ ਹੈ ਅਤੇ ਇਸ ਨੂੰ ਦੇਖਣ ਤੋਂ ਅਸਮਰਥ ਮੱਖੀ ਇਸ ਨੇੜੇ ਆ ਇਸ ਦਾ ਸ਼ਿਕਾਰ ਬਣ ਜਾਂਦੀ ਹੈ। ਕੁਦਰਤ ਨੇ ਕੁਝ ਚੌਪਾਇਆਂ ਨੂੰ ਆਪਣੇ ਬਚਾਅ ਲਈ ਤਿੱਖੇ ਸਿੰਗ ਦਿੱਤੇ ਤਾਂ ਇਨ੍ਹਾਂ ਦਾ ਸ਼ਿਕਾਰ ਕਰਨ ਵਾਲਿਆਂ ਨੂੰ ਮਜ਼ਬੂਤ ਜਬਾੜੇ ਅਤੇ ਨੁਕੀਲੇ ਪੰਜਿਆਂ ਨਾਲ ਲੈਸ ਕਰ ਦਿੱਤਾ।

ਭਾਵੇਂ ਮਨੁੱਖ ਨੇ ਆਪਣੇ ਵਿਕਸਿਤ ਦਿਮਾਗ ਦਾ ਇਸਤੇਮਾਲ ਕਰ ਸਭਿਅਤਾ ਦੀਆਂ ਅਨੇਕ ਮੰਜ਼ਿਲਾਂ ਪਾਰ ਕਰ ਲਈਆਂ ਹਨ, ਪਰ ਇਹ ਵੀ ਆਪਣੀ ਛਲਾਵੀ ਬਿਰਤੀ ਤੋਂ ਪੂਰੀ ਤਰ੍ਹਾਂ ਖਹਿੜਾ ਨਹੀਂ ਛੁਡਾ ਸਕਿਆ। ਸ਼ਿਕਾਰ ਅਤੇ ਸ਼ਿਕਾਰੀ ਦੀ ਖੇਡ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਦੇਖੀ ਜਾ ਸਕਦੀ ਹੈ। ਅੱਜ ਵੀ ਇਸ ਨਸਲ ਦੁਆਰਾ ਕਦੇ ਧਰਮ ਦੇ ਨਾਂ ਹੇਠ ਅਤੇ ਕਦੇ ਆਪਣੀਆਂ ਨਸਲਾਂ ਦੀ ਸ੍ਰੇਸ਼ਠਤਾ ਸਿੱਧ ਕਰਨ ਦੀ ਹੋੜ ਵਿਚ ਮਨੁੱਖਤਾ ਦਾ ਘਾਣ ਹੁੰਦਾ ਰਿਹਾ ਹੈ। ਲੋਕਤੰਤਰ ਹੋਵੇ ਭਾਵੇਂ ਕੋਈ ਹੋਰ, ਰਾਜ ਪ੍ਰਬੰਧ ਮਨੁੱਖ ਨੇ ਤਾਕਤ ਹਥਿਆਉਣ ਲਈ ਹਰ ਤਰ੍ਹਾਂ ਦੇ ਹਥਕੰਡੇ ਵਰਤੇ ਹਨ ਅਤੇ ਇਸ ਵਲੋਂ ਕਮਜੋਰ ਦਾ ਸ਼ੋਸ਼ਣ ਬਾਦਸਤੂਰ ਜਾਰੀ ਹੈ। ਅੱਜ ਲੋੜ ਹੈ ਧਰਮਾਂ ਅਤੇ ਨਸਲਾਂ ਤੋਂ ਉੱਪਰ ਉੱਠ ਕੇ ਸਾਰੀ ਮਨੁੱਖਤਾ ਦੀ ਭਲਾਈ ਲਈ ਉਪਰਾਲੇ ਕੀਤੇ ਜਾਣ ਤਾਂ ਜੋ ਅਸੀਂ ਆਪਣੇ ਆਪ ਨੂੰ ਜਾਨਵਰਾਂ ਤੋਂ ਬਿਹਤਰ ਸਾਬਤ ਕਰ ਸਕੀਏ।

# ਪ੍ਰਤੀਬੱਧਤਾ ਦਾ ਪ੍ਰਗੀਤ

*(ਪਿਛਲੇ ਸਫੇ ਦੀ ਬਾਕੀ)*

ਵਿਆਰਥੀ ਹਾਂ, ਜਿਸ ਨੇ ਘੜੀ ਚੋਰੀ ਕੀਤੀ ਸੀ। ਮੈਂ ਉਸ ਵਕਤ ਮਨ ਨਾਲ ਫੈਸਲਾ ਕੀਤਾ ਸੀ ਕਿ ਜੇ ਕਲਾਸ ਨੂੰ ਮੇਰੀ ਚੋਰੀ ਬਾਰੇ ਪਤਾ ਲੱਗ ਗਿਆ ਤਾਂ ਮੈਂ ਖੁਦਕੁਸ਼ੀ ਕਰ ਲਵਾਂਗਾ। ਅਧਿਆਪਕ ਨੌਜਵਾਨ ਨੂੰ ਰਾਜ਼ ਦੀ ਗੱਲ ਦੱਸਦਿਆਂ ਕਹਿੰਦਾ ਹੈ ਕਿ ਤਲਾਸ਼ੀ ਦੌਰਾਨ ਮੈਂ ਵੀ ਅੱਖਾਂ ਤੇ ਪੱਟੀ ਬੱਧੀ ਹੋਈ ਸੀ। ਮੈਨੂੰ ਤਾਂ ਆਪ ਵੀ ਪਤਾ ਨਹੀਂ ਕਿ ਕਿਸ ਨੇ ਘੜੀ ਚੁਰਾਈ ਸੀ? ਇਹ ਹੈ ਅਧਿਆਪਕ ਦੀ ਖੁਦ ਨਾਲ, ਆਪਣੇ ਕਿੱਤੇ ਅਤੇ ਆਪਣੇ ਵਿਦਿਅਰਥੀਆਂ ਦੇ ਸਰਬਮੁੱਖੀ ਵਿਕਾਸ ਪ੍ਰਤੀ ਪ੍ਰਤੀਬੱਧਤਾ। ਉਸ ਦਾ ਅਕੀਦਾ ਸੀ ਕਿ ਕਿਸੇ ਵਿਦਿਆਰਥੀ ਦੇ ਮਨ 'ਤੇ ਸੱਟ ਨਾ ਲੱਗੇ, ਉਸ ਦਾ ਵਿਅਕਤੀਤਵ ਦਾਗੀ ਨਾ ਹੋਵੇ ਅਤੇ ਉਨ੍ਹਾਂ ਨੂੰ ਮਾਨਸਿਕ ਪ੍ਰੇਸ਼ਾਨੀ ਤੇ ਨਮੋਸ਼ੀ ਨਾ ਹੰਢਾਉਣੀ ਪਵੇ। ਕਿੰਨੇ ਕੁ ਨੇ ਅਜਿਹੇ ਪ੍ਰਤੀਬੱਧ ਅਧਿਆਪਕ?

ਪਾਕ ਪ੍ਰਤੀਬੱਧਤਾ ਵਿਚੋਂ ਨਿਮਰਤਾ, ਰਹਿਮਦਿਲੀ, ਰਹਿਮਤ, ਹਲੀਮੀ ਅਤੇ ਹੱਸਮੁੱਖਤਾ ਉਗਮਦੀ। ਇਨ੍ਹਾਂ ਨਾਲ ਹੀ ਜੱਚਦੀ ਏ ਸੁੱਚੇ ਰੰਗਾਂ ਦੀ ਰੰਗੋਲੀ। ਪ੍ਰਤੀਬੱਧਤਾ ਜਦ ਪਿਆਰ, ਪਾਹੁਲ ਅਤੇ ਪਵਿੱਤਰ ਦੀ ਹਾਮੀ ਭਰਦੀ ਤਾਂ ਇਹ ਕਦੇ ਨਹੀਂ ਹਰਦੀ ਅਤੇ ਮਰ ਕੇ ਵੀ ਨਹੀਂ ਮਰਦੀ।

ਪ੍ਰਤੀਬੱਧਤਾ ਪ੍ਰੇਰਨਾ ਵਿਚੋਂ ਪੈਦਾ ਹੁੰਦੀ। ਇਹ ਵਿਸ਼ਾਲਦੀ ਹੈ ਸੋਚ ਦੇ ਦਿੱਸਹੱਦੇ, ਆਸਵੰਤਾ ਦੀਆਂ ਪੂਰੀਆਂ ਹੁੰਦੀਆਂ ਨੇ ਉਮੀਦਾਂ ਅਤੇ ਪ੍ਰਗਟਦਾ ਏ ਸੁਪਨਿਆਂ ਦਾ ਸੱਚ।

ਪ੍ਰਤੀਬੱਧਤਾ ਤੋਂ ਬਿਨਾ ਵਾਅਦਿਆਂ, ਕਸਮਾਂ, ਕਥਨੀ ਜਾਂ ਆਜ਼ਾਦੀ ਦੇ ਕੋਈ ਅਰਥ ਨਹੀਂ। ਘੜੀਆਂ ਸਕੀਮਾਂ, ਲਾਏ ਅੰਦਾਜ਼ੇ ਅਤੇ ਉਸਾਰੇ ਹਵਾਈ-ਮਹਿਲ ਢਹਿ ਜਾਂਦੇ ਨੇ ਬੜੀ ਜਲਦੀ।

ਪ੍ਰਤੀਬੱਧਤਾ ਇੱਛਾ-ਸ਼ਕਤੀ ਤੋਂ ਵੱਖਰੀ। ਇੱਛਾ-ਸ਼ਕਤੀ ਕਿੰਨੀ ਵੀ ਮਜ਼ਬੂਤ ਹੋਵੇ, ਪ੍ਰਾਪਤੀਆਂ ਸਿਰਫ ਪ੍ਰਤੀਬੱਧਤਾ ਸਦਕਾ ਹੀ ਸੰਭਵ ਹੁੰਦੀਆਂ।

ਪ੍ਰਤੀਬੱਧਤਾ ਕਦੇ ਵੀ ਅੱਧੀ, ਅਧੂਰੀ, ਅਸਾਵੀਂ, ਜਾਂ ਅਕਾਰਥ ਨਹੀਂ ਹੁੰਦੀ। ਪ੍ਰਤੀਬੱਧਤਾ ਹਮੇਸ਼ਾ ਪੂਰਨ ਅਤੇ ਅਰਥ-ਪੂਰਵਕ ਹੁੰਦੀ।

ਪ੍ਰਤੀਬੱਧ ਵਿਅਕਤੀ ਕੀਤੇ ਹੋਏ ਪ੍ਰਣ ਪੂਰੇ ਕਰਦਾ ਜਦੋਂ ਕਿ ਪ੍ਰਤੀਬੱਧਤਾ ਦੀ ਅਣਹੋਂਦ ਕਾਰਨ ਵਿਅਕਤੀ ਅਪੂਰਨ ਵਾਅਦਿਆਂ ਦੀ ਵਹਿੰਗੀ ਢੋਣ ਜੋਗਾ ਹੀ ਰਹਿ ਜਾਂਦਾ।

ਪ੍ਰਤੀਬੱਧ ਵਿਅਕਤੀ ਇਮਾਨਦਾਰੀ ਅਤੇ ਸਖਤ ਮਿਹਨਤ ਵਿਚੋਂ ਆਪਣਾ ਵੱਖਰਾ ਅਸਮਾਨ ਸਿਰਜਦਾ, ਜਦੋਂ ਕਿ ਆਪਣੇ ਆਪ ਤੋਂ ਹੀ ਬੇਮੁੱਖਤਾ ਕਾਰਨ ਇਕ ਵਿਅਕਤੀ ਆਪਣੇ ਪੈਰਾਂ ਹੇਠਲੀ ਥਾਂ ਵੀ ਗਵਾ ਲੈਂਦਾ।

ਪ੍ਰਤੀਬੱਧ ਵਿਅਕਤੀ ਦੀ ਜ਼ਿੰਦਗੀ ਦੇ ਵਰਕਿਆਂ 'ਤੇ ਲਿਖੀ ਹੁੰਦੀ ਏ ਮਾਣਮੱਤੀ ਇਬਾਰਤ। ਇਸ 'ਚੋਂ ਝਲਕਦੀ ਏ ਜ਼ਿੰਦਾਦਿਲੀ, ਜ਼ਰਾ-ਨਿਵਾਜ਼ੀ ਅਤੇ ਜਜ਼ਬਿਆਂ ਦੀ ਜ਼ਿਆਰਤ। ਅਜਿਹੀ ਜੀਵਨ-ਗਾਥਾ ਪਾਠਕ ਦੇ ਸੋਚ-ਦਾਇਰਿਆਂ ਨੂੰ ਰੌਸ਼ਨ ਕਰਦੀ, ਚੰਗਿਆਈ ਦੀ ਮਹਿਕ ਨੂੰ ਆਲੇ-ਦੁਆਲੇ ਦੇ ਨਾਮ ਕਰਦੀ।

ਪ੍ਰਤੀਬੱਧਤਾ ਪੈਮਾਨਾ ਹੈ ਮਨੁੱਖੀ ਵਿਕਾਸ ਦਾ, ਉਸ ਦੇ ਹਿੱਸੇ ਦੇ ਅਕਾਸ਼ ਦਾ, ਉਸ ਦੇ ਮਨ ਵਿਚ ਉਪਜੇ ਧਰਵਾਸ ਅਤੇ ਅਸਰ-ਅੰਦਾਜ਼ ਅਰਦਾਸ ਦਾ, ਕਿਉਂਕਿ ਮਨੁੱਖ ਵਿਚ ਹੁੰਦੀਆਂ ਨੇ ਅਸੀਮਤ ਸੰਭਾਵਨਾਵਾਂ, ਸਮਰੱਥਾਵਾਂ, ਸਿਰੜ ਸਾਧਨਾਵਾਂ ਅਤੇ ਸਮਰਪਣ ਨੂੰ ਸਥਾਪਤੀ ਬਣਾਉਣ ਲਈ ਉਲਰਦੀਆਂ ਬਾਹਵਾਂ।

ਪ੍ਰਤੀਬੱਧਤਾ ਜੀਵਨ-ਦਾਨ ਹੈ। ਅੱਖਰ-ਬੋਧ ਦਾ ਗਿਆਨ ਹੈ। ਸਵੈ ਦੀ ਪਛਾਣ ਹੈ। ਆਪਣੇ ਹਿੱਸੇ ਦਾ ਆਪੂੰ ਸਿਰਜਿਆ ਅਸਮਾਨ ਹੈ, ਜਿਸ ਵਿਚ ਭਰਨੀ ਏ ਮਨੁੱਖ ਨੇ ਸੁਪਨ-ਉਡਾਣ।

ਪ੍ਰਤੀਬੱਧਤਾ ਤਹਿਜ਼ੀਬ ਹੈ, ਤਤਪਰਤਾ ਹੈ, ਤਮੰਨਾਵਾਂ ਦੀ ਪੂਰਤੀ ਦਾ ਰਿਆਜ਼ ਹੈ, ਨਿਰੰਤਰਤਾ ਪੈਦਾ ਕਰਨ ਦਾ ਅੰਦਾਜ਼ ਹੈ ਤੇ ਸੁਰਬੱਧਤਾ ਵਿਚ ਵੱਜ ਰਿਹਾ ਸੰਦਲਾ ਸਾਜ਼ ਹੈ ਅਤੇ ਜੀਵਨ-ਮਾਰਗ ਦਾ ਰਾਗ ਹੈ।

# ਵਜੂਦ ਦਾ ਸੰਕਟ ਤੇ ਮਰਜੀਵੜੇ


ਕਲਾ ਪਰਿਕਰਮਾ



ਸੁਰਿੰਦਰ ਸਿੰਘ ਤੇਜ

ਅਜਬ ਮੁਲਕ ਹੈ ਪਾਕਿਸਤਾਨ। 1947 ਵਿਚ ਆਪਣੀ ਪੈਦਾਇਸ਼ ਤੋਂ ਲੈ ਕੇ ਹੁਣ ਤੱਕ ਆਪਣਾ ਵਜੂਦ ਬਚਾਉਣ ਦੀ ਲੜਾਈ ਇਹ ਲਗਾਤਾਰ ਲੜਦਾ ਆਇਆ ਹੈ। ਬੜੇ ਸੰਕਟ ਆਏ ਹਨ ਇਸ ਮੁਲਕ 'ਤੇ, ਕੁਝ ਇਸ ਦੀ ਭੂਗੋਲਿਕ ਸਥਿਤੀ ਕਾਰਨ ਅਤੇ ਕੁਝ ਇਸ ਦੀ ਰਾਜਕੀ, ਪ੍ਰਬੰਧਕੀ ਤੇ ਧਾਰਮਿਕ ਲੀਡਰਸ਼ਿਪ ਦੇ ਸੁਆਰਥਾਂ ਕਾਰਨ। ਇਨ੍ਹਾਂ ਦੇ ਬਾਵਜੂਦ ਇਸ ਨੇ ਹਰ ਸੰਕਟ ਵਿਚੋਂ ਉਭਰਨ ਅਤੇ ਆਪਣਾ ਵਜੂਦ ਤੇ ਵੁੱਕਤ ਬਰਕਰਾਰ ਰੱਖਣ ਦੀ ਸਮਰੱਥਾ ਨਿਰੰਤਰ ਦਿਖਾਈ ਹੈ। ਤਾਜ਼ਾਤਰੀਨ ਮਿਸਾਲ ਸਾਡੇ ਸਾਹਮਣੇ ਹੈ: ਕਰੋਨਾ ਮਹਾਂਮਾਰੀ ਫੈਲਣ ਤੋਂ ਪਹਿਲਾਂ ਇਹ ਮੁਲਕ ਗੰਭੀਰ ਆਰਥਿਕ ਸੰਕਟ ਨਾਲ ਜੂਝ ਰਿਹਾ ਸੀ। ਕਰੋਨਾ ਨੇ ਇਸ ਮੁਲਕ 'ਤੇ ਕਹਿਰ ਵੀ ਇਕਦਮ ਢਾਹਿਆ, ਪਰ ਸਥਿਤੀ ਵਿਚ ਮੋੜਾ ਭਾਰਤ ਤੋਂ ਬਹੁਤ ਪਹਿਲਾਂ ਆ ਗਿਆ। ਇਸੇ ਮੋੜੇ ਦੇ ਨਾਲ ਅਰਥਚਾਰੇ ਵਿਚ ਵੀ ਉਛਾਲਾ ਆਇਆ। ਇਸ ਸਮੇਂ ਦੱਖਣੀ ਏਸ਼ੀਆ ਵਿਚ ਬੰਗਲਾਦੇਸ਼ ਤੇ ਪਾਕਿਸਤਾਨ ਦੋ ਅਜਿਹੇ ਮੁਲਕ ਹਨ ਜਿਨ੍ਹਾਂ ਦਾ ਅਰਥਚਾਰਾ ਸੁੰਗੜਿਆ ਨਹੀਂ, ਮਜ਼ਬੂਤ ਹੋਇਆ ਹੈ। ਪਾਕਿਸਤਾਨੀ ਸ਼ੇਅਰ ਬਾਜ਼ਾਰ ਬੇਹੱਦ ਮਜ਼ਬੂਤੀ ਫੜ ਚੁੱਕਾ ਹੈ, ਬਰਾਮਦਾਂ ਵਧੀਆਂ ਹਨ, ਵਪਾਰਕ ਸੰਤੁਲਨ ਸੁਧਰਿਆ ਹੈ ਅਤੇ ਕਰੰਸੀ ਦੀ ਬੇਜ਼ਾਨੀਅਤ ਖਤਮ ਹੋਈ ਹੈ। ਇਸ ਖੁਸ਼ਗਵਾਰ ਸੂਰਤੇਹਾਲ ਦਾ ਨਾਖੁਸ਼ਗਵਾਰ ਪਹਿਲੂ ਇਹ ਹੈ ਕਿ ਖੁਸ਼ਗਵਾਰੀ ਦਾ ਸੁਖ ਭੋਗਣ ਦੀ ਥਾਂ ਇਮਰਾਨ ਖਾਨ ਸਰਕਾਰ ਖਿਲਾਫ ਲੋਕ ਰੋਹ ਸਿਖਰ 'ਤੇ ਹੈ। ਹੁਕਮਰਾਨੀ ਵਲੋਂ ਵੀ ਜਮਹੂਰੀਅਤ ਦੀ ਸਲਾਮਤੀ ਦੇ ਨਾਂ 'ਤੇ ਗੈਰ-ਜਮਹੂਰੀ ਤੌਰ-ਤਰੀਕੇ ਬੇਕਿਰਕੀ ਤੇ ਬੇਹਯਾਈ ਨਾਲ ਵਰਤੇ ਜਾ ਰਹੇ ਹਨ।

ਕੌਮਾਂਤਰੀ ਪੱਤਰਕਾਰ ਡੈਕਲਾਨ ਵਾਲਸ਼ ਦੀ ਕਿਤਾਬ 'ਨਾਈਨ ਲਾਈਵਜ਼ ਆਫ ਪਾਕਿਸਤਾਨ: ਡਿਸਪੈਚਿਜ਼ ਫਰੌਮ ਏ ਪ੍ਰੀਕੇਰੀਅਸ ਸਟੇਟ' ਭਾਵੇਂ ਪਾਕਿਸਤਾਨ ਦੀ ਮੌਜੂਦਾ ਸਥਿਤੀ ਉਤੇ ਕੇਂਦ੍ਰਿਤ ਨਹੀਂ, ਪਰ ਉਹ ਇਸ ਤੋਂ ਪਹਿਲੇ ਸੰਕਟਾਂ ਦਾ ਖੁਲਾਸਾ ਬੜੇ ਪੁਰਅਸਰ ਅੰਦਾਜ਼ ਨਾਲ ਪੇਸ਼ ਕਰਦੀ ਹੈ। ਆਇਰਿਸ਼ ਮੂਲ ਦਾ ਵਾਲਸ਼ 2004 ਤੋਂ 2013 ਤੱਕ ਪਾਕਿਸਤਾਨ ਵਿਚ ਬਤੌਰ ਪੱਤਰਕਾਰ ਕੰਮ ਕਰਦਾ ਰਿਹਾ, ਤਿੰਨ ਸਾਲ ਬ੍ਰਿਟਿਸ਼ ਅਖਬਾਰ 'ਦਿ ਗਾਰਡੀਅਨ' ਦੇ ਨਾਮਾਨਿਗਾਰ ਵਜੋਂ ਅਤੇ ਅਗਲੇ ਸੱਤ ਵਰ੍ਹੇ 'ਨਿਊਯਾਰਕ ਟਾਈਮਜ਼' ਦੇ ਬਿਓਰੋ ਚੀਫ ਵਜੋਂ। ਇਹ ਕਾਰਜਕਾਲ ਜੁਲਾਈ 2013 ਵਿਚ ਪਾਕਿਸਤਾਨ ਵਿਚੋਂ ਜਬਰੀ ਨਿਕਾਲੇ ਦੇ ਰੂਪ ਵਿਚ ਸਮਾਪਤ ਹੋਇਆ। ਇਸ ਅਰਸੇ ਦੌਰਾਨ ਉਸ ਨੂੰ ਪਾਕਿਸਤਾਨੀ ਫੌਜੀ ਅਧਿਕਾਰੀਆਂ, ਖਾਸ ਕਰ ਕੇ ਖੁਫੀਆ ਏਜੰਸੀ ਆਈ.ਐਸ.ਆਈ. ਨਾਲ ਕਈ ਵਾਰ ਖਹਿਣਾ ਪਿਆ। ਉਸ ਨੂੰ ਦਹਿਸ਼ਤੀਆਂ ਰਾਹੀਂ ਅਗਵਾ ਕਰਵਾਉਣ ਦੇ ਯਤਨ ਵੀ ਤਿੰਨ ਵਾਰ ਹੋਏ। ਰਿਸ਼ਤੇ ਦੀ ਇਸ ਤਲਖੀ ਦੇ ਕਣ ਉਸ ਦੇ ਲੇਖਣ ਵਿਚ ਮੌਜੂਦ ਹਨ। ਕਿਸੇ ਵੀ ਜਰਨੈਲ ਨੂੰ (ਚੰਗੇ ਹੋਣ ਦੇ) ਸ਼ੱਕ ਦਾ ਲਾਭ ਉਸ ਨੇ ਨਹੀਂ ਦਿੱਤਾ। ਪਾਕਿਸਤਾਨ ਬਾਰੇ ਇਹ ਉਸ ਦੀ ਦੂਜੀ ਕਿਤਾਬ ਹੈ; ਪਹਿਲੀ 'ਇਨਸ਼ਾ ਅੱਲ੍ਹਾ ਨੇਸ਼ਨ' ਨਾਲੋਂ ਵੱਧ ਪੜ੍ਹਨਯੋਗ, ਵੱਧ ਨਿੱਗਰ। 'ਨਾਈਨ ਲਾਈਵਜ਼' ਪਾਕਿਸਤਾਨ ਨੂੰ ਸਮੇਂ-ਸਮੇਂ ਦਰਪੇਸ਼ ਸੰਕਟਾਂ ਦਾ ਬਿਰਤਾਂਤ ਵੀ ਹੈ ਅਤੇ ਵਜੂਦ ਬਚਾਉਣ ਦੀ ਲੜਾਈ ਦਾ ਅਧਿਐਨ ਵੀ। ਅੰਗਰੇਜ਼ੀ ਕੋਸ਼ਕਾਰੀ ਵਿਚ 'ਨਾਈਨ ਲਾਈਵਜ਼' ਨੂੰ ਉਤਰਜੀਵਤਾ ਜਾਂ ਮਰ-ਮਰ ਕੇ ਜਿਊਣ ਨਾਲ ਜੋੜਿਆ ਜਾਂਦਾ ਹੈ। ਵਾਲਸ਼ ਲਈ ਪਾਕਿਸਤਾਨ ਦਾ ਅਕਸ ਵੀ ਮਰ-ਮਰ ਕੇ ਜਿਊਣ ਵਾਲਾ ਹੈ। ਉਹ ਇਸ ਹੰਢਣਸਾਰਤਾ ਜਾਂ ਖੂਬੀ ਦਾ ਸਿਹਰਾ ਪਾਕਿਸਤਾਨੀ ਰਾਜਸੀ-ਸਮਾਜਿਕ ਸਿਸਟਮ ਨੂੰ ਨਹੀਂ ਦਿੰਦਾ, ਉਨ੍ਹਾਂ ਸਿਰੜੀ ਤੇ ਸਿਰਲੱਥ ਹਸਤੀਆਂ ਨੂੰ ਦਿੰਦਾ ਹੈ ਜਿਨ੍ਹਾਂ ਨੇ ਫੌਜੀ ਜਰਨੈਲਾਂ, ਮੁਲਾਣਿਆਂ ਤੇ ਨਿੱਜਪ੍ਰਸਤ ਰਾਜਨੇਤਾਵਾਂ ਵਲੋਂ ਪੈਦਾ ਕੀਤੇ ਸੰਕਟਾਂ ਦੇ ਖਿਲਾਫ ਲੜਾਈ, ਮਰਜੀਵੜਿਆਂ ਵਜੋਂ ਲੜੀ। ਗਿਆਰਾਂ ਚੈਪਟਰਾਂ ਵਾਲੀ ਇਸ ਕਿਤਾਬ ਵਿਚ ਅਜਿਹੀਆਂ ਨੌਂ ਜਿੰਦੜੀਆਂ ਦੀ ਜੱਦੋਜਹਿਦ ਨੂੰ ਪਾਕਿਸਤਾਨ ਦੀ ਸਮੁੱਚੀ ਸਥਿਤੀ ਦੇ ਪ੍ਰਸੰਗ ਵਿਚ ਚਿਤਰਿਆ ਗਿਆ ਹੈ। ਇਨ੍ਹਾਂ ਨੌਂ ਜ਼ਿੰਦਗੀਆਂ ਵਿਚ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਾਹ ਤੋਂ ਇਲਾਵਾ ਮਨੁੱਖੀ ਹੱਕਾਂ ਦੀ ਪਰਚਮਬਰਦਾਰ ਅਸਮਾ ਜਹਾਂਗੀਰ ਕੁਫਰ ਕਾਨੂੰਨ ਦਾ ਬੇਬਾਕ ਵਿਰੋਧੀ ਸਲਮਾਨ ਤਾਸੀਰ, ਬਲੋਚ ਆਗੂ ਅਕਬਰ ਬੁਗਤੀ, ਵਜ਼ੀਰਿਸਤਾਨ ਤੇ ਸਵਾਤ ਵਿਚ ਤਾਲਿਬਾਨੀ ਜੁੱਗਗਰਦੀ ਨਾਲ ਲੋਹਾ ਲੈਣ ਵਾਲਾ ਪਖਤੂਨ ਆਗੂ ਅਨਵਰ ਕਮਾਲ ਖਾਨ ਅਤੇ ਕਰਾਚੀ ਮਹਾਂਨਗਰੀ ਪੁਲਿਸ ਦੇ ਅਤਿਵਾਦ-ਵਿਰੋਧੀ ਸੈੱਲ ਦਾ 'ਡਰਟੀ ਹੈਰੀ' (ਕਟਹਿਰੇ ਦੀ ਥਾਂ ਗੋਲੀ ਨਾਲ ਨਿਆਂ 'ਚ ਯਕੀਨ ਰੱਖਣ ਵਾਲਾ) ਚੌਧਰੀ ਅਸਲਮ ਖਾਨ ਸ਼ਾਮਲ ਹਨ।




*ਵਾਲਸ਼ ਦੀ ਕਿਤਾਬ 'ਨਾਈਨ ਲਾਈਵਜ਼ ਆਫ ਪਾਕਿਸਤਾਨ' ਦਾ ਮੁਖੜਾ।*



*ਡੈਕਲਾਨ ਵਾਲਸ਼*

ਕਿਤਾਬ 2004 ਵਿਚ ਕਰਾਚੀ ਤੋਂ ਸ਼ੁਰੂ ਹੋ ਕੇ 2013 ਵਿਚ ਇਸਲਾਮਾਬਾਦ 'ਚ ਮਿਲੇ (ਪਾਕਿਸਤਾਨ ਤੋਂ) ਬੇਦਖਲੀ ਦੇ ਨੋਟਿਸ ਨਾਲ ਮੁੱਕਦੀ ਹੈ। ਇਸ ਇਕ ਦਹਾਕੇ ਦੌਰਾਨ ਵਾਲਸ਼ ਨੇ ਰਾਜਸੀ-ਸਮਾਜਕ ਦ੍ਰਿਸ਼ਟੀ ਪੱਖੋਂ ਅਹਿਮ ਜਾਪਣ ਵਾਲਾ ਪਾਕਿਸਤਾਨ ਦਾ ਹਰ ਨੁੱਕਰ-ਕੋਨਾ ਗਾਹਿਆ। ਸੱਤ ਵਰ੍ਹਿਆਂ ਤੱਕ ਆਈ.ਐਸ.ਆਈ. ਉਸ ਦੇ ਪਿੱਛੇ ਲੱਗੀ ਰਹੀ। ਇਸ ਦੇ ਏਜੰਟ ਨਾਲ ਸਿੱਧੀ ਰੂਬਰੂ, ਕਿਤਾਬ ਦੇ ਅਤਿਅੰਤ ਦਿਲਚਸਪ ਅੰਸ਼ਾਂ ਵਿਚ ਸ਼ਾਮਲ ਹੈ। ਕਿਤਾਬ ਵਿਚ ਤਰੁੱਟੀਆਂ ਹਨ, ਖਾਸ ਤੌਰ 'ਤੇ ਤੱਥਾਂ, ਨਾਵਾਂ, ਪਰਿਭਾਸ਼ਾਵਾਂ ਦੀਆਂ ਪਰ ਇਹ ਪਾਕਿਸਤਾਨੀ ਹੁਕਮਰਾਨੀ ਤੇ ਹਕੂਮਤੀ ਪ੍ਰਬੰਧ ਦੀਆਂ ਪੇਚੀਦਗੀਆਂ ਨੂੰ ਸਮਝਣ ਤੇ ਸਮਝਾਉਣ ਦੀ ਸੰਜੀਦਾ ਕੋਸ਼ਿਸ਼ ਹੈ। ਇਸ ਸਮੁੱਚੀ ਕਵਾਇਦ ਮਗਰੋਂ ਡੈਕਲਾਨ ਵਾਲਸ਼ ਇਕੋ ਨਤੀਜੇ 'ਤੇ ਪਹੁੰਚਦਾ ਹੈ ਕਿ ਪਾਕਿਸਤਾਨੀ ਜਰਨੈਲ ਤੇ ਮੁਲਾਣੇ ਹਾਰ ਕੇ ਵੀ ਨਹੀਂ ਹਾਰਦੇ ਪਰ ਲੜਾਈ ਵਿਚ ਆਖਰ ਉਹ ਹੀ ਜੇਤੂ ਰਹਿੰਦੇ ਹਨ। ਲਿਹਾਜ਼ਾ, ਬਲਵਿਆਂ ਤੇ ਬਗਾਵਤਾਂ ਦਾ ਜੋ ਸਿਲਸਿਲਾ ਪਿਛਲੇ ਸੱਤ ਦਹਾਕਿਆਂ ਤੋਂ ਚੱਲਦਾ ਆ ਰਿਹਾ ਹੈ, ਉਹ ਨੇੜ ਭਵਿਖ ਵਿਚ ਮੁੱਕਣ ਵਾਲਾ ਨਹੀਂ। ਜਰਨੈਲਾਂ ਤੇ ਮੁਲਾਣਿਆਂ ਨੇ ਇਹ ਮੁੱਕਣ ਵੀ ਨਹੀਂ ਦੇਣਾ; ਉਨ੍ਹਾਂ ਦਾ ਵਜੂਦ ਹੀ ਬਲਵਿਆਂ, ਬਗ਼ਾਵਤਾਂ ਤੇ ਗੁਆਂਢੀ ਮੁਲਕਾਂ ਨਾਲ ਖਹਿਬਾਜ਼ੀ ਉਤੇ ਟਿਕਿਆ ਹੋਇਆ ਹੈ। ਹੌਲਨਾਕ ਹੈ ਇਹ ਵਰਤਾਰਾ।

**ਸਰਵਣ ਕਹਾਣੀਆਂ:** ਪੰਜਾਬੀ ਵਿਚ ਅਜਿਹੀਆਂ ਬਹੁਤ ਘੱਟ ਕਿਤਾਬਾਂ ਸਾਹਮਣੇ ਆ ਰਹੀਆਂ ਹਨ ਜੋ ਕਹਾਣੀ ਕਲਾ ਨੂੰ ਵੱਧ ਜਾਨਦਾਰ, ਵੱਧ ਪ੍ਰਭਾਵਸ਼ਾਲੀ ਬਣਾਉਣ ਵਲ ਸੇਧਿਤ ਹੋਣ। ਸਦੀਵੀ ਛਾਪ ਛੱਡਣ ਵਾਲੀਆਂ ਕਹਾਣੀਆਂ ਦੀ ਗਿਣਤੀ ਵੀ ਵਧਣ ਦੀ ਥਾਂ ਘਟ ਰਹੀ ਹੈ। ਅਜਿਹੇ ਆਲਮ ਵਿਚ ਸਰਵਣ ਮਿਨਹਾਸ ਦਾ ਕਹਾਣੀ ਸੰਗ੍ਰਹਿ 'ਹੋਣੀਆਂ-ਅਣਹੋਣੀਆਂ' ਆਸ ਦੀ ਕਿਰਨ ਵਾਂਗ ਹੈ। ਇਹ ਸੰਗ੍ਰਹਿ ਕਥਾ-ਯਾਤਰਾ ਦੇ ਜਿਊਂਦੇ ਹੋਣ ਦਾ ਅਹਿਸਾਸ ਜਗਾਉਂਦਾ ਹੈ। ਪੰਜਾਬੀ ਯੂਨੀਵਰਸਿਟੀ ਦੇ ਸਮਾਜ ਵਿਗਿਆਨ ਵਿਭਾਗ ਦੇ ਮੁਖੀ ਰਹੇ ਪ੍ਰੋ. ਭੁਪਿੰਦਰ ਸਿੰਘ ਦਾ ਅਦਬੀ ਨਾਮ ਹੈ ਸਰਵਣ ਮਿਨਹਾਸ। 'ਹੋਣੀਆਂ-ਅਣਹੋਣੀਆਂ' ਭਾਵੇਂ ਉਨ੍ਹਾਂ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ ਪਰ ਕਥਾ-ਰਸ ਦੀ ਪੁਖਤਗੀ ਤੇ ਕਹਾਣੀ ਕਲਾ ਦੇ ਨਿਭਾਅ ਪੱਖੋਂ ਇਹ 'ਪਲੇਠੇ' ਤੋਂ ਵੱਧ ਵਾਲਾ ਪ੍ਰਭਾਵ ਦਿੰਦਾ ਹੈ। ਇਸ ਸੰਗ੍ਰਹਿ ਵਿਚ 20 ਕਹਾਣੀਆਂ ਸ਼ਾਮਲ ਹਨ। ਸਾਰੀਆਂ ਅਸਲਵਾਦੀ; ਸਾਡੇ ਆਸ-ਪਾਸ ਦੇ ਜੀਵਨ ਦੀਆਂ ਪੇਚੀਦਗੀਆਂ, ਸਾਡੇ ਰਿਸ਼ਤਿਆਂ ਅੰਦਰਲੇ ਵਿਰੋਧਾਭਾਸਾਂ ਅਤੇ ਸਾਡੇ ਚੌਗਿਰਦੇ ਦੀਆਂ ਹਕੀਕਤਾਂ ਦਾ ਬੇਲੌਸ ਬਿਰਤਾਂਤ ਪੇਸ਼ ਕਰਨ ਵਾਲੀਆਂ। ਫਲਸਫਾਨਾ, ਪਰ ਡੂੰਘੀ ਗੱਲ ਵੀ ਸਹਿਜ ਭਾਵ ਨਾਲ ਕਹਿਣ ਵਾਲੀਆਂ। 'ਪੰਜ ਸਖੀਆਂ', 'ਕੋਲਾਜ' ਤੇ 'ਅਣਵਿੱਧ ਮੋਤੀ' ਇਸ ਪੱਖੋਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। 'ਪ੍ਰਸ਼ਨ ਚਿੰਨ੍ਹ' ਵੀ ਇਸੇ ਕਤਾਰ ਵਿਚ ਆਉਂਦੀ ਹੈ। ਉਸਤਤ ਦਾ ਹੱਕਦਾਰ ਹੈ ਇਹ ਕਹਾਣੀ ਸੰਗ੍ਰਹਿ।

**ਲਤਾ ਦੀ ਸੁਰ ਗਾਥਾ:** ਨਿੱਕਾ ਜਿਹਾ ਕਥਾ-ਅੰਸ਼ ਯਤੀਂਦ੍ਰ ਮਿਸ਼ਰ ਦੀ ਕਿਤਾਬ 'ਲਤਾ: ਸੁਰ ਗਾਥਾ' ਵਿਚੋਂ। 1951 ਤੱਕ ਲਤਾ ਮੰਗੇਸ਼ਕਰ ਪਿੱਠਵਰਤੀ ਗਾਇਨ ਦੇ ਖੇਤਰ ਦੀ ਸੁਪਰਸਟਾਰ ਬਣ ਚੁੱਕੀ ਸੀ। ਉਹ 'ਬੜੀ ਬਹੂ' (1951) ਦੇ ਇਕ ਗੀਤ ਦੀ ਰਿਕਾਰਡਿੰਗ ਲਈ ਫਿਲਮਿਸਤਾਨ ਸਟੂਡੀਓ ਪੁੱਜੀ। ਉਥੇ ਸੰਗੀਤਕਾਰ ਅਨਿਲ ਬਿਸਵਾਸ ਇਸੇ ਫਿਲਮ ਦਾ ਇਕ ਹੋਰ ਗੀਤ 'ਦੁਨੀਆ ਸੇ ਨਿਆਰੀ ਗੋਰੀ' ਸੁਰਿੰਦਰ ਕੌਰ ਦੀ ਅਵਾਜ਼ ਵਿਚ ਰਿਕਾਰਡ ਕਰਵਾ ਰਹੇ ਸਨ। ਲਤਾ ਨੂੰ ਦੇਖਦਿਆਂ ਹੀ ਉਹ ਬੜੀ ਬੇਤਕੱਲਫੀ ਨਾਲ ਬੋਲੇ, "ਲਤਿਕੇ! ਗੀਤ ਦਾ ਕੋਰਸ ਸਹੀ ਨਹੀਂ ਜਮ ਰਹਾ। ਤੁਮ ਇਸ ਮੇਂ ਸ਼ਾਮਲ ਹੋ ਕੇ ਇਸ ਕੋ ਨਿਖਾਰ ਦੋ।" ਇਹ ਫਿਕਰਾ ਸੁਣਦਿਆਂ ਹੀ ਲਤਾ ਦੇ ਸੈਕ੍ਰੇਟਰੀ ਦੀਆਂ ਅੱਖਾਂ ਵਿਚ ਕਹਿਰ ਉਤਰ ਆਇਆ ਪਰ ਲਤਾ ਝੱਟ ਕੋਰਸ ਗਾਇਕਾਵਾਂ ਦੀ ਕਤਾਰ ਵਿਚ ਜਾ ਖੜ੍ਹੀ ਹੋਈ। ਰਿਕਾਰਡਿੰਗ ਖਤਮ ਹੁੰਦਿਆਂ ਹੀ ਅਨਿਲ ਬਿਸਵਾਸ ਨੂੰ ਆਪਣੀ ਗੁਸਤਾਖੀ ਦਾ ਅਹਿਸਾਸ ਹੋਇਆ। ਉਨ੍ਹਾਂ ਨੇ ਲਤਾ ਤੋਂ ਮੁਆਫੀ ਮੰਗੀ ਪਰ ਲਤਾ ਦਾ ਜਵਾਬ ਸੀ: "ਦਾਦਾ, ਆਪਕਾ 'ਨਿਖਾਰ ਦੋ' ਵਾਲਾ ਐਕਸਪ੍ਰੈਸ਼ਨ ਮੇਰੇ ਲੀਏ ਬਹੁਤ ਬੜੀ ਤਾਰੀਫ ਥਾ। ਮੈਂ ਨਾਂਹ ਕੈਸੇ ਬੋਲਤੀ!"

ਇਹ ਵੱਖਰੀ ਗੱਲ ਹੈ ਕਿ ਬਤੌਰ ਕੋਰਸ ਗਾਇਕਾ ਲਤਾ ਮੰਗੇਸ਼ਕਰ ਦਾ ਇਹ ਪਹਿਲਾ ਅਤੇ ਆਖਰੀ ਗੀਤ ਸੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਨਵੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-455



*ਨਿੱਕੀ ਜਿਹੀ ਬਾਲੜੀ ਰੀਸ ਕਰੇ ਅੰਮਾਂ ਦੀ, ਤੇ ਅੰਮਾਂ ਪਈ ਲੱਗਦੀ।*
*ਕਰੇ ਕਿਰਤ ਤੇ ਨਾਲੇ ਅੱਖਾਂ ਨਾਲ ਗੱਲਾਂ, ਨੰਨ੍ਹੀ ਜਾਨ ਕਿੰਨੀ ਫੱਬਦੀ।*

## ਕੈਪਸ਼ਨ ਮੁਕਾਬਲਾ-453



ਕੌਣ ਕਹੇ ਉਹ ਅਬਲਾ ਹੈ
ਕੌਣ ਕਹੇ ਦੁਖਿਆਰੀ।
ਜਿੱਤ ਦੇ ਝੰਡੇ ਹਰ ਥਾਂ ਗੱਡੇ
ਦੇਖੋ ਅੱਜ ਦੀ ਨਾਰੀ।

***-ਸੁਖਦੇਵ ਸ਼ਰਮਾ ਧੂਰੀ***

---

ਧੀ-ਪੁੱਤ 'ਚ ਮਾਂ ਨੇ ਕੋਈ ਫਰਕ ਨ੍ਹੀਂ ਕੀਤਾ,
ਸਿੰਜੇ ਬਰਾਬਰ ਲਹੂ ਨਾਲ, ਇੱਕੋ ਸੀਰ ਪੀਤਾ।
ਕਹਿੰਦੇ ਆਏ ਧੀ ਨੂੰ ਸਦਾ ਸੁਘੜ ਸਿਆਣੀ,
ਪੜ੍ਹ ਲਿਖ ਕੇ ਬਣਦੀ ਹੈ ਸਮਿਆਂ ਦੀ ਹਾਣੀ।

***-ਸੇਵਾ ਸਿੰਘ ਨੂਰਪੁਰੀ***

---

ਤਿਆਰੀ ਕਰਕੇ ਮੈਂ ਹਾਂ ਆਈ
ਡਾਇਰੀ ਵੀ ਹਾਂ ਨਾਲ ਲਿਆਈ।
ਮਨ-ਆਇਆ ਮੈਂ ਬੋਲਾਂਗੀ
ਨਾ ਥਿੜਕਾਂਗੀ, ਨਾ ਡੋਲਾਂਗੀ।

***-ਜਗਮੀਤ ਸਿੰਘ ਪੰਧੇਰ***

---

ਆਤਮ-ਰੱਖਿਆ ਨੂੰ ਜੂੱਡੋ-ਕਰਾਟੇ,
ਗਿਆਨ-ਵਿਗਿਆਨ ਨੂੰ ਕਰੂੰ ਪੜ੍ਹਾਈ।
ਮਾਂ-ਬਾਪ ਦਾ ਨਾਂ ਰੌਸ਼ਨਾਊਂ,
ਮੈਂ ਵੀ ਜੱਗ 'ਤੇ ਜਿਉਣ ਨੂੰ ਆਈ।

***-ਦਵਿੰਦਰ ਕੌਰ***

---

ਹੁਣ ਬੋਲਣ ਦੀ ਮੇਰੀ ਵਾਰੀ ਸੱਚੋ ਸੱਚ ਸੁਣਾਵਾਂ।
ਹਰ ਖੇਤਰ 'ਚ ਅੱਗੇ ਮੋਢੇ ਨਾਲ ਮੋਢਾ ਲਾਵਾਂ।
ਸੁਨਹਿਰੇ ਭਵਿੱਖ ਲਈ ਸ਼ੁਭ ਇੱਛਾਵਾਂ ਚਾਹਵਾਂ।

***-ਇੰਦਰਜੀਤ ਮੰਗਾ, ਪਿਟਸਬਰਗ***

---

ਇੱਕੀਵੀਂ ਸਦੀ ਦੀ ਧੀ ਮੈਂ ਬੋਲਾਂ
ਸੁਣੋ ਪੂਰੇ ਨਾਲ ਧਿਆਨ।
ਮੋਹਰੀ ਹੋ ਖੜ੍ਹਨਾ ਹਰ ਖੇਤਰ
ਮੈਂ ਆਪਣੇ ਨਾਲ ਗਿਆਨ।

***-ਜਤਿੰਦਰ ਭੁੱਚੋ***

---

ਤੇਰੇ ਸੁਪਨੇ ਸਭ ਪੂਰੇ ਕਰ ਦਿਆਂ ਮੈਂ।
ਤੇਰੇ ਝੋਲੇ 'ਚ ਕਿਤਾਬਾਂ ਭਰ ਦਿਆਂ ਮੈਂ।

***-ਗੁਰਵੀਰ ਅਤਫ, ਛਾਜਲਾ***

---

ਇਹ ਬੱਚੀ ਇੱਕ ਦਿਨ ਮੱਲਾਂ ਮਾਰੂ,
ਚਿਹਰੇ ਵਿਚੋਂ ਭਵਿੱਖ ਛਲਕਦਾ ਹੈ।
ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਹੁੰਦੇ,
ਮੁਖੜੇ ਉਪਰੋਂ ਭਰੋਸਾ ਝਲਕਦਾ ਹੈ।

***-ਮੂਲ ਚੰਦ ਸ਼ਰਮਾ***

---

ਬੇਟਾ-ਬੇਟੀ 'ਚ ਅੱਜ ਕੋਈ ਫਰਕ ਨਹੀਂ।
ਬੇਟਾ ਤੋਰੇ ਕੁੱਲ, ਇਹ ਕੋਈ ਤਰਕ ਨਹੀਂ।
ਬੇਟੀ ਰੁਲੇ ਚੁਰਾਹੇ, ਸੀਨੇ ਸਾਡੇ ਕਰਕ ਨਹੀਂ।
ਅੱਖਾਂ ਮੀਚੀਂ ਬੈਠੇ ਜਾਂਦੇ ਕਾਹਤੋਂ ਗਰਕ ਨਹੀਂ।

***-ਕੇਵਲ ਸਿੰਘ ਪੰਧੇਰ***

---

ਧੀਆਂ ਜੰਮਦੀਆਂ ਨੇ ਲਈ ਵਡਿਆਈ,
ਦੁੱਧ ਪੁੱਤ ਕਰਮਾਂ ਦੀ ਧਾਰਨਾ ਅਲੋਪ ਹੋਈ।
ਵੇਖੋ, ਕਾਲਖਾਂ ਨੂੰ ਵਗਾਹ ਪਰੇ
ਚਾਨਣਾਂ ਦਾ ਛੱਟਾ ਘਰ ਘਰ ਆ ਰਿਹਾ।

***-ਦਰਸ਼ਨਪਾਲ ਦੋਸਾਂਝ***

## ਕੈਪਸ਼ਨ ਮੁਕਾਬਲਾ-452

ਆਹ ਕੀ ਲੈ ਲਿਆ ਮੋਦੀ ਨੇ ਪੰਗਾ
ਭੁਚੰਗੀ ਨੂੰ ਚੁੱਕਣਾ ਪੈ ਗਿਆ ਝੰਡਾ।
ਹੱਕ, ਸੱਚ ਦੀ ਲੜਨੀ ਲੜਾਈ
ਆਓ ਰਲ-ਮਿਲ ਚੱਲੀਏ ਦਿੱਲੀ ਨੂੰ ਭਾਈ।

***-ਗੋਰਾ ਪ੍ਰਜਾਪਤ, ਨਿਊ ਯਾਰਕ***

# ਕੈਸੀ ਆਰਤੀ ਹੋਇ

ਸ੍ਰੀਮਦ ਭਗਵਤ ਗੀਤਾ ਦੇ ਸਤਵੇਂ ਅਧਿਆਇ ਦੇ (16-17) ਸ਼ਲੋਕ ਵਿਚ ਕ੍ਰਿਸ਼ਨ ਜੀ ਕਹਿੰਦੇ ਹਨ, ਹੇ ਅਰਜੁਨ! ਚੰਗੇ ਕਰਮਾਂ ਵਾਲੇ ਅਤੇ ਭਗਤੀ ਕਰਨ ਵਾਲਿਆਂ ਵਿਚੋਂ ਜੋ ਵਿਅਕਤੀ ਅਰਥਾਰਥੀ ਭਾਵ ਸੰਸਾਰਕ ਪਦਾਰਥਾਂ ਦੀ ਇੱਛਾ ਨਾਲ, ਆਰਤੀ ਭਾਵ ਆਪਣੀਆਂ ਮੁਸੀਬਤਾਂ ਮਿਟਾਉਣ ਦੀ ਇੱਛਾ ਨਾਲ, ਜਗਿਆਸੂ ਭਾਵ ਅਸਲ ਤੱਤਵ ਨੂੰ ਜਾਣਨ ਦੀ ਇੱਛਾ ਨਾਲ ਅਤੇ ਗਿਆਨਵਾਨ ਭਾਵ ਗਿਆਨ ਪ੍ਰਾਪਤ ਭਗਤ-ਇਹ ਚਾਰ ਕਿਸਮ ਦੇ ਭਗਤ ਮੇਰੀ ਭਗਤੀ ਕਰਦੇ ਹਨ, ਪਰ ਉਨ੍ਹਾਂ ਵਿਚੋਂ ਏਕੋਭਾਵ ਵਿਚ ਸਥਿਤ ਗਿਆਨੀ ਭਗਤ ਸਭ ਤੋਂ ਉੱਤਮ ਹੈ, ਕਿਉਂਕਿ ਉਸ ਨੂੰ ਮੈਂ ਪਿਆਰਾ ਹਾਂ ਅਤੇ ਉਹ ਮੈਨੂੰ ਅਤੀ ਪਿਆਰ ਹੈ।

ਆਰਤੀ ਸ਼ਬਦ ਦੀ ਮੂਲ ਧਾਤੂ ਆਰਤ ਹੈ, ਜਿਸ ਦਾ ਭਾਵ ਦੁਖੀ ਜਾਂ ਲੋੜਵੰਦ ਹੈ। ਲੋੜਵੰਦ ਆਪਣੀਆਂ ਲੋੜਾਂ ਦੀ ਪੂਰਤੀ ਲਈ ਜੋ ਕਦਮ ਕਰਦਾ ਹੈ, ਉਸ ਨੂੰ ਆਰਤੀ ਕਿਹਾ ਜਾਂਦਾ ਹੈ। ਲੋਕ ਧਰਮ ਅਸਥਾਨਾਂ ਵਿਚ ਦੇਵਤਿਆਂ ਦੀ ਮੂਰਤੀਆਂ ਅੱਗੇ ਥਾਲ ਵਿਚ ਦੀਵੇ, ਧੂਪ, ਫੁੱਲ ਅਤੇ ਹੋਰ ਸਮੱਗਰੀ ਰੱਖ ਕੇ ਆਰਤੀ ਉਤਾਰਦੇ ਹਨ, ਆਪਣੇ ਇਸ਼ਟ ਦੀ ਉਸਤਤ ਕਰਦੇ ਹਨ

**ਸੇਵਕ ਸਿੰਘ ਕੋਟਕਪੂਰਾ**
ਫੋਨ: 661-444-3657

ਅਤੇ ਆਪਣੀਆਂ ਮਨੋਕਾਮਨਾਵਾਂ ਦੀ ਪੂਰਤੀ ਲਈ ਅਰਦਾਸ ਕਰਦੇ ਹਨ। ਇਹ ਭਗਤੀ ਦਾ ਉਤਮ ਅਤੇ ਸੌਖਾ ਸਾਧਨ ਹੈ। ਸਮਰਪਣ ਭਾਵ ਨਾਲ ਆਪਣੀ ਹਉਮੈ ਤਿਆਗ ਕੇ ਆਪਣੇ ਇਸ਼ਟ ਪ੍ਰਤੀ ਸ਼ਰਧਾ ਤੇ ਵਿਸ਼ਵਾਸ ਨਾਲ ਆਪਣਾ ਸਤਿਕਾਰ ਅਤੇ ਅਰਦਾਸ ਕਰਨਾ ਹੀ ਭਗਤੀ ਦਾ ਮੁੱਖ ਸਾਧਨ ਹੈ। ਸਿੱਖ ਧਰਮ ਵਿਚ ਵੀ ਭਗਤੀ ਨੂੰ ਪਰਮਾਤਮਾ ਨਾਲ ਮਿਲਾਪ ਦਾ ਮੁੱਖ ਸਾਧਨ ਪ੍ਰਵਾਨ ਕੀਤਾ ਗਿਆ ਹੈ ਅਤੇ ਨਾਮ ਸਿਮਰਨ ਰਾਹੀਂ ਹੀ ਪਰਮਾਤਮਾ ਨੂੰ ਸੌਖਾ ਮਿਲਿਆ ਜਾ ਸਕਦਾ ਹੈ। ਹੁਣ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਰਤੀਆਂ ਦੇ ਸੰਖੇਪ ਅਤੇ ਸ਼ਾਬਦਿਕ ਅਰਥ ਸਮਝਣ ਦੀ ਕੋਸ਼ਿਸ ਕਰਦੇ ਹਾਂ,

ਰਾਗੁ ਧਨਾਸਰੀ ਮਹਲਾ॥੧॥
ਗਗਨ ਮੈ ਥਾਲੁ ਰਵਿ ਚੰਦੁ ਦੀਪਕ
ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਿਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ॥
ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ
ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ
ਬਿਨੁ ਸਹਸ ਤਵ ਗੰਧ
ਇਵ ਚਲਤ ਮੋਹੀ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਅਨਦਿਨੋ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਇ ਵਾਸਾ॥੪॥
(ਪੰਨਾ 663)

ਕਥਾ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਉਦਾਸੀ ਸਮੇਂ ਜਗਨ ਨਾਥ ਪੁਰੀ ਪਹੁੰਚੇ ਤਾਂ ਉਸ ਸਮੇਂ ਵਿਸ਼ਨੂੰ ਦੇ ਇਕ ਅਵਤਾਰੀ ਰੂਪ ਭਗਵਾਨ ਜਗਨ ਨਾਥ ਦੀ ਆਰਤੀ ਦਾ ਸਮਾਗਮ ਚਲ ਰਿਹਾ ਸੀ। ਉਸ ਸਮੇਂ ਦੀ ਮਰਿਆਦਾ ਅਨੁਸਾਰ ਇਕੱਠੇ ਹੋਏ ਸ਼ਰਧਾਲੂ ਥਾਲ ਵਿਚ ਸਮਗਰੀ ਰੱਖ ਕੇ ਭਗਵਾਨ ਜਗਨ ਨਾਥ ਦੀ ਆਰਤੀ ਉਤਾਰ ਰਹੇ ਸਨ। ਉਸ ਸਮੇਂ ਗੁਰੂ ਨਾਨਕ ਦੇਵ ਜੀ ਉਨ੍ਹਾਂ ਨੂੰ ਸੰਬੋਧਨ ਕਰਦਿਆਂ ਉਪਰੋਕਤ ਸ਼ਬਦ ਰਾਹੀਂ ਨਿਰਗੁਣ ਸਰੂਪ ਨਿਰੰਕਾਰ ਦੀ ਆਰਤੀ ਦਾ ਨਕਸ਼ਾ ਦਰਸਾਉਂਦੇ ਹੋਏ ਉਨ੍ਹਾਂ ਨੂੰ ਸਿਖਿਆ ਦਿੰਦੇ ਹਨ ਕਿ ਪਰਮਾਤਮਾ ਅਨੰਤ ਅਤੇ ਬੇਅੰਤ ਹੈ। ਸਾਰਾ ਬ੍ਰਹਿਮੰਡ ਹੀ ਉਸ ਦੀ ਰਚਨਾ ਹੈ ਅਤੇ ਉਹ ਇਸ ਵਿਚ ਹੀ ਵਿਆਪਕ ਹੈ। ਸਧਾਰਨ ਆਕਾਰ ਦੇ ਥਾਲ ਅਤੇ ਸਧਾਰਨ ਪੂਜਾ ਸਮਗਰੀ ਨਾਲ ਉਸ ਨਿਰੰਕਾਰ ਦੀ ਪੂਜਾ ਨਹੀਂ ਹੋ ਸਕਦੀ। ਸੋ ਇਹ ਵਿਸ਼ਾਲ ਆਕਾਸ਼ ਇਕ ਥਾਲ ਹੈ ਅਤੇ ਸੂਰਜ ਤੇ ਚੰਦਰਮਾ ਉਸ ਵਿਚ ਦੀਵਿਆਂ ਵਾਂਗ ਸਜੇ ਹੋਏ ਹਨ, ਸਮੂਹ ਤਾਰਾ ਮੰਡਲ ਇਸ ਵਿਚ ਮੋਤੀਆਂ ਵਾਂਗ ਜੜੇ ਹੋਏ ਹਨ। ਸਾਰੀ ਬਨਸਪਤੀ ਇਸ ਵਿਚ ਮਲਿਆਗਰ ਪਰਵਤ ਦੇ ਚੰਦਨ ਦੀ ਤਰ੍ਹਾਂ ਖੁਸ਼ਬੂ ਬਰਸਾ ਰਹੀ ਹੈ ਅਤੇ ਵਗ ਰਹੀ ਹਵਾ ਉਸ ਪਰਮਾਤਮਾ ਨੂੰ ਚਵਰ ਕਰ ਰਹੀ ਹੈ।

ਹੇ ਸਰਬ ਦੇ ਕਰਤਾ, ਭਰਤਾ ਅਤੇ ਹਰਤਾ ਪਰਮੇਸ਼ਵਰ! ਇਸ ਤਰ੍ਹਾਂ ਆਪ ਜੀ ਦੀ ਕਿੰਨੀ ਸੋਹਣੀ ਆਰਤੀ ਹਰ ਵੇਲੇ ਹੋ ਰਹੀ ਹੈ। ਸਾਰੇ ਹੀ ਬ੍ਰਹਿਮੰਡ ਵਿਚ ਅਨਹਦ ਭਾਵ ਬਿਨਾ ਕਿਸੇ ਟਕਰਾਅ ਤੋਂ ਪੈਦਾ ਹੋ ਰਿਹਾ ਸੰਗੀਤ ਹਰ ਵੇਲੇ ਹੋ ਰਿਹਾ ਹੈ। ਹਰ ਤਰ੍ਹਾਂ ਦੇ ਡਰ ਅਤੇ ਭੈ ਨੂੰ ਨਾਸ਼ ਕਰਨ ਵਾਲੇ ਪ੍ਰਭੂ ਤੇਰੀ ਕੈਸੀ ਸੁੰਦਰ ਆਰਤੀ, ਸਾਰੀ ਹੀ ਕਾਇਨਾਤ ਹਰ ਵੇਲੇ ਆਪਣੇ ਆਪ ਸਦਾ ਹੀ ਨਿਰੰਤਰ ਕਰ ਰਹੀ ਹੈ।

ਹੇ ਪ੍ਰਭੂ! ਤੁਹਾਡਾ ਸਰੂਪ ਕੈਸਾ ਹੈ! ਆਪਣੇ ਅਣਗਿਣਤ ਸਰੂਪ ਹੁੰਦੇ ਹੋਏ ਵੀ ਕੋਈ ਸਰੂਪ ਨਹੀਂ ਹੈ। ਸਾਰੀ ਹੀ ਸ੍ਰਿਸ਼ਟੀ ਦੇ ਜੀਵਾਂ ਦੇ ਅਣਗਿਣਤ ਨੇਤਰ ਹਨ, ਉਹ ਸਾਰੇ ਹੀ ਨੇਤਰ ਹੁੰਦੇ ਹੋਏ ਵੀ ਤੁਹਾਡਾ ਕੋਈ ਨੇਤਰ ਨਹੀਂ ਹੈ। ਸਭ ਦੇ ਅਣਗਿਣਤ ਚਰਨ ਤੁਹਾਡੇ ਹੀ ਚਰਨ ਹੁੰਦੇ ਹੋਏ ਵੀ ਤੁਹਾਡਾ ਕੋਈ ਚਰਨ ਨਹੀਂ ਹੈ। ਇਸੇ ਤਰ੍ਹਾਂ ਹੀ ਸੁਗੰਧੀ ਲੈਣ ਵਾਲੇ ਅਨੰਤ ਨੱਕ ਹੁੰਦੇ ਹੋਏ ਵੀ ਤੁਹਾਡਾ ਕੋਈ ਨੱਕ ਨਹੀਂ ਹੈ। ਆਪ ਸਾਰੀ ਕੁਦਰਤ ਵਿਚ ਵਸਦੇ ਹੋਏ ਵੀ ਇਸ ਤੋਂ ਨਿਰਲੇਪ ਹੋ। ਪ੍ਰਭੂ ਦੇ ਇਸ ਅਸਚਰਜ ਕੌਤਕ ਤੋਂ ਮੈਂ ਹੈਰਾਨ ਹਾਂ ਅਤੇ ਬਲਿਹਾਰ ਜਾਂਦਾ ਹਾਂ। ਇਸ ਅਦਭੁਤ ਕੌਤਕ ਤੋਂ ਮੈਂ ਮੋਹਿਤ ਹੋ ਗਿਆ ਹਾਂ।

ਪ੍ਰਭੂ ਦੀ ਚੇਤਨਧਾਰਾ ਅਨੰਤ ਅਤੇ ਸਰਲ ਵਿਆਪਕ ਹੈ। ਉਹ ਜੋਤ ਹੀ ਸਾਰਿਆਂ ਦੇ ਜੀਵਨ ਦਾ ਆਧਾਰ ਹੈ ਅਤੇ ਕੁਦਰਤ ਦੇ ਕਣ ਕਣ ਵਿਚ ਵਿਆਪਕ ਹੋ ਕੇ ਸਭ ਨੂੰ ਜੀਵਨ ਪ੍ਰਦਾਨ ਕਰ ਰਹੀ ਹੈ; ਪਰ ਗੁਪਤ ਰੂਪ ਵਿਚ ਵਿਚਰ ਰਹੀ ਹੈ। ਉਸ ਦੀ ਸੋਝੀ ਗੁਰੂ ਦੀ ਸਿੱਖਿਆ, ਅਗਵਾਈ ਅਤੇ ਗਵਾਹੀ ਰਾਹੀਂ ਪ੍ਰਗਟ ਹੁੰਦੀ ਹੈ। ਇਸ ਜੋਤ ਦੇ ਦਰਸ਼ਨ ਕਰਨਾ ਹੀ ਸੱਚੀ ਆਰਤੀ ਹੈ। ਇਹ ਸੋਝੀ ਵੀ ਉਸ ਦੀ ਕ੍ਰਿਪਾ ਅਤੇ ਉਸ ਦੀ ਰਜ਼ਾ ਵਿਚ ਰਹਿਣ ਨਾਲ ਹੀ ਹੁੰਦੀ ਹੈ।

ਮੇਰੀ ਅਰਦਾਸ ਅਤੇ ਪ੍ਰਾਰਥਨਾ ਇਹੋ ਹੀ ਹੈ ਕਿ ਮੈਨੂੰ ਆਪ (ਪ੍ਰਭੂ) ਦੇ ਚਰਨ ਕਮਲਾਂ ਤੋਂ ਬਿਨਾ ਹੋਰ ਕੁਝ ਵੀ ਚੰਗਾ ਨਹੀਂ ਲੱਗਦਾ। ਜਿਸ ਤਰ੍ਹਾਂ ਭੌਰਾ ਵਾਰ ਵਾਰ ਕੰਵਲ ਦੇ ਫੁੱਲਾਂ ਦਾ ਰਸ ਲੈਣ ਲਈ ਉਨ੍ਹਾਂ ਦਵਾਲੇ ਹੀ ਘੁੰਮਦਾ ਰਹਿੰਦਾ ਹੈ, ਉਸੇ ਤਰ੍ਹਾਂ ਆਪ ਦੀ ਕ੍ਰਿਪਾ ਅਤੇ ਅੰਮ੍ਰਿਤ ਰੂਪੀ ਨਾਮ ਤੋਂ ਬਿਨਾ ਮੈਨੂੰ ਹੋਰ ਕੁਝ ਵੀ ਪਿਆਰਾ ਨਹੀਂ ਲੱਗਦਾ। ਸੋ ਪਪੀਹੇ ਰੂਪੀ ਮੇਰੇ ਮਨ ਨੂੰ ਇਹੋ ਹੀ ਦਾਤ ਬਖਸ਼ੋ ਕਿ ਮੇਰੀ ਆਤਮਾ ਵਿਚ ਆਪ ਦਾ ਅੰਮ੍ਰਿਤ ਰੂਪੀ ਨਾਮ ਵਸ ਜਾਵੇ, ਮੇਰੀ ਆਤਮਾ ਤ੍ਰਿਪਤ ਹੋ ਜਾਵੇ-ਇਹੋ ਹੀ ਮੇਰੀ ਅਰਦਾਸ ਹੈ, ਆਰਤੀ ਹੈ ਅਤੇ ਏਹੋ ਹੀ ਮੇਰੀ ਪੂਜਾ ਹੈ। ਸੋ ਆਪ ਪ੍ਰਵਾਨ ਕਰੋ।

ਧਨਾਸਰੀ ਭਗਤ ਰਵਿਦਾਸ ਜੀ ਕੀ॥
ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ
ਝੂਠੇ ਸਗਲ ਪਾਸਾਰੇ॥੧॥ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮੁ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ॥੩॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ॥੪॥੩॥
(ਪੰਨਾ 694)

ਆਰਤੀ ਦਾ ਇਕ ਹੋਰ ਰੂਪ ਭਗਤ ਰਵਿਦਾਸ ਜੀ ਪੇਸ਼ ਕਰਦੇ ਹਨ, ਹੇ ਪ੍ਰਭੂ! ਕਰਮਕਾਂਡੀ ਅਤੇ ਅਨਜਾਣ ਲੋਕ ਤਾਂ ਮੂਰਤੀਆਂ ਬਣਾ ਕੇ ਤੇਰੀ ਪੂਜਾ ਕਰਦੇ ਹਨ, ਪਰ ਮੇਰੀ ਭਾਵਨਾ ਅਨੁਸਾਰ ਤਾਂ ਤੇਰਾ ਨਾਮ ਹੀ ਮੇਰੀ ਆਰਤੀ, ਮੇਰੀ ਪੂਜਾ ਤੇ ਮੇਰੀ ਅਰਦਾਸ ਹੈ। ਤੇਰਾ ਨਾਮੁ ਹੀ ਸਾਰੇ ਤੀਰਥਾਂ ਦਾ ਇਸ਼ਨਾਨ ਹੈ। ਸਾਰਾ ਬ੍ਰਹਿਮੰਡ ਹੀ ਤੇਰੇ ਨਾਮ, ਤੇਰੀ ਹੀ ਜੋਤ ਤੋਂ ਉਤਪੰਨ ਅਤੇ ਸਥਿਤ ਹੈ ਤੇ ਨਾਮ ਦੇ ਆਸਰੇ ਹੀ ਟਿਕਿਆ ਹੋਇਆ ਹੈ। ਤੇਰੇ ਨਾਮ ਤੋਂ ਬਿਨਾ ਹੋਰ ਸਭ ਅਡੰਬਰ ਝੂਠੇ ਹਨ। ਤੇਰਾ ਨਾਮ ਹੀ ਮੇਰਾ ਆਸਨ, ਨਾਮ ਹੀ ਉਹ ਸਿੱਲ ਹੈ, ਜਿਸ 'ਤੇ ਨਾਮ ਰੂਪੀ ਚੰਦਨ ਅਤੇ ਕੇਸਰ ਤੇਰੇ ਨਾਮ ਰੂਪੀ ਪਾਣੀ ਨਾਲ ਘਿਸਾ ਕੇ ਤੈਨੂੰ ਹੀ ਅਰਪਣ ਕਰ ਰਿਹਾ ਹਾਂ। ਤੇਰਾ ਨਾਮ ਹੀ ਦੀਵਾ ਹੈ, ਨਾਮ ਦੀ ਹੀ ਬੱਤੀ ਹੈ ਅਤੇ ਉਸ ਦੀਵੇ ਵਿਚ ਨਾਮ ਰੂਪੀ ਤੇਲ ਪਾ ਕੇ ਤੇਰੇ ਨਾਮ ਦੀ ਹੀ ਜੋਤ ਜਗਾਈ ਹੈ। ਇਸੇ ਦੀ ਬਰਕਤ ਨਾਲ ਸਾਰੇ ਬ੍ਰਹਿਮੰਡ ਵਿਚ ਚਾਨਣ ਹੋ ਰਿਹਾ ਹੈ। ਤੇਰਾ ਨਾਮ ਹੀ ਧਾਗਾ ਹੈ, ਜਿਸ ਵਿਚ ਤੇਰੇ ਨਾਮ ਰੂਪੀ ਫੁੱਲ ਪਰੋ ਕੇ ਮਾਲਾ ਤਿਆਰ ਕੀਤੀ ਹੈ; ਕਿਉਂਕਿ ਬਾਕੀ ਸਾਰੇ ਹੀ ਫੁੱਲ ਪੱਤਰ ਆਦਿ ਜੂਠੇ ਹਨ ਅਤੇ ਸਿਰਫ ਤੇਰਾ ਨਾਮ ਹੀ ਪਵਿੱਤਰ ਹੈ। ਸੋ ਮੈਂ ਤੇਰੀ ਪੈਦਾ ਕੀਤੀ ਕੁਦਰਤ ਵਿਚੋਂ ਤੈਨੂੰ ਕੀ ਭੇਟ ਕਰਾਂ? ਤੈਨੂੰ ਚਵਰ ਵੀ ਤੇਰੇ ਨਾਮ ਨੂੰ ਹੀ ਬਣਾ ਕੇ ਝੁਲਾ ਰਿਹਾ ਹਾਂ।

ਬਾਕੀ ਸਾਰਾ ਸੰਸਾਰ ਤਾਂ ਅਠਾਰਾਂ ਪੁਰਾਣਾਂ ਅਤੇ ਅਠਾਹਠ (68) ਤੀਰਥਾਂ ਦੇ ਇਸ਼ਨਾਨ ਆਦਿ ਬਾਹਰੀ ਅਡੰਬਰਾਂ ਵਿਚ ਹੀ ਫਸਿਆ ਹੋਇਆ ਹੈ। ਲੋਕ ਇਸੇ ਨੂੰ ਹੀ ਧਰਮ ਸਮਝਦੇ ਹਨ। ਚਾਰਾਂ ਹੀ ਖਾਣੀਆਂ ਵਿਚ ਪੈਦਾ ਹੋਏ ਜੀਵ ਤੇਰੀ ਰਚੀ ਹੋਈ ਮਾਯਾ ਵਿਚ ਹੀ ਖਚਿਤ ਹੋਏ ਵਾਰ ਵਾਰ ਜਨਮ-ਮਰਨ ਦੇ ਚੱਕਰ ਵਿਚ ਫਸੇ ਹੋਏ ਹਨ। ਰਵੀਦਾਸ ਜੀ ਕਹਿ ਰਹੇ ਹਨ, ਹੇ ਪ੍ਰਭੂ! ਤੇਰਾ ਨਾਮ ਹੀ ਮੇਰੀ ਆਰਤੀ ਹੈ ਅਤੇ ਤੇਰੇ ਨਾਮ ਦਾ ਭੋਗ ਹੀ ਤੈਨੂੰ ਲਵਾ ਰਿਹਾ ਹਾਂ। ਤੇਰਾ ਨਾਮ ਹੀ ਮੇਰੇ ਜੀਵਨ ਦਾ ਆਧਾਰ ਹੈ। ਸਭ ਕੁਝ ਤੇਰੇ ਨਾਮ ਤੋਂ ਪ੍ਰਗਟ ਹੋਇਆ ਅਤੇ ਨਾਮ ਵਿਚ ਹੀ ਸਥਿਤ ਹੈ। ਸਾਰਾ ਬ੍ਰਹਿਮੰਡ ਹੀ ਤੇਰਾ ਨਾਮ ਅਤੇ ਤੇਰਾ ਰੂਪ ਹੈ। ਨਾਮ ਤੋਂ ਬਿਨਾ ਸਭ ਕੁਝ ਝੂਠ ਹੈ।

ਸ੍ਰੀ ਸੈਣ ਜੀ॥
ਧੂਪ ਦੀਪ ਘ੍ਰਿਤ ਸਾਜਿ ਆਰਤੀ॥
ਵਾਰਨੇ ਜਾਉ ਕਮਲਾ ਪਤੀ॥੧॥
ਮੰਗਲਾ ਹਰਿ ਮੰਗਲਾ॥
ਨਿਤ ਮੰਗਲੁ ਰਾਜਾ ਰਾਮ ਰਾਏ ਕੋ॥੧॥ਰਹਾਉ॥
ਊਤਮੁ ਦੀਅਰਾ ਨਿਰਮਲ ਬਾਤੀ॥
ਤੁਹੀਂ ਨਿਰੰਜਨੁ ਕਮਲਾ ਪਾਤੀ॥੨॥
ਰਾਮਾ ਭਗਤਿ ਰਾਮਾਨੰਦੁ ਜਾਨੈ॥
ਪੂਰਨ ਪਰਮਾਨੰਦੁ ਬਖਾਨੈ॥੩॥
ਮਦਨ ਮੂਰਤਿ ਭੈ ਤਾਰਿ ਗੋਬਿੰਦੇ॥
ਸੈਨੁ ਭਣੈ ਭਜੁ ਪਰਮਾਨੰਦੇ॥੪॥੨॥
(ਪੰਨਾ 695)

ਇਸੇ ਤਰ੍ਹਾਂ ਹੀ ਭਗਤ ਸੈਣ ਜੀ ਵੀ ਆਰਤੀ ਦਾ ਸਰੂਪ ਵਰਣਨ ਕਰਦੇ ਹਨ, ਹੇ ਕਮਲਾ ਪਤੀ, ਮਾਯਾ ਦੇ ਮਾਲਕ ਪ੍ਰਭੂ! ਮੈਂ ਤੇਰੇ ਤੋਂ ਸਦਕੇ ਜਾਂਦਾ ਹਾਂ। ਇਹ ਵਾਰਨਾ ਸਦਕੇ ਜਾਣਾ ਹੀ ਸੁਗੰਧਿਤ ਪਦਾਰਥ, ਦੀਵਾ ਅਤੇ ਘਿਓ ਆਦਿਕ ਸਮੱਗਰੀ ਹਨ। ਏਹੋ ਹੀ ਮੇਰੀ ਆਰਤੀ ਦੀ ਸਮੱਗਰੀ ਅਤੇ ਆਰਤੀ ਹੈ। ਤੇਰੀ ਮਿਹਰ ਸਦਕਾ ਹੀ ਮੇਰੀ ਅੰਤਰ ਆਤਮਾ ਵਿਚ ਤੇਰੇ ਨਾਮ ਸਿਮਰਨ ਨਾਲ ਆਨੰਦ ਮੰਗਲ ਲੱਗਾ ਹੋਇਆ ਹੈ।

ਹੇ ਸਾਰੀ ਕੁਦਰਤ ਵਿਚ ਰਮੇ ਹੋਏ ਰਾਮ! ਆਪ ਹੀ ਮੇਰੇ ਲਈ ਆਰਤੀ ਦਾ ਉਤਮ ਸਾਧਨ ਭਾਵ ਦੀਵਾ, ਬੱਤੀ ਅਤੇ ਆਰਤੀ ਦਾ ਸਮੁੱਚਾ ਸਾਮਾਨ ਹੋ। ਮੈਂ ਰਾਮਾ ਨੰਦ ਦਾ ਸਿੱਖ ਅਤੇ ਤੇਰਾ ਭਗਤ ਤੇਰੇ ਆਨੰਦ ਸਰੂਪ ਦਾ ਨਾਮ ਸਿਮਰ ਕੇ ਤੇਰੇ ਨਾਲ ਅਭੇਦ ਹੋਇਆ ਮਿਲਾਪ ਦਾ ਆਨੰਦ ਮਾਣ ਰਿਹਾ ਹਾਂ। ਸੈਣ ਭਗਤ ਜੀ ਉਸ ਪਰਮ ਆਨੰਦ ਸਰੂਪ ਪਰਮਾਤਮਾ ਦੇ ਸਿਮਰਨ ਰੂਪੀ ਆਨੰਦ ਵਿਚ ਮਗਨ ਹੋ ਕੇ ਹਰ ਭੈ ਹਰ ਡਰ ਤੋਂ ਮੁਕਤ ਹੋ ਚੁਕੇ ਹਨ ਅਤੇ ਉਸ ਅਵਸਥਾ ਦਾ ਆਨੰਦ ਮਾਣ ਰਹੇ ਹਨ।

ਪ੍ਰਭਾਤੀ॥
ਸੁੰਨ ਸੰਧਿਆ ਤੇਰੀ ਦੇਵ ਦੇਵਾਕਰ
ਅਧਿਪਤਿ ਆਦਿ ਸਮਾਈ॥
ਸਿਧ ਸਮਾਧਿ ਅੰਤੁ ਨਹੀ ਪਾਇਆ
ਲਾਗਿ ਰਹੇ ਸਰਨਾਈ॥੧॥
ਲੇਹੁ ਆਰਤੀ ਹੋ ਪੁਰਖ ਨਿਰੰਜਨ
ਸਤਿਗੁਰ ਪੂਜਹੁ ਭਾਈ॥
ਠਾਢਾ ਬ੍ਰਹਮਾ ਨਿਗਮ ਬੀਚਾਰੈ
ਅਲਖੁ ਨ ਲਖਿਆ ਜਾਈ॥੧॥ਰਹਾਉ॥
ਤਤੁ ਤੇਲੁ ਨਾਮੁ ਕੀਆ ਬਾਤੀ
ਦੀਪਕੁ ਦੇਹ ਉਜਾਰਾ॥
ਜੋਤਿ ਲਾਇ ਜਗਦੀਸ ਜਗਾਇਆ
ਬੂਝੈ ਬੂਝਨਹਾਰਾ॥੨॥
ਪੰਚੇ ਸਬਦ ਅਨਾਹਦ ਬਾਜੇ
ਸੰਗੇ ਸਾਰਿੰਗਪਾਨੀ॥
ਕਬੀਰ ਦਾਸ ਤੇਰੀ ਆਰਤੀ ਕੀਨੀ
ਨਿਰੰਕਾਰ ਨਿਰਬਾਨੀ॥੩॥੫॥
(ਪੰਨਾ 1350)

ਹੁਣ ਕਬੀਰ ਜੀ ਦੀ ਆਰਤੀ ਦਾ ਨਮੂਨਾ ਦੇਖਦੇ ਹਾਂ। ਕਬੀਰ ਜੀ ਕਹਿੰਦੇ ਹਨ ਕਿ ਆਰਤੀ ਕਰਨ ਦੇ ਸਮੇਂ ਦੇਵਤਿਆਂ ਨੂੰ ਵੀ ਦਾਤਾ ਦੇਣ ਵਾਲੇ ਅਤੇ ਉਨ੍ਹਾਂ ਦੇ ਸ਼੍ਰੋਮਣੀ, ਆਦਿ ਪੁਰਖ ਅਤੇ ਸਭ ਵਿਚ ਸਮਾਏ ਹੋਏ ਸਰਵ ਵਿਆਪਕ ਪਰਮਾਤਮਾ ਸਿੱਧ ਪੁਰਖ ਵੀ ਸਮਾਧੀ ਵਿਚ ਸਥਿਤ ਹੋ ਕੇ ਵੀ ਤੇਰਾ ਅੰਤ ਪਾਰਾਵਾਰ ਨਹੀਂ ਜਾਣ ਸਕਦੇ। ਅੰਤ ਹਾਰ ਕੇ ਤੇਰੀ ਸ਼ਰਨ ਤਕਾਉਂਦੇ ਹਨ। ਹੇ ਪ੍ਰਭੂ, ਮੇਰੀ ਪਹੁੰਚ ਅਤੇ ਸਮਰੱਥਾ ਤਾਂ ਸਿਰਫ ਆਰਤੀ ਤਕ ਹੀ ਸੀਮਤ ਹੈ। ਹੇ ਮਾਯਾ ਤੋਂ ਪਰੇ ਪਾਰਬ੍ਰਹਮ ਅਤੇ ਤੈਨੂੰ ਜਾਣਨ ਵਾਲੇ ਸਤਿਗੁਰੂ ਦੀ ਪੂਜਾ ਹੀ ਕਰਨੀ ਬਣਦੀ ਹੈ। ਵੇਦਾਂ ਦਾ ਪ੍ਰਵਕਤਾ ਬ੍ਰਹਮਾ ਵੀ ਤੇਰੇ ਦਰ ਖੜ੍ਹਾ ਵੇਦ ਵਿਚਾਰ ਰਾਹੀਂ ਤੇਰੀ ਹੀ ਆਰਤੀ ਕਰ ਰਿਹਾ ਹੈ, ਪਰ ਤੇਰੇ ਇਸ ਅਨੰਤ ਰੂਪ ਨੂੰ ਉਹ ਬ੍ਰਹਮਾ ਵੀ ਨਹੀਂ ਜਾਣ ਸਕਿਆ, ਤਾਂ ਆਮ ਵਿਅਕਤੀ ਦੀ ਕੀ ਪਹੁੰਚ ਹੈ!

ਤੇਰੇ ਨਾਮ ਦਾ ਤੇਲ, ਨਾਮ ਦੀ ਬੱਤੀ ਬਣਾ ਕੇ ਇਸ ਸਰੀਰ ਰੂਪੀ ਦੀਪਕ, ਜੋ ਤੇਰੇ ਨਾਮ ਨਾਲ ਹੀ ਪ੍ਰਕਾਸ਼ਿਤ ਹੋ ਰਿਹਾ ਹੈ; ਹੇ ਜਗਦੀਸ਼ ,ਜਗਤ ਦੇ ਈਸ਼ਵਰ ਤੇਰੇ ਨਾਮ ਦੇ ਪ੍ਰਕਾਸ਼ ਰਾਹੀਂ ਪ੍ਰਾਪਤ ਹੋਏ ਗਿਆਨ ਰਾਹੀਂ ਹੀ ਤੇਰੀ ਸੋਝੀ ਆ ਸਕਦੀ ਹੈ। ਬਿਨਾ ਕਿਸੇ ਸਾਜ਼ ਅਤੇ ਬਿਨਾ ਕਿਸੇ ਦੇ ਵਜਾਏ ਇਹ ਜੋ ਅਨਹਦ ਸ਼ਬਦ ਮੇਰੇ ਅੰਤਰ ਆਤਮੇ ਵੱਜ ਰਹੇ ਹਨ, ਆਪ ਹੀ ਧਨੁਸ਼ ਬਾਣ ਧਾਰੀ ਰੂਪ ਵਿਚ ਮੇਰੇ ਅੰਦਰ ਪ੍ਰਗਟ ਹੋ ਰਹੇ ਹਨ। ਹੇ ਨਿਰੰਕਾਰ ਅਤੇ ਬਾਣੀ ਤੋਂ ਪਰੇ ਪਾਰਬ੍ਰਹਮ ਸਰੂਪ! ਮੈਂ ਕਬੀਰ, ਤੇਰਾ ਦਾਸ ਤੇਰੀ ਇਹ ਆਰਤੀ ਕਰ ਰਿਹਾ ਹਾਂ। ਤੁਹਾਨੂੰ ਪ੍ਰਵਾਨ ਹੋਵੇ।

ਧੰਨਾ॥
ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ
ਤਿਨ ਕੇ ਕਾਜ ਸਵਾਰਤਾ॥੧॥ ਰਹਾਉ॥
ਦਾਲਿ ਸੀਧਾ ਮਾਗਉ ਘੀਉ॥
ਹਮਰਾ ਖੁਸੀ ਕਰੈ ਨਿਤ ਜੀਉ॥
ਪਨ੍ਹੀਆ ਛਾਦਨੁ ਨੀਕਾ॥
ਅਨਾਜੁ ਮਗਉ ਸਤ ਸੀ ਕਾ॥੧॥
ਗਊ ਭੈਸ ਮਗਉ ਲਾਵੇਰੀ॥
ਇਕ ਤਾਜਨਿ ਤੁਰੀ ਚੰਗੇਰੀ॥
ਘਰ ਕੀ ਗੀਹਨਿ ਚੰਗੀ॥
ਜਨੁ ਧੰਨਾ ਲੇਵੈ ਮੰਗੀ॥੨॥੪॥
(ਪੰਨਾ 695)

ਭਗਤ ਧੰਨਾ ਜੀ ਤਾਂ ਆਰਤੀ ਦੀ ਥਾਂ ਆਰਤਾ ਹੀ ਕਰ ਰਹੇ ਹਨ। ਸਿੱਧਾ ਸਾਦਾ ਬੰਦਾ ਸਿੱਧੇ ਸਾਦੇ ਸ਼ਬਦ, ਕੋਈ ਲੁਕ ਲਪੇਟ ਨਹੀਂ, ਘਰ ਗ੍ਰਿਹਿਸਥੀ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਲਈ ਗੋਪਾਲ ਭਾਵ ਪ੍ਰਿਥਵੀ ਦੇ ਪਾਲਣ ਹਾਰ ਪ੍ਰਭੂ ਦੇ ਚਰਨਾਂ ਵਿਚ ਬੇਨਤੀ ਕਰਦੇ ਹਨ। ਵਿਸ਼ਵਾਸ ਐਨਾ ਹੈ ਕਿ ਕੋਈ ਭੁਲੇਖਾ ਨਹੀਂ ਕਿ ਉਹ ਕਿਤੇ ਦੂਰ ਬੈਠਾ ਹੈ, ਪਤਾ ਨਹੀਂ ਸੁਣਦਾ ਵੀ ਹੈ ਕਿ ਨਹੀਂ। ਉਸ ਨੂੰ ਸਾਹਮਣੇ ਬੈਠਾ ਕੇ ਹੀ ਸੰਬੋਧਨ ਕਰ ਰਹੇ ਹਨ। ਕੀ ਇਸ ਵਿਚ ਕੋਈ ਭੁਲੇਖਾ ਨਹੀਂ ਹੈ ਕਿ ਜੋ ਵੀ ਵਿਅਕਤੀ ਤੇਰੀ ਭਗਤੀ ਕਰਦਾ ਹੈ, ਤੁਸੀਂ ਉਸ ਦੇ ਸਾਰੇ ਕਾਰਜ ਸਵਾਰਦੇ ਹੋ! ਇਸ ਵਿਚ ਮੈਨੂੰ ਕੋਈ ਸ਼ੰਕਾ ਨਹੀਂ ਹੈ।

ਇਸ ਲਈ ਜੋ ਜੋ ਮੇਰੀ ਲੋੜ ਹੈ, ਉਸ ਲਈ ਬਿਨਾ ਕਿਸੇ ਵਲ ਫਰੇਬ ਦੇ ਬੇਨਤੀ ਕਰ ਰਿਹਾ ਹਾਂ। ਮੈਨੂੰ ਅਤੇ ਮੇਰੇ ਪਰਿਵਾਰ ਦੇ ਭਰਣ ਪੋਸ਼ਣ ਲਈ ਦਾਲ ਅਤੇ ਬਾਕੀ ਹੋਰ ਜ਼ਰੂਰੀ ਸਾਮਾਨ ਘਿਓ ਆਦਿ ਵੀ ਮੰਗਦਾ ਹਾਂ, ਤਾਂ ਕਿ ਮੈਂ ਸਦਾ ਹੀ ਤ੍ਰਿਪਤ ਅਤੇ ਖੁਸ਼ ਰਹਾਂ। ਪਹਿਨਣ ਲਈ ਕੱਪੜੇ ਅਤੇ ਜੁੱਤੀ ਵੀ ਚਾਹੀਦੀ ਹੈ ਤੇ ਖਾਣ ਲਈ ਵਧੀਆ ਕਿਸਮ ਦਾ ਅਨਾਜ ਮੰਗਦਾ ਹਾਂ। ਦੁੱਧ ਪੀਣ ਲਈ ਵਧੀਆ ਗਾਂ ਅਤੇ ਮੱਝ ਵੀ ਬਖਸ਼ੋ। ਕਿਸੇ ਪੈਦਲ ਤੁਰਿਆ ਫਿਰਦਾ ਰਹਾਂਗਾ, ਚੜ੍ਹਨ ਲਈ ਇਕ ਅਰਬੀ ਘੋੜੀ ਦੀ ਵੀ ਬਖਸ਼ਿਸ਼ ਕਰੋ। ਘਰ ਗ੍ਰਿਹਿਸਥੀ ਲਈ ਪਤਨੀ ਵੀ ਵਧੀਆ ਬਖਸ਼ੋ। ਮੈਂ ਤੇਰੀ ਸ਼ਰਨ ਆਇਆ ਹਾਂ ਅਤੇ ਮੇਰੀਆਂ ਸਾਰੀਆਂ ਲੋੜਾਂ ਪੂਰੀਆਂ ਕਰੋ।

ਰਾਗੁ ਬਿਲਾਵਲੁ ਸਧਨਾ ਜੀ॥
ਨ੍ਰਿਪ ਕੰਨਿਆ ਕੇ ਕਾਰਨੈ
ਇਕੁ ਭਇਆ ਭੇਖਧਾਰੀ॥
ਕਾਮਾਰਥੀ ਸੁਆਰਥੀ
ਵਾ ਕੀ ਪੈਜ ਸਵਾਰੀ॥੧॥
ਤਵ ਗੁਨ ਕਹਾ ਜਗਤ ਗੁਰਾ
ਜਉ ਕਰਮੁ ਨ ਨਾਸੈ॥
ਸਿੰਘ ਸਰਨ ਕਤ ਜਾਈਐ
ਜਉ ਜੰਬੁਕੁ ਗ੍ਰਾਸੈ॥੧॥ਰਹਾਉ॥
ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥
ਪ੍ਰਾਨ ਗਏ ਸਾਗਰੁ ਮਿਲੈ
ਫੁਨਿ ਕਾਮਿ ਨ ਆਵੈ॥੨॥
ਪ੍ਰਾਨ ਜੁ ਥਾਕੇ
ਥਿਰੁ ਨਹੀ ਕੈਸੇ ਬਿਰਮਾਵਉ॥
ਬੂਡਿ ਮੂਏ ਨਉਕਾ ਮਿਲੈ
ਕਹੁ ਕਾਹਿ ਚਢਾਵਉ॥੩॥
ਮੈ ਨਾਹੀ ਕਛੁ ਹਉ ਨਹੀ
ਕਿਛੁ ਆਹਿ ਨ ਮੋਰਾ॥
ਅਉਸਰ ਲਜਾ ਰਾਖਿ ਲੇਹੁ
ਸਧਨਾ ਜਨੁ ਤੋਰਾ॥੪॥ (ਪੰਨਾ 858)

ਸਧਨਾ ਜੀ ਸੰਸਾਰਕ ਵਿਸ਼ੇ ਵਾਸ਼ਨਾਵਾਂ, ਪ੍ਰਬਲਤਾ ਨੂੰ ਵੇਖਦਿਆਂ ਪਰਮਾਤਮਾ ਸਨਮੁੱਖ ਅਰਦਾਸ ਕਰਦੇ ਹਨ ਕਿ ਇਹ ਤਾਂ ਬਹੁਤ ਸਾਰੀਆਂ ਹਨ ਅਤੇ ਮਨੁੱਖ ਦੀ ਸਮਰੱਥਾ ਨਹੀਂ ਕਿ ਇਨ੍ਹਾਂ ਦੀ ਮਾਰ ਤੋਂ ਬਚ ਸਕੇ। ਇਕ ਪ੍ਰਚਲਤ ਸਾਖੀ ਦੀ ਮਿਸਾਲ ਦਿੰਦਿਆਂ ਕਹਿੰਦੇ ਹਨ ਕਿ ਇਕ ਰਾਜੇ ਦੀ ਬੇਟੀ ਦੇ ਮੋਹ ਵਸ ਹੋ ਕੇ ਕਿਸੇ ਆਦਮੀ ਨੇ ਉਸ ਨਾਲ ਵਿਆਹ ਕਰਵਾਉਣ ਲਈ ਵਿਸ਼ਨੂੰ ਭਗਵਾਨ ਦਾ ਸਵਾਂਗ ਧਾਰ ਕੇ ਵਿਆਹ ਤਾਂ ਕਰਵਾ ਲਿਆ, ਪਰ ਜਦੋਂ ਪਰਖ ਦਾ ਸਮਾਂ ਆਇਆ ਤਾਂ ਉਹ ਭੱਜ ਗਿਆ। ਉਸ ਨੂੰ ਫੜ ਕੇ ਕੈਦ ਕਰ ਦਿੱਤਾ, ਪਰ ਫਿਰ ਵੀ ਉਸ ਦੇ ਪਾਪਾਂ ਨੂੰ ਨਾ ਦੇਖਦੇ ਹੋਏ ਵਿਸ਼ਨੂੰ ਭਗਵਾਨ ਨੇ ਉਸ ਦੀ ਲਾਜ ਰੱਖਦਿਆਂ ਉਸ ਦੀ ਰਖਿਆ ਕੀਤੀ ਸੀ।

ਉਵੇਂ ਹੀ ਮੈਂ ਤੇਰੀ ਸ਼ਰਣ ਆਇਆ ਹਾਂ, ਆਪ ਮੇਰੀ ਵੀ ਰਖਿਆ ਕਰੋ। ਹੇ ਜਗਤ ਦੇ ਗੁਰੂ ਕੇ ਪਰਮਾਤਮਾ ਤੇਰੀ ਵਡਿਆਈ ਕਿਵੇਂ ਹੋਵੇਗੀ, ਜੇ ਮੇਰੇ ਕਰਮਾਂ ਦਾ ਨਾਸ ਹੀ ਨਾ ਹੋਇਆ। ਸ਼ੇਰ ਦੀ ਸ਼ਰਨ ਜਾਣ ਦਾ ਕੀ ਫਾਇਦਾ, ਜੇ ਗਿੱਦੜਾਂ ਨੇ ਹੀ ਖਾ ਜਾਣਾ ਹੈ। ਇਕ ਬੂੰਦ ਪਾਣੀ ਦੀ ਖਾਤਿਰ ਤਾਂ ਪਪੀਹੇ ਦੀ ਦਿਨ ਨਿਕਲ ਜਾਵੇ, ਪਰ ਉਸ ਦੀ ਮੌਤ ਪਿਛੋਂ ਭਾਵੇਂ ਉਸ ਨੂੰ ਸਾਰਾ ਸਮੁੰਦਰ ਹੀ ਮਿਲ ਜਾਵੇ ਤਾਂ ਉਹ ਉਸ ਦੇ ਕਿਸ ਕੰਮ ਆਵੇਗਾ! ਇਸੇ ਤਰ੍ਹਾਂ ਜੇ ਤੇਰੇ ਨਾਮ ਦੀ ਇਕ ਬੂੰਦ ਨਾ ਮਿਲੀ ਅਤੇ ਮੇਰਾ ਤਨ ਤੇ ਮਨ ਵਿਕਾਰਾਂ ਦਾ ਗ੍ਰਸਿਆ ਇਸ ਸੰਸਾਰ ਤੋਂ ਚਲਾ ਗਿਆ ਤਾਂ ਫਿਰ ਤੇਰੀ ਮਿਹਰ ਦਾ ਸਮੁੰਦਰ ਮੇਰੇ ਕਿਸ ਕੰਮ! ਤੇਰੀ ਮਿਹਰ ਨੂੰ ਉਡੀਕਦਿਆਂ ਮੇਰੀ ਆਤਮਾ ਤੱਕ ਚੁਕੀ ਹੈ। ਮਨ ਵਿਕਾਰਾਂ ਦੇ ਸਮੁੰਦਰ ਵਿਚ ਡੁੱਬ ਹੀ ਗਿਆ, ਤੇਰੀ ਕਿਰਪਾ ਰੂਪੀ ਬੇੜੀ ਮਿਲੀ ਤਾਂ ਕਿਸ ਕੰਮ? ਫਿਰ ਉਸ ਵਿਚ ਕੌਣ ਚੜ੍ਹੇਗਾ? ਹੇ ਪ੍ਰਭੂ ਮੇਰੀ ਕੋਈ ਪਹੁੰਚ ਅਤੇ ਹਿੰਮਤ ਨਹੀਂ ਅਤੇ ਮੈਨੂੰ ਕੋਈ ਦੂਜਾ ਆਸਰਾ ਵੀ ਨਹੀਂ ਦਿਸਦਾ। ਸੋ ਇਸੇ ਹੀ ਜਨਮ ਵਿਚ ਮੇਰੀ ਰਖਿਆ ਕਰੋ। ਮੈਂ ਸਧਨਾ ਆਪ ਦਾ ਦਾਸ ਆਪ ਜੀ ਦੀ ਸ਼ਰਨ ਆਇਆ ਹਾਂ। ਆਪਣਾ ਦਾਸ ਜਾਣਦਿਆਂ ਮੇਰੀ ਰੱਖਿਆ ਕਰੋ। ਮੈਨੂੰ ਵਿਸ਼ੇ ਵਾਸ਼ਨਾਵਾਂ ਦੇ ਸਮੁੰਦਰ ਵਿਚ ਡੁਬ ਹੋਣ ਤੋਂ ਬਚਾ ਲਵੋ, ਮੇਰੀ ਰਖਿਆ ਕਰੋ ਅਤੇ ਮੇਰੀ ਲਾਜ ਰੱਖੋ।

ਇਸ ਉਪਰੋਕਤ ਚਰਚਾ ਵਿਚੋਂ ਇਕ ਸਾਂਝਾ ਵਿਚਾਰ ਸਾਹਮਣੇ ਆਇਆ ਹੈ ਕਿ ਸਾਰੇ ਹੀ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਵੀ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੀ ਬਾਣੀ ਦਰਜ ਕੀਤੀ ਗਈ ਹੈ, ਉਸ ਵਿਚ ਭਗਤੀ ਹੀ ਪ੍ਰਧਾਨ ਹੈ। ਉਸ ਵਿਚ ਇਸੇ ਇਕ ਆਸ਼ੇ ਨੂੰ ਹੀ ਮੁੱਖ ਰੱਖਿਆ ਹੈ ਕਿ ਆਪਣੀ ਹਉਮੈ ਨੂੰ ਤਿਆਗ ਕੇ ਪਾਰਬ੍ਰਹਮ ਪਰਮੇਸ਼ਰ ਦੀ ਸ਼ਰਨ ਲੈ ਕੇ ਨਾਮ ਸਿਮਰਨ ਰਾਹੀਂ ਹੀ ਮਾਯਾ ਦੇ ਜਾਲ ਵਿਚੋਂ ਨਿਕਲਿਆ ਜਾ ਸਕਦਾ ਹੈ। ਹੋਰ ਕੋਈ ਕਰਮ ਕਾਂਡ ਅਤੇ ਮੂਰਤੀ ਪੂਜਾ ਆਦਿ ਸਾਧਨਾਂ ਨਾਲ ਮੁਕਤੀ ਨਹੀਂ ਮਿਲ ਸਕਦੀ।

ਕ੍ਰਿਸ਼ਨ ਜੀ ਵੀ ਸ੍ਰੀਮਦ ਭਗਵਤ ਗੀਤਾ ਦੇ ਅਠਾਰਵੇਂ ਅਧਿਆਇ ਦੇ (65-66) ਸ਼ਲੋਕਾਂ ਵਿਚ ਇਕ ਪ੍ਰਤਿਗਿਆ ਕਰਦੇ ਹਨ, ਹੇ ਅਰਜੁਨ, ਤੂੰ ਮੇਰੇ ਵਿਚ ਮਨ ਵਾਲਾ ਹੋ, ਮੇਰਾ ਭਗਤ ਬਣ, ਮੇਰੀ ਹੀ ਪੂਜਾ ਕਰ ਅਤੇ ਮੈਨੂੰ ਹੀ ਪ੍ਰਣਾਮ ਕਰ। ਇਸ ਤਰ੍ਹਾਂ ਕਰਨ ਨਾਲ ਤੂੰ ਮੈਨੂੰ ਹੀ ਪ੍ਰਾਪਤ ਹੋਵੇਂਗਾ। ਮੈਂ ਤੇਰੇ ਨਾਲ ਇਹ ਸੱਚੀ ਪ੍ਰਤਿਗਿਆ ਕਰਦਾ ਹਾਂ, ਕਿਉਂਕਿ ਤੂੰ ਮੈਨੂੰ ਬਹੁਤ ਪਿਆਰਾ ਹੈ। ਤੂੰ ਸਾਰੇ ਕਰਤਵ ਅਤੇ ਕਰਮਾਂ ਦੀ ਲਾਲਸਾ ਤਿਆਗ ਕੇ ਸਿਰਫ ਸਰਬ ਸ਼ਕਤੀਮਾਨ ਅਤੇ ਸਾਰੇ ਬ੍ਰਹਿਮੰਡ ਦੇ ਆਧਾਰ ਮੈਂ ਪਰਮੇਸ਼ਰ ਦੀ ਸ਼ਰਨ ਆ, ਮੈਂ ਤੈਨੂੰ ਸਭ ਪਾਪਾਂ ਤੋਂ ਮੁਕਤ ਕਰ ਦੇਵਾਂਗਾ। ਤੂੰ ਕੋਈ ਚਿੰਤਾ ਨਾ ਕਰ।

ਮੈਂ ਤਾਂ ਇਸ ਪ੍ਰਤਿਗਿਆ 'ਤੇ ਯਕੀਨ ਅਤੇ ਅਮਲ ਕਰਕੇ ਹੀ ਅੱਜ ਤਕ ਹਰ ਮੁਸੀਬਤ ਅਤੇ ਦੁਖ ਤੋਂ ਪਾਰ ਪਾਇਆ ਹੈ। ਮੈਨੂੰ ਤਾਂ ਮੇਰੀ ਅਕਲ ਅਤੇ ਕਾਬਲੀਅਤ ਤੋਂ ਸਦਾ ਵੱਧ ਹੀ ਮਿਲਿਆ ਹੈ, ਜਿਸ ਦਾ ਮਨ ਕਰਦਾ ਹੈ ਮੰਨੇ, ਭਾਵੇਂ ਨਾ ਮੰਨੇ, ਕੋਈ ਜ਼ਬਰਦਸਤੀ ਨਹੀਂ। ਸੋ ਇਸ ਸਾਰੀ ਚਰਚਾ ਨੂੰ ਬਾਬਾ ਬੁੱਲ੍ਹੇ ਸ਼ਾਹ ਦੇ ਇਸ ਵਚਨ ਨਾਲ ਸਮੇਟਦਾ ਹਾਂ,

ਹੋਰ ਨੇ ਸਭੇ ਗੱਲੜੀਆਂ
ਅਲਾਹ ਅਲਾਹ ਦੀ ਗੱਲ।
ਕੁਝ ਰੌਲਾ ਪਾਇਆ ਆਲਮਾਂ
ਕੁਝ ਕਾਗਜ਼ਾਂ ਪਾਇਆ ਝੱਲ।

## ਗੁਰਬਾਣੀ ਵਿਆਖਿਆ

# ਜਤੁ ਪਾਹਾਰਾ ਧੀਰਜੁ ਸੁਨਿਆਰੁ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਜਪੁਜੀ ਦੀ ਬਾਣੀ ਸ੍ਰਿਸ਼ਠੀ ਦੇ ਅੰਤਿਮ ਸਤਿ, ਭਾਵ ਪਰਮ-ਸਤਿ ਦੀ ਭਾਲ ਕਰਨ ਦੀ ਸੇਧ ਦਿੰਦੀ ਹੈ। ਇਉਂ ਕਹੋ ਕਿ ਇਹ ਇਸ ਦੇ ਸੱਚੇ ਨਾਮ ਤੀਕ ਪਹੁੰਚਣ ਦਾ ਖੋਜ-ਪ੍ਰਸਤਾਵ ਹੈ। ਇਸ ਵਿਚ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਇਕ ਗਣਿੱਤ ਆਧਾਰਿਤ ਸੂਤਰ ੴ ਦਿੱਤਾ ਹੈ, ਫਿਰ ਇਸ ਸੂਤਰ ਅਨੁਸਾਰ ਪਰਮ-ਸਤਿ ਦੀਆਂ ਕੁਝ ਮੁੱਖ ਵਿਸ਼ੇਸ਼ਤਾਈਆਂ ਦਿੱਤੀਆਂ ਹਨ ਅਤੇ ਨਾਲ ਇਸ ਦੇ ਸੱਚੇ ਭਾਵ ਅਸਲ ਨਾਮ ਨੂੰ ਜਾਣਨ ਦੀ ਅਸਲੀ ਖੋਜ ਵਿਧੀ ਦੱਸੀ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਇਹ ਵਿਧੀ ਮਿੱਥ ਕਥਾਵਾਂ, ਵਿਸ਼ਵਾਸ-ਕਰਮਾਂ, ਕਰਮ ਕਾਂਡਾਂ, ਤਪੱਸਿਆਵਾਂ, ਤੀਰਥ ਅਸ਼ਨਾਨਾਂ, ਪੂਜਾ-ਪਾਠਾਂ, ਜਿਹਬਾ-ਜਾਪਾਂ, ਤਰਕਹੀਣ ਧਾਰਨਾਵਾਂ ਤੇ ਪਖੰਡਮਈ ਢੰਗਾਂ ਤੋਂ ਦੂਰ ਹੈ। ਉਨ੍ਹਾਂ ਨੇ ਬ੍ਰਹਿਮੰਡ ਦੇ ਪਸਾਰੇ ਦਾ ਹਵਾਲਾ ਦੇ ਕੇ ਪਰਮ-ਸਤਿ ਦੇ ਕੁਦਰਤੀ ਵਿਸਥਾਰ ਬਾਰੇ ਜਾਣੂੰ ਕਰਵਾਇਆ ਅਤੇ ਇਹ ਵੀ ਦੱਸਿਆ ਕਿ ਅਧਿਆਤਮਵਾਦੀ ਬਿਰਤੀ ਤੋਂ ਪ੍ਰਭਾਵਿਤ ਮਨੁੱਖ ਹਾਲੇ ਤੀਕ ਇਸ ਸੰਸਾਰ ਵਿਚ ਕਿਸੇ ਤਰ੍ਹਾਂ ਦੀ ਕੋਈ ਪ੍ਰਾਪਤੀ ਨਹੀਂ ਕਰ ਸਕਿਆ ਹੈ।

ਉਨ੍ਹਾਂ ਅਨੁਸਾਰ ਨਦਰਿ ਭਾਵ ਨਿਰਪੱਖ ਨਜ਼ਰ ਅਤੇ ਮੰਨੈ ਭਾਵ ਮਨਨ ਦੇ ਸਹੀ ਰਾਹ 'ਤੇ ਚਲਦਿਆਂ ਮਨੁੱਖ ਆਪਣੀ ਮੁਸ਼ੱਕਤ ਭਾਵ ਮਿਹਨਤ ਸਦਕਾ ਇਸ ਦੀ ਡੂੰਘੀ ਖੋਜ ਕਰ ਸਕਦਾ ਸੀ, ਪਰ ਗਲਤ ਰਸਤਾ ਚੁਣ ਕੇ ਉਲਝ ਗਿਆ ਹੈ। ਗੁਰੂ ਸਾਹਿਬ ਇਥੋਂ ਤੀਕ ਕਹਿ ਗਏ ਕਿ ਪਰਮ-ਸਤਿ ਤਾਂ ਦੂਰ ਦੀ ਗੱਲ, ਪ੍ਰਾਣੀ ਦੀ ਖੋਜ ਤਾਂ ਅਜੇ ਸਚ ਖੰਡ ਤੀਕ ਵੀ ਨਹੀਂ ਪਹੁੰਚੀ। ਉਨ੍ਹਾਂ ਕਿਹਾ ਕਿ ਸਚ ਖੰਡ ਇਸੇ ਜਹਾਨ ਵਿਚ ਇਕ ਅਣਦੇਖਿਆ ਖੇਤਰ ਹੈ, ਜੋ ਲੋਹ-ਕਿਲੇ ਵਾਂਗ ਚੁਫੇਰਿਓਂ ਬੰਦ ਹੈ ਅਤੇ ਜਿਸ ਅੰਦਰ ਦਾ ਹਾਲ ਭਾਂਪ ਸਕਣਾ ਅਤਿ ਮੁਸ਼ਕਿਲ ਹੈ। ਇਸ ਲਈ ਇਸ ਦੀ ਅੰਦਰੂਨੀ ਸਥਿਤੀ ਤੇ ਕਿਰਿਆ ਦਾ ਉਸੇ ਨੂੰ ਪਤਾ ਹੈ, ਭਾਵ ਕਿਸੇ ਹੋਰ ਨੂੰ ਪਤਾ ਨਹੀਂ ਹੈ। ਉਨ੍ਹਾਂ ਅਨੁਸਾਰ ਨਿਰੰਕਾਰ ਦੇ ਕਰਮਧਾਮ ਸਚ ਖੰਡ ਦਾ ਇਹੀ ਬਿਰਤਾਂਤ ਕੀਤਾ ਜਾ ਸਕਦਾ ਹੈ। ਇਸ ਤੋਂ ਵਧ ਕੁਝ ਨਹੀਂ ਕਿਹਾ ਜਾ ਸਕਦਾ, ਕਿਉਂਕਿ ਕਿਸੇ ਨੇ ਉਸ ਨੂੰ ਦੇਖਿਆ ਨਹੀਂ ਹੈ।

ਗੁਰੂ ਸਾਹਿਬ ਜਪੁਜੀ ਦੀਆਂ ਪਹਿਲੀਆਂ 37 ਪਉੜੀਆਂ ਵਿਚ ਆਪਣੇ ਸਿੱਖਾਂ ਨੂੰ ਕੂੜ ਦੀ ਪਾਲ ਤੋਂ ਉਠਾ ਕੇ ਸੱਚ ਦੀ ਸੇਧ ਦਿੰਦੇ ਸਚ ਖੰਡ ਦੇ ਬੂਹੇ ਤੀਕ ਲੈ ਗਏ ਹਨ। ਕੋਈ ਸੋਚ ਵੀ ਨਹੀਂ ਸਕਦਾ ਕਿ ਰਹਿੰਦੀ ਇਕ ਪਉੜੀ ਵਿਚ ਉਹ ਇਸ ਦੇ ਅੰਦਰ ਦਾ ਕੀ ਹਾਲ ਦੱਸਣਗੇ ਤੇ ਕਿਵੇਂ ਦੱਸਣਗੇ! ਕੀ ਉਹ ਸਚ ਖੰਡ ਦੇ ਲੋਹ ਕਿਲੇ ਨੂੰ ਤੋੜ ਕੇ ਪਰਮ-ਸਤਿ ਦੇ ਦਰਸ਼ਨ ਕਰਵਾਉਣਗੇ ਜਾਂ ਕੁਝ ਹੋਰ ਸਮਝਾਉਣਗੇ? ਇਹ ਪਉੜੀ ਉਨ੍ਹਾਂ ਦੀ ਸਿੱਖੀ ਵਿਚਾਰਧਾਰਾ ਦਾ ਨਿਚੋੜ ਹੈ ਤੇ ਉਨ੍ਹਾਂ ਦੀ ਬਿਖਿਆਨ ਕਲਾ (Skill of Expression) ਦਾ ਸਿਖਰ ਹੈ। ਇਹ ਉਨ੍ਹਾਂ ਦੀ ਸਪਸ਼ਟ ਸੋਚ ਦਾ ਸਬੂਤ ਤੇ ਵਿਗਿਆਨਕ ਸੂਝ ਦਾ ਪਰਮਾਣ ਹੈ। ਉਨ੍ਹਾਂ ਨੇ ਇਸ ਵਿਚ ਉਹ ਸੱਚਾਈ ਬਿਆਨ ਕੀਤੀ ਹੈ, ਜੋ ਵੱਡੇ ਵੱਡੇ ਫਿਲਾਸਫਰਾਂ ਤੇ ਵਿਗਿਆਨੀਆਂ ਨੇ ਨਹੀਂ ਕੀਤੀ। ਇੱਥੇ ਉਨ੍ਹਾਂ ਨੇ ਆਪਣੇ ਵਿਲੱਖਣ ਅੰਦਾਜ਼ ਦੀਆਂ ਕੁਝ ਕੁ ਤੁਕਾਂ ਵਿਚ ਹੀ ਉਸ ਘਟਨਾ ਕਰਮ ਵਲ ਭਵਿੱਖਦਰਸ਼ੀ ਸੰਕੇਤ ਕੀਤਾ ਹੈ, ਜਿਸ ਬਾਰੇ ਵਿਗਿਆਨ ਦੀ ਇਸ ਸਦੀ ਤੋਂ ਪਹਿਲਾਂ ਦਾ ਮਨੁੱਖ ਕਿਆਸ ਵੀ ਨਹੀਂ ਸੀ ਕਰ ਸਕਦਾ। ਪੁਰਾਤਨ ਸਦੀਆਂ ਦੀ ਅਧਿਆਤਮਕ ਸੋਚ ਵਿਚ ਫਸਿਆ ਮਨੁੱਖ ਅੱਜ ਵੀ ਉਸ ਵਿਚਾਰ ਦਾ ਅੰਦਾਜ਼ਾ ਨਹੀਂ ਲਾ ਸਕਦਾ, ਜੋ ਉਹ ਇੱਥੇ ਪੇਸ਼ ਕਰ ਗਏ ਹਨ।

ਇਸ ਪਉੜੀ ਵਿਚ ਗੁਰੂ ਸਾਹਿਬ ਨੇ ਸਚ ਖੰਡ ਦੇ ਬਾਹਰ ਤੋਂ ਹੀ ਸਚ ਖੰਡ ਦੇ ਅੰਦਰ ਬੈਠੇ ਸ੍ਰਿਸ਼ਟੀ ਦੇ ਸਿਰਜਣਹਾਰ ਤੀਕ ਦੀ ਵਾਟ ਦਾ ਜ਼ਿਕਰ ਕੀਤਾ ਹੈ। ਇਹ ਕੋਈ ਹਊਏ ਜਾਂ ਅਚੰਭੇ ਵਾਲੀ ਗੱਲ ਨਹੀਂ ਤੇ ਨਾ ਹੀ ਉਤਸੁਕਤਾ ਭਰਪੂਰ ਵਿਚਾਰਾਂ ਦੇ ਤਾਣੇ-ਬਾਣੇ ਵਿਚ ਉਲਝੀ ਦੁਨੀਆਂ ਤੋਂ ਉਪਰ ਦੀ ਗੱਲ ਹੈ। ਸੰਸਾਰ ਵਿਚ ਧਰਤੀ ਸਮੇਤ ਸਾਰੀ ਕੁਦਰਤ ਹੀ ਸਚ ਖੰਡ ਦਾ ਬਾਹਰਲਾ ਖੋਲ ਹੈ ਅਤੇ ਸਾਰੀ ਲੁਕਾਈ ਹੀ ਇਸ ਲੋਹ-ਰੂਪੀ ਸਚ ਖੰਡ ਦੇ ਬਾਹਰ ਖੜ੍ਹੀ ਹੈ। ਇਹ ਇਕ ਇਸਪਾਤੀ ਖੋਲ ਵਾਂਗ ਹੈ, ਜਿਸ ਨੂੰ ਤੋੜ ਕੇ ਜਾਂ ਛੇਦ ਕਰਕੇ ਅੰਦਰ ਝਾਕਣਾ ਮੁਸ਼ਕਿਲ ਹੈ। ਇਹੀ ਕਾਰਨ ਹੈ ਕਿ ਮਨੁੱਖ ਬ੍ਰਹਿਮੰਡ ਰਚਨਾ ਦੇ ਸ੍ਰੋਤ ਨੂੰ ਇਸ ਪਾਸੇ ਦੀ ਥਾਂ ਇੱਧਰ-ਉੱਧਰ ਭਾਲਦਾ ਰਿਹਾ। ਉਸ ਬੇਤੁਕੀ ਖੋਜ ਵਿਚ ਸਦੀਆਂ ਦੀ ਮਿਹਨਤ ਭਰੀ ਘਾਲਣਾ ਦੇ ਬਾਵਜੂਦ ਉਸ ਦੇ ਹੱਥ ਕੁਝ ਨਹੀਂ ਲੱਗਿਆ, ਭਾਵ ਉਹ ਗਿਆਨ ਕਰਮ ਤੋਂ ਖਾਲੀ ਰਿਹਾ। ਗੁਰੂ ਸਾਹਿਬ ਨੇ ਪਿਛਲੀਆਂ ਪਉੜੀਆਂ ਵਿਚ ਇਸ ਗੱਲ ਨੂੰ ਭਲੀ-ਭਾਂਤ ਸਪਸ਼ਟ ਕੀਤਾ ਹੋਇਆ ਹੈ; ਪਰ ਇੱਥੇ ਉਹ ਅਗਲੀ ਗੱਲ ਕਰਦੇ ਹਨ।

ਪਰਮ-ਸਤਿ ਦੀ ਭਾਲ ਗੁਰੂ ਨਾਨਕ ਨਾਲ ਸ਼ੁਰੂ ਨਹੀਂ ਹੋਈ ਤੇ ਨਾ ਹੀ ਇਹ ਇੱਕਲੇ ਭਾਰਤੀ ਦਰਸ਼ਨ ਦਾ ਵਿਸ਼ਾ ਰਿਹਾ ਹੈ। ਬ੍ਰਹਿਮੰਡੀ ਮਾਯਾ ਦਾ ਅਣਦਿਸਦਾ ਕਾਰਕ ਸੰਸਾਰ ਸਾਰੇ ਦੇ ਫਿਲਾਸਫਰਾਂ ਲਈ ਸ਼ੁਰੂ ਤੋਂ ਹੀ ਗਿਆਨ ਦਾ ਵਿਸ਼ਾ ਬਣਿਆ ਰਿਹਾ ਹੈ। ਉਹ ਸਾਰੇ ਹੀ ਇਸ ਨੂੰ ਸੰਸਾਰ ਦੇ ਉੱਪਰ ਅਸਮਾਨ ਵਿਚ ਵਸਦਾ ਸਮਝ ਕੇ ਅੰਬਰਾਂ ਵਿਚ ਤਾਲਾਸ਼ ਕਰਦੇ ਰਹੇ। ਉਹ ਅਰਦਾਸ ਵੀ ਉੱਪਰ ਵਲ ਮੂੰਹ ਕਰਕੇ ਕਰਦੇ ਰਹੇ ਤੇ ਹੱਥ ਵੀ ਉੱਪਰ ਵਲ ਨੂੰ ਜੋੜਦੇ ਰਹੇ। ਇਥੋਂ ਤੀਕ ਕਿ ਸੰਬੋਧਨ ਵੀ ਉੱਪਰ ਵਾਲਾ ਜਾਂ ਨੀਲੀ ਛਤਰੀ ਵਾਲਾ ਕਰ ਕੇ ਕਰਦੇ ਰਹੇ। ਉਨ੍ਹਾਂ ਦੀ ਪੂਰੀ ਦੀ ਪੂਰੀ ਸਰੀਰਕ ਜ਼ੁਬਾਨ (Body Language) ਇਵੇਂ ਢਲ਼ੀ ਹੋਈ ਸੀ, ਜਿਵੇਂ ਸੰਸਾਰ ਦਾ ਇੰਤਜਾਮੀਆ ਮਰਕਜ਼ ਅਸਮਾਨ ਵਿਚ ਹੋਵੇ। ਢਲ਼ਦੀ ਵੀ ਕਿਉਂ ਨਾ, ਇਹ ਧਰਤੀ ਤਾਂ ਚੁਫੇਰਿਓਂ ਸਖਤ ਧਰਾਤਲ ਤੇ ਪਾਣੀ ਨਾਲ ਢਕੀ ਹੋਈ ਸੀ। ਇਸ ਵਿਚ ਆਪੂੰ ਖੋਦੇ ਖੂਹਾਂ ਤੋਂ ਬਿਨਾ ਕੋਈ ਸੁਰਾਖ ਨਹੀਂ ਸੀ, ਜਿਸ ਰਾਹੀਂ ਅੰਦਰ ਉੱਤਰ ਕੇ ਦੇਖਿਆ ਜਾ ਸਕੇ। ਸ੍ਰਿਸ਼ਟੀ ਦਾ ਰਚੈਤਾ ਨਾ ਧਰਤੀ ਦੇ ਤਲ 'ਤੇ ਲੱਭਦਾ ਸੀ, ਨਾ ਪਹਾੜਾਂ ਦੀਆਂ ਚੋਟੀਆਂ 'ਤੇ। ਵਾ-ਵਰੋਲਿਆਂ, ਝੱਖੜਾਂ, ਬਿਜਲੀਆਂ, ਅਗਨ-ਕੁੰਡਾਂ, ਬਿਰਖਾਂ ਤੇ ਕਈ ਹੋਰ ਡਰਾਉਣੀਆਂ ਥਾਂਵਾਂ ਜਾਂ ਵਰਤਾਰਿਆਂ ਵਿਚ ਮਨੁੱਖ ਨੂੰ ਉਸ ਦੇ ਝਾਉਲੇ (Apparitions) ਜਰੂਰ ਪੈਂਦੇ ਸਨ, ਪਰ ਲੱਭਿਆ ਉੱਥੋਂ ਵੀ ਕੁਝ ਨਹੀਂ ਸੀ ਗਿਆ। ਸੋ ਪਰਮ-ਸਤਿ ਦੇ ਨਿਵਾਸ ਦੀ ਇਕੋ ਇਕ ਸੰਭਵ ਥਾਂ ਉੱਪਰ ਵਲ ਖੁਲ੍ਹਾ ਅਸਮਾਨ ਸੀ। ਕੁਦਰਤ ਦੇ ਸਾਰੇ ਅਧਭੁੱਤ ਵਰਤਾਰੇ ਇਸੇ ਪਾਸੇ ਘਟਦੇ ਸਨ। ਅਗਿਆਨ ਕਾਰਨ ਅਧਿਆਤਮਵਾਦੀ ਬਣਿਆਂ ਮਨੁੱਖ ਸੋਚਣ ਲੱਗਦਾ ਕਿ ਸੰਸਾਰ ਨੂੰ ਰਚਣ ਵਾਲਾ ਕਰਤਾਰ ਅਸਮਾਨ ਜਿਹੇ ਖੁਲ੍ਹੇ ਮੋਕਲੇ ਸਥਾਨ 'ਤੇ ਹੀ ਰਹਿੰਦਾ ਹੋਵੇਗਾ। ਧੁੱਪ, ਰੋਸ਼ਨੀ, ਤਾਪ, ਮੀਂਹ ਵਾਂਗੂੰ ਇਸੇ ਪਾਸਿਓਂ ਆ ਕੇ ਹੀ ਉਸ ਨੇ ਇਹ ਦੁਨੀਆਂ ਬਣਾਈ ਹੋਵੇਗੀ। ਸੋ ਮਨੁੱਖ ਨੇ ਸੁਰਗ, ਬਹਿਸ਼ਤ, ਬੈਕੁੰਠ, ਦਰਬਾਰ ਤੇ ਸਚ ਖੰਡ ਆਦਿ ਥਾਂਵਾਂ ਦੀ ਕਲਪਨਾ ਅਸਮਾਨ ਵਿਚ ਹੀ ਕੀਤੀ।

ਉੱਧਰ ਯਥਾਰਥਵਾਦੀ ਚਿੰਤਕ ਸੋਚਦੇ ਸਨ ਕਿ ਜੋ ਦਿਸਦਾ ਹੈ, ਉਹੀ ਸੱਚ ਹੈ। ਉਨ੍ਹਾਂ ਅਨੁਸਾਰ ਪ੍ਰਕਿਰਤੀ ਦਾ ਕੋਈ ਕਾਰਕ ਨਹੀਂ ਹੈ, ਕਿਉਂਕਿ ਇਹ ਹਮੇਸ਼ਾ ਤੋਂ ਹੀ ਇੱਥੇ ਹੈ। ਇਹ ਜਹਾਨ ਪਦਾਰਥ ਦੀ ਬਣੀ ਮਾਇਆ ਹੈ ਤੇ ਪਦਾਰਥੀ ਪ੍ਰਕਿਰਿਆਵਾਂ ਨਾਲ ਹੀ ਹੋਂਦ ਵਿਚ ਆਇਆ ਹੈ। ਪੁਰਾਤਨ ਭਾਰਤ ਵਿਚ ਜੈਨ ਧਰਮ ਤੇ ਬੁੱਧ ਧਰਮ ਤੋਂ ਵੀ ਪੁਰਾਣੀਆਂ ਚਾਰਵਾਕ (Charvaka) ਜਾਂ ਲੋਕਾਯਤ (Lokayata) ਨਾਮਕ ਵਿਚਾਰਧਾਰਾਵਾਂ, ਪੁਰਾਤਨ ਯੂਨਾਨ ਵਿਚ ਆਇਓਨਿਕ (Ionic) ਫਿਲਾਸਫੀ ਦੇ ਪੈਰੋਕਾਰ ਡੈਮੋਕਰੀਟਸ (Democritus) ਅਤੇ ਐਪੀਕਿਊਰਸ (Epicurus), ਮੱਧਕਾਲੀ ਯੂਰਪ ਵਿਚ ਗੁਰੂ ਸਾਹਿਬ ਦੇ ਸਮਕਾਲੀ ਥਾਮਸ ਹਾਬਜ਼ (Thomas Hobbes) ਤੇ ਆਧੁਨਿਕ ਕਾਲ ਦੇ ਵਿਗਿਆਨੀ ਜੌਹਨ ਡਾਲਟਨ (John Dalton) ਇਸ ਸਿੱਟੇ 'ਤੇ ਪਹੁੰਚੇ ਕਿ ਪਦਾਰਥ ਸਵੈ-ਵਿਕਾਸ ਦੇ ਸਮਰੱਥ ਹੈ। ਉਨ੍ਹਾਂ ਅਨੁਸਾਰ ਪਦਾਰਥ ਬਹੁਤ ਛੋਟੇ ਛੋਟੇ ਕਿਣਕਿਆਂ ਵਿਚ ਵੰਡਿਆ ਹੋਇਆ ਹੈ, ਜਿਨ੍ਹਾਂ ਦੇ ਜੋੜ-ਤੋੜ ਨਾਲ ਹੀ ਪਦਾਰਥੀ ਮਾਯਾ ਦੇ ਪਿੰਡ ਬਣੇ ਹਨ। ਅੱਗੇ ਚੱਲ ਕੇ ਮਾਰਕਸ ਤੇ ਐਂਗਲਜ਼ ਨੇ ਕਿਹਾ ਕਿ ਪਦਾਰਥ ਦੀ ਹੋਂਦ ਗਤੀ ਵਿਚ ਹੈ, ਭਾਵ ਇਹ ਗਤੀ ਤੋਂ ਬਾਹਰ ਰਹਿ ਹੀ ਨਹੀਂ ਸਕਦਾ, ਇਸ ਲਈ ਇਸ ਨੂੰ ਚਲਾਉਣ ਲਈ ਕਿਸੇ ਬਾਹਰਲੀ ਗਤੀ ਦੀ ਲੋੜ ਹੀ ਨਹੀਂ। ਅਜਿਹੇ ਪਦਾਰਥਵਾਦੀ ਵਿਚਾਰਾਂ ਦੇ ਧਮਾਕੇ ਨਾਲ ਯੂਰਪ ਵਿਚ ਆਧੁਨਿਕ ਵਿਗਿਆਨ ਦਾ ਮੁੱਢ ਬੱਨ੍ਹਿਆ ਗਿਆ। ਆਧੁਨਿਕ ਵਿਗਿਆਨ ਨੇ ਸਿੱਧ ਕੀਤਾ ਕਿ ਹਰ ਐਟਮ ਅੰਦਰ ਇਲੈਕਟ੍ਰਾਨ (Electrons) ਨਿਊਕਲੀਅਸ (Neucleus) ਦੁਆਲੇ ਲਗਾਤਾਰ ਤੇਜ ਗਤੀ ਨਾਲ ਘੁੰਮ ਰਹੇ ਹਨ। ਜੇ ਉਹ ਰੁਕ ਜਾਣ ਤਾਂ ਨਿਊਕਲੀਅਸ ਵਿਚ ਡਿਗ ਪੈਣਗੇ, ਜਿਸ ਨਾਲ ਸੰਸਾਰ ਠੁੱਸ (Collapse) ਹੋ ਜਾਵੇਗਾ। ਉਨੀਵੀਂ ਸਦੀ ਦੇ ਸ਼ੁਰੂ ਵਿਚ ਡਾਲਟਨ ਨੇ ਐਟਮੀ ਵਿਚਾਰ ਨੂੰ ਸਿਧਾਂਤ-ਬੱਧ ਕੀਤਾ। ਐਵੋਗੈਦਰੋ ਨੇ ਪਦਾਰਥ ਵਿਚ ਐਟਮਾਂ ਦੇ ਭਾਰ, ਪਰਸਾਰ ਤੇ ਗਿਣਤੀ ਦੇ ਸਬੰਧ ਵਾਲਾ ਗਣਿੱਤੀ ਫਾਰਮੂਲਾ ਵੀ ਕੱਢ ਲਿਆ ਤੇ ਬਰਜ਼ੀਲੀਅਸ ਨੇ ਇਸ ਵਿਚ ਸੋਧ ਕਰ ਕੇ ਸਹੀ ਬਣਾ ਦਿੱਤਾ।

ਇਹ ਰਸਤਾ ਅਧਿਆਤਮਵਾਦੀ ਸੋਚ ਨੂੰ ਤਿਆਗਣ ਤੇ ਕੂੜ ਦੀ ਪਾਲ ਬਣੇ ਵਿਚਾਰਾਂ ਨੂੰ ਰੱਦ ਕਰਨ ਵਾਲਾ ਸੀ। ਇਹ ਉਸ ਅੰਧਵਿਸ਼ਵਾਸੀ ਵਿਚਾਰਧਾਰਾ ਦਾ ਵਿਰੋਧ ਕਰਦਾ ਸੀ, ਜਿਸ ਅਨੁਸਾਰ ਸਚ ਖੰਡ ਇਕ ਗੈਬੀ ਖਿਆਲ ਸੀ। ਸੱਚ ਖੰਡ ਸਾਹਮਣੇ ਦਿੱਸਦੀ ਪਦਾਰਥੀ ਮਾਇਆ ਵਿਚ ਪਿਆ ਸੀ, ਪਰ ਇਸ ਦਾ ਗਿਆਨ ਮਨੁੱਖ ਦੀਆਂ ਇੰਦਰੀਆਂ ਦੇ ਘੇਰੇ ਵਿਚ ਨਹੀਂ ਸੀ ਆਉਂਦਾ। ਇਸ ਖੰਡ ਦਾ ਗਿਆਨ ਪਦਾਰਥ ਨੂੰ ਉਲਟ-ਪਲਟ ਕੇ ਦੇਖਣ ਜਿਹੀਆਂ ਸੱਤਹੀ ਵਿਧੀਆਂ ਨਾਲ ਨਹੀਂ, ਸਗੋਂ ਭੌਤਿਕ ਤੇ ਰਸਾਇਣਕ ਵਿਧੀਆਂ ਨਾਲ ਇਸ ਦੇ ਅੰਦਰੂਨੀ ਅਨੁਭਵ ਪ੍ਰਾਪਤ ਕਰ ਕੇ ਹੀ ਹੋ ਸਕਦਾ ਸੀ। ਇਨ੍ਹਾਂ ਵਿਧੀਆਂ ਦਾ ਸਾਰ ਹੈ ਕਿ ਪਦਾਰਥ ਭਾਵ ਪੱਥਰ, ਤਾਂਬਾ, ਪੱਤਾ, ਪਾਣੀ ਆਦਿ ਨੂੰ ਭੰਨ ਕੇ ਦੇਖੋ ਤੇ ਉਨ੍ਹਾਂ ਦਾ ਅਧਿਐਨ ਕਰੋ। ਜੇ ਮਿਸਾਲ ਲਈ ਤਾਂਬਾ ਲਈਏ ਤੇ ਇਸ ਨੂੰ ਬਾਰੀਕ ਤੋਂ ਬਾਰੀਕ ਕੱਟਦੇ ਜਾਈਏ ਤਾਂ ਇਸ ਦੇ ਟੁਕੜੇ ਦਿਖਣ ਤੋਂ ਹਟ ਜਾਣਗੇ ਭਾਵ ਵਡ-ਦਰਸੀ ਸ਼ੀਸ਼ੇ ਨਾਲ ਹੀ ਦਿਸਣਗੇ। ਜੇ ਫਿਰ ਵੀ ਤੋੜਨ ਦਾ ਕੰਮ ਜਾਰੀ ਰੱਖਿਆ ਜਾਵੇ ਤਾਂ ਇਕ ਅਜਿਹਾ ਪੜਾਓ ਆ ਜਾਵੇਗਾ, ਜਦੋਂ ਇਹ ਹੋਰ ਅੱਗੇ ਨਹੀਂ ਤੋੜਿਆ ਜਾ ਸਕੇਗਾ। ਇਸ ਤਰ੍ਹਾਂ ਜੋ ਛੋਟੇ ਤੋਂ ਛੋਟਾ ਟੁਕੜਾ ਪ੍ਰਾਪਤ ਹੋਇਆ, ਉਹ ਤਾਂਬੇ ਦਾ ਐਟਮ ਹੈ। ਇਹ ਐਟਮ ਬਾਕੀ ਦੇ 117 ਤੱਤਾਂ ਵਿਚੋਂ ਕਿਸੇ ਦਾ ਵੀ ਹੋਵੇ, ਸਚ ਖੰਡ ਦੀ ਬਾਹਰਲੀ ਦੀਵਾਰ ਹੈ। ਇਸ ਤੋਂ ਅੱਗੇ ਉਸ ਸੱਚਾਈ ਦਾ ਪਿੜ ਸ਼ੁਰੂ ਹੋ ਜਾਂਦਾ ਹੈ, ਜੋ ਆਦਿ ਕਾਲ ਤੋਂ ਮਨੁੱਖਤਾ ਦੀ ਜਾਣਕਾਰੀ ਤੋਂ ਓਹਲੇ ਰਹੀ। ਕਾਰਨ ਇਹ ਕਿ ਇਸ ਵਿਚਲਾ ਸੰਸਾਰ ਬਾਹਰੀ ਸੰਸਾਰ ਤੋਂ ਗੁਣਾਤਮਕ ਤੌਰ 'ਤੇ ਭਿੰਨ ਹੈ, ਇਸ ਲਈ ਇਸ ਦੇ ਦੇਖਣ-ਮਾਪਣ ਦਾ ਹਿਸਾਬ-ਕਿਤਾਬ ਭਿੰਨ ਹੈ। ਵਿਗਿਆਨੀਆਂ ਨੇ ਰੇਡੀਓਐਕਟਿਵ ਪਦਾਰਥਾਂ ਨਾਲ ਬਿਜਲਈ ਪਰਿਖਣ ਕਰ ਕਰ ਕੇ ਇਸ ਪਿੜ ਵਿਚ ਸਥਿਤ ਕਣਾਂ ਅਤੇ ਉਨ੍ਹਾਂ ਦੇ ਸੁਭਾਵਾਂ ਨੂੰ ਪਰਖਿਆ ਹੈ। ਉਨ੍ਹਾਂ ਨੇ ਇਸ ਦਾ ਜੋ ਕਾਰਜਸ਼ੀਲ ਮਾਡਲ ਦਿੱਤਾ, ਉਹ ਬਾਹਰਲੀ ਮਾਯਾ ਦੇ ਸੁਭਾਅ ਤੋਂ ਵੱਖ ਪਰ ਇਸ ਦੀ ਤਾਸੀਰ ਦੇ ਅਨੁਕੂਲ ਹੈ। ਇਹ ਉਹੀ ਸਚ ਖੰਡ ਹੈ, ਜਿੱਥੇ ਸ੍ਰਿਸ਼ਟੀ ਦਾ ਸਿਰਜਣਹਾਰ ਨਿਵਾਸ ਕਰਦਾ ਕਿਹਾ ਜਾਂਦਾ ਹੈ ਤੇ ਕਰਦਾ ਹੈ। ਇਸ ਅਨੁਭਵ ਅਨੁਸਾਰ ਸਭ ਤੱਤ ਤੇ ਉਨ੍ਹਾਂ ਤੋਂ ਬਣੇ ਵੱਖ ਵੱਖ ਤਰ੍ਹਾਂ ਦੇ ਮਾਯਾਵੀ ਪਦਾਰਥ, ਐਟਮਾਂ ਦੇ ਜਮਾਉ ਭਾਵ ਸਚ ਖੰਡਾਂ ਦੇ ਲੋਹ-ਗੋਲਿਆਂ ਦੇ ਢੇਰ ਹਨ। ਮਨੁੱਖ ਨੂੰ ਇਹ ਸੱਚ ਜਾਣਨ ਲਈ ਸਦੀਆਂ ਦਾ ਸਮਾਂ ਲੱਗਿਆ। ਇਕ ਸਦੀ ਤੋਂ ਵੱਧ ਸਮਾਂ ਤਾਂ ਵਿਗਿਆਨੀ ਸਚ ਖੰਡ ਦੇ ਬਾਹਰ ਖੜ੍ਹੇ ਇਸ ਦੇ ਅੰਦਰੂਨੀ ਢਾਂਚੇ ਦਾ ਜਾਇਜ਼ਾ ਲੈਂਦੇ ਰਹੇ; ਤਾਂ ਜਾ ਕੇ ਡਾਲਟਨ (1803), ਜੇ. ਜੇ. ਥਾਮਸਨ (1897), ਅਰਨੈਸਟ ਰੁਦਰਫੋਰਡ (1911) ਤੇ ਨੀਲਜ਼ ਬੋਹਰ (1913) ਦੇ ਇਕ ਤੋਂ ਬਾਅਦ ਇਕ ਬਣਾਏ ਗਣਿਤੀ ਮਾਡਲਾਂ ਨਾਲ ਇਸ ਖੰਡ ਦੀ ਮੁੱਖ ਸੱਚਾਈ ਉੱਭਰ ਕੇ ਸੰਸਾਰ ਸਾਹਮਣੇ ਆਈ।

ਪਰ ਕੋਈ ਇਹ ਨਾ ਸਮਝੇ ਕਿ ਇਹ ਸਚ ਖੰਡ, ਜਿੱਥੇ "ਨਿਰੰਕਾਰ" ਸੰਸਾਰ ਦੀ ਘਾੜਤ ਕਰਦਾ ਹੈ, ਕਿਤੇ ਨੇੜੇ ਤੇੜੇ ਹੀ ਹੈ। ਕਹਿਣ ਨੂੰ ਤਾਂ ਇਹ ਹਥੇਲੀ ਨੂੰ ਲੱਗੇ ਇਕ ਧੂੜ ਦੇ ਕਿਣਕੇ ਵਿਚ ਵੀ ਹੈ, ਪਰ ਇਸ ਕਿਣਕੇ ਵਿਚ ਪਏ ਐਟਮਾਂ ਦੀ ਦੂਰੀ ਹਥੇਲੀ ਤੋਂ ਕਿੰਨੀ ਹੈ, ਇਸ ਦੀ ਜਾਣਕਾਰੀ ਗਣਿੱਤੀ ਅੰਦਾਜ਼ਾ ਲਾ ਕੇ ਹੀ ਮਿਲਦੀ ਹੈ। ਇਕ ਐਟਮ ਦਾ ਔਸਤਨ ਅਰਧ-ਵਿਆਸ 100 ਪਿਕੋਮੀਟਰ (Picometer) ਹੈ। ਇਹ ਇੰਨਾ ਛੋਟਾ ਮਾਪ ਹੈ ਕਿ ਇਸ ਨੂੰ ਦੇਖਿਆ ਨਹੀਂ ਜਾ ਸਕਦਾ। ਇਸ ਨੂੰ 100 ਮਿਲੀਮੀਟਰ ਵਿਆਸ ਦਾ ਬਿੰਦੂ ਬਣਾਉਣ ਲਈ 1000,000,000 ਨਾਲ ਗੁਣਾ ਕਰਨਾ ਪਵੇਗਾ, ਕਿਉਂਕਿ ਪਿਕੋਮੀਟਰ ਮਿਲੀਮੀਟਰ ਤੋਂ ਇੰਨੇ ਗੁਣਾ ਹੀ ਛੋਟਾ ਹੈ। ਇਸ ਦਾ ਅਰਥ ਹੋਇਆ ਕਿ ਐਟਮ ਮਨੁੱਖੀ ਅੱਖ ਤੋਂ ਸਹੀ 1000 ਕਿਲੋਮੀਟਰ ਦੂਰ ਹੈ। ਇਹ ਦੂਰੀ ਆਮ ਦੂਰੀਆਂ ਵਾਂਗ ਬਾਹਰ ਵਲ ਦੀ (Positive) ਦੂਰੀ ਨਹੀਂ, ਸਗੋਂ ਝਉਲ (Virtual) ਦੂਰੀ ਹੈ, ਜੋ ਦੂਰ ਹੋਣ ਦਾ ਝਉਲਾ ਤਾਂ ਪਾਉਂਦੀ ਹੈ, ਪਰ ਹੁੰਦੀ ਪਦਾਰਥ ਦੇ ਅੰਦਰ ਵਲ (Negative) ਨੂੰ ਹੈ। ਝਉਲੇ ਦੀ ਦੂਰੀ 'ਤੇ ਚਲ ਕੇ ਨਹੀਂ ਜਾਇਆ ਜਾ ਸਕਦਾ, ਸਗੋਂ ਇਸ ਉੱਤੇ ਪਈ ਚੀਜ਼ (Object) ਨੂੰ ਦੇਖਣ ਲਈ ਵੱਡਾ ਕਰਕੇ ਨੇੜੇ ਲਿਆਇਆ ਜਾਂਦਾ ਹੈ। ਇਸ ਦਾ ਭਾਵ ਹੈ ਕਿ ਇਸ ਦੂਰੀ 'ਤੇ ਪਏ ਐਟਮ ਨੂੰ ਦੇਖਣ ਲਈ ਉਸ ਸ਼ਕਤੀ ਦੀ ਮਾਈਕਰੋਸਕੋਪ ਦੀ ਲੋੜ ਪਵੇਗੀ, ਜਿਸ ਸ਼ਕਤੀ ਦੀ ਟੈਲੀਸਕੋਪ 1000 ਕਿਲੋਮੀਟਰ 'ਤੇ ਪਈ 100 ਪਿਕੋਮੀਟਰ ਦੀ ਚੀਜ਼ ਨੂੰ 100 ਮਿਲੀਮੀਟਰ ਦੀ ਕਰ ਕੇ ਦਿਖਾ ਸਕਦੀ ਹੋਵੇ। ਇਹ ਦੂਰੀ ਹੈ ਤਾਂ ਬਹੁਤ, ਪਰ ਅੰਤਿਮ ਨਹੀਂ। ਐਟਮ ਦੇ ਵਿਚਕਾਰ ਪਿਆ ਨਿਊਕਲੀਅਸ ਇਸ ਦੇ ਇਲੈਕਟ੍ਰਾਨ ਤੋਂ 5.29X10X ਕਿਲੋਮੀਟਰ ਭਾਵ 529,000,000 ਝਉਲ (Virtual) ਕਿਲੋਮੀਟਰ ਹੋਰ ਅੱਗੇ ਭਾਵ ਹੋਰ ਡੂੰਘਾਈ ਵਿਚ ਹੈ!

ਗੁਰੂ ਸਾਹਿਬ ਨੇ ਤਾਂ ਇਸ ਪੂਰੇ ਗਿਆਨ ਨੂੰ ਇਸ ਪਉੜੀ ਦੀਆਂ ਸੱਤ ਲਾਈਨਾਂ ਵਿਚ ਵਿਗਿਆਨਕਾਂ ਤੋਂ ਵੀ ਪਹਿਲਾਂ ਸਮਝਾ ਦਿੱਤਾ ਸੀ, ਪਰ ਭਗਤੀ ਭਾਵ ਵਿਚ ਲੀਨ ਆਦਰਸ਼ਵਾਦੀ, ਖਾਸ ਤੌਰ 'ਤੇ ਅਜੋਕੇ ਸਿੱਖ ਵਿਦਵਾਨ ਪੁਜਾਰੀ ਤੇ ਪ੍ਰਚਾਰਕ ਇਸ ਗੱਲ ਨੂੰ ਹੁਣ ਵੀ ਸਮਝਣ ਲਈ ਤਿਆਰ ਨਹੀਂ। ਸਮਝਣ ਵੀ ਕਿਵੇਂ, ਨਾ ਉਨ੍ਹਾਂ ਕੋਲ ਰਿਣਾਤਮਕ ਦੂਰੀ ਦਾ ਸੰਕਲਪ ਹੈ ਤੇ ਨਾ ਇਸ ਨੂੰ ਮਾਪਣ ਦਾ ਸਾਜ਼ੋ-ਸਾਮਾਨ। ਉਹ ਤਾਂ ਪਦਾਰਥ ਨੂੰ ਨਖਿੱਧ ਸਮਝ ਕੇ ਇਸ ਦੇ ਨੇੜੇ ਵੀ ਨਹੀਂ ਜਾਂਦੇ। ਬਾਣੀ ਦੀ ਸਿੱਖਿਆ ਅਨੁਸਾਰ ਉਨ੍ਹਾਂ ਨੂੰ ਕਹਿਣਾ ਤਾਂ ਪੈਂਦਾ ਹੈ ਕਿ ਉਹ ਹਰ ਹਰ ਥਾਂ ਮੌਜੂਦ ਹੈ, ਪਰੰਪਰਾਗਤ ਸੋਚ ਦੇ ਧਾਰਨੀ ਹੋਣ ਕਾਰਨ ਉਹ ਇਸ ਦਾ ਸੱਚ ਨਹੀਂ ਸਮਝ ਸਕਦੇ। ਉਨ੍ਹਾਂ ਦੀ ਪ੍ਰਤੀਬੱਧਤਾ ਅਧਿਆਤਮਵਾਦੀ ਸੋਚ ਨਾਲ ਹੈ, ਗਿਆਨ ਅਤੇ ਸੱਚ ਨਾਲ ਨਹੀਂ। ਪੁਰਾਣੀ ਸੋਚ ਨੂੰ ਤਿਆਗਣਾ ਉਨ੍ਹਾਂ ਲਈ ਆਪਣੇ ਪਰਮਾਤਮਾ ਤੋਂ ਬੇਮੁੱਖ ਹੋਣ ਸਮਾਨ ਹੈ, ਜੋ ਉਨ੍ਹਾਂ ਦੀ ਨੈਤਿਕਤਾ ਨੂੰ ਉੱਕਾ ਪ੍ਰਵਾਨ ਨਹੀਂ। ਵਿਗਿਆਨਕ ਵਿਚਾਰਾਂ ਨੂੰ ਧਾਰਨ ਕਰਨਾ ਉਨ੍ਹਾਂ ਲਈ ਉਂਜ ਵੀ ਘਾਟੇ ਵਾਲਾ ਸੌਦਾ ਹੈ, ਕਿਉਂਕਿ ਧਰਮ ਦੇ ਨਾਂ 'ਤੇ ਉਹ ਵੱਡੇ ਵੱਡੇ ਪੂਜਾ-ਸਥਲ ਬਣਾ ਬੈਠੇ ਹਨ, ਜਿਨ੍ਹਾਂ ਨਾਲ ਆਪਣੇ ਸਵਾਰਥ ਜੋੜ ਬੈਠੇ ਹਨ।

ਇਸ ਲਈ ਅਜੋਕੇ ਸਿੱਖ ਵਿਦਵਾਨ, ਜਿਨ੍ਹਾਂ ਵਿਚ ਪੜ੍ਹੇ ਲਿਖੇ ਵਿਗਿਆਨ ਦੀ ਪੁੱਠ ਵਾਲੇ ਗਿਆਨੀ ਤੇ ਧਾਰਮਿਕ ਬਿਰਤੀ ਦੇ ਵਿਗਿਆਨੀ ਵੀ ਸ਼ਾਮਲ ਹਨ, ਦੂਜੇ ਅਧਿਆਤਮਵਾਦੀਆਂ ਵਾਂਗੂੰ ਇਕ ਬੰਦ ਗਲੀ ਦੇ ਸਿਰੇ 'ਤੇ ਪੁਜੇ ਹੋਏ ਹਨ। ਉਹ ਆਪਣੇ ਯਕੀਨ ਦੇ ਅੰਤਿਮ ਪੜਾਅ 'ਤੇ ਟਿਕ ਚੁਕੇ ਹਨ, ਜਿਥੋਂ ਅੱਗੇ ਕੁਝ ਨਹੀਂ ਦਿਸਦਾ। ਇਸ ਤੋਂ ਅੱਗੇ ਸੋਚ ਵਿਚਾਰ ਤੇ ਬੁੱਧੀ ਦਾ ਰਸਤਾ ਹੈ, ਜਿਸ ਦਾ ਉਨ੍ਹਾਂ ਨੂੰ ਆਪਣੀ ਸਵਾਰਥਾਰਥ ਤੇ ਵਿਸ਼ਵਾਸ-ਪ੍ਰਸਦ ਸਿੱਖਿਆ ਕਾਰਨ ਕੋਈ ਅਭਿਆਸ ਨਹੀਂ। ਇਸੇ ਲਈ ਉਹ ਗੁਰਬਾਣੀ ਦੀਆਂ ਸਪਸ਼ਟ ਤੋਂ ਸਪਸ਼ਟ ਤੁਕਾਂ ਦਾ ਉੱਲਥਾ ਵੀ ਰੁਹਾਨੀ ਅੰਦਾਜ਼ ਵਿਚ ਕਰਦੇ ਹਨ। ਇਸ ਦੀ ਮਿਸਾਲ ਉਨ੍ਹਾਂ ਦੀ ਕੀਤੀ ਅਠੱਤੀਵੀਂ ਪਉੜੀ ਦੀ ਵਿਆਖਿਆ ਹੈ, ਜੋ ਤੁਕਾਂ ਸਹਿਤ ਹੇਠ ਦਰਜ ਹੈ।

ਜਤੁ ਪਾਹਾਰਾ ਧੀਰਜੁ ਸੁਨਿਆਰੁ॥
ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥

*(ਬਾਕੀ ਅਗਲੇ ਸਫੇ 'ਤੇ)*

## ਗੁਰਬਾਣੀ ਗਿਆਨ

# ਤੂ ਸੁਲਤਾਨ ਕਹਾ ਹਉ ਮੀਆ

**ਰਾਗੁ ਬਿਲਾਵਲੁ ਮਹਲਾ ੧**
**ਚਉਪਦੇ ਘਰੁ ੧**

ਤੂ ਸੁਲਤਾਨੁ ਕਹਾ ਹਉ ਮੀਆ
ਤੇਰੀ ਕਵਨ ਵਡਾਈ॥
ਜੋ ਤੂ ਦੇਹਿ ਸੁ ਕਹਾ ਸੁਆਮੀ
ਮੈ ਮੂਰਖ ਕਹਣੁ ਨ ਜਾਈ॥
ਤੇਰੇ ਗੁਣ ਗਾਵਾ ਦੇਹਿ ਬੁਝਾਈ
ਜੈਸੇ ਸਚ ਮਹਿ ਰਹਉ ਰਜਾਈ॥ ਰਹਾਉ॥
ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ
ਤੇਰੀ ਸਭ ਅਸਨਾਈ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ
ਮੈ ਅੰਧੁਲੇ ਕਿਆ ਚਤੁਰਾਈ॥
ਕਿਆ ਹਉ ਕਥੀ ਕਥੇ ਕਥਿ ਦੇਖਾ
ਮੈ ਅਕਥੁ ਨ ਕਥਨਾ ਜਾਈ॥
ਜੋ ਤੁਧੁ ਭਾਵੈ ਸੋਈ ਆਖਾ
ਤਿਲੁ ਤੇਰੀ ਵਡਿਆਈ॥
ਏਤੇ ਕੂਕਰ ਹਉ ਬੇਗਾਨਾ
ਭਉਕਾ ਇਸੁ ਤਨ ਤਾਈ॥
ਭਗਤਿ ਹੀਣੁ ਨਾਨਕੁ ਜੇ ਹੋਇਗਾ
ਤਾਂ ਖਸਮੈ ਨਾਉ ਨ ਜਾਈ॥

ਗੁਰੂ ਨਾਨਕ ਪਾਤਸ਼ਾਹ ਪ੍ਰਭੂ ਨਾਲ ਓਤ-ਪੋਤ ਹੋਏ ਇਸ ਪਿਆਰੇ ਸ਼ਬਦ ਵਿਚ ਕਹਿੰਦੇ ਹਨ, ਹੇ ਮੇਰੇ ਮਿਹਰਬਾਨ ਪ੍ਰਭੂ ਜੀਉ, ਤੂ ਤਾਂ ਸੁਲਤਾਨ ਭਾਵ ਬਾਦਸ਼ਾਹ ਹੈਂ, ਪਰ ਮੈਂ ਤੈਨੂੰ ਮੀਆਂ ਪਿਆ ਆਖਦਾ ਹਾਂ। ਪ੍ਰਭ ਜੀ, ਮੈਨੂੰ ਤੇਰੀ ਵਡਿਆਈ ਕਰਨੀ ਆਉਂਦੀ ਹੀ ਨਹੀਂ ਹੈ। ਹੇ ਜਗਤ ਦੇ ਮਾਲਕ ਸੁਆਮੀ, ਜਿੰਨੀ ਕੁ ਸੂਝ ਤੂੰ ਦਿੰਦਾ ਹੈ, ਉਤਨੇ ਕੁ ਤੇਰੇ ਗੁਣ ਆਖ ਲੈਂਦਾ ਹਾਂ। ਮੈਂ ਮੂਰਖ ਤੇਰੇ ਗੁਣ ਬਿਆਨ ਨਹੀਂ ਕਰ ਸਕਦਾ।

ਤੇਰੇ ਗੁਣ ਗਾਵਾ ਦੇਹਿ ਬੁਝਾਈ॥
ਜੈਸੇ ਸਚ ਮਹਿ ਰਹਉ ਰਜਾਈ॥ਰਹਾਉ॥

ਰਹਾਉ ਦੀ ਪੰਕਤੀ ਵਿਚ ਸਤਿਗੁਰੂ ਪਿਤਾ ਬਖਸ਼ਿਸ਼ ਕਰਦੇ ਹਨ, ਹੇ ਮਿਹਰਬਾਨ ਪ੍ਰਭੂ ਜੀ! ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਮੈਨੂੰ ਇੰਨੀ ਕੁ ਸਮਝ ਦੇ ਦੇਹ ਕਿ ਮੈਂ ਤੇਰੀ ਸਿਫਤ ਸਾਲਾਹ ਦੇ ਗੁਣ ਗਾ ਸਕਾਂ ਅਤੇ ਤੇਰੀ ਸਿਫਤ ਸਾਲਾਹ ਦੀ ਰਹਿਮਤ ਨਾਲ ਤੇਰੇ ਨਾਮ ਦੀ ਵਡਿਆਈ ਕਰਦਾ ਰਹਾਂ। ਪ੍ਰਭੂ! ਮੇਰੇ 'ਤੇ ਮਿਹਰ ਕਰੋ ਤਾਂ ਕਿ ਮੈਂ ਸਦਾ ਹੀ ਤੇਰੀ ਰਜ਼ਾ ਵਿਚ ਰਹਿ ਕੇ ਤੇਰੇ ਗੁਣ ਗਾਵਾਂ ਅਤੇ ਤੇਰੇ ਚਰਨਾਂ ਨਾਲ ਜੁੜਿਆ ਰਹਾਂ।

ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ
ਤੇਰੀ ਸਭ ਅਸਨਾਈ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ
ਮੈ ਅੰਧੁਲੇ ਕਿਆ ਚਤੁਰਾਈ॥

ਸਤਿਗੁਰੂ ਨਾਨਕ ਇਨ੍ਹਾਂ ਪੰਕਤੀਆਂ ਵਿਚ ਆਖਦੇ ਨੇ, ਇਹ ਜਿੰਨਾ ਜਗਤ ਸੰਸਾਰ ਬਣਿਆ ਹੋਇਆ ਹੈ, ਮਿਹਰਬਾਨ ਪ੍ਰਭੂ! ਸਾਰਾ ਤੈਥੋਂ ਹੀ ਤਾਂ ਬਣਿਆ ਹੈ, ਤੇਰੀ ਹੀ ਮਹਾਨਤਾ ਹੈ। ਹੇ ਸਾਹਿਬ ਜੀ, ਮੈਂ ਤੇਰੇ ਗੁਣਾਂ ਦਾ ਅੰਤ ਨਹੀਂ ਜਾਣ ਸਕਦਾ। ਮੈ ਤਾਂ ਅੰਨ੍ਹਾ ਹਾਂ, ਤੁੱਛ ਅਕਲ ਹਾਂ ਜੀ; ਮੇਰੇ ਵਿਚ ਤਾਂ ਕੋਈ ਵੀ ਚਤੁਰਾਈ ਜਾਂ ਸਿਆਣਪ ਨਹੀਂ ਹੈ ਕਿ ਮੈਂ ਤੇਰੇ ਗੁਣਾਂ ਦਾ ਅੰਤ ਜਾਣ ਸਕਾਂ।

ਕਿਆ ਹਉ ਕਥੀ ਕਥੇ ਕਥਿ ਦੇਖਾਂ
ਮੈ ਅਕਥੁ ਨ ਕਥਨਾ ਜਾਈ॥
ਜੋ ਤੁਧੁ ਭਾਵੈ ਸੋਈ ਆਖਾ
ਤਿਲੁ ਤੇਰੀ ਵਡਿਆਈ॥

ਸਤਿਗੁਰੂ ਪਿਤਾ ਜੀ ਕਿੰਨਾ ਸੋਹਣਾ ਵਰਣਨ ਕਰਦੇ ਆਖਦੇ ਹਨ, ਹੇ ਮਿਹਰਬਾਨ ਪ੍ਰਭੂ! ਮੈਂ ਤੇਰੇ ਗੁਣ ਬਿਲਕੁਲ ਬਿਆਨ ਨਹੀਂ ਕਰ ਸਕਦਾ, ਤੇਰੇ ਗੁਣ ਆਖ ਆਖ ਕੇ ਜਦੋਂ ਮੈਂ ਦੇਖਦਾ ਹਾਂ ਤਾਂ ਮੈਨੂੰ ਸਮਝ ਆਉਂਦੀ ਹੈ ਕਿ ਤੇਰਾ ਸਰੂਪ ਤਾਂ ਬਿਆਨ ਕਰਨ ਤੋਂ ਪਰੇ ਹੈ। ਮੈਂ ਬਿਆਨ ਕਰਨ ਜੋਗਾ ਹੀ ਨਹੀਂ ਹਾਂ। ਹੇ ਮਿਹਰਬਾਨ ਪਿਤਾ, ਤੇਰੀ ਰਤਾ ਮਾਤਰ ਵਡਿਆਈ, ਜੋ ਮੈਂ ਆਖਦਾ ਹਾਂ, ਉਹੀ ਆਖਦਾ ਹਾਂ, ਜਿੰਨੀ ਕੁ ਤੂੰ ਸਮਰੱਥਾ ਦਿੰਦਾ ਹੈ।

ਏਤੇ ਕੂਕਰ ਹਉ ਬੇਗਾਨਾ
ਭਉਕਾ ਇਸੁ ਤਨ ਤਾਈ॥
ਭਗਤਿ ਹੀਣੁ ਨਾਨਕੁ ਜੇ ਹੋਇਗਾ
ਤਾਂ ਖਸਮੈ ਨਾਉ ਨ ਜਾਈ॥

ਸਤਿਗੁਰੂ ਜੀ ਦ੍ਰਿਸ਼ਟਾਂਤ ਦਿੰਦੇ ਆਖਦੇ ਹਨ, ਹੇ ਪ੍ਰਭੂ ਜੀ! ਜਗਤ ਵਿਚ ਕਾਮਾਦਿਕ ਅਨੇਕਾਂ ਹੀ ਕੁੱਤੇ ਹਨ ਅਤੇ ਮੈਂ ਇਨ੍ਹਾਂ ਵਿਚ ਬੇਗਾਨਾ ਭਾਵ ਓਪਰਾ ਆ ਫਸਿਆ ਹਾਂ। ਮੈਂ ਜਿੰਨੀ ਕੁ ਤੇਰੀ ਕੀਰਤੀ ਕਰਦਾ ਹਾਂ, ਉਹ ਵੀ ਆਪਣੇ ਇਸ ਸਰੀਰ ਨੂੰ ਕਾਮਾਦਿਕ ਕੁੱਤਿਆਂ ਤੋਂ ਬਚਾਉਣ ਲਈ ਹੀ ਭੌਂਕਦਾ ਹਾਂ, ਜਿਵੇਂ ਓਪਰਾ ਕੁੱਤਾ ਵੈਰੀ ਕੁੱਤਿਆਂ ਤੋਂ ਆਪਣੇ ਬਚਾਉ ਲਈ ਭੌਂਕਦਾ ਹੈ, ਮੈਨੂੰ ਇਹ ਧਰਵਾਸ ਹੈ ਕਿ ਜੇ ਤੇਰਾ ਦਾਸ ਨਾਨਕ ਭਗਤੀ ਤੋਂ ਸੱਖਣਾ ਹੈ ਤਾਂ ਵੀ ਤੂੰ ਮੇਰੇ ਸਿਰ 'ਤੇ ਖਸਮ ਹੈਂ; ਤੇਰੀ ਇਹ ਵਡਿਆਈ ਹੈ ਕਿ ਤੂੰ ਸ਼ਰਨ ਆਏ ਦੀ ਮਦਦ ਕਰਦਾ ਆਇਆ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਸਿੱਖ ਤੇ ਸਿੱਖ ਧਰਮ ਵਿਚ ਆਏ ਨਿਘਾਰ ਅਤੇ ਸਿੱਖ ਵਿਦਵਾਨ

## ਪ੍ਰਤੀਕਰਮ

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

***ਸਿੱਖ ਅਤੇ ਸਿੱਖ ਧਰਮ ਵਿਚ ਆਏ ਨਿਘਾਰ ਦਾ ਸਿੱਖ ਵਿਦਵਾਨ ਇੰਨਾ ਨੋਟਿਸ ਨਹੀਂ ਲੈਂਦੇ। ਉਹ ਸਿੱਖ ਅਤੇ ਸਿੱਖ ਧਰਮ ਨੂੰ ਬੇਲੋੜੇ ਅਤੇ ਗਲਤ ਦਿਸ਼ਾਵਾਂ ਵੱਲ ਲਿਜਾ ਰਹੀਆਂ ਧਾਰਮਿਕ ਪ੍ਰਵਿਰਤੀਆਂ ਦਾ ਨਾ ਹੀ ਨੋਟਿਸ ਲੈਂਦੇ ਹਨ, ਨਾ ਹੀ ਵਿਰੋਧ ਵਿਚ ਕੋਈ ਮੁਹਿੰਮ ਬਣਾਉਂਦੇ ਹਨ। ਸ਼ਾਇਦ ਅਜਿਹਾ ਕਰਨ ਲੱਗਿਆਂ ਉਨ੍ਹਾਂ ਨੂੰ ਕਿਸੇ ਹੱਦ ਤੱਕ ਧਰਮ ਦਾ ਡਰ ਵੀ ਲੱਗਦਾ ਹੈ।***

'ਪੰਜਾਬ ਟਾਈਮਜ਼' ਦੇ 31 ਅਕਤੂਬਰ ਦੇ ਅੰਕ ਵਿਚ ਡਾ. ਗੁਰਨਾਮ ਕੌਰ ਕੈਨੇਡਾ ਨੇ ਮੇਰੇ ਵੱਲੋਂ 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ' ਬਾਰੇ ਪ੍ਰਤੀਕਰਮ ਦਾ ਉੱਤਰ ਦਿੰਦਿਆਂ ਕਿਹਾ ਹੈ, "ਕਿਸੇ ਨੇ ਕਿਵੇਂ ਸੋਚਣਾ ਹੈ ਜਾਂ ਕਿਸ ਗੱਲ ਨੂੰ ਕਿਵੇਂ ਲੈਣਾ ਹੈ, ਪਰਸੀਵ ਕਰਨਾ ਹੈ, ਆਪੋ ਆਪਣੀ ਸਮਝ ਹੈ।" ਜੇ ਡਾ. ਗੁਰਨਾਮ ਕੌਰ ਇਹ ਵਿਚਾਰ ਰੱਖਦੇ ਹਨ ਤਾਂ ਫਿਰ ਸਾਨੂੰ ਅਜਿਹੇ ਲੇਖ ਲਿਖਣ ਦੀ ਲੋੜ ਹੀ ਕਿਉਂ ਹੈ? ਜਦੋਂ ਕਿ ਲੇਖਕ ਨੂੰ ਪਹਿਲਾਂ ਹੀ ਪਤਾ ਹੈ ਕਿ ਹਰ ਇਕ ਵਿਅਕਤੀ ਦੇ ਸੋਚਣ ਦਾ ਢੰਗ ਨਿੱਜੀ ਹੁੰਦਾ ਹੈ। ਸੋ ਇਹ ਕੁਦਰਤੀ ਹੈ ਕਿ ਹਰ ਇਕ ਉਸ ਨਾਲ ਸਹਿਮਤ ਨਹੀਂ ਹੋਏਗਾ।

ਉਹ ਇਹ ਵੀ ਲਿਖਦੇ ਹਨ ਕਿ ਉਨ੍ਹਾਂ ਨੇ ਗੁਰੂ ਨਾਨਕ ਦੇ ਖੇਤਾਂ ਵਿਚ ਕੰਮ ਕਰਨ ਦੀ ਗੱਲ ਕਰਕੇ ਗੁਰੂ ਨਾਨਕ ਨੂੰ ਕਰਾਮਾਤੀ ਨਹੀਂ ਸਿੱਧ ਕੀਤਾ। ਸ਼ਾਇਦ ਉਹ ਮੇਰੇ ਕਹਿਣ ਦੇ ਭਾਵ ਨੂੰ ਨਹੀਂ ਸਮਝੇ। ਗੁਰੂ ਨਾਨਕ ਦੇ ਖੇਤਾਂ ਵਿਚ ਕੰਮ ਕਰਨ ਵਿਚ ਕਰਾਮਾਤ ਵਾਲੀ ਗੱਲ ਨਹੀਂ, ਪਰ ਇਹ ਗੱਲ ਵੀ ਕਰਾਮਾਤ ਤੋਂ ਘੱਟ ਨਹੀਂ ਕਿ ਗੁਰੂ ਸਾਹਿਬ ਨੇ 17-18 ਸਾਲ ਹੱਥੀਂ ਕਿਰਸਾਨੀ ਕਰਦਿਆਂ ਸੰਗਤੀ ਰੂਪ ਵਿਚ ਇਕੱਠੇ ਹੋ ਕੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ? ਮੇਰੇ ਵਿਚਾਰ ਅਨੁਸਾਰ ਗੁਰੂ ਨਾਨਕ ਨੇ ਆਪਣੇ ਸੰਪਰਕ ਵਿਚ ਆਏ ਹਰ ਵਿਅਕਤੀ ਨੂੰ ਆਪਣੇ ਕਾਰਜ ਪ੍ਰਤੀ ਸਮਰਪਣ ਅਤੇ ਆਪਣੇ ਰੋਜ਼ਾਨਾ ਜੀਵਨ ਵਿਚ ਸਥਾਪਤ ਕੀਤੇ ਉੱਚੇ ਤੇ ਸੁੱਚੇ ਆਚਰਨ ਨਾਲ ਅਜਿਹਾ ਪ੍ਰਭਾਵਿਤ ਕੀਤਾ ਕਿ ਉਹ ਵਿਅਕਤੀ ਉਨ੍ਹਾਂ ਦਾ ਅਟੁੱਟ ਮੁਰੀਦ (ਸਿੱਖ) ਬਣ ਗਿਆ। ਗੁਰੂ ਸਾਹਿਬ ਨੇ ਲੋਕਾਂ ਨੂੰ ਹਿੰਦੂ ਤੇ ਹੋਰਨਾਂ ਧਰਮਾਂ ਵਿਚ ਪ੍ਰਚਲਿਤ ਤੋਤਿਆਂ ਵਾਂਗ 'ਰਾਮ-ਰਾਮ ਜਾਂ ਅੱਲਾ-ਅੱਲਾ ਦੀ ਰੱਟ ਲਾਉਣੀ ਅਤੇ ਦੁਨਿਆਵੀ ਫਰਜ਼ ਅੱਧੇ-ਅਧੂਰੇ ਨਿਭਾਉਣ' ਜਿਹੇ ਆਚਰਨ ਤੋਂ ਵਰਜਿਤ ਕੀਤਾ; ਲੋਕਾਂ ਨੂੰ ਧਾਰਮਿਕ ਦੁਬਿਧਾ ਤੋਂ ਮੁਕਤੀ ਦਿਵਾਈ ਅਤੇ ਬੜਾ ਸੁਖਾਲਾ ਤੇ ਤਰਕਪੂਰਨ ਮਾਰਗ ਸੁਝਾਇਆ, ਜਿਸ 'ਤੇ ਚੱਲ ਕੇ ਉਸ ਦਾ ਹਰ ਸਿੱਖ ਆਪਣੀ ਹਯਾਤੀ 'ਚ ਸਵਰਗ ਤੋਂ ਵੀ ਉੱਚੇ ਮੁਕਾਮ ਪ੍ਰਾਪਤ ਕਰ ਸਕਦਾ ਹੈ।

ਹਰ ਸਿੱਖ ਵਿਦਵਾਨ, ਭਾਵੇਂ ਕਿਸੇ ਵੀ ਵਿਸ਼ੇ 'ਤੇ ਲਿਖੇ, ਗੁਰਬਾਣੀ ਦੀਆਂ ਮਿਸਾਲਾਂ ਦੀ ਇੰਨੀ ਭਰਮਾਰ ਹੁੰਦੀ ਹੈ ਅਤੇ ਇੰਨੇ ਵੱਡੇ ਤੇ ਭਾਰੀ ਭਰਕਮ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੁੰਦਾ ਹੈ, ਜੋ ਹਰ ਆਮ ਸਿੱਖ ਦੇ ਉਪਰੋਂ ਦੀ ਲੰਘ ਜਾਂਦੇ ਹਨ। ਕੀ ਉਹ ਇਹ ਨਹੀਂ ਸਮਝਦੇ ਕਿ ਜੇ ਸਿੱਖ ਇੰਨਾ ਗਿਆਨਵਾਨ ਹੁੰਦਾ ਤਾਂ ਕੀ ਸਿੱਖ ਅਤੇ ਸਿੱਖ ਧਰਮ ਵਿਚ ਇੰਨਾ ਨਿਘਾਰ ਸੰਭਵ ਸੀ? ਗੁਰੂ ਨਾਨਕ ਨੇ ਆਪਣੇ ਕਾਰਜ ਆਪਣੇ ਹੱਥੀ ਸੰਵਾਰਨ ਦੀ ਗੱਲ ਕੀਤੀ ਹੈ, ਪਰ ਅੱਜ ਦਾ ਸਿੱਖ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਤੋਂ ਅਰਦਾਸ ਕਰਵਾ ਕੇ ਆਪਣੇ ਸਾਰੇ ਕਾਰਜ ਰਾਸ ਕਰਾਉਣ ਦਾ ਆਦੀ ਹੋ ਗਿਆ ਹੈ। ਉਹ ਘਰੇ ਬੈਠ ਕੇ ਗਿਣਤੀ-ਮਿਣਤੀ ਵਾਲੇ ਪਾਠ ਕਰਕੇ ਕਾਰਜ ਰਾਸ ਕਰਾਉਣ ਵਾਲੀ ਵਿਧੀ ਨੂੰ ਤਰਜੀਹ ਦੇਣ ਲੱਗ ਪਿਆ ਹੈ। ਕਿਸੇ ਵੀ ਧਾਰਮਿਕ ਜਾਂ ਸਮਾਜਕ ਵਿਸ਼ੇ 'ਤੇ 99% ਸਿੱਖ ਆਪਣੇ ਨਿੱਜੀ ਵਿਚਾਰ ਨਹੀਂ ਰੱਖਦੇ, ਉਹ ਕਿਸੇ ਹੋਰ ਵੱਲੋਂ ਭੇਜੇ ਫੇਸਬੁੱਕ ਜਾਂ ਵੱਟ'ਸ ਐਪ ਮੈਸੇਜ ਨੂੰ ਸ਼ੇਅਰ ਜਾਂ ਫਾਰਵਰਡ ਹੀ ਕਰਦੇ ਹਨ। ਕਈ ਤਾਂ ਇਨ੍ਹਾਂ ਵੱਟ'ਸ ਐਪ ਯੂਨੀਵਰਸਿਟੀਆਂ ਤੋਂ ਇੰਨੇ ਉਚ ਸਿੱਖਿਅਤ ਹੋ ਗਏ ਹਨ ਕਿ ਉਹ ਕਿਸੇ ਬਾਰੇ ਮਾੜਾ ਬੋਲਣ ਲੱਗਿਆਂ ਮਿੰਟ ਨਹੀਂ ਲਾਉਂਦੇ।

ਪਿਛਲੇ ਦਿਨੀਂ ਨਿਊ ਯਾਰਕ ਦੇ ਪੰਜਾਬੀ ਬਹੁਲ ਖੇਤਰ ਰਿਚਮੰਡ ਹਿੱਲ ਵਿਚੋਂ ਲੰਘਦੇ 101 ਐਵੇਨਿਊ ਦੇ 111 ਸਟਰੀਟ ਤੋਂ 123 ਸਟਰੀਟ ਤੱਕ ਦੇ ਰਸਤੇ ਦਾ ਸਾਂਝਾ ਨਾਮ 'ਪੰਜਾਬ ਐਵੇਨਿਊ' ਰੱਖਿਆ ਗਿਆ। ਸਿਟੀ ਪ੍ਰਬੰਧਨ ਨੇ ਤਾਂ ਆਪਣੀ ਗਿਣਤੀ-ਮਿਣਤੀ ਕਰਕੇ ਪੰਜਾਬੀਆਂ ਨੂੰ ਪਛਾਣ ਦਿੰਦਾ ਨਾਮ ਰੱਖ ਦਿੱਤਾ। ਇਸ ਦੀ ਵੱਡੀ ਪੱਧਰ 'ਤੇ ਸਿੱਖਾਂ ਅਤੇ ਸਿੱਖਾਂ ਦੀਆਂ ਪ੍ਰਤੀਨਿਧੀ ਸੰਸਥਾਵਾਂ ਨੇ ਸ਼ਲਾਘਾ ਕੀਤੀ; ਪਰ ਇਸ ਪੰਜਾਬ ਐਵੇਨਿਊ ਵਾਲੇ ਰਸਤੇ 'ਤੇ ਸ਼ਾਮ ਪੈਂਦੇ ਹੀ ਸਿੱਖ ਧਰਮ ਅਤੇ ਸਿੱਖਾਂ ਦੇ ਵਾਰਿਸ ਨੌਜਵਾਨ ਪੰਜਾਬੀਆਂ ਦਾ ਜੋ ਬਦਸੂਰਤ ਚਿਹਰਾ ਦਿੱਸਦਾ ਹੈ, ਇਹ ਬਹੁਤੇ ਸਿਆਣੇ ਸਿੱਖਾਂ ਲਈ ਚਿੰਤਾ ਦਾ ਵਿਸ਼ਾ ਹੈ। ਕੀ ਇਹ ਸਭ ਸਿੱਖ ਧਰਮ ਅਤੇ ਸਮਾਜ ਅੰਦਰ ਮੌਜੂਦ ਕੁਪ੍ਰਬੰਧਨ ਦਾ ਨਤੀਜਾ ਨਹੀਂ ਹੈ? ਇਹ ਸਿੱਖਾਂ ਦੇ ਸਦਾਚਾਰ ਦੇ ਪੱਖੋਂ ਆਈ ਗਿਰਾਵਟ ਦੀ ਵੀ ਨਿਸ਼ਾਨਦੇਹੀ ਕਰਦਾ ਹੈ।

ਸਿੱਖ ਅਤੇ ਸਿੱਖ ਧਰਮ ਵਿਚ ਆਏ ਨਿਘਾਰ ਦਾ ਸਿੱਖ ਵਿਦਵਾਨ ਇੰਨਾ ਨੋਟਿਸ ਨਹੀਂ ਲੈਂਦੇ। ਉਹ ਸਿੱਖ ਧਰਮ ਦੀ ਮੁਢਲੀ ਇਕਾਈ ਤੇ ਆਧਾਰ, ਆਮ ਸਿੱਖ ਦੀ ਮੌਜੂਦਾ ਮਾਨਸਿਕ, ਸਮਾਜਕ ਅਤੇ ਆਰਥਕ ਹਾਲਾਤ ਤੇ ਹਾਲਤਾਂ ਦਾ ਜਾਇਜਾ ਨਹੀਂ ਲੈਂਦੇ! ਉਹ ਸਿੱਖ ਅਤੇ ਸਿੱਖ ਧਰਮ ਨੂੰ ਬੇਲੋੜੇ ਅਤੇ ਗਲਤ ਦਿਸ਼ਾਵਾਂ ਵੱਲ ਲਿਜਾ ਰਹੀਆਂ ਧਾਰਮਿਕ ਪ੍ਰਵਿਰਤੀਆਂ ਦਾ ਨਾ ਹੀ ਨੋਟਿਸ ਲੈਂਦੇ ਹਨ, ਨਾ ਹੀ ਵਿਰੋਧ ਵਿਚ ਕੋਈ ਮੁਹਿੰਮ ਬਣਾਉਂਦੇ ਹਨ। ਸ਼ਾਇਦ ਅਜਿਹਾ ਕਰਨ ਲੱਗਿਆਂ ਉਨ੍ਹਾਂ ਨੂੰ ਕਿਸੇ ਹੱਦ ਤੱਕ ਧਰਮ ਦਾ ਡਰ ਵੀ ਲੱਗਦਾ ਹੈ। ਉਹ ਇਹ ਕਿਉਂ ਭੁੱਲ ਜਾਂਦੇ ਹਨ ਕਿ ਸਿੱਖ ਧਰਮ ਦੇ ਰਹਿਬਰ ਗੁਰੂ ਨਾਨਕ ਨੇ ਵੀ ਆਪਣੇ ਵੇਲੇ ਦੇ ਸਥਾਪਿਤ ਤੇ ਮਜ਼ਬੂਤ ਧਰਮਾਂ ਦੀਆਂ ਆਮ ਮਨੁੱਖ ਨੂੰ ਦੁਖੀ ਤੇ ਦਾਸ ਬਣਾਉਂਦੀਆ ਰਸਮਾਂ ਵਿਰੁਧ ਅਵਾਜ਼ ਉਠਾਈ ਅਤੇ ਕਿਸੇ ਵੀ ਧਰਮ ਦੇ ਦੇਵੀ ਜਾਂ ਦੇਵਤੇ ਦੇ ਸ਼ਰਾਪ ਦੀ ਪ੍ਰਵਾਹ ਨਹੀਂ ਕੀਤੀ। ਨਾ ਹੀ ਕਿਸੇ ਦੇਵਤੇ ਜਾਂ ਦੇਵੀ ਨੇ ਕੋਈ ਸ਼ਰਾਪ ਦਿੱਤਾ ਸੀ। ਗੁਰੂ ਨਾਨਕ ਅਨੁਸਾਰ ਧਰਮ ਇਨਸਾਨ ਨੂੰ ਡਰਾਉਣ, ਧਮਕਾਉਣ ਜਾਂ ਦਾਸ ਬਣਾਉਣ ਦਾ ਵਿਸ਼ਾ ਨਹੀਂ, ਸਗੋਂ ਸਮੂਹਿਕ ਤੌਰ 'ਤੇ ਕਰਤੇ ਵੱਲੋਂ ਦਿੱਤੀਆਂ ਅਨੰਤ ਅਨੰਦਿਤ ਕਰਨ ਵਾਲੀਆਂ ਵਿਧੀਆਂ ਤੇ ਵਸਤਾਂ ਨੂੰ ਸਦਾਚਾਰ ਵਿਚ ਰਹਿੰਦਿਆਂ ਭੋਗ ਕਰਨ ਦੀ ਵਿਧੀ ਹੈ।

ਰਵਿੰਦਰ ਸਿੰਘ ਸੋਢੀ ਦਾ 'ਗੁਰੂ ਘਰਾਂ ਵਿਚ ਚੱਲਦੇ ਡਾਂਗ ਸੋਟੇ' ਬਾਰੇ ਲੇਖ ਗੁਰੂ ਘਰਾਂ ਨੂੰ ਜਾਣ ਵਾਲੇ ਸਿੱਖਾਂ ਲਈ ਇਕ ਆਤਮ ਚਿੰਤਨ ਦਾ ਵਿਸ਼ਾ ਹੈ। ਉਨ੍ਹਾਂ ਦਾ ਇਹ ਕਥਨ ਬਹੁਤ ਦਰੁਸਤ ਹੈ ਕਿ ਧਾਰਮਿਕ ਸਥਾਨ ਉਥੇ ਸ਼ਰਧਾਵੱਸ ਜਾਣ ਵਾਲਿਆਂ ਲਈ ਰੱਬ ਦਾ ਘਰ ਤੇ ਇਬਾਦਤ ਦਾ ਸਥਾਨ ਹੁੰਦਾ ਹੈ। ਅਫਸੋਸ ਦੀ ਗੱਲ ਹੈ ਕਿ ਅਗਾਂਹ ਵਧੂ ਦੇਸ਼ਾਂ ਵਿਚ ਰਹਿਣ ਵਾਲੇ ਕਥਿਤ ਅਗਾਂਹਵਧੂ, ਪਰ ਜੰਗਾਲੀ ਸੋਚ ਤੇ ਫਿਤਰਤ ਵਾਲੇ ਇਨ੍ਹਾਂ ਲੀਡਰਾਂ ਜਾਂ ਘੜੰਮ ਚੌਧਰੀਆਂ ਦੀਆਂ ਅਜਿਹੀਆਂ ਹਿਕਾਰਤ ਭਰੀਆਂ ਹਰਕਤਾਂ ਦਾ ਗੁਰੂ ਘਰ ਜਾਣ ਵਾਲੇ ਸਿੱਖ ਕਦੋਂ ਨੋਟਿਸ ਲੈਣਗੇ ਅਤੇ ਇਨ੍ਹਾਂ ਤੋਂ ਛੁਟਕਾਰੇ ਬਾਰੇ ਕੁਝ ਸੋਚਣਗੇ ਜਾਂ ਫਿਰ ਰੱਬੀ ਕਰੋਪ ਤੋਂ ਡਰਦੇ ਇਹ ਸਭ ਹਰਕਤਾਂ ਨੂੰ ਵੀ ਰੱਬੀ ਭਾਣਾ ਮੰਨ ਕੇ ਸਬਰ ਕਰ ਲੈਣਗੇ? ਹਾਕਮ ਸਿੰਘ ਦਾ ਲੇਖ 'ਸਿੱਖ ਧਰਮ ਵਿਚ ਪਰਸਪਰ ਵਿਰੋਧ ਕਿਉਂ ਹੈ' ਬਹੁਤ ਹੀ ਅਰਥ ਪੂਰਕ ਹੈ, ਪਰ ਜੇ ਸਿੱਖ ਇਸ ਵਿਚ ਬਿਆਨੇ ਤੱਥਾਂ 'ਤੇ ਗਹੁ ਨਾਲ ਵਿਚਾਰ ਕਰਨ। ਇਸ ਵਿਚ ਲੇਖਕ ਨੇ ਸੰਖੇਪ ਵਿਚ ਬਹੁਤ ਕੁਝ ਕਿਹਾ ਹੈ। ਲੋੜ ਹੈ, ਇਨ੍ਹਾਂ 'ਤੇ ਖੁਲ੍ਹੇ ਦਿਮਾਗ ਨਾਲ ਨਿਰਭਉ ਹੋ ਕੇ ਵਿਚਾਰ ਕਰਨ ਦੀ।

ਅੰਤਿਕਾ ਪਰ ਅੰਤ ਨਹੀਂ। ਇਸ ਵੇਲੇ ਉਨ੍ਹਾਂ ਸਿੱਖਾਂ ਨੂੰ, ਜੋ ਸਿੱਖ ਧਰਮ ਨੂੰ ਅਸਲ ਸਰੂਪ ਵਿਚ ਪ੍ਰਫੁਲਤ ਤੇ ਸੰਸਾਰ ਵਿਚ ਵਿਸਤਾਰ ਕਰਦਾ ਵੇਖਣਾ ਲੋਚਦੇ ਹਨ, ਉਨ੍ਹਾਂ ਨੂੰ ਇਸ ਨੁਕਤੇ 'ਤੇ ਵੀ ਵਿਚਾਰ ਕਰਨਾ ਬਣਦਾ ਹੈ ਕਿ 'ਪੰਜਾਬ ਟਾਈਮਜ਼' ਜਿਹੇ ਵਿਰਵੇ ਤੇ ਨਿਰਭਉ ਪਲੈਟਫਾਰਮ ਨੂੰ ਕਿਵੇਂ ਵਧੇਰੇ ਮਜ਼ਬੂਤ ਤੇ ਵੱਡਾ ਬਣਾਇਆ ਜਾ ਸਕੇ। ਇਹ ਬਹੁਤ ਜ਼ਰੂਰੀ ਹੈ, ਕਿਉਂਕਿ ਹੋਰ ਦੂਜਾ ਵਿਕਲਪ ਨਹੀਂ ਹੈ। ਨਾ ਹੀ ਕਿਸੇ ਦੀ ਐਨੀ ਦੂਰ ਦ੍ਰਿਸ਼ਟੀ ਹੈ, ਨਾ ਹੀ ਜਿਗਰਾ, ਜੋ ਸਿੱਖ, ਸਿੱਖ ਧਰਮ, ਪੰਜਾਬ ਅਤੇ ਪੰਜਾਬੀਅਤ ਨੂੰ ਦਰਪੇਸ਼ ਸਮੱਸਿਆਵਾਂ ਨੂੰ ਇੰਨੇ ਬੇਲਾਗ ਢੰਗ ਨਾਲ ਪੇਸ਼ ਕਰ ਸਕੇ। ਇਸ ਵਿਸ਼ੇ 'ਤੇ ਵੀ ਗੱਲ ਹੋਣੀ ਬਣਦੀ ਹੈ, ਕਿਉਂਕਿ ਇਹ ਪ੍ਰਚਾਰ ਦਾ ਯੁਗ ਹੈ।

# ਜਤੁ ਪਾਹਾਰਾ ਧੀਰਜੁ ਸੁਨਿਆਰੁ

***(ਪਿਛਲੇ ਸਫੇ ਦੀ ਬਾਕੀ)***

ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥
ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥੩੮॥

ਇਸ ਪਉੜੀ ਵਿਚ ਗੁਰੂ ਸਾਹਿਬ ਇਕ ਸਿੱਧੀ ਗੱਲ ਫੁਰਮਾਉਂਦੇ ਹਨ। ਉਹ ਕਹਿੰਦੇ ਹਨ ਕਿ ਜਦੋਂ ਮਨੁੱਖ ਸੋਨਾ ਧਾਤੂ ਢਾਲਣ ਤੇ ਗਹਿਣੇ ਘੜਨ ਵਾਲੇ ਸੁਨਿਆਰੇ ਵਾਂਗ ਅਜਿਹਾ ਧੀਰਜਵਾਨ ਕਾਰੀਗਰ ਬਣੇਗਾ, ਜਿਸ ਕੋਲ ਜੀਵਨ ਦੀ ਪਲੇਠੀ ਸ਼ਕਤੀ ਨੂੰ ਵਰਤਣ ਦਾ ਕਾਰਖਾਨਾ (ਪਾਹਾਰਾ) ਹੋਵੇ, ਵਿਵੇਕ ਬੁੱਧੀ ਦੀ ਅਹਿਰਣ (Anvil) ਹੋਵੇ, ਗਿਆਨ ਭਾਵ ਵਿਦਿਆ-ਸਿਖਲਾਈ ਦੇ ਔਜ਼ਾਰ ਹੋਣ, ਡਰ-ਜਬਤ ਰੂਪੀ ਖਲਾ ਭਾਵ ਹਵਾ ਦੇਣ ਵਾਲੀ ਖੱਲ ਦੀ ਧੌਂਕਣੀ (Billows) ਹੋਵੇ, ਆਪਣੇ ਦ੍ਰਿੜ ਆਸ਼ਾਵਾਦੀ ਇਰਾਦੇ ਦੀ ਲਗਨ ਰੂਪੀ ਅਗਨ ਹੋਵੇ, ਭਾਉ ਭਾਵ ਕਿਰਤ ਦੀ ਕਦਰ ਰੂਪੀ ਕੁਠਾਰੀ ਭਾਵ ਤੇਜ ਤਾਪ ਤੇ ਪਿਘਲਾਉਣ ਵਾਲਾ ਭਾਂਡਾ ਹੋਵੇ, ਜਿਸ ਵਿਚ ਉਹ ਸ਼ੁੱਧ ਪਦਾਰਥ ਢਾਲ ਕੇ ਤਤਆਤਮਿਕ ਨਿਰੋਲ ਵਸਤ ਕੱਢਣ ਦੀ ਕੋਸ਼ਿਸ਼ ਵਿਚ ਲੱਗਿਆ ਹੋਵੇ, ਤਾਂ ਇਹੋ ਜਿਹੀ ਟਕਸਾਲ (Foundry) ਭਾਵ ਘਾੜ੍ਹਤਸ਼ਾਲਾ ਵਿਚ ਉਹ ਸ਼ਬਦ ਘੜ੍ਹਿਆ ਜਾਵੇਗਾ, ਜੋ ਕਰਤੇ ਦਾ ਸਤਿ ਨਾਮ ਭਾਵ ਅਸਲ ਨਾਮ ਹੋਵੇਗਾ। ਇਹ ਕੰਮ ਉਨ੍ਹਾਂ ਦਾ ਹੈ, ਜੋ ਇਸ ਨੂੰ ਨਿਰਪੇਖਤਾ ਨਾਲ ਕਰ ਸਕਦੇ ਹਨ ਭਾਵ ਆਪਣੇ ਨਿਜੀ ਵਿਚਾਰਾਂ ਤੋਂ ਉੱਪਰ ਉੱਠ ਕੇ ਸੱਚ ਨਾਲ ਖੜ੍ਹਨ ਦੀ ਦ੍ਰਿੜਤਾ ਦਿਖਾ ਸਕਦੇ ਹਨ। ਹੇ ਨਾਨਕ, ਅਜਿਹੀ ਸੋਝੀ ਵਾਲੇ ਲੋਕਾਂ ਦਾ ਤਸੱਵਰ ਭਾਵ ਖਿਆਲੀ ਜ਼ਿਕਰ ਅਤਿਅੰਤ ਪ੍ਰਸੰਨਤਾਦਾਇਕ ਹੈ।

ਇਸ ਸਾਰੀ ਪਉੜੀ ਸੰਕੇਤਆਤਮਕ ਹੈ। ਇਸ ਗੁਰੂ ਸਾਹਿਬ ਨੇ ਸੁਨਿਆਰ, ਪਾਹਾਰਾ, ਅਹਿਰਣ, ਹਥਿਆਰ, ਖਲਾ, ਅਗਨੀ, ਭਾਂਡਾ ਭਾਵ ਕੁਠਾਲੀ, ਅੰਮ੍ਰਿਤੁ ਭਾਵ ਸਤ ਜਾਂ ਤੱਤ, ਢਾਲ ਤੇ ਟਕਸਾਲ ਜਿਹੇ ਸ਼ਬਦ ਵਰਤੇ ਕੇ ਆਪਣੀ ਅਕਹਿ ਗੱਲ ਕਹੀ ਹੈ। ਇਹ ਸ਼ਬਦ ਆਮ ਅਲੰਕਾਰੀ ਤਸ਼ਬੀਹਾਂ ਲਈ ਨਹੀਂ ਵਰਤੇ ਗਏ ਸਗੋਂ ਤਕਨੀਕੀ ਸ਼ਬਦਾਵਲੀ (Terms) ਦੇ ਸੰਕੇਤਾਂ ਵਜੋਂ ਲਿਆਂਦੇ ਗਏ ਹਨ। ਇਹ ਸ਼ਬਦਾਵਲੀ ਇਕ ਤਕਨਾਲੋਜੀ ਪ੍ਰਧਾਨ ਯੁਗ ਵੱਲ ਇਸ਼ਾਰਾ ਕਰਦੀ ਹੈ, ਜੋ ਨਿਰੋਲ ਵਿਗਿਆਨ ਤੇ ਤਕਨੀਕੀ ਸਭਿਆਚਾਰ (Culture) 'ਤੇ ਉਸਰੀ ਹੋਵੇਗੀ। ਅਰਥਾਤ ਇਸ ਪਉੜੀ ਵਿਚ ਗੁਰੂ ਸਾਹਿਬ ਨੇ ਆਪਣੀ ਭਾਸ਼ਾ ਵਿਚ ਮੱਧਕਾਲੀ ਉਦਯੋਗਿਕ (Industrial) ਚਿੰਨ੍ਹਾਂ ਦਾ ਉਪਯੋਗ ਕਰਕੇ ਇਕ ਵਿਗਿਆਨਕ ਪ੍ਰਭਾਵ ਵਾਲੀ ਸਭਿਅਤਾ ਵਲ ਸੰਕੇਤ ਕੀਤਾ ਹੈ, ਜਿਸ ਨੂੰ ਅਧਿਆਤਮਵਾਦੀ ਲੋਕ 'ਕਲਯੁਗ' ਕਹਿ ਕੇ ਨਿੰਦਦੇ ਹਨ। ਇਸ ਵਿਚ ਤਰਕ, ਵਿਵੇਕ, ਪ੍ਰਯੋਗ, ਗਣਿੱਤ, ਵਿਗਿਆਨ, ਖੋਜ, ਪ੍ਰਯੋਗਸ਼ਾਲਾਵਾਂ, ਕਾਰਖਾਨੇ ਤੇ ਸਨਅਤੀ ਵਿਕਾਸ ਦਾ ਬੋਲਬਾਲਾ ਹੋਵੇਗਾ। ਇਹ ਸ਼ਬਦਾਵਲੀ ਸਹੀ ਸਮਝ ਵਾਲੀ ਖੋਜ ਭਾਵ ਸਚ ਖੰਡ ਤੇ ਇਸ ਦੀ ਅੰਦਰੂਨੀ ਪੜਤਾਲ ਦੇ ਪ੍ਰਤੀਕ ਹਨ। ਇਹ ਉਸ ਵਿਧੀ ਦੀ ਰੂਪ ਰੇਖਾ ਦਰਸਾਉਂਦੇ ਹਨ, ਜਿਸ ਰਾਹੀਂ ਮਨੁੱਖ ਨੇ ਸਚ ਖੰਡ ਦੇ ਲੋਹ ਰੂਪੀ ਖੋਲ ਵਿਚ ਦਾਖਲ ਹੋ ਕੇ "ਨਿਰੰਕਾਰ" ਤੀਕ ਦਾ ਸਫਰ ਤੈਅ ਕਰਨਾ ਹੈ। ਇਸ ਪ੍ਰਕ੍ਰਿਆ ਵਿਚੋਂ ਹੀ ਉਸ ਦਾ ਅਸਲ ਨਾਮ ਕਸ਼ੀਦਿਆ ਜਾਵੇਗਾ। ਇਹ ਗਿਆਨ ਗੱਲੀਂ ਬਾਤੀਂ ਪ੍ਰਾਪਤ ਹੋਣ ਵਾਲਾ ਨਹੀਂ, ਸਗੋਂ ਵਿਗਿਆਨਕ ਯੁਗ ਦੀਆਂ ਪ੍ਰਯੋਗਸ਼ਾਲਾਵਾਂ, ਸਰਵੇਖਣਾਲਿਆਂ, ਪੁਸਤਕਾਲਿਆਂ, ਵਿਗਿਆਨਕ ਵਿਚਾਰਾਂ ਤੇ ਕੰਪਿਊਟਰੀ ਔਜ਼ਾਰਾਂ ਨਾਲ ਲਬਰੇਜ਼ ਬੁੱਧੀਜੀਵੀਆਂ ਦੇ ਸਾਂਝੇ ਖੋਜਾਤਮਕ ਯਤਨਾਂ ਸਦਕਾ ਹਾਸਲ ਹੋਵੇਗਾ। ਜਪੁਜੀ ਦੇ ਬਿਲਕੁਲ ਅੰਤ ਵਿਚ ਅਜਿਹੀ ਸੰਕੇਤਕ ਭਾਸ਼ਾ ਦੇ ਉਪਯੋਗ ਨਾਲ ਆਪਣੀ ਗੱਲ ਸਮਝਾਉਣਾ ਤੇ ਭਵਿੱਖ ਦਾ ਸਹੀ ਸਹੀ ਚਿਤਰਣ ਕਰਨਾ ਗੁਰੂ ਸਾਹਿਬ ਦੀ ਸਾਹਿਤਕ ਪਰਪੱਕਤਾ, ਵਿਗਿਆਨਕ ਗੂੜ੍ਹਤਾ ਤੇ ਉੱਚ ਸੁਧ-ਸੋਝੀ ਦਾ ਪ੍ਰਤੀਕ ਹੈ। ਉਨ੍ਹਾਂ ਦੇ ਸੁਝਾਏ ਢੰਗਾਂ ਅਨੁਸਾਰ ਹੀ ਐਟਮ ਦੇ ਅੰਦਰ ਦੀ ਰੂਪ-ਰੇਖਾ ਦੀ ਖੋਜ ਹੋਈ, ਕੈਥੋਡ ਰੇਅ ਤੇ ਸੋਨ-ਪੱਤਰਾਂ ਦੇ ਪਰਿਖਣ ਹੋਏ, ਰੇਡੀਅਮ ਆਧਾਰਿਤ ਪ੍ਰਯੋਗਾਂ ਰਾਹੀਂ ਐਟਮ ਦੇ ਅੰਦਰੂਨੀ ਭੇਦ ਲੱਭੇ ਗਏ ਤੇ ਭਾਲ ਅਖੌਤੀ "ਰੱਬੀ-ਕਣ" ਤੀਕ ਪਹੁੰਚੀ।

ਦੂਜੇ ਪਾਸੇ ਅਧੁਨਿਕ ਸਿੱਖ ਵਿਦਵਾਨ ਹਨ, ਜੋ ਪ੍ਰਭੂ-ਭਗਤੀ ਤੇ ਪੂਜਾ ਪਾਠ ਤੋਂ ਉੱਪਰ ਨਹੀਂ ਉੱਠਦੇ। ਮਿਸਾਲ ਵਜੋਂ ਪ੍ਰੋ. ਸਾਹਿਬ ਸਿੰਘ ਇਸ ਪਉੜੀ ਦੀ ਵਿਆਖਿਆ ਕਰਦੇ ਲਿਖਦੇ ਹੈ, "(ਜੇ) ਜਤ-ਰੂਪ ਦੁਕਾਨ (ਹੋਵੇ), ਧੀਰਜ ਸੁਨਿਆਰਾ ਬਣੇ, ਮਨੁੱਖ ਦੀ ਆਪਣੀ ਮਤਿ ਅਹਿਰਣ ਹੋਵੇ, (ਉਸ ਮਤਿ-ਅਹਿਰਣ ਉੱਤੇ) ਗਿਆਨ ਹਥੌੜਾ (ਵੱਜੇ)। (ਜੇ) ਅਕਾਲ ਪੁਰਖ ਦਾ ਡਰ ਧੌਂਕਣੀ (ਹੋਵੇ), ਘਾਲ-ਕਮਾਈ ਅੱਗ (ਹੋਵੇ), ਪ੍ਰੇਮ ਕੁਠਾਲੀ ਹੋਵੇ, ਤਾਂ (ਹੇ ਭਾਈ), ਉਸ (ਕੁਠਾਲੀ) ਵਿਚ ਅਕਾਲ ਪੁਰਖ ਦਾ ਅੰਮ੍ਰਿਤ ਨਾਮ ਗਲਾਵੋ, (ਕਿਉਂਕਿ ਇਹੋ ਜਿਹੀ ਹੀ) ਸੱਚੀ ਟਕਸਾਲ ਵਿਚ (ਗੁਰ ਦਾ) ਸ਼ਬਦ ਘੜਿਆ ਜਾ ਸਕਦਾ ਹੈ। ਇਹ ਕਾਰ ਉਨ੍ਹਾਂ ਮਨੁੱਖਾਂ ਦੀ ਹੈ, ਜਿਨ੍ਹਾਂ ਉੱਤੇ ਮਿਹਰ ਦੀ ਨਜ਼ਰ ਹੁੰਦੀ ਹੈ, ਜਿਨ੍ਹਾਂ ਉੱਤੇ ਬਖਸ਼ਸ਼ ਹੁੰਦੀ ਹੈ। ਹੇ ਨਾਨਕ! ਉਹ ਮਨੁੱਖ ਅਕਾਲ ਪੁਰਖ ਦੀ ਕਿਰਪਾ-ਦ੍ਰਿਸ਼ਟੀ ਨਾਲ ਨਿਹਾਲ ਹੋ ਜਾਂਦੇ ਹਨ; ਪਰ ਇਹ ਉੱਚੀ ਆਤਮਕ ਅਵਸਥਾ ਉਦੋਂ ਹੀ ਬਣ ਸਕਦੀ ਹੈ, ਜੇ ਆਚਰਨ ਪਵਿੱਤਰ ਹੋਵੇ, ਦੂਜਿਆਂ ਦੀ ਵਧੀਕੀ ਸਹਾਰਨ ਦਾ ਹੌਸਲਾ ਹੋਵੇ, ਉੱਚੀ ਤੇ ਵਿਸ਼ਾਲ ਸਮਝ ਹੋਵੇ, ਪ੍ਰਭੂ ਦਾ ਡਰ ਹਿਰਦੇ ਵਿਚ ਟਿਕਿਆ ਰਹੇ, ਸੇਵਾ ਦੀ ਘਾਲ ਘਾਲੀ ਜਾਏ, ਖਾਲਕ ਤੇ ਖਲਕਤ ਦਾ ਪਿਆਰ ਦਿਲ ਵਿਚ ਹੋਵੇ। ਇਹ ਜਤ, ਧੀਰਜ ਮਤ, ਗਿਆਨ, ਭਉ, ਘਾਲ ਅਤੇ ਪ੍ਰੇਮ ਦੇ ਗੁਣ ਵਿਚ ਹੋਵੇ। ਇਹ ਜਤ, ਧਿਰਜ, ਮਤ, ਗਿਆਨ, ਭਉ, ਘਾਲ ਅਤੇ ਪ੍ਰੇਮ ਦੇ ਗੁਣ ਇਕ ਸੱਚੀ ਟਕਸਾਲ ਹੈ, ਜਿਸ ਵਿਚ ਗੁਰ-ਸ਼ਬਦ ਦੀ ਮੋਹਰ ਘੜੀ ਜਾਂਦੀ ਹੈ। (ਭਾਵ), ਜਿਸ ਉੱਚੀ ਆਤਮਕ ਅਵਸਥਾ ਵਿਚ ਕੋਈ ਸ਼ਬਦ ਸਤਿਗੁਰੂ ਨੇ ਉਚਾਰਿਆ ਹੈ, ਉੱਪਰ ਦੱਸੇ ਜੀਵਨ ਵਾਲੇ ਸਿੱਖ ਨੂੰ ਭੀ ਉਹ ਸ਼ਬਦ ਉਸੇ ਆਤਮਕ ਅਵਸਥਾ ਵਿਚ ਲੈ ਅੱਪੜਦਾ ਹੈ)।"

ਦੂਜੇ ਸਭ ਸਿੱਖ ਵਿਦਵਾਨਾਂ ਦੀ ਵਿਆਖਿਆ ਵੀ ਲਗਭਗ ਇਹੋ ਜਿਹੀ ਹੀ ਹੈ। ਇਨ੍ਹਾਂ ਸਭਨਾਂ ਦੀ ਮਾਨਤਾ ਹੈ ਕਿ ਇਹ ਪਉੜੀ ਮਨੁੱਖ ਦੀ ਆਤਮਿਕ ਅਵਸਥਾ ਉੱਚੀ ਚੁੱਕਣ ਦੇ ਨੁਕਤੇ ਦੱਸਦੀ ਹੈ। ਆਤਮਿਕ ਅਵਸਥਾ ਉੱਚੀ ਤਾਂ ਹੋ ਸਕਦੀ ਹੈ, ਜੇ ਆਚਰਨ ਪਵਿੱਤਰ ਹੋਵੇ, ਪ੍ਰਭੂ ਦਾ ਡਰ, ਸੇਵਾ ਤੇ ਲੋਕਾਂ ਦਾ ਪਿਆਰ ਹੋਵੇ। ਜੇ ਮਨੁੱਖ ਇਕ ਇਮਾਨਦਾਰ ਸੁਨਿਆਰ ਵਾਂਗ ਨੇਕ ਕਮਾਈ ਜਿਹੇ ਚੰਗੇ ਹੀਲੇ ਵਸੀਲੇ ਵਰਤ ਕੇ ਪ੍ਰਭੂ ਭਗਤੀ ਕਰੇ ਤਾਂ ਉਹ ਪਰਮਾਤਮਾ ਤੀਕ ਪਹੁੰਚ ਸਕਦਾ ਹੈ। ਇਸ ਤਪੱਸਿਆ ਨੂੰ ਸੱਚੀ ਟਕਸਾਲ ਦੱਸ ਕੇ ਉਹ ਇਸ ਵਿਚੋਂ ਅਕਾਲ ਪੁਰਖ ਦੇ ਸੱਚੇ ਨਾਂ ਦੀ ਭਾਲ ਕਰਵਾਉਂਦੇ ਹਨ, ਤਾਂ ਵੀ ਉਨ੍ਹਾਂ ਨੂੰ ਆਪਣੇ ਕਹੇ ਉੱਤੇ ਭਰੋਸਾ ਨਹੀਂ ਹੈ, ਕਿਉਂਕਿ ਉਹ ਇਹ ਵੀ ਕਹਿੰਦੇ ਹਨ ਕਿ ਇਹ ਕੰਮ ਉਹੀ ਕਰ ਸਕਦਾ ਹੈ, ਜਿਸ ਦੇ ਕੰਮਾਂ ਤੋਂ ਪ੍ਰਸੰਨ ਹੋ ਕੇ ਅਕਾਲ ਪੁਰਖ ਉਸ ਉਤੇ ਵਿਸ਼ੇਸ਼ ਕਿਰਪਾ ਦ੍ਰਿਸ਼ਟੀ ਕਰੇ।

ਹੈਰਾਨੀ ਦੀ ਗੱਲ ਹੈ ਕਿ ਇਹ ਵਿਦਵਾਨ ਸਚ ਖੰਡ ਅਤੇ ਇਸ ਵਿਚ ਬੈਠੇ ਨਿਰੰਕਾਰ ਦਾ ਜ਼ਿਕਰ ਛੱਡ ਕੇ ਸਿੱਧੇ ਮਨੁੱਖ ਦੀ ਅਧਿਆਤਮਕ ਅਵਸਥਾ 'ਤੇ ਆ ਜਾਂਦੇ ਹਨ, ਪਰ ਇਸ ਅਵਸਥਾ ਨੂੰ ਵੀ ਉਹ ਪ੍ਰਭੂ ਦੀ ਬਖਸ਼ਿਸ਼ ਮੰਨਦੇ ਹਨ ਤਾਂ ਜੋ ਕੋਈ ਉਨ੍ਹਾਂ ਨੂੰ ਉਨ੍ਹਾਂ ਦੀ ਆਪਣੀ ਅਧਿਆਤਮਕ ਅਵਸਥਾ ਬਾਰੇ ਨਾ ਪੁੱਛ ਲਵੇ। ਉਹ ਇਹ ਵੀ ਨਹੀਂ ਦੱਸਦੇ ਕਿ ਪ੍ਰਭੂ ਦੀ ਕਿਰਪਾ ਦਾ ਮਾਪ-ਦੰਡ ਕੀ ਹੈ ਭਾਵ ਕਿਵੇਂ ਪਤਾ ਲੱਗੇ ਕਿ ਕਿਸ ਉੱਤੇ ਕਦੋਂ ਬਖਸ਼ਿਸ਼ ਹੋਵੇਗੀ। ਉਹ ਇਸ ਬਾਰੇ ਵੀ ਚੁੱਪ ਹਨ ਕਿ ਪ੍ਰਭੂ ਦੀ ਨਦਰ ਤੋਂ ਵਾਂਝੇ ਰਹਿ ਗਏ ਲੋਕ ਕੀ ਕਰਨ। ਸੱਚ ਤਾਂ ਇਹ ਹੈ ਕਿ ਇਹ ਵਿਦਵਾਨ ਬਾਣੀ ਦੀਆਂ ਦੋ ਤੁਕਾਂ ਦੀ ਵਿਆਖਿਆ ਕਰਨ ਲਈ ਵੀ ਅਕਾਲ ਪੁਰਖ ਦੇ ਚਰਣਾਂ ਵਲ ਨੂੰ ਭੱਜ ਲੈਂਦੇ ਹਨ!

ਇਸ ਸਵਾਰਥੀ ਦੌੜ ਵਿਚ ਉਹ ਇਹ ਖਿਆਲ ਵੀ ਨਹੀਂ ਕਰਦੇ ਕਿ ਉਨ੍ਹਾਂ ਦਾ ਉੱਚਰਿਆ ਹਰੇਕ ਸ਼ਬਦ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰਬਾਣੀ ਦੀ ਵਿਗਿਆਨਕ ਸਿੱਖਿਆ ਤੋਂ ਦੂਰ ਅਗਿਆਨ ਦੇ ਅੰਧੇਰੇ ਸਾਗਰ ਵਿਚ ਸੁੱਟ ਦੇਵੇਗਾ। ਉੱਥੇ ਉਹ ਫਿਰ ਕੂੜ ਦੀ ਇਕ ਨਵੀਂ ਪਾਲ ਓਹਲੇ, ਸਦੀਵੀ ਸਮਾਧੀਆਂ ਵਿਚ ਲੱਗੇ, ਰਾਮ ਨਾਮ ਦਾ ਜਾਪ ਕਰਦੇ ਰਹਿ ਜਾਣਗੇ, ਜਦੋਂ ਕਿ ਸਚ ਖੰਡ ਦਾ ਅਸਲ ਗਿਆਨ ਗੁਰੂ ਸਾਹਿਬ ਦੇ ਪੂਰਨਿਆਂ 'ਤੇ ਚਲਦੇ ਵਿਵੇਕੀ ਸੂਝ ਵਾਲੇ ਖੋਜਾਰਥੀ ਲੈ ਜਾਣਗੇ!

###

# ਮਿੱਠੀ ਜ਼ਹਿਰ

ਪੈਦਾ ਹੋਣ ਸਮੇਂ ਹਰ ਇਨਸਾਨ ਕੋਰਾ ਕਾਗਜ਼ ਹੈ ਅਤੇ ਮਾਂ ਬਾਪ ਉਸ ਬੱਚੇ ਨੂੰ ਪੈਦਾ ਕਰਨ ਕਰਕੇ ਉਸ ਉਤੇ ਆਪਣਾ ਪੂਰਾ ਹੱਕ ਜਤਾਉਂਦੇ ਹਨ। ਆਪਣੀਆਂ ਧਾਰਮਿਕ ਮਾਨਤਾਵਾਂ ਉਸ ਬੱਚੇ 'ਤੇ ਥੋਪਣ ਵਿਚ ਜੁੱਟ ਜਾਂਦੇ ਹਨ, ਸਿਰਫ ਇਸ ਆਸ ਵਿਚ ਕਿ ਖੁਦ ਤਾਂ ਉਨ੍ਹਾਂ ਨੂੰ ਕੋਈ ਅਖੌਤੀ ਰਸ ਪ੍ਰਾਪਤ ਨਹੀਂ ਹੋਇਆ, ਸ਼ਾਇਦ ਇਸ ਬੱਚੇ ਦੇ ਜ਼ਰੀਏ ਕੋਈ ਪ੍ਰਾਪਤੀ ਹੋਵੇ। ਇਹ ਉਸ ਤਰ੍ਹਾਂ ਦੀ ਗੱਲ ਜਾਪਦੀ ਹੈ ਜਿਵੇਂ ਬਾਜ਼ਾਰ ਤੋਂ ਕੋਈ ਕਾਪੀ ਖਰੀਦ ਕੇ ਲਿਆਵੇ ਅਤੇ ਉਸ ਉਤੇ ਆਪਣਾ ਹੱਕ ਜਤਾਉਂਦਾ ਹੋਇਆ ਆਪਣੀ ਮਰਜੀ ਅਨੁਸਾਰ ਕਵਿਤਾਵਾਂ ਲਿਖੇ ਜਾਂ ਚੁਟਕਲੇ, ਪਰ ਇੱਕ ਜ਼ਿੰਦਗੀ ਨੂੰ ਕਿਸੇ ਕਿਸੇ ਨਿਰਜੀਵ ਵਸਤੂ ਨਾਲ ਜੋੜ ਕੇ ਦੇਖਣਾ ਗਲਤ ਹੋਵੇਗਾ।

**ਅਮਨ ਜੱਖਲਾਂ**
**ਫੋਨ: 91-94782-26980**

ਸੋਚਣ ਵਾਲੀ ਗੱਲ ਹੈ ਕਿ ਕੋਈ ਬੱਚਾ ਕਿਸ ਧਰਮ ਗੁਰੂ ਨੂੰ ਅਪਨਾਏਗਾ, ਇਹ ਉਸ ਦੇ ਜਨਮ 'ਤੇ ਨਿਰਭਰ ਰਹੇਗਾ ਕਿ ਉਹ ਕਿਸ ਖਾਸ ਧਰਮ, ਜਾਤ ਵਿਚ ਪੈਦਾ ਹੋਇਆ ਹੈ, ਜੋ ਇੱਕ ਐਕਸੀਡੈਂਟਲ ਧਰਮ-ਜਾਤ ਹੈ। ਬੱਚਾ ਕੁਝ ਨਹੀਂ ਜਾਣਦਾ ਅਧਿਆਤਮਕਤਾ ਦੇ ਸਬੰਧ ਵਿਚ, ਉਸ ਕੋਰੇ ਕਾਗਜ਼ ਨੂੰ ਮੋੜ ਕੇ ਧੱਕੇ ਨਾਲ ਅਨੁਆਈਪੁਣੇ ਦੀ ਮਿੱਠੀ ਜ਼ਹਿਰ ਦੇਣੀ ਸ਼ੁਰੂ ਹੋ ਚੁਕੀ ਹੈ। ਕਸੂਰ ਮਾਂ ਬਾਪ ਦਾ ਵੀ ਕੋਈ ਨਹੀਂ, ਕਿਉਂਕਿ ਜਾਣਿਆ ਉਨ੍ਹਾਂ ਵੀ ਅਧਿਆਤਮਵਾਦ ਦੇ ਸਬੰਧ ਵਿਚ ਕੁਝ ਨਹੀਂ, ਉਹ ਵੀ ਨਹੀਂ ਜਾਣਦੇ ਕਿ ਇਹ ਪ੍ਰਸਾਦ ਉਨ੍ਹਾਂ ਨੂੰ ਕਿਵੇਂ ਮਿਲਿਆ, ਪਰ ਅੱਖਾਂ ਬੰਦ ਕਰਕੇ ਅੱਗੇ ਵਰਤਾਉਣ ਵਿਚ ਉਨ੍ਹਾਂ ਨੂੰ ਮਜ਼ਾ ਆ ਰਿਹਾ ਹੈ। ਮਨੁੱਖ ਦੀ ਸਦੀਆਂ ਤੋਂ ਇਹ ਤ੍ਰਾਸਦੀ ਰਹੀ ਹੈ ਕਿ ਉਸ ਨੂੰ ਸਵੈ ਅਨੁਭਵ ਨਾਲੋਂ ਭਰੋਸਾ ਕਰਨ ਵਿਚ ਜ਼ਿਆਦਾ ਦਿਲਚਸਪੀ ਰਹੀ ਹੈ, ਕਿਉਂਕਿ ਅਨੁਭਵ ਸਖਤ ਮਿਹਨਤ ਦੀ ਮੰਗ ਕਰਦਾ ਹੈ ਅਤੇ ਭਰੋਸਾ ਤਾਂ ਉਧਾਰਾ ਹੈ; ਨਾ ਕੋਈ ਵਿਆਜ, ਨਾ ਮੂਲ; ਲੈਣ ਵਿਚ ਕੀ ਹਰਜ!

ਇਹ ਮਾਨਵਤਾ ਦੇ ਇਤਿਹਾਸ ਵਿਚ ਮਨੁੱਖ ਵਲੋਂ ਕੀਤਾ ਗਿਆ ਸਭ ਤੋਂ ਵੱਡਾ ਸ਼ੋਸ਼ਣ ਹੈ, ਜੋ ਬੱਚਿਆਂ ਦਾ ਹੋਇਆ ਹੈ। ਸਭ ਮਾਪਿਆਂ ਨੂੰ ਇਹ ਗੱਲ ਕਹਿਣ ਵਿਚ ਮੈਨੂੰ ਇਹ ਕੋਈ ਝਿਜਕ ਨਹੀਂ ਕਿ ਭਲਾ ਕਿਸ ਨੇ ਤੁਹਾਨੂੰ ਹੱਕ ਦਿੱਤਾ ਹੈ, ਕੋਰੇ ਵਰਕਿਆਂ 'ਤੇ ਅਜਿਹੇ ਬੇਹੂਦਾ ਠੱਪੇ ਲਾਉਣ ਦਾ, ਜਿਸ ਦਾ ਖੁਦ ਤੁਹਾਨੂੰ ਕੋਈ ਅਨੁਭਵ ਨਹੀਂ? ਕਦੇ ਕਦੇ ਤਾਂ ਇਹ ਜਾਪਦਾ ਹੈ ਕਿ ਕੁਝ ਲੋਕ ਤਾਂ ਬੱਚੇ ਪੈਦਾ ਹੀ ਆਪਣੇ ਧਰਮ ਗੁਰੂ ਦੀ ਸੰਗਤ ਵਿਚ ਵਾਧਾ ਕਰਨ ਲਈ ਕਰਦੇ ਹਨ। ਕਿਹੋ ਜਿਹੇ ਵਪਾਰੀ ਲੋਕ ਹਨ, ਕਮਾਲ ਦਾ ਵਪਾਰ ਕਰ ਰਹੇ ਹਨ। ਡਰ ਨਾਲ ਖੁਦ ਭਰੇ ਪਏ ਹਨ ਅਤੇ ਆਸਥਾ ਦੀ ਜ਼ਹਿਰ ਮਾਸੂਮਾਂ ਨੂੰ ਪਿਲਾਈ ਜਾ ਰਹੇ ਹਨ। ਜਾਗੋ, ਬੱਚੇ ਸਿਰਫ ਬੱਚੇ ਹੁੰਦੇ ਹਨ, ਇਨ੍ਹਾਂ ਨੂੰ ਖੇਡਣ ਦਿਓ, ਕੁੱਦਣ ਦਿਓ। ਸਮਾਂ ਆਉਣ ਤੇ ਪੜ੍ਹਨਗੇ, ਜਾਗਣਗੇ ਤੇ ਆਪਣਾ ਰਾਹ ਖੁਦ ਤਿਆਰ ਕਰਨਗੇ।

# ਅਕਾਲੀ ਲਹਿਰ ਅਤੇ ਪੰਜਾਬੀ ਸਾਹਿਤ

*ਸਾਲ 2020 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਦਾ ਸ਼ਤਾਬਦੀ ਵਾਲਾ ਸਾਲ ਹੈ। ਨਵੰਬਰ ਅਤੇ ਦਸੰਬਰ ਮਹੀਨਿਆਂ ਵਿਚ ਕ੍ਰਮਵਾਰ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੀ ਸਥਾਪਨਾ ਹੋਈ। ਇਨ੍ਹਾਂ ਦੀ ਕਾਇਮੀ ਅਤੇ ਮਗਰੋਂ ਤਿੱਖੀ ਸਰਗਰਮੀ ਨਾਲ ਪੰਜਾਬ ਦੀ ਸਿਆਸਤ ਵਿਚ ਸਿਫਤੀ ਤਬਦੀਲੀ ਆਈ। ਇਸ ਲਹਿਰ ਨੇ ਸਾਹਿਤ ਉਤੇ ਵੀ ਅਸਰ ਪਾਇਆ, ਜਿਸ ਬਾਰੇ ਚਰਚਾ ਉਘੇ ਲੀਡਰ ਮਰਹੂਮ ਸੋਹਨ ਸਿੰਘ ਜੋਸ਼ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਅਕਾਲੀ ਲਹਿਰ ਨੇ ਪੰਜਾਬੀ ਸਾਹਿਤ ਨੂੰ ਬੜਾ ਹੁਲਾਰਾ ਦਿੱਤਾ। ਪੰਜਾਬੀ ਵਾਰਤਕ ਤੇ ਕਵਿਤਾ ਵਿਚ ਬੜੀ ਖੜੋਤ ਆ ਚੁੱਕੀ ਸੀ। ਵਫਾਦਾਰੀ ਨੇ ਆਜ਼ਾਦ-ਖਿਆਲੀ ਦਾ ਗਲਾ ਘੁੱਟ ਦਿੱਤਾ ਸੀ। ਨਵੇਂ ਵਿਚਾਰਾਂ ਦਾ ਆਦਾਨ-ਪਰਦਾਨ ਸਾਡੇ ਲਈ ਬੰਦ ਕਰ ਦਿੱਤਾ ਗਿਆ ਸੀ। ਦੇਸ਼-ਭਗਤੀ ਅੰਗਰੇਜ਼-ਭਗਤੀ ਦੀ ਸਮ-ਅਰਥੀ ਬਣ ਗਈ ਸੀ। ਅੰਗਰੇਜ਼ ਸਰਕਾਰ ਦੇ ਖਿਲਾਫ ਕੋਈ ਵੀ, ਕਿਸੇ ਕਿਸਮ ਦਾ ਵੀ, ਮੋਰਚਾ ਲਾਉਣਾ ਵਿਵਰਜਤ ਸੀ। ਇਸ ਲਈ ਸਾਹਿਤ ਨੂੰ ਟੁੰਬਣ, ਉਤਸਾਹਤ ਤੇ ਉਤੇਜਿਤ ਕਰਨ ਦੇ ਸੋਮੇ ਇਕ ਤਰ੍ਹਾਂ ਸੁੱਕ ਗਏ ਜਾਪਦੇ ਸਨ।

ਇਹਨਾਂ ਸੋਮਿਆਂ ਦੇ ਬੰਨ੍ਹ ਤੋੜ ਕੇ ਇਹਨਾਂ ਨੂੰ ਮੁੜ ਸੁਰਜੀਤ ਕੀਤਾ ਅਕਾਲੀ ਮੋਰਚਿਆਂ ਨੇ।



### ਸੋਹਨ ਸਿੰਘ ਜੋਸ਼

ਪਤਝੜ ਦੇ ਦਿਨ ਪੁੱਗ ਗਏ। ਨਵੀਆਂ ਕਰੂੰਮਲਾਂ, ਕਲੀਆਂ, ਫੁੱਲ-ਪੱਤੀਆਂ ਨਿਕਲਣੀਆਂ ਸ਼ੁਰੂ ਹੋ ਗਈਆਂ। ਬਹਾਰ ਦੇ ਲੱਲ੍ਹ ਪੈਂਦਾ ਹੁੰਦਿਆਂ ਹੀ ਸਾਡੀਆਂ ਸਾਹਿਤ ਬੁਲਬੁਲ ਚਹਿਕਣ ਲੱਗ ਪਈਆਂ। ਪੰਜਾਬੀ ਸਾਹਿਤ ਦੇ ਗੁਲਸ਼ਨ 'ਤੇ ਬਹਾਰ ਆ ਗਈ ਜਿਸ ਨੇ ਪੰਜਾਬੀ ਸਾਹਿਤ ਦੀ ਝੋਲੀ ਰੰਗ-ਬਰੰਗੇ ਫੁੱਲਾਂ, ਗੁੱਛਿਆਂ, ਗੁਲਾਬਾਂ ਨਾਲ ਭਰਨੀ ਸ਼ੁਰੂ ਕਰ ਦਿੱਤੀ।


ਪੰਜਾਬੀ ਸਾਹਿਤ ਦਾ ਵਿਕਾਸ ਬੜੀ ਹੱਦ ਤੱਕ ਮੋਰਚਿਆਂ ਰਾਹੀਂ ਹੋਇਆ ਹੈ। ਅਕਾਲੀ ਮੋਰਚਿਆਂ ਨੇ ਸਾਡੇ ਪੰਜਾਬੀ ਸਾਹਿਤ ਨੂੰ ਕੁਛ ਇਕ ਪੜਾਅ ਤਰੱਕੀ ਦੀ ਮੰਜ਼ਲ ਵੱਲ ਹੋਰ ਅੱਗੇ ਵਧਾ ਦਿੱਤਾ। ਗੁਰਦੁਆਰਾ ਆਜ਼ਾਦੀ 'ਤੇ ਦੇਸ਼ਭਗਤੀ ਦੇ ਗੀਤਾਂ ਅਲਾਪ ਸ਼ੁਰੂ ਹੋ ਗਿਆ। ਕੁੰਜੀਆਂ ਦਾ ਮੋਰਚਾ ਲੱਗਾ ਭਾਵੇਂ ਗੁਰੂ ਕੇ ਬਾਗ ਦਾ, ਨਾਭੇ ਦੀ ਗੱਦੀ ਦਾ ਸਵਾਲ ਉਠਿਆ ਜਾਂ ਜੈਤੋ ਦੇ ਅਖੰਡ ਪਾਠ ਦਾ, ਦੇਸ਼ ਦੀ ਆਜ਼ਾਦੀ ਦਾ ਸਵਾਲ ਉਠਿਆ ਜਾਂ ਸ਼ਾਂਤਮਈ ਸਤਿਆਗਰਹਿ ਦਾ, ਸਾਡੇ ਨੌਜਵਾਨ ਕਵੀਆਂ ਨੇ ਹਰ ਇਕ ਵਿਸ਼ੇ 'ਤੇ ਆਪਣੀ ਕਵਿਤਾ ਰਾਹੀਂ ਆਪਣੇ ਜਜ਼ਬਿਆਂ ਦਾ ਪਰਗਟਾਅ ਕੀਤਾ। ਰੂਪ ਕੱਚਾ ਸੀ ਤਾਂ ਕੱਚਾ ਹੀ ਸਹੀ ਪਰ ਦਿਲੀ ਵਲਵਲਿਆਂ ਤੇ ਜਜ਼ਬਿਆਂ ਦੀ ਵੱਥ ਸੁੱਚੀ ਸੀ।

ਇਸ ਨਵੀਂ ਪਰੰਪਰਾ ਦੇ ਜਨਮ-ਦਾਤੇ ਸਨ ਅਕਾਲੀ ਅਖਬਾਰ ਤੇ ਉਸ ਦੇ ਐਡੀਟਰ ਹੀਰਾ ਸਿੰਘ ਦਰਦ। ਹੀਰਾ ਸਿੰਘ ਦਰਦ ਦੀਆਂ ਗੁਰਦੁਆਰਾ ਆਜ਼ਾਦੀ ਤੇ ਦੇਸ਼ਭਗਤੀ ਦੀਆਂ ਕਵਿਤਾਵਾਂ ਨੇ ਪੰਜਾਬ ਵਿਚ ਨਵੀਂ ਜਾਨ ਪਾ ਦਿੱਤੀ। ਅੱਜ ਇਹ ਪੜ੍ਹੀਆਂ ਜਾਣ ਤਾਂ ਸਾਡੇ ਕਈ ਸਾਹਿਤਕਾਰ ਸ਼ਾਇਦ ਨੱਕ ਵੱਟਣ ਪਰ ਤਦਵੇਂ ਸਮੇਂ ਵਿਚ ਇਹ ਕਵਿਤਾਵਾਂ ਬਗਾਵਤ ਦੀ ਰੂਹ ਭਰਦੀਆਂ ਸਨ ਅਤੇ ਨਵੇਂ ਕਵੀਆਂ ਨੂੰ ਕਵਿਤਾ ਲਿਖਣ ਲਈ ਟੁੰਬਣ ਤੇ ਉਤੇਜਿਤ ਕਰਨ ਵਿਚ ਬੜੀਆਂ ਸਹਾਈ ਹੁੰਦੀਆਂ ਸਨ। ਵਿਧਾਤਾ ਸਿੰਘ ਤੀਰ ਨੇ ਆਪਣੀ ਪੁਸਤਕ 'ਤੀਰ ਤੁੰਗ' ਅਤੇ ਦਰਸ਼ਨ ਸਿੰਘ 'ਦਲਜੀਤ' ਨੇ ਆਪਣੀ ਪੁਸਤਕ 'ਬਿਜਲੀ ਦੀ ਕੜਕ' ਦਰਦ ਹੋਰਾਂ ਨੂੰ ਸਮਰਪਤ ਕੀਤੀਆਂ ਸਨ। ਉਹਨਾਂ ਦੀ ਕਾਵਿ-ਸ਼ੈਲੀ ਦਾ ਆਮ ਕਵੀਆਂ ਨੇ ਅਸਰ ਕਬੂਲ ਕੀਤਾ ਸੀ।

ਅਕਾਲੀ ਦੇ ਪਹਿਲੇ ਹੀ ਪਰਚੇ ਵਿਚ 'ਦਰਦ' ਜੀ ਨੇ ਇਕ ਕਵਿਤਾ ਲਿਖੀ ਜਿਹੜੀ ਪੰਜਾਬੀਆਂ ਦੇ ਸਹੀ ਜਜ਼ਬੇ ਦੀ ਤਰਜਮਾਨੀ ਕਰਦੀ ਸੀ। ਉਹਨਾਂ ਨੇ ਲਿਖਿਆ:

ਅਖੀਂ ਵੇਖ ਬੇਅਦਬੀ* ਹੁੰਦੀ,
ਬੀਰ ਨਾ ਕੋਈ ਸਹਾਰ ਸਕੇ।
ਜਿਸ ਨੇ ਸੀਸ ਤਲੀ 'ਤੇ ਧਰਿਆ,
ਉਸ ਨੂੰ ਕੋਈ ਨਾ ਮਾਰ ਸਕੇ।
ਜੀਊਂਦੇ ਹੋਣ ਅਕਾਲੀ** ਵਰਗੇ,
ਕੌਮ ਕਦੇ ਨਾ ਹਾਰ ਸਕੇ।
ਨਾ ਕੋਈ ਉਸ ਦਾ ਕਾਲਜ ਖੋਹੇ,
ਨਾ ਕੋਈ ਖੋਹ ਦਰਬਾਰ ਸਕੇ।
ਇਕ ਅਕਾਲੀ ਬਾਝੋਂ ਯਾਰੋ,
ਬਣ ਗਈ ਕੌਮ ਪਰਾਲੀ ਜੇ।
ਅੱਖਾਂ ਖੋਲ੍ਹੋ ਢਿੱਲੜ ਵੀਰੋ,
ਕੌਮ ਗਰਕਦੀ ਜਾਂਦੀ ਜੇ।

---



ਹੀਰਾ ਸਿੰਘ ਦਰਦ।

*ਇਸ ਨਵੀਂ ਪਰੰਪਰਾ ਦੇ ਜਨਮ-ਦਾਤੇ ਸਨ ਅਕਾਲੀ ਅਖਬਾਰ ਤੇ ਉਸ ਦੇ ਐਡੀਟਰ ਹੀਰਾ ਸਿੰਘ ਦਰਦ। ਹੀਰਾ ਸਿੰਘ ਦਰਦ ਦੀਆਂ ਗੁਰਦੁਆਰਾ ਆਜ਼ਾਦੀ ਤੇ ਦੇਸ਼ਭਗਤੀ ਦੀਆਂ ਕਵਿਤਾਵਾਂ ਨੇ ਪੰਜਾਬ ਵਿਚ ਨਵੀਂ ਜਾਨ ਪਾ ਦਿੱਤੀ। ਅੱਜ ਇਹ ਪੜ੍ਹੀਆਂ ਜਾਣ ਤਾਂ ਸਾਡੇ ਕਈ ਸਾਹਿਤਕਾਰ ਸ਼ਾਇਦ ਨੱਕ ਵੱਟਣ ਪਰ ਤਦਵੇਂ ਸਮੇਂ ਵਿਚ ਇਹ ਕਵਿਤਾਵਾਂ ਬਗਾਵਤ ਦੀ ਰੂਹ ਭਰਦੀਆਂ ਸਨ ਅਤੇ ਨਵੇਂ ਕਵੀਆਂ ਨੂੰ ਕਵਿਤਾ ਲਿਖਣ ਲਈ ਟੁੰਬਣ ਤੇ ਉਤੇਜਿਤ ਕਰਨ ਵਿਚ ਬੜੀਆਂ ਸਹਾਈ ਹੁੰਦੀਆਂ ਸਨ।*



ਅਵਤਾਰ ਸਿੰਘ ਆਜ਼ਾਦ

ਕੁਰਬਾਨੀ ਦਾ ਅੰਮ੍ਰਿਤ ਪਾ ਕੇ,
ਗੈਰਤ ਮੋਈ ਜਿਵਾਏਗਾ।
ਠੂਠਾ ਫੜ ਕੇ ਦਰ ਦਰ ਮੰਗਣ,
ਵਾਦੀ ਦੂਰ ਹਟਾਏਗਾ।
ਆਪਣੇ ਉਤੇ ਭਰੋਸਾ ਰਖਣਾ,
ਐਸਾ ਯਾਦ ਕਰਾਏਗਾ।
ਅਸੀਂ ਹਿੰਦ ਤੇ ਹਿੰਦ ਅਸਾਡਾ,
ਬੱਚਾ ਬੱਚਾ ਗਾਏਗਾ।
ਦੂਰ ਹੋਣਗੇ ਸਾਰੇ ਦੁੱਖੜੇ,
ਵਰਤੇਗੀ ਖੁਸ਼ਹਾਲੀ ਜੇ।
ਅੱਖਾਂ ਖੋਲ੍ਹੋ ਢਿੱਲੜ ਵੀਰੋ,
ਆ ਗਿਆ ਫੇਰ ਅਕਾਲੀ*** ਜੇ।

(*ਗੁਰਦੁਆਰਿਆਂ ਦੀ, **ਅਕਾਲੀ ਫੂਲਾ ਸਿੰਘ, ***ਅਕਾਲੀ ਫੂਲਾ ਸਿੰਘ ਦਾ ਪੈਗਾਮ ਲੈ ਕੇ ਨਿਕਲਿਆ ਰੋਜ਼ਾਨਾ ਅਕਾਲੀ ਅਖਬਾਰ)

ਇਸ ਨਵੇਂ ਕਾਵਿਕ ਉਭਾਰ ਨੇ ਕਾਨੂੰਨ ਦੀਆਂ ਸਭ ਬੰਦਸ਼ਾਂ ਤੇ ਪਾਬੰਦੀਆਂ ਤੋੜ ਦਿਤੀਆਂ ਅਤੇ ਕਵੀਆਂ ਨੇ ਨਿਧੜਕ ਹੋ ਕੇ ਗੁਰਦੁਆਰਿਆਂ ਤੇ ਦੇਸ਼ ਦੀ ਆਜ਼ਾਦੀ ਲਈ ਕਵਿਤਾਵਾਂ ਲਿਖੀਆਂ। ਇਹ ਕਵਿਤਾਵਾਂ ਅਕਾਲੀ ਮੋਰਚਿਆਂ ਤੋਂ ਪਰਭਾਵਿਤ ਹੋ ਕੇ ਲਿਖੀਆਂ ਗਈਆਂ ਅਤੇ ਇਨ੍ਹਾਂ ਨੇ ਅਕਾਲੀ ਮੋਰਚਿਆਂ ਨੂੰ ਵਿਸ਼ਾਲਤਰ, ਜਥੇਬੰਦ ਤੇ ਸਫਲ ਕਰਨ ਵਿਚ ਸਹਾਇਤਾ ਦਿੱਤੀ ਅਤੇ ਇਨ੍ਹਾਂ ਵਿਚ ਸ਼ਾਮਲ ਹੋ ਕੇ ਕੁਰਬਾਨੀ ਕਰਨ ਲਈ ਉਤੇਜਨਾ ਦਿੱਤੀ।

ਇਹਨਾਂ ਕਵੀਆਂ ਦੀਆਂ ਪੁਸਤਕਾਂ ਜ਼ਬਤ ਕੀਤੀਆਂ ਗਈਆਂ, ਇਹਨਾਂ ਨੂੰ ਬੜੀਆਂ ਤਕੜੀਆਂ ਸਜ਼ਾਵਾਂ ਦਿੱਤੀਆਂ ਗਈਆਂ ਪਰ ਆਦਰਸ਼ ਮਤਵਾਲੇ ਜਵਾਨ ਕੈਦਾਂ ਤੇ ਜੇਲ੍ਹ ਦੇ ਤਸੀਹਿਆਂ ਨੂੰ ਟਿੱਚ ਸਮਝਦੇ ਹਨ। ਅਕਾਲੀ ਲਹਿਰ ਨੇ ਵਿਧਾਤਾ ਸਿੰਘ ਤੀਰ, ਅਵਤਾਰ ਸਿੰਘ ਆਜ਼ਾਦ, ਗੁਰਮੁਖ ਸਿੰਘ ਮੁਸਾਫਰ, ਫੀਰੋਜ਼ ਦੀਨ ਸ਼ਰਫ, ਰਣਜੀਤ ਸਿੰਘ ਤਾਜਵਰ, ਅਮਰ ਸਿੰਘ ਸਫਦਰ, ਰਘਬੀਰ ਸਿੰਘ ਬੀਰ, ਸੂਰਤ ਸਿੰਘ ਜੋਗੀ, ਅਰਜਨ ਸਿੰਘ ਗੜਗੱਜ ਵਗੈਰਾ ਦਰਜਨਾਂ ਕਵੀ ਪੈਦਾ ਕੀਤੇ। ਇਹਨਾਂ ਦੇ ਕੁਛ ਹੋਰ ਨਾਮ ਤੁਹਾਨੂੰ 'ਜ਼ਬਤ ਕਿਤਾਬਾਂ' ਦੀ ਅੰਤਕਾ ਤੇ ਸਬੰਧਤ ਪੁਸਤਕਾਵਲੀ ਦੀ ਸੂਚੀ ਵਿਚ ਮਿਲ ਜਾਣਗੇ।

ਤਦਵੇਂ ਵਕਤ ਦਾ ਕੋਈ ਅਜੇਹਾ ਭਖਦਾ ਮਸਲਾ ਨਹੀਂ ਸੀ ਜਿਸ 'ਤੇ ਸਾਡੇ ਕਵੀਆਂ ਨੇ ਆਪਣੇ ਵਿਚਾਰ ਨਾ ਪਰਗਟ ਕੀਤੇ ਹੋਣ। ਨਮੂਨੇ ਮਾਤਰ ਅਸੀਂ ਪਾਠਕਾਂ ਸਾਮ੍ਹਣੇ ਕੁਛ ਕਵੀਆਂ ਦੀਆਂ ਕੁਛ ਮਸਲਿਆਂ ਉਤੇ ਕੁਝ ਕੁ ਪੰਗਤੀਆਂ ਪੇਸ਼ ਕਰਦੇ ਹਾਂ:

**1. ਦੱਸੋ ਲੋਕੋ, ਤੁਸੀਂ ਕਿਹੜੇ ਪਾਸੇ ਹੋ? 'ਤੀਰ' ਪੁਛਦਾ ਹੈ:**


ਇਕ ਬੰਨੇ ਦੇਸ਼ ਸੇਵਾ,
ਕੌਮ ਦਾ ਪ੍ਰੇਮ ਦਰਦ,
ਦੂਜੇ ਬੰਨੇ ਗਲਾ
ਸਕੇ ਵੀਰਾਂ ਦਾ ਵਢਾਣਾ ਹੈ।
ਇਕ ਬੰਨੇ ਝੋਲੀ ਚੁਕ,
ਜੀ ਹਜ਼ੂਰ, ਮਾਈ ਬਾਪ,
ਦੂਜੇ ਬੰਨੇ ਕੌਮ ਲਈ
ਕਾਲੇ ਪਾਣੀ ਜਾਣਾ ਹੈ।
ਇਕ ਬੰਨੇ ਕੌਮ ਵਿਚ
ਕੌਮ ਘਾਤੀ ਤੇ ਅਸਿੱਖ,
ਦੂਜੇ, ਦੇਸ਼ ਸੇਵਕ
ਤੇ ਸਿੱਖ ਅਖਵਾਣਾ ਹੈ।
ਇਕ ਬੰਨੇ ਲਾਹਨਤ
ਤੇ ਦੂਜੇ, ਵਡਿਆਈ ਮਾਨ,
ਦੋਹੀਂ ਹੱਥੀਂ ਲਡੂ ਸਿੱਖਾ
ਖਾ ਲੈ ਜਿਹੜਾ ਖਾਣਾ ਹੈ।
ਇਕ ਬੰਨੇ ਨੇ ਸ਼ਾਂਤੀ ਯੋਧੇ
ਜਿਨ੍ਹਾਂ ਧਾਰੀ ਸੀਲ ਦਇਆ।
ਦੂਜੇ ਪਾਸੇ ਜਬਰ ਖਲੋਤਾ,
ਤੋਪਾਂ ਤਾਈਂ ਗੱਡ ਲਿਆ। -ਆਜ਼ਾਦ

**2. ਜ਼ਬਾਨ-ਬੰਦੀ**

ਜੇਕਰ ਕਰੇ ਸਰਕਾਰ ਜ਼ਬਾਨ ਬੰਦੀ
ਸਾਫ ਸਾਫ ਇਹ ਉਹਨੂੰ ਲਲਕਾਰ ਦੇਈਏ
ਟੋਨੇ ਖਾ ਖਾ 'ਦਾਈਏ' ਤੇ ਪਹੁੰਚ ਜਾਈਏ
ਹਿੰਮਤ ਹਾਰ ਨਾ 'ਰੋੜ੍ਹ' ਵਿਚਕਾਰ ਰਹੀਏ
ਬਾਗ਼ੀ ਪਾਉਗੀ ਬਾਗੀ ਬਣਾ ਸਾਨੂੰ,
ਕਰ ਧੜੇ ਅਪਰਾਧ ਇਹ ਤੋਲਿਆ ਈ
ਚੁੰਝਾਂ ਸਾਡੀਆਂ ਪੀਚ ਕੇ ਬੰਨ੍ਹ ਕੇ ਵੀ,
ਕੈਦ ਕਰਨ ਲਈ ਪਿੰਜਰਾ ਖੋਲ੍ਹਿਆ ਈ।
-ਸ਼ਰਫ







ਖੱਬਿਓਂ: ਗੁਰਮੁਖ ਸਿੰਘ ਮੁਸਾਫਰ, ਫੀਰੋਜ਼ ਦੀਨ ਸ਼ਰਫ ਤੇ ਵਿਧਾਤਾ ਸਿੰਘ ਤੀਰ।

**3. ਵਫਾਦਾਰੀ ਦਾ ਫਲ**

ਤੇਰਾ ਫਸਤਾ ਹੀ ਜਰਮਨ ਮੁਕਾ ਦਿੰਦਾ
ਜੇਕਰ ਖਾਲਸਾ ਛਾਤੀਆਂ ਡਾਹੁੰਦਾ ਨਾ।
ਸਭ ਮੁੱਕ ਜਾਂਦਾ ਜ਼ੋਰ ਜ਼ੁਲਮ ਤੇਰਾ
ਅੱਜ ਗੋਲੀਆਂ ਸਾਨੂੰ ਵਖਾਂਵਦਾ ਨਾ।
-ਰਤਨ ਸਿੰਘ ਆਜ਼ਾਦ

---

ਦਿਲਾ ਜਿਨ੍ਹਾਂ ਲਾਈ ਅਰਬ ਅਰਾਕ ਅੰਦਰ
ਜਾ ਕੇ ਕੱਟੀਆਂ ਮੁਸ਼ਕਲਾਂ ਭਾਰੀਆਂ ਨੇ
ਖਾ ਖਾ ਖਚਰਾਂ ਜਿਨ੍ਹਾਂ ਦੀ ਸ਼ਾਨ ਬਦਲੇ
ਰਾਤਾਂ ਭੁਖ ਤੇ ਦੁਖ ਗੁਜ਼ਾਰੀਆਂ ਨੇ
ਮਿਲਿਆ ਉਨ੍ਹਾਂ ਤੋਂ ਕੀ ਇਨਾਮ ਤੈਨੂੰ
ਦਿਤਾ ਕੀ ਹੈ ਗੋਰੀਆਂ ਯਾਰੀਆਂ ਨੇ
ਗੋਤੇ ਛੱਪੜਾਂ ਤੇ ਵਾਰ ਸੋਟਿਆਂ ਦੇ
ਬਜਬਜ ਘਾਟ ਤੇ ਗੋਲੀਆਂ ਮਾਰੀਆਂ ਨੇ।
-ਤੀਰ

---

ਜਿਥੇ ਤੈਨੂੰ ਬਣੀ ਭਾਰੀ
ਅਸਾਂ ਜਾ ਕੇ ਜਾਨ ਵਾਰੀ,
ਹਿੱਕ ਤੇਰੀ ਥਾਂ ਉਤੇ
ਡਾਹੀ ਅੱਜ ਤੀਕ ਹੈ।
ਜਦੋਂ ਤੈਨੂੰ ਵੱਜੇ ਖੱਲੇ
ਅਸਾਂ ਤੈਨੂੰ ਗੱਲੇ ਘੱਲੇ,
ਦਿੱਤੀ ਮੂੰਹੋਂ ਕਢ ਕੇ
ਗਰਾਹੀ ਅੱਜ ਤੀਕ ਹੈ।
ਟੱਕਰਿਓਂ ਤੂੰ ਯਾਰ ਪੂਰਾ
ਸਾਡੇ ਗਲ ਪਾਇਓਂ ਭੂਰਾ
ਕਦੋਂ ਸਾਡੀ ਬਿਹਤਰੀ
ਤੂੰ ਚਾਹੀ ਅੱਜ ਤੀਕ ਹੈ। -ਸ਼ਰਫ

---

ਸੱਤਰ ਸਾਲ ਦੀ ਦੋਸਤੀ ਜਾ ਕਢੀ
ਆ ਘੇਰਿਆ ਤਖਤ ਅਕਾਲ ਸਿੰਘੋ
"ਹਮ ਨਹੀਂ ਜਾਨਟੇ ਟਖਟ ਅਕਾਲ ਹੈ ਯਿਹ"
... -ਆਜ਼ਾਦ

**4. ਸੂਰਬੀਰਤਾ**

ਵਿਕ ਗਏ ਧੜਾਂ ਉਤੋਂ
ਸੀਸ ਸਾਡੇ ਜੀਊਂਦੇ ਹੀ
ਫੇਰ ਵੀ ਅਥਕ ਰਹਿ ਕੇ
ਹਿੰਮਤਾਂ ਨਾ ਹਾਰੀਆਂ
ਗੋਲੀ ਨਾਲ ਸੱਲੇ ਹੇਠਾਂ
ਇੰਜਨਾਂ ਦੇ ਦਲੇ ਪਰ
ਪਿਛ੍ਹਾਂ ਨਹੀਂ ਹੱਲੇ
ਜਿੰਦਾਂ ਹੱਸ ਹੱਸ ਵਾਰੀਆਂ।
-ਦਰਸ਼ਨ ਸਿੰਘ ਦਲਜੀਤ

---

ਐ ਸੱਯਾਦ ਜਾਬਰ ਕਰਨ ਵਾਲੇ
ਕਰ ਲੈ ਜਬਰ ਤੂੰ ਜਿਤਨੀ ਬੇਦਾਦ ਕਰਨੀ
ਤਨ ਜਾਨ ਤੀਕਰ ਤੇ ਸੰਤਾਨ ਤੀਕਰ
ਦੇ ਕੇ ਪ੍ਰਾਨ ਤੱਕ ਗੁਲਸ਼ਨ ਆਬਾਦ ਕਰਨੀ
ਖੰਜਰ ਤੋਪ ਤਲਵਾਰ ਤੋਂ ਭੈ ਕਾਹਦਾ
ਛਾਤੀ ਡਾਹ ਕੇ ਸਾਮ੍ਹਣੇ ਖਾਹ ਗੋਲੀ
ਲੱਗੇ 'ਤੀਰ' ਜਾਂ ਲਹੂ ਦੀ ਧਾਰ ਵੱਗੇ
ਜਾਣੀਂ ਖੇਡਦਾ ਪਿਆ ਹਾਂ ਪ੍ਰੇਮ ਹੋਲੀ।
-ਤੀਰ

**5. ਕਿਰਪਾਨ**

ਸਮੇਂ ਗੇੜ ਖਾਧਾ ਭਾਣਾ ਵਰਤਿਆ ਇਹ,
ਰਹੀ ਜਿਸਮ ਮੇਰੇ ਅੰਦਰ ਜਾਨ ਬਾਕੀ।
ਤਿੰਨ ਫੁਟ ਤੋਂ ਬਦਲ ਕੇ ਤਿੰਨ ਸੂਤਰ,
ਰਿਹਾ ਸਿਰਫ ਕਿਰਪਾਨ ਨਿਸ਼ਾਨ ਬਾਕੀ।

---

ਲੁਕ ਛਿਪ ਕੇ ਵਕਤ ਟਪਾਣ ਲੱਗੀ,
ਬੰਦੀਵਾਨ ਵਾਂਗੂ ਭੀੜੀ ਜਾ ਮਿਲ ਗਈ
ਕੰਘਾ ਮੁਝ ਖਾਤਰ ਸ਼ਾਹੀ ਜੇਲ੍ਹ ਬਣਿਆ,
ਘੋਰ ਦੁਖੀ ਨੂੰ ਕੈਦ ਤਨਹਾ ਮਿਲ ਗਈ।
ਐਪਰ ਫੇਰ ਆ ਸਮਾਂ ਪਲਟੀਜਿਆ ਏ,
ਓਸੇ ਫਾਹੀ ਵਿਚ ਮੈਨੂੰ ਫਸਾਣ ਲੱਗੇ।
ਤਿੰਨ ਫੁਟ ਤੋਂ ਫੁਟ ਨੌਂ ਇੰਚ ਕਰ ਕੇ,
ਹੇਠਾਂ ਕੁੜਤਿਆਂ ਦੇ ਮੈਨੂੰ ਪਾਣ ਲੱਗੇ।
-ਤੀਰ

---

ਦੱਸ ਸੱਜੀਏ ਬਾਹੇਂ ਸਰਕਾਰ ਦੀਏ,
ਤੇਰਾ ਪੰਜਵਾਂ ਕੱਕਾ ਕਿਰਪਾਨ ਕਿੱਥੇ?
-ਜੋਸ਼

---

ਸਾਡੀ ਤੇਗ ਕਟਾਰ ਨਾ ਖੰਡਰ ਦਿਸੇ,
ਹਾਇ ਗਾਤਰੇ ਵਿਚ ਕਿਰਪਾਨ ਕਿਥੇ?

*(ਬਾਕੀ ਅਗਲੇ ਸਫੇ 'ਤੇ)*

# ਅਕਾਲੀ ਲਹਿਰ ਅਤੇ ਪੰਜਾਬੀ ਸਾਹਿਤ

*(ਪਿਛਲੇ ਸਫੇ ਦੀ ਬਾਕੀ)*

-ਅਵਤਾਰ ਸਿੰਘ ਆਜ਼ਾਦ

**6. ਨਨਕਾਣਾ ਸਾਹਿਬ**

ਨਾਨਕ ਗੁਰੂ ਦੇ ਜਨਮ ਅਸਥਾਨ ਅੰਦਰ,
ਜਿੰਦਾਂ ਵਾਰ ਕੇ ਖੇਡੀਆਂ ਹੋਲੀਆਂ ਨੇ।
ਪੀਪੇ ਤੇਲ ਦੇ ਹਾਏ ਪੁਆ ਕੇ ਤੇ,
ਸੜੇ ਪੈ ਭੱਠੀ ਖਾ ਖਾ ਗੋਲੀਆਂ ਨੇ।
ਦਿਲ ਤੜਫੇ ਤੇ ਕੇਰੇ ਹੰਝੂ,
ਸਾਕਾ ਸੁਣ ਨਨਕਾਣੇ ਦਾ। -ਤੀਰ

---

ਨੈਣੂ ਪਾਪੀ ਨੇ ਕੀਤਾ ਏ ਕੰਮ ਜਿਹੜਾ,
ਤਾਰ ਓਸ ਦੀ ਉਤੋਂ ਹਿਲਾਂਵਦੇ ਨੇ।
ਦੇਂਦੇ ਹੌਸਲੇ ਕਿੰਗ ਤੇ ਕਰੀ ਉਸ ਨੂੰ,
ਇਹਦੇ ਵਿਚ ਉਹ ਹੱਥ ਰਖਾਂਵਦੇ ਨੇ।
-ਹਰਨਾਮ ਸਿੰਘ ਮਸਤ ਪੰਛੀ

**7. ਗੁਰੂ ਕਾ ਬਾਗ**

ਬੀਟੀ ਸੋਟੀ ਵਜਾ ਕੇ ਜ਼ੁਲਮ ਵਾਲੀ,
ਪੁਲਸ ਰਸਤਿਆਂ ਵਿਚ ਖਲ੍ਹਿਆਰ ਦੇਨੀ।
ਪੁਲਸ ਰੋਕਣਾ ਜਾਂਦੇ ਅਕਾਲੀਆਂ ਨੂੰ,
ਗਾਲ ਇਕ ਇਕ ਸਾਹੇ ਹਜ਼ਾਰ ਦੇਨੀ।
ਠੁਡ ਮਾਰਨੇ ਹੇਠੋਂ ਤੇ ਹੁੱਜ ਉਤੋਂ,
ਬੱਕੇ ਮਾਰ ਕੇ ਪੱਗ ਉਤਾਰ ਦੇਨੀ।
ਬੈਠੇ ਹੋਏ ਨੂੰ ਮਾਰਨੀ ਡਾਂਗ ਨਾਲੇ,
ਲੋਟ ਪੋਟ ਕਰ ਹੋਸ਼ ਵਿਸਾਰ ਦੇਨੀ।
ਸ਼ਾਂਤਮਈ ਦੇ ਪਰਨ ਨੂੰ ਯਾਦ ਕਰ ਕੇ,
ਐਪਰ ਖੋਲ੍ਹੀ ਨਾ ਮੂਲ ਜ਼ਬਾਨ ਸਿੰਘਾਂ।
ਹੱਸ ਹੱਸ ਕੇ ਹੋਏ ਕੁਰਬਾਨ ਸਦਕੇ,
ਰੱਖੀ ਧਰਮ ਦੀ ਇੱਜ਼ਤ ਤੇ ਸ਼ਾਨ ਸਿੰਘਾਂ।
ਆਉਂਦੀ ਹੋਸ਼ ਤੇ ਬੈਠਣਾ, ਉਠ ਤੁਰਨਾ,
ਡਾਂਗਾਂ ਮਾਰ ਦੁਹੱਥੜੀ ਸੁੱਟਦੇ ਸਨ।

ਨਾਜ਼ਕ ਬਦਨ ਘਸੀਟਦੇ ਵਿਚ ਸੜਕਾਂ,
ਮਾਰਨ ਗੁੱਝੀਆਂ ਤੇ ਗਲ ਨੂੰ ਘੁੱਟਦੇ ਸਨ।
ਸੁੱਟ ਭੋਂ 'ਤੇ ਕੁੱਟਦੇ ਭੋਹ ਵਾਂਗੂ,
ਕੇਸ ਨਾਲ ਹੁਜੱਕਿਆਂ ਪੁੱਟਦੇ ਸਨ।
ਐਧਰ ਮੱਥੇ 'ਤੇ ਵੱਟ ਨਾ ਜ਼ਰਾ ਪਾਇਆ,
ਪ੍ਰਿਥੀਪਾਲ ਜੇਹੇ ਨੌਜਵਾਨ ਸਿੰਘਾਂ।
ਹੱਸ ਹੱਸ ਕੇ ਹੋਏ ਕੁਰਬਾਨ ਸਦਕੇ,
ਰੱਖੀ ਧਰਮ ਦੀ ਇੱਜ਼ਤ ਤੇ ਆਨ ਸਿੰਘਾਂ।
ਬਾਹਵਾਂ ਭੰਨੀਆਂ ਪਾਜੀਆਂ ਸੀਸ ਨਾਲੇ,
ਅੱਧ-ਮੋਇਆਂ ਨੂੰ ਲੱਖ ਆਜ਼ਾਰ ਦਿੱਤੇ।
ਲੱਤਾਂ ਮਾਰੀਆਂ ਢਿੱਡ ਵਿਚ ਫੱਟਣਾਂ ਦੇ,
ਨਾਲ ਹੱਥਾਂ ਤੇ ਪੈਰਾਂ 'ਤੇ ਭਾਰ ਦਿੱਤੇ।
ਡੋਬ ਪਾ ਪਾ ਛੱਪੜ ਦੇ ਗੋਤਿਆਂ ਥੀਂ,
ਡੋਬੇ ਵਾਂਗ ਲੀੜੇ ਬਾਰ ਬਾਰ ਦਿੱਤੇ।
ਚਿੱਕੜ ਤੁੰਨਿਆ ਮੂੰਹ ਵਿਚ, ਕੇਸ ਰੋਲੇ,
ਧੋ ਧੋ ਕੇ 'ਸਿੰਘਾਂ ਦੇ ਮਾਰ' ਦਿੱਤੇ। -ਸ਼ਰਫ

**8. ਗੁਰਦੁਆਰੇ**

ਤੇਰੇ ਵਿਚ ਗੁਰਧਾਮਾਂ ਦੇ ਹੋਣ ਮੁਜਰੇ
ਅਤੇ ਨਿੱਤ ਸ਼ਰਾਬ ਦਾ ਦੌਰ ਚੱਲੇ
ਕਬਜ਼ੇ ਦਸ ਕਾਨੂੰਨ ਵਿਰੁੱਧ ਮੁਜ਼ੀ
ਤੇਰੀ ਉਮੱਤ ਕੁਠਾਲੜੀ ਪਾਣ ਲੱਗਾ।
-ਆਜ਼ਾਦ

---

ਗੁਰੂ ਘਰ ਤੇ ਗੈਰਾਂ ਦਾ ਹੱਕ ਹੋਵੇ
ਜਾਬਰ ਪੱਤ ਲੱਗੇ ਹੁਣ ਲਾਹੁਣ ਸਾਡੀ।-ਤੀਰ

---

ਤੇਰਾ ਹੱਕ ਕੀ ਏ ਗੁਰਧਾਮ ਅੰਦਰ
ਨਹੀਂ ਆਪਣੇ ਦਿਲ ਸ਼ਰਮਾਂਵਦਾ ਏਂ।
-ਗੜਗੱਜ ਉਡਾਰੂ

**9. ਕਾਨੂੰਨ**

ਕਰ ਕੇ ਕਤਲ ਕਾਨੂੰਨ ਤਾਈਂ,
ਗਰਮ ਜ਼ੁਲਮ ਦਾ ਕਰ ਬਾਜ਼ਾਰ ਰਹੇ ਨੇ।
-ਆਜ਼ਾਦ

---

ਅੱਜ ਕੱਲ੍ਹ ਕਾਨੂੰਨ ਜ਼ਬਾਨ ਸਾਡੀ
ਅਤੇ ਦਫਾ ਵੀ ਏਹੋ ਬਤਾਂਵਦੇ ਹਾਂ।
ਉਤੋਂ ਹੁਕਮ ਤੁਹਾਨੂੰ ਗਰਿਫਤਾਰ ਕਰਨਾ
ਤਾਂ ਹੀ ਪਕੜ ਜੇਲ੍ਹੀਂ ਪਾਂਵਦੇ ਹਾਂ।
-ਭਾਗ ਸਿੰਘ ਨਿਧੜਕ

**10. ਪੰਜਾ ਸਾਹਿਬ ਦੇ ਸ਼ਹੀਦ**

ਕਰਮ ਸਿੰਘ ਪਰਤਾਪ ਤੋਂ ਸਬਕ ਲੈ ਕੇ
ਪਟੜੀ ਰੇਲ ਦੀ ਜਾਣ ਪਲੰਘ ਅੜਿਆ।
ਹਰੀ ਹਰੀ ਕਰਤਾਰ ਕਰਤਾਰ ਕਹਿ ਕੇ
ਹੇਠ ਇੰਨਾਂ ਲੇਟ ਨਿਸ਼ੰਗ ਅੜਿਆ। -ਤੀਰ

**11. ਸ. ਖੜਕ ਸਿੰਘ**

ਖੜਕ ਸਿੰਘ ਜੀ ਖੜਕਦੇ ਵਾਂਗ ਚੰਡੀ,
ਦਿੱਤਾ ਓਸ ਨੂੰ ਵੀ ਜੇਲ੍ਹ ਡਾਰ ਸਾਈਆਂ।
ਤੇਰੇ ਪੰਥ ਨੇ ਜਿਹੜੇ ਬਣਾਏ ਆਗੂ,
ਗਏ ਉਹ ਵੀ ਜੇਲ੍ਹ ਵਿਚਕਾਰ ਸਾਈਆਂ।
-ਗੁਰਦਿੱਤ ਸਿੰਘ ਉਡਾਰੂ

---

ਸਿਰਤਾਜ ਅਕਾਲੀ ਭੌਰੇ ਦੇ
ਦਸ ਮਾਹ ਤੋਂ ਸਿਰ ਦਸਤਾਰ ਨਹੀਂ। -ਤੀਰ

**12. ਨਾਭੇ ਦੀ ਗੱਦੀ:**

ਬਲਦੀ ਅੱਗ ਤੋਂ ਕੱਢਿਆ ਵਾਰ ਜਿੰਦਾਂ
ਉਲਟਾ ਡੰਗ ਕਲੇਜੜੇ ਮਾਰਦਾ ਏਂ
ਨਾਭੇ-ਪਤੀ ਦੀ ਵੇਖ ਬੇਪਤੀ ਕਰ ਕੇ
ਹਾਏ ਤਖਤ ਤੋਂ ਹੇਠ ਉਤਾਰਦਾ ਏਂ।
ਹੋਸੀ ਨਾਭੇ ਤੋਂ ਜਾਨ ਕੁਰਬਾਨ ਸਾਡੀ
(ਇਕ ਲੰਮੀ ਕਵਿਤਾ -ਤੀਰ)

---

ਨਾਭੇ-ਪਤੀ ਪਿਆਰੇ ਤਾਈਂ
ਤਖਤੋਂ ਲਾਹ ਪਟਕਾਇ ਦਿੱਤਾ
ਵਾਲੀ ਮੁਲਕ ਜਾਗੀਰਾਂ ਵਾਲਾ
ਮਿੱਟੀ ਵਿਚ ਮਿਲਾਇ ਦਿੱਤਾ
ਵਲ ਛਲ ਕਰ ਕੇ ਨਾਲ ਦਗੇ ਦੇ
ਜਾਲੀ ਵਿਚ ਫਸਾਇ ਦਿੱਤਾ।
ਬੈਠੂ ਤਖਤ ਤੇ ਸ੍ਰੀ ਰਿਪਦਮਨ ਸਿੰਘ ਹੀ
ਬਣਿਆ ਉਗਲਵੀ ਨਹੀਂ ਸੁਲਤਾਨ ਰਹਿਸੀ
-ਆਜ਼ਾਦ

**13. ਕਾਂਗਰਸੀ ਆਗੂ**

ਡਾਕਟਰ ਕਿਚਲੂ ਤੇ ਮਿਸਟਰ ਗਿਡਵਾਨੀ
ਗੰਗਸਰ ਨੂੰ ਕਦਮ ਉਠਾਏ ਯਾਰੋ
ਦਰਦੀ ਕੌਮ ਦੇ ਜ਼ਾਲਮਾਂ ਪਕੜ ਲੀਤੇ
ਦਿੱਤੇ ਨਾਭੇ ਦੀ ਜੇਲ੍ਹ ਪੁਚਾਏ ਯਾਰੋ।
-ਭਾਗ ਸਿੰਘ ਨਿਧੜਕ

**14. ਆਜ਼ਾਦੀ**

ਮਾਲ ਅਸਬਾਬ ਦੀਆਂ
ਕੁਰਕੀਆਂ ਤਾਂ ਚੀਜ਼ ਕੀ ਨੇ
ਦੇਸ਼ ਸਵਰਾਜ ਉਤੋਂ ਜ਼ਿੰਦਗੀ ਘੁਮਾਵਸਾਂ
ਮੁੱਢ ਤੋਂ ਹੀ ਆਏ
'ਦਲਜੀਤ' ਹਾਂ, ਅਜੀਤ ਅਸੀਂ
ਵੱਡਿਆਂ ਦੀ ਰੀਤ ਨਾਲ
ਸਿਰਾਂ ਦੇ ਨਿਭਾਵਸਾਂ। -ਦਲਜੀਤ

---

ਤੇਰੇ ਦੀਦ ਦੀ ਫੀਸ ਚਾ ਸੀਸ ਰੱਖੇ
ਬਜ ਬਜ ਘਾਟ ਜਾ ਖਾਧੀਆਂ ਗੋਲੀਆਂ ਸਨ
ਜਲ੍ਹਿਆਂਵਾਲੇ ਬਾਗ ਅੰਦਰ ਜਾ ਕੇ
ਨਨਕਾਣੇ ਦੇਹਾਂ ਕਰ ਬੇਕਦਰੀਆਂ ਰੋਲੀਆਂ ਸਨ
ਤੇਰੀ ਤਾਂਘ ਅੰਦਰ ਹੋਸੀ ਵੇਖਿਆ ਤੈਂ
'ਤੇਰੇ ਨਾਮ' ਉਤੋਂ ਜਿੰਦਾਂ ਘੋਲੀਆਂ ਸਨ
ਹੱਸ ਹੱਸ ਮਾਰ ਖਾ ਕੇ 'ਗੁਰੂ ਬਾਗ' ਜਾਣੋ
ਨਾਲ ਖੂਨ ਦੇ ਰੰਗੀਆਂ ਚੋਲੀਆਂ ਸਨ।
ਗੁਲਾਮੀ ਦੇ ਜੀਉਣ ਨਾਲੋਂ ਮੌਤ ਹੈ 'ਆਜ਼ਾਦ' ਚੰਗੀ
ਹੋਵੇ ਬਰਬਾਦੀ ਭਾਵੇਂ ਹੋਣ ਖੁਸ਼ਹਾਲੀਆਂ।
-ਆਜ਼ਾਦ

---

ਉਠ ਹਿੰਦ ਦੇ ਗਭਰੂਆ ਨਿੱਤਰ ਮੱਲਾ
ਦੇਸ਼ ਕੌਮ ਦੀ ਸੇਵਾ ਕਮਾ ਲਈਏ
ਪਿਛੋਂ ਮੇਰੀਆਂ ਤੇਰੀਆਂ ਨਿੱਬੜ ਲਾਂਗੇ
ਪਹਿਲੋਂ ਤੌਕ ਗੁਲਾਮੀ ਦਾ ਲਾਹ ਲਈਏ।
-ਤੀਰ

**15. ਕਮੇਟੀ ਤੇ ਦਲ ਕਾਨੂੰਨ ਵਿਰੁਧ**

ਛੁਰੀ ਜਬਰ ਦੀ ਹਲਕ 'ਤੇ ਰੱਖ ਕਹਿੰਦਾ:
ਨਾ ਕਰ ਕੌਮ ਦੇ ਨਾਲ ਪਿਆਰ ਸਾਈਆਂ
ਬਾਗੀ ਆਖਦਾ ਦਸਾਂ ਅਕਾਲੀਆਂ ਨੂੰ
ਧਰਮੀ ਆਗੂਆਂ ਕਰ ਗਰਿਫਤਾਰ ਸਾਈਆਂ
ਪੰਥਕ ਸ਼ਾਨ ਕਮੇਟੀ ਸ਼੍ਰੋਮਣੀ ਨੂੰ
ਦਿੱਤਾ ਏਸ ਹੈ ਬਾਗੀ ਕਰਾਰ ਸਾਈਆਂ
ਜਾਨਾਂ ਵਾਰਨੇ ਕਸ਼ਟ ਸਹਾਰਨੇ ਦਾ
ਇਵਜ਼ ਖੂਬ ਮਿਲਿਆ 'ਤੀਰ' ਮਾਰ ਸਾਈਆਂ।
ਤਿਵੇਂ ਪਾਪੀ ਜਬਰਾਂ ਨੂੰ ਲਗਦੀ ਕਮੇਟੀ ਬੁਰੀ
ਧਰਮੀਆਂ ਦੀ ਤਾਈਂ ਪਈ ਬਾਗੀ ਜੋ ਅਲਾਂਵਦੀ। -ਆਜ਼ਾਦ

---

ਬਾਗੀ ਆਖਦੇ ਬਾਗ ਦੇ ਮਾਲਕਾਂ ਨੂੰ
ਆਪ ਜ਼ਾਲਮਾਂ ਬਾਗ ਉਜਾੜਨਾ ਏ। -ਸ਼ਰਫ

**16. ਜੇਲ੍ਹਾਂ**

ਗਾਜ਼ੀਖਾਨ ਮੁਲਤਾਨ ਜ਼ਿੰਦਾਨ ਅੰਦਰ
ਜ਼ੁਲਮ ਅੱਗ ਵਰ੍ਹਦੀ ਭੁੱਜਦੀ ਭੰਗ ਅੜਿਆ।
ਪੈਰੀਂ ਬੇੜੀਆਂ ਤੇ ਹੱਥੀਂ ਹੱਥਕੜੀਆਂ
ਕਰਦੇ ਧਰਮੀਆਂ ਨੂੰ ਡਾਢਾ ਤੰਗ ਅੜਿਆ।
ਨਾਹਰਾ ਜਿਹੜਾ ਅਕਾਲ ਦਾ ਲਾਂਵਦਾ ਏ
ਮਾਰਨ ਬੈਂਤ ਉਹਨੂੰ ਪੁੱਠਾ ਟੰਗ ਅੜਿਆ।
ਦੇਸ਼ ਕੌਮ ਖਾਤਰ ਗਲੇ ਪਾ ਖਪਣੀ
ਛਿੱਕੇ ਐਸ਼ ਆਰਾਮ ਨੂੰ ਟੰਗ ਅੜਿਆ।
-ਤੀਰ

---

ਜੇਲ੍ਹਾਂ ਜੇਹੜੀਆਂ ਤੋਂ ਸਨ ਲੋਕ ਡਰਦੇ
ਸਾਡੇ ਵੀਰ ਅੱਜ ਖੇਲ ਬਣਾਂਵਦੇ ਨੇ।
-ਨਿਧੜਕ

---

ਹੋਣੇ ਨੇ 'ਆਜ਼ਾਦ'
ਬੰਦੀ ਵੀਰ ਸਾਡੇ ਕੁਲ ਯਾਰੋ
ਸਾਜ਼ਸ਼ਾਂ ਸਡੀਸ਼ਨਾਂ ਦਾ
ਨਿਕਲਨਾ ਦਿਵਾਲਾ ਏ। -ਆਜ਼ਾਦ

**17. ਕੁੰਜੀਆਂ ਦਾ ਮਾਮਲਾ**

ਕੁੰਜੀਆਂ ਖੁੱਸੀਆਂ ਵੇਖ ਕੇ ਮਾਰ ਛਾਲਾਂ
ਜਾਏ ਧਰਮੀਆਂ ਨੇ ਜੇਲ੍ਹਾਂ ਮੱਲੀਆਂ ਸਨ।
ਹੱਥ ਜ਼ਾਲਮਾਂ ਕੰਨੀ ਲਵਾ ਕਰ ਕੇ
ਕੁੰਜਾਂ ਡਾਰ ਅੰਦਰ ਫੇਰ ਰਲੀਆਂ ਸਨ।
-ਆਜ਼ਾਦ

---

ਕੀਤਾ ਨੱਕ ਦੇ ਵਿਚ ਜਾਂ ਦਮ ਪੰਛੀ
ਪੈਰੀਂ ਪੈ ਕੇ ਚਾਬੀ ਫੜਾਨ ਲੱਗ ਪਏ।
-ਮਸਤ ਪੰਛੀ

**18. ਜਲ੍ਹਿਆਂਵਾਲਾ ਬਾਗ ਏਕੇ ਦਾ ਚਿੰਨ੍ਹ**

'ਓਡਵਾਇਰ' ਦੀ ਉਤੋਂ ਓਡ ਵਾਇਰ ਆਈ
ਕੀਤੇ ਡਾਇਰ ਨੇ ਹੁਕਮ ਫਰਮਾਨ ਏਥੇ।
ਜਿਹੜਾ ਪਾਰ ਸਮੁੰਦਰੋਂ ਲੜੇ ਜਾ ਕੇ
ਉਹਦਾ ਅਸਰ ਮਿਲਿਆ ਸਾਨੂੰ ਆਨ ਏਥੇ।
ਕੀਤੀ ਰਾਖੀ ਵਿਸਾਖੀ ਵਿਚ 'ਜੇਹੀ ਸਾਡੀ'
ਲੱਗੇ ਗੋਲੀਆਂ ਮਾਰਨ ਸ਼ੈਤਾਨ ਏਥੇ।
ਕੀਤਾ ਅੱਤਿਆਚਾਰ ਨਿਹੱਥਿਆਂ 'ਤੇ
ਹੋਇਆ ਹਸ਼ਰ ਦਾ ਗਰਮ ਮੈਦਾਨ ਏਥੇ।
ਕਈ ਖੂਹ ਵਿਚ ਡਿੱਗ ਸਨ ਵਾਂਗ 'ਯੂਸਫ'
ਮਰ ਗਏ ਕਈ ਤਿਹਾਏ ਇਨਸਾਨ ਏਥੇ।
ਮਹਿੰਦੀ ਲੱਥੀ ਨਹੀਂ ਸੀ ਕਈ ਲਾੜਿਆਂ ਦੀ
ਹੋ ਗਏ ਲਹੂ ਵਿਚ ਲਹੂ-ਲੁਹਾਨ ਏਥੇ।
ਇਕੋ ਰੂਪ ਅੰਦਰ ਡਿੱਠਾ ਸਾਰਿਆਂ ਨੇ
ਉਹ ਰਹੀਮ, ਕਰਤਾਰ, ਭਗਵਾਨ ਏਥੇ।
ਹੋਏ ਜ਼ਮਜ਼ਮ ਤੇ ਗੰਗਾ ਇਕ ਥਾਂ 'ਕੱਠੇ,
ਰਲਿਆ ਖੂਨ ਹਿੰਦੂ ਮੁਸਲਮਾਨ ਏਥੇ।
-ਸ਼ਰਫ

---

ਯਾਦ ਆਂਵਦੇ ਪਿਛਲੇ ਹੈਨ ਸਾਕੇ,
ਜਾਂ ਸਮਿੱਥ ਨੂੰ ਮੂੰਹਾਂ 'ਤੇ ਥੁੱਕਿਆ ਸੀ।
ਬਿੱਲੀ, ਕੁੱਤੀ, ਸੂਰੀ, ਗਧੀ ਆਖ ਕਰ ਕੇ,
ਘੁੰਡ ਭੈਣਾਂ ਦੇ ਮੂੰਹਾਂ 'ਤੋਂ ਚੁੱਕਿਆ ਸੀ।
ਡੰਡੇ ਮਾਰ ਕੇ ਢਿੱਡਾਂ ਦੇ ਭਾਰ ਤੋਰੇ,
ਬੈਂਤ ਮਾਰਨੋਂ ਮੂਲ ਨਾ ਰੁਕਿਆ ਸੀ।
-ਆਜ਼ਾਦ

---

'ਕੱਠੇ ਹੋ ਕੇ ਗੋਲੀਆਂ ਖਾਧੀਆਂ ਨੇ,
ਆਏ ਵਿਛੜੇ ਵੀਰ ਮਿਲਾਨ ਏਥੇ।
ਬੀਜ ਏਕਤਾ ਦਾ ਏਥੇ ਬੀਜਿਓ ਨੇ,
ਰਲਿਆ ਖੂਨ ਹਿੰਦੂ ਮੁਸਲਮਾਨ ਏਥੇ।
-ਤੀਰ

**19. ਸੁਆਰਾਜ**

ਸੱਚਾ ਸੌਦਾ ਸੁਆਰਾਜ ਦਾ ਜੇਹਾ ਕਰੀਏ
ਵੇਚ ਆਪਣਾ ਕੁਲ ਘਰ ਬਾਰ ਦੇਈਏ।
'ਨਾੜਾਂ' ਤਨ ਤੰਬੂਰ ਦੀਆਂ ਹੋਣ ਤਾਰਾਂ
ਲੱਗੀ ਅੱਗ ਤੇ ਛੇੜ ਮਲਿਹਾਰ ਦੇਈਏ।
'ਰਾਖਸ਼ਸ' ਜਿਹੜੀ ਗਵਰਨਮੈਂਟ ਹੋਵੇ
ਉਹਨੂੰ 'ਕੰਡੇ' ਦੇ ਵਾਂਗ ਸਵਾਰ ਦੇਈਏ।
'ਟੋਕੋ' ਵਾਂਗ ਬਣੀਏ ਕੋਈ ਨਾ ਚੀਜ਼ ਟੋਕੇ
ਮੁੱਢੋਂ ਵੱਢ ਸਾਰਾ ਅਤਿਆਚਾਰ ਦੇਈਏ।
ਲੈ ਕੇ ਰਹੀਏ ਹੁਣ ਦੋਸਤੋ ਛੱਡੀਏ ਨਾ ਹੈ
ਪੈਦਾਇਸ਼ੀ ਹੱਕ ਸੁਆਰਾਜ ਸਾਡਾ। -ਸ਼ਰਫ

**20. ਝੋਲੀ ਚੁੱਕ**

ਝੋਲੀ ਚੁੱਕੋ, ਅਜੇ ਵੀ ਨਾ
ਬਾਜ਼ ਆਇਓ ਏਸ ਗੱਲੋਂ
ਕੋਈ ਨਾ ਫਿਕਰ ਤੁਹਾਨੂੰ
ਹਿੰਦ ਦੀ ਤਬਾਹੀ ਦਾ।
ਪੁੱਛਾਂਗੇ ਤੁਹਾਨੂੰ
ਜ਼ਰਾ ਥੋੜ੍ਹਾ ਚਿਰ ਠਹਿਰ ਜਾਓ
ਫੜ-ਫੜ ਜੇਲ੍ਹਾਂ ਵਿਚ
ਕਿਸ ਤਰ੍ਹਾਂ ਪੁਚਾਈ ਦਾ। -ਗੁੜਗੱਜ ਉਡਾਰੂ

**21. ਨਾਭੇ ਦੇ ਅਹਿਲਕਾਰ**

ਹੈ ਓਇ ਪਾਪੀਓ ਨਾਭੇ ਦੇ ਅਹਿਲਕਾਰੋ
ਕਿੱਡੇ-ਕਿੱਡੇ ਜ਼ੁਲਮ ਕਮਾਏ ਤੁਸੀਂ
ਜੀਹਦੇ ਸਿਰ ਉਤੇ ਮੌਜਾਂ ਮਾਣਦੇ ਸੀ
ਧੋਖੇ ਓਸ ਦੇ ਨਾਲ ਕਮਾਏ ਤੁਸੀਂ
... ... ... ... ... ... ...,
ਹੱਥੀਂ ਦਿੱਤਾ ਕਿਵੇਂ ਨਾਭਾ ਫੜਾਏ ਤੁਸੀਂ।

ਜ਼ਬਤ ਕਿਤਾਬਾਂ ਦੀ ਲਿਸਟ ਬੜੀ ਲੰਮੀ ਹੈ। ਮੈਂ ਕੁਝ ਇਕ ਜ਼ਬਤ ਹੋਈਆਂ ਪੁਸਤਕਾਂ ਵਿਚੋਂ ਉਤਲੇ ਵਿਸ਼ਿਆਂ ਤੇ ਕੁਝ ਪੰਗਤੀਆਂ ਤੇ ਬੰਦ ਦਿੱਤੇ ਹਨ ਤਾਂ ਜੋ ਉਸ ਵੇਲੇ ਦੀ ਚੜ੍ਹਦੀ ਕਲਾ ਦੀ ਭਖਵੀਂ ਸਪਿਰਿਟ ਦਾ ਕੁਝ ਅਨੁਮਾਨ ਕੀਤਾ ਜਾ ਸਕੇ। ਕਵੀਆਂ ਨੇ ਹਰ ਇਕ ਭਖਦੇ ਮਸਲੇ 'ਤੇ ਆਪਣੇ ਖੁਲ੍ਹੇ ਵਿਚਾਰ ਪੇਸ਼ ਕੀਤੇ ਸਨ। ਮਹਾਰਾਜਾ ਪਟਿਆਲਾ ਦੀ ਘੋਰ ਨਿੰਦਿਆ ਤੇ ਨਾਭੇ ਦੀ ਉਸਤਤ ਵਿਚ ਸਫਿਆਂ ਦੇ ਸਫੇ ਲਿਖੇ ਪਏ ਹਨ। ਗੋਰਮਿੰਟ ਦੇ ਜ਼ੁਲਮਾਂ, ਜੇਲ੍ਹਾਂ ਦੇ ਅਤਿਆਚਾਰਾਂ ਨੂੰ, ਨਿਧੜਕ ਅਤੇ ਨਤੀਜਿਆਂ ਤੋਂ ਲਾਪਰਵਾਹ ਹੋ ਕੇ, ਨੰਗਾ ਤੇ ਨਸ਼ਰ ਕੀਤਾ ਗਿਆ ਹੈ।

ਨਿਰਭੈਤਾ ਤੇ ਜੋਸ਼ ਦਾ ਕੁਝ ਅੰਦਾਜ਼ਾ ਉਹਨਾਂ ਜਵਾਬਾਂ ਤੋਂ ਮਿਲ ਸਕਦਾ ਹੈ ਜਿਹੜੇ ਮੈਜਿਸਟਰੇਟਾਂ ਵਲੋਂ ਨਾਮ ਪੁੱਛੇ ਜਾਣ 'ਤੇ ਮੁਲਜ਼ਮਾਂ ਨੇ ਦਿੱਤਾ:

ਕਿਸੇ ਆਖਿਆ ਮੋਰਚੇ-ਤੋੜ ਹਾਂ ਮੈਂ
ਜੜ੍ਹ-ਪੁੱਟ ਹੀ ਕੋਈ ਬਤਾਂਵਦਾ ਏ:
ਕੋਈ ਕਹੇ ਕੜ-ਤੋੜ ਸਿੰਘ ਨਾਮ ਮੇਰਾ
ਕੋਈ ਦਿੱਲੀ ਦੀ ਤੋੜ ਜਤਾਂਵਦਾ ਏ।
ਕਈ ਕਹੇ ਮੈਂ ਲੰਡਨ-ਤੋੜ ਸਿੰਘ ਹਾਂ
ਵਲੈਤ-ਰੋੜ੍ਹ ਹੀ ਕੋਈ ਫਰਮਾਂਵਦਾ ਏ।
-ਨਿਧੜਕ

ਏਸੇ ਤਰ੍ਹਾਂ ਜਥਿਆਂ ਵਿਚੋਂ ਗਰਿਫਤਾਰ ਹੋਏ ਸਿੰਘ ਆਪਣੇ ਏਹੋ ਜੇਹੋ ਕੋਈ ਨਾਮ ਦੱਸ ਕੇ-ਪਿਤਾ ਦਾ ਨਾਮ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਦੇਵਾਂ ਅਤੇ ਵਾਸੀ ਆਨੰਦਪੁਰ ਕਹਿ- ਮੋਨ ਧਾਰ ਲੈਂਦੇ ਸਨ। ਪੁਲਸ ਨੂੰ ਬਹੁ-ਗਿਣਤ ਅਕਾਲੀਆਂ ਦੇ ਅਸਲ ਬਹੁ-ਟਿਕਾਣੇ ਤੇ ਨਾਵਾਂ ਦਾ ਕਦੇ ਪਤਾ ਹੀ ਨਹੀਂ ਸੀ ਲਗਦਾ।

ਇਸ ਸਾਹਿਤਕ ਉਭਾਰ ਦੇ ਸਮੇਂ ਵਾਰਤਕ ਵਿਚ ਮਾਸਟਰ ਮੋਤਾ ਸਿੰਘ ਦਾ ਜੀਵਨ, ਬਾਬਾ ਗੁਰਦਿਤ ਸਿੰਘ ਦਾ ਜੀਵਨ ਬਿਰਤਾਂਤ, ਬਾਬਾ ਜੀ ਦੀ ਆਤਮ ਕਥਾ, ਸ. ਸਰਦੂਲ ਸਿੰਘ ਕਵੀਸ਼ਰ ਦਾ ਜੀਵਨ ਅਤੇ ਕਈ ਗਰੰਥ ਪੈਂਫਲਟ ਵਗੈਰਾ ਪਰਕਾਸ਼ਤ ਹੋਏ। ਮੋਰਚਿਆਂ ਨੇ ਪੰਜਾਬੀ ਸਾਹਿਤ ਵਿਚ ਨਵੀਂ ਜਾਨ ਤੇ ਰੂਹ ਭਰ ਦਿੱਤੀ। ਰੂਪ ਤੇ ਵੱਥ ਦੇ ਪਹਿਲੂਆਂ ਤੋਂ ਪੰਜਾਬੀ ਸਾਹਿਤ ਆਪਣੀ ਸਿੱਥਲਤਾ ਛੱਡ ਕੇ ਜੋਬਨ ਦੇ ਪੰਧ 'ਤੇ ਪੈ ਗਿਆ। ਇਸ ਉਭਾਰ ਨੇ ਮੋਰਚਿਆਂ ਦੇ ਉਭਾਰ ਨੂੰ ਹੋਰ ਨਿਖਾਰਿਆ।

ਇਸ ਤੋਂ ਇਕ ਨਤੀਜਾ ਇਹ ਨਿਕਲਦਾ ਹੈ ਕਿ ਜਿਹੜਾ ਭਾਸ਼ਾ ਵਿਗਿਆਨੀ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਅਧਿਅਨ ਕਰਦਿਆਂ ਧਾਰਮਕ, ਸਮਾਜਕ, ਆਰਥਕ, ਰਾਜਸੀ (ਵਗੈਰਾ) ਮੋਰਚਿਆਂ ਦੇ ਰੋਲ ਨੂੰ ਇਸ ਦੇ ਵਧਣ ਫੁਲਣ ਦੇ ਇਤਿਹਾਸ ਵਿਚ ਨਜ਼ਰ-ਅੰਦਾਜ਼ ਕਰਦਾ ਹੈ, ਉਸ ਦਾ ਅਧਿਅਨ ਅਧੂਰਾ ਹੈ।

# ਆਪੇ ਫਾਥੜੀਏ, ਤੈਨੂੰ ਕੌਣ ਛੁਡਾਏ?

**ਅੰਮ੍ਰਿਤ ਕੌਰ ਬਡਰੁੱਖਾਂ**
ਫੋਨ: 91-98767-14004

ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਇਕ ਨਵੀਂ ਰੀਤ ਚੱਲੀ ਹੈ, ਕੋਠੀਆਂ ਬਣਾਉਣ ਦੀ। ਭਾਵੇਂ ਹੁਣ ਕਰੋਨਾ ਮਹਾਮਾਰੀ ਕਾਰਨ ਕੁਝ ਸਮੇਂ ਲਈ ਇਸ ਕੰਮ ਵਿਚ ਖੜੋਤ ਆਈ ਸੀ, ਪਰ ਹੁਣ ਤਾਲਾਬੰਦੀ ਖੁੱਲ੍ਹਦਿਆਂ ਹੀ ਫਿਰ ਕੰਮਾਂ ਨੇ ਰਫਤਾਰ ਫੜੀ ਹੈ। ਦੇਖਾ-ਦੇਖੀ, ਰੀਸੋ-ਰੀਸ ਹਰ ਕੋਈ ਸੋਹਣੀਆਂ ਕੋਠੀਆਂ ਬਣਾਉਣਾ ਲੋਚਦਾ ਏ। ਇਸ ਤਰ੍ਹਾਂ ਲੱਗਦਾ ਹੈ ਕਿ ਉਹ ਸਮਾਂ ਕਿਤੇ ਦੂਰ ਛੁੱਟ ਗਿਆ, ਜਦੋਂ ਘਰ ਲੋੜ ਲਈ ਬਣਾਏ ਜਾਂਦੇ ਸਨ। ਹੁਣ ਤਾਂ ਟੌਹਰ ਤੇ ਦਿਖਾਵੇ ਲਈ ਬਣਾਏ ਜਾਂਦੇ ਹਨ। ਘਰ ਹੋਣਾ ਪਰਿਵਾਰ ਦੀ ਲੋੜ ਹੈ, ਪਰ ਇਸ ਨੂੰ ਆਪਣੀ ਜ਼ਰੂਰਤ ਮੁਤਾਬਕ ਹੀ ਬਣਾਇਆ ਜਾਵੇ ਤਾਂ ਚੰਗੀ ਗੱਲ ਹੈ ਨਾ ਕਿ ਫਲਾਣੇ-ਧਿਮਕੇ ਦੀ ਰੀਸ ਵਿਚ। ਕਿਉਂਕਿ ਕਈ ਵਾਰ ਫਲਾਣੇ-ਧਿਮਕੇ ਦੀ ਕਮਾਈ ਦੇ ਸਾਧਨਾਂ ਦਾ ਤੇ ਸਾਡੀ ਕਮਾਈ ਦੇ ਸਾਧਨਾਂ ਦਾ ਬਹੁਤ ਫਰਕ ਹੁੰਦਾ ਹੈ, ਪਰ ਫਿਰ ਵੀ ਅਸੀਂ ਅੱਡੀਆਂ ਚੁੱਕ ਕੇ ਫਾਹਾ ਲੈਣ ਤੋਂ ਗੁਰੇਜ਼ ਨਹੀਂ ਕਰਦੇ ਤੇ ਚਾਦਰ ਤੋਂ ਪੈਰ ਬਾਹਰ ਤੱਕ ਪਸਾਰ ਲੈਂਦੇ ਹਾਂ। ਗਲਤੀ ਕਰ ਬੈਠਣ ਪਿਛੋਂ ਫਿਰ ਸਾਰੀ ਉਮਰ ਨਾ ਤਾਂ ਸਾਡੀ ਅੱਡੀ ਲੱਗਦੀ ਹੈ ਕਿਉਂਕਿ ਚਾੜ੍ਹਿਆ ਕਰਜ਼ਾ ਹੀ ਨਹੀਂ ਉਤਰਦਾ ਅਤੇ ਨਾ ਹੀ ਅਸੀਂ ਪੈਰ ਚਾਦਰ ਦੇ ਅੰਦਰ ਕਰ ਸਕਦੇ ਹਾਂ। ਕੋਠੀ 'ਤੇ ਲੱਗੇ ਪੈਸੇ ਨੇ ਕਿਹੜਾ ਵਧਣਾ ਹੁੰਦੈ! ਉਲਟਾ ਹਰ ਸਾਲ ਕੁਝ ਨਾ ਕੁਝ ਹੋਰ ਪੈਸਾ ਖਰਚਣਾ ਪੈਂਦੈ ਸਾਂਭ-ਸੰਭਾਲ ਲਈ।

ਘਰ ਦੀਆਂ ਔਰਤਾਂ ਦਾ ਵੀ ਕੁਝ ਅਜਿਹਾ ਹੀ ਹਾਲ ਹੁੰਦਾ ਹੈ, ਪਹਿਲਾਂ ਤਾਂ ਨਵੀਂ ਕੋਠੀ ਦੇ ਚਾਅ ਵਿਚ ਅੱਡੀ ਨਹੀਂ ਲੱਗਦੀ। ਆਪਣੇ ਰਿਸ਼ਤੇਦਾਰਾਂ ਨੂੰ, ਸਹੇਲੀਆਂ ਨੂੰ ਪੱਬਾਂ ਭਾਰ ਹੋ ਕੇ ਘਰ ਦਿਖਾਉਂਦੀਆਂ ਫਿਰਨਗੀਆਂ, ਫੋਟੋਆਂ ਖਿਚ ਖਿਚ ਸਟੇਟਸ ਪਾਉਣਗੀਆਂ। ਕਿਉਂਕਿ ਮੋਬਾਈਲ ਅੱਜ ਕੱਲ੍ਹ ਸਭ ਨੇ ਰੱਖੇ ਹੋਏ ਐ ਅਤੇ ਪੜ੍ਹੇ-ਲਿਖੇ ਜਵਾਕਾਂ ਨੇ ਘੱਟ ਪੜ੍ਹੀਆਂ ਮਾਂਵਾਂ ਨੂੰ ਵੀ ਵਟਸਐਪ ਅਤੇ ਫੇਸਬੁੱਕ ਨਾਲ ਜੋੜ ਦਿੱਤਾ ਹੈ। ਬਾਅਦ ਵਿਚ ਸਫਾਈ ਵੀ ਅੱਡੀਆਂ ਚੁੱਕ ਚੁੱਕ ਹੀ ਕਰਨੀ ਪੈਂਦੀ ਹੈ। ਪਹਿਲਾਂ ਇਹ ਸੋਚ ਸੋਚ ਕੇ ਖੁਸ਼ ਕਿ ਪਹਿਲਾਂ ਕੱਚਾ ਘਰ ਲਿੰਪਣਾ ਪੈਂਦਾ ਸੀ, ਹੁਣ ਪੱਕਾ ਪੱਥਰ ਲੱਗਿਆ ਮੌਜਾਂ ਹੀ ਮੌਜਾਂ। ਬਾਅਦ ਵਿਚ ਪਤਾ ਲੱਗਿਆ ਕਿ ਲਿੰਪਦੇ ਤਾਂ ਮੌਸਮ ਬਦਲਣ ਤੇ ਜਾਂ ਤਿੱਥ ਤਿਉਹਾਰ 'ਤੇ ਹੁੰਦੇ ਸੀ। ਹੁਣ ਤਾਂ ਰੋਜ਼ ਦੇ ਪੋਚੇ ਲਾਉਣ ਵੇਲੇ ਗਿੱਠ ਜੀਭ ਨਿਕਲੀ ਰਹਿੰਦੀ ਐ। ਜੇ ਅਸੀਂ ਦੂਜਿਆਂ ਦੀ ਰੀਸੋ-ਰੀਸ ਦਿਖਾਵੇ ਲਈ ਵੱਡੀ ਕੋਠੀ ਬਣਾਉਣ ਦੀ ਗਲਤੀ ਕਰ ਬੈਠੇ ਤਾਂ ਇਹ ਇਹੋ ਜਿਹੀ ਗਲਤੀ ਹੈ, ਜੋ ਕਦੇ ਵੀ ਨਹੀਂ ਸੁਧਾਰ ਸਕਦੇ। ਸੋ ਭਾਈ, ਜਿਨ੍ਹਾਂ ਨੇ ਅਜੇ ਕੋਠੀ ਬਣਾਉਣ ਦੀ ਯੋਜਨਾ ਬਣਾਈ ਹੈ, ਉਹ ਇਨ੍ਹਾਂ ਗੱਲਾਂ ਨੂੰ ਵੀ ਦਿਮਾਗ ਵਿਚ ਰੱਖਣ ਕਿ ਕੋਠੀ ਮੱਧਵਰਗੀ ਪਰਿਵਾਰ ਲਈ ਇੱਕ ਪੈਸੇ ਖਾਣ ਵਾਲੀ ਚੀਜ਼ ਹੈ, ਕਿਉਂਕਿ ਰੰਗ ਕਰਵਾਉਣ ਲਈ ਅਜੇ ਪੈਸੇ ਨਹੀਂ ਜੁੜੇ ਹੁੰਦੇ, ਜੇ ਤੁਸੀਂ ਚੁਗਾਠਾਂ ਲੱਕੜੀ ਦੀਆਂ ਲਵਾ ਬੈਠੇ ਓ ਤਾਂ ਉਨ੍ਹਾਂ ਨੂੰ ਸਿਉਂਕ ਲੱਗਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਸ ਦਾ ਇਲਾਜ ਕਰਦੇ ਕਰਦੇ ਸਾਰੀ ਕੋਠੀ ਦਵਾਈਆਂ ਦੀ ਮੁਸ਼ਕ ਨਾਲ ਭਰੀ ਰਹਿੰਦੀ ਹੈ। ਅਸੀਂ ਬਾਹਰ ਬੈਠ ਕੇ ਗੁਜ਼ਾਰਾ ਕਰਦੇ ਹਾਂ। ਜੇ ਕਿਤੇ ਦੋ ਚਾਰ ਸਾਲ ਰੰਗ ਨਾ ਕਰਵਾਇਆ ਜਾਵੇ ਤਾਂ ਸੀਮਿੰਟ ਵਿਚਲੀਆਂ ਤਰੇੜਾਂ ਸਾਡੀ ਮਜਬੂਰੀ ਤੇ ਸਾਡਾ ਮੂੰਹ ਚਿੜਾਉਂਦੀਆਂ ਜਾਪਦੀਆਂ ਨੇ। ਬਨੇਰਿਆਂ 'ਤੇ ਪਈਆਂ ਤਰੇੜਾਂ ਵੀ ਜਿੰਨੀਆਂ ਮਰਜੀ ਭਰਵਾ ਲਵੋ, ਥੋੜ੍ਹੇ ਚਿਰ ਪਿਛੋਂ ਫਿਰ ਆਪਣੇ ਦੰਦ ਦਿਖਾ ਕੇ ਸਾਡਾ ਖੂਨ ਤੇ ਪਾਣੀ ਬਣਾ ਦਿੰਦੀਆਂ ਹਨ।

ਕੋਠੀ 'ਚ ਲੱਗੀ ਹਰੇਕ ਚੀਜ਼ ਸਾਡੇ ਲਈ ਜਿਵੇਂ ਬਦਲਾ ਲਊ ਭਾਵਨਾ ਰੱਖਦੀ ਹੋਵੇ। ਸਿਉਂਕ ਦੀ ਦਵਾਈ ਦਾ ਮੁਸ਼ਕ ਆਉਣੋਂ ਹਟਿਆ, ਕਿਸੇ ਟੂਟੀ ਦਾ ਸੰਗੀਤ ਸ਼ੁਰੂ ਟਿੱਪ... ਟਿੱਪ...। ਫਿਰ ਰਾਤਾਂ ਨੂੰ ਉਠ ਉਠ ਕੱਪੜੇ ਨਾਲ ਕਸ ਕੇ ਬੰਨ੍ਹਣੀ। ਕੋਠੀ ਬਣਾਉਣ ਵੇਲੇ ਜਿਹੜਾ ਪਲੰਬਰ ਆਪ ਫੋਨ ਕਰਦਾ ਸੀ, ਹੁਣ ਉਹ ਫੋਨ ਨਹੀਂ ਚੁੱਕਦਾ, ਜੇ ਚੁੱਕਦੈ ਤਾਂ ਆਖਦੈ ਮੈਂ ਸ਼ਹਿਰ ਤੋਂ ਬਾਹਰ ਗਿਆ ਹੋਇਆ ਹਾਂ। ਫੇਰ ਬਿਜਲੀ ਦੀ ਸਮੱਸਿਆ। ਇਹ ਚੀਜ਼ਾਂ ਅਸੀਂ ਆਪ ਦੇਖਣ ਦੇ ਅਸਮੱਰਥ ਹੁੰਦੇ ਹਾਂ, ਕਿਉਂਕਿ ਪਾਣੀ ਦੀਆਂ ਪਾਈਪਾਂ, ਬਿਜਲੀ ਦੀਆਂ ਤਾਰਾਂ ਸਾਰਾ ਕੁਝ ਤਾਂ ਕੰਧਾਂ 'ਚ ਹੁੰਦਾ ਹੈ।

ਖੈਰ, ਅਮੀਰ ਲੋਕਾਂ ਲਈ ਕੋਠੀਆਂ ਬਣਾਉਣਾ ਕੋਈ ਔਖਾ ਕੰਮ ਨਹੀਂ, ਇਹ ਤਾਂ ਆਮ ਬੰਦੇ ਦਾ ਹੀ ਕਚੂਮਰ ਕੱਢਦੀਆਂ ਹਨ। ਅਮੀਰ ਲੋਕ ਤਾਂ ਕੋਠੀਆਂ ਬਣਾਉਣ ਲੱਗਿਆਂ ਆਪਣੇ ਰਿਸ਼ਤੇਦਾਰਾਂ ਦਾ ਵੀ ਖਿਆਲ ਰੱਖਦੇ ਹਨ। ਜਿਹੜੇ ਰਿਸ਼ਤੇਦਾਰਾਂ ਨੇ ਦੋ ਚਾਰ ਸਾਲ ਵਿਚ ਇੱਕ ਅੱਧ ਵਾਰੀ ਆਉਣਾ ਹੁੰਦਾ ਹੈ, ਉਨ੍ਹਾਂ ਲਈ ਵੀ ਕਮਰੇ ਬਣਾਏ ਜਾਂਦੇ ਹਨ। ਹੈ ਤਾਂ ਇਹ ਫਜ਼ੂਲ ਖਰਚੀ, ਪਰ ਜਿਹਦੇ ਕੋਲ ਪੈਸਾ ਹੈ ਜਿਵੇਂ ਮਰਜ਼ੀ ਖਰਚ ਕਰੇ, ਕੋਈ ਇਹ ਥੋੜ੍ਹੀ ਕਹਿ ਸਕਦੈ ਕਿ ਭਾਈ ਕਿਸੇ ਗਰੀਬ ਨੂੰ ਕਮਰਾ ਪਾ ਕੇ ਦੇ ਦਿੰਦੇ। ਖੈਰ ਅਮੀਰਾਂ ਦੀ ਕੀ ਗੱਲ ਕਰਨੀ! ਆਪਾਂ ਤਾਂ ਆਪਣੀ ਹੀ ਗੱਲ ਕਰਨੀ ਐ ਨਾ ਕਿ ਕੋਠੀ ਕਿਉਂ ਬਣਾਉਣੀ, ਘਰ ਹੀ ਬਣਾ ਲਈਏ, ਛੋਟਾ ਜਿਹਾ ਆਪਣੇ ਜਿੰਨਾ ਕੁ, ਕਿਉਂਕਿ ਪਰਿਵਾਰ ਵੀ ਤਾਂ ਛੋਟੇ ਛੋਟੇ ਰਹਿ ਗਏ ਨੇ। ਇਹ ਨਾ ਹੋਵੇ ਕਿ ਇੱਕ ਵਾਰੀ ਕੋਠੀ ਬਣਾ ਕੇ ਅਜਿਹੇ ਫਸੀਏ ਕਿ ਮੁੜ ਕੇ ਮੱਥਾ ਫੜ ਫੜ ਕੇ ਝੂਰੀਏ ਅਤੇ ਇਹ ਹੀ ਸੋਚਦੇ ਰਹੀਏ, 'ਆਪੇ ਫਾਥੜੀਏ, ਤੈਨੂੰ ਕੌਣ ਛੁਡਾਏ?'

# ਸਿੱਖਾਂ ਅੰਦਰ ਜਾਤ-ਪਾਤ ਦਾ ਮਸਲਾ

**ਵਿਚਾਰ-ਚਰਚਾ**

***ਸਿੱਖੀ ਅੰਦਰ ਜਾਤ-ਪਾਤ ਲਈ ਕੋਈ ਥਾਂ ਨਹੀਂ, ਪਰ ਅੱਜ ਦਾ ਵਕਤ ਗਵਾਹ ਹੈ ਕਿ ਇਸ ਮਸਲੇ 'ਤੇ ਸਿੱਖ ਸਮਾਜ ਅੰਦਰ ਵੰਡੀਆਂ ਸਾਫ ਦਿਸਦੀਆਂ ਹਨ। ਦੇਖਣ ਵਿਚ ਆਇਆ ਹੈ ਕਿ ਉਚ ਜਾਤ ਵਿਚ ਜਨਮਿਆ ਕੋਈ ਜਣਾ, ਅਚੇਤ ਜਾਂ ਸੁਚੇਤ ਰੂਪ ਵਿਚ ਉਸ ਜਾਤ ਦੀ ਵਡਿਆਈ ਕਰਨ ਲੱਗ ਪੈਂਦਾ ਹੈ। ਨੌਜਵਾਨ ਸਿੱਖ ਚਿੰਤਕ ਪ੍ਰਭਸ਼ਰਨਦੀਪ ਸਿੰਘ ਨੇ ਆਪਣੇ ਇਸ ਲੇਖ ਵਿਚ ਇਹੀ ਨੁਕਤਾ ਫੜਿਆ ਹੈ ਅਤੇ ਸਿੱਖ ਸਮਾਜ ਨੂੰ ਇਸ ਬਾਰੇ ਸੁਚੇਤ ਹੋਣ ਦਾ ਹੋਕਾ ਦਿੱਤਾ ਹੈ। -ਸੰਪਾਦਕ***

ਪੰਜਾਬ ਵਿਚ ਜਾਤ-ਪਾਤ ਦਾ ਮਸਲਾ ਅੱਜਕੱਲ੍ਹ ਕਾਫੀ ਭਖਿਆ ਹੋਇਆ ਹੈ। ਇਹ ਗੰਭੀਰ ਮਸਲਾ ਹੈ ਤੇ ਇਸ 'ਤੇ ਵਿਚਾਰ ਜ਼ਰੂਰ ਹੋਣੀ ਚਾਹੀਦੀ ਹੈ। ਸਿੱਖਾਂ ਵਿਚ ਜਾਤ-ਪਾਤ ਦੇ ਮਸਲੇ 'ਤੇ ਪਿਛਲੇ ਦਿਨੀਂ ਇੱਕ ਸੈਮੀਨਾਰ ਹੋਇਆ ਜਿਸ ਵਿਚ ਬਹੁਤ ਸਾਰੇ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ। ਬੁਲਾਰਿਆਂ ਵਿਚੋਂ ਇੱਕ ਨਾਦ-ਪਰਗਾਸ ਨਾਮ ਦੀ ਸੰਸਥਾ ਦਾ ਸੰਚਾਲਕ ਜਗਦੀਸ਼ ਸਿੰਘ ਸੀ ਜਿਸ ਨੇ ਕਾਫੀ ਉਤੇਜਕ ਸੁਰ ਵਾਲਾ ਭਾਸ਼ਣ ਦਿੱਤਾ। ਜਗਦੀਸ਼ ਸਿੰਘ ਨੇ ਕਿਹਾ ਕਿ ਜਾਤ-ਪਾਤ ਬਾਰੇ ਨਸੀਹਤ ਉਨ੍ਹਾਂ ਲੋਕਾਂ ਨੂੰ ਦੇਣੀ ਚਾਹੀਦੀ ਹੈ ਜੋ ਇਸ ਨੂੰ ਫੈਲਾਉਣ ਲਈ ਜ਼ਿੰਮੇਵਾਰ ਹਨ। ਦੇਖਣ



**ਪ੍ਰਭਸ਼ਰਨਦੀਪ ਸਿੰਘ**

ਵਾਲੀ ਗੱਲ ਹੈ ਕਿ ਪਿਛਲੇ ਦਸਾਂ-ਪੰਦਰਾਂ ਸਾਲਾਂ ਤੋਂ ਜਗਦੀਸ਼ ਸਿੰਘ ਆਪਣੀਆਂ ਲਿਖਤਾਂ ਅਤੇ ਤਕਰੀਰਾਂ ਰਾਹੀਂ ਇਸ ਗੱਲ 'ਤੇ ਜ਼ੋਰ ਦਿੰਦਾ ਆ ਰਿਹਾ ਹੈ ਕਿ ਜਾਤ-ਪਾਤ ਦੇ ਮੂਲ ਆਧਾਰ ਵਰਨ-ਵੰਡ ਦੇ ਸਿਧਾਂਤ ਨੂੰ ਰੱਦ ਕਰਨਾ ਠੀਕ ਨਹੀਂ ਹੈ। ਜਗਦੀਸ਼ ਸਿੰਘ ਜਾਤ-ਪਾਤੀ ਨਿਜ਼ਾਮ ਨੂੰ ਕੋਈ ਨਵਾਂ ਪਰਾਭੌਤਿਕ ਤਰਕ ਮੁਹੱਈਆ ਕਰਵਾਉਣ ਦੇ ਆਹਰ ਵਿਚ ਰੁੱਝਿਆ ਰਿਹਾ ਹੈ।

ਜਗਦੀਸ਼ ਸਿੰਘ ਦੀ ਜਾਤ-ਪਾਤ ਦੇ ਮੁੱਦੇ 'ਤੇ ਭੜਕਾਊ ਸੁਰ ਅਸਲ ਵਿਚ ਉਸ ਦੇ ਆਪਣੇ ਖਿਲਾਫ ਹੋਣੀ ਚਾਹੀਦੀ ਸੀ, ਕਿਉਂਕਿ ਉਹ ਗੁਰਮਤਿ ਦੇ ਜਾਤ ਪ੍ਰਤੀ ਨਜ਼ਰੀਏ ਦੇ ਬਿਲਕੁਲ ਵਿਰੁਧ ਖੜ੍ਹਾ ਹੈ। ਗੁਰਮਤਿ ਅਨੁਸਾਰ ਜਾਤ ਦੀ ਕੋਈ ਅਹਿਮੀਅਤ ਨਹੀਂ; ਇਸ ਦਾ ਕਿਸੇ ਵਿਅਕਤੀ ਦੇ ਉਚਾ ਜਾਂ ਨੀਵਾਂ ਹੋਣ ਨਾਲ, ਜਾਂ ਉਸ ਦੇ ਅੰਦਰਲੀ ਸਮਰੱਥਾ ਨਾਲ, ਕੋਈ ਸਬੰਧ ਨਹੀਂ:

ਖਸਮੁ ਵਿਸਾਰਹਿ ਤੇ ਕਮਜਾਤਿ॥
ਨਾਨਕ ਨਾਵੈ ਬਾਝੁ ਸਨਾਤਿ॥੪॥੩॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੯)

ਗੁਰਬਾਣੀ ਦੀ ਉਪਰੋਕਤ ਤੁਕ ਦਾ ਭਾਵ ਹੈ ਕਿ ਕਿਸੇ ਵਿਅਕਤੀ ਦੇ ਉਚੇ ਜਾਂ ਨੀਵੇਂ ਹੋਣ ਨਾਲ ਉਸ ਦੇ ਜਾਤ-ਪਾਤੀ ਪਿਛੋਕੜ ਦਾ ਕੋਈ ਸਬੰਧ ਨਹੀਂ। ਲੋਕਾਂ ਨੂੰ ਉਚਾ ਉਨ੍ਹਾਂ ਦੀ ਆਤਮਕ ਕਮਾਈ ਤੇ ਨੀਵਾਂ ਇਸ ਕਮਾਈ ਦੀ ਅਣਹੋਂਦ ਬਣਾਉਂਦੀ ਹੈ। ਇਸ ਵਿਚਾਰ ਦੀ ਤਸਦੀਕ ਲਈ ਗੁਰਬਾਣੀ ਵਿਚ ਅਨੇਕ ਹੋਰ ਹਵਾਲੇ ਵੀ ਮੌਜੂਦ ਹਨ, ਜਿਵੇਂ:

ਜਾਣਹੁ ਜੋਤਿ ਨ ਪੂਛਹੁ ਜਾਤੀ
ਆਗੈ ਜਾਤਿ ਨ ਹੇ॥੧॥ ਰਹਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੯)

ਸਪਸ਼ਟ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਬ੍ਰਾਹਮਣ ਦੀ ਘੜੀ ਜਨਮ ਆਧਾਰਿਤ ਉਚਤਾ ਜਾਂ ਨੀਚਤਾ ਨੂੰ ਸਖਤੀ ਨਾਲ ਰੱਦ ਕੀਤਾ। ਇਸ ਤਰ੍ਹਾਂ, ਗੁਰਮਤਿ ਅਨੁਸਾਰ ਆਤਮਕ, ਬੌਧਿਕ, ਜਾਂ ਸਰੀਰਕ ਮਨੁੱਖੀ ਸਮਰੱਥਾ ਕਿਸੇ ਖਾਸ ਜਾਤ ਲਈ ਰਾਖਵੀਂ ਨਹੀਂ; ਕਿਸੇ ਵੀ ਤਰ੍ਹਾਂ ਦੇ ਗੁਣ ਕਿਸੇ ਵੀ ਜਾਤ ਵਿਚ ਜਨਮੇ ਇਸਤਰੀ ਜਾਂ ਪੁਰਖ ਵਿਚ ਹੋ ਸਕਦੇ ਹਨ ਪਰ ਇਸ ਦੇ ਉਲਟ ਜਗਦੀਸ਼ ਸਿੰਘ ਖਾਸ ਜਾਤ ਦੇ ਅੰਦਰ ਖਾਸ ਸਮਰੱਥਾ ਹੋਣ ਦਾ ਦਾਅਵਾ ਕਰਦਾ ਹੈ। ਉਸ ਨੇ ਗੁਰਭਜਨ ਗਿੱਲ ਦੀ ਕਿਤਾਬ 'ਅਗਨ ਕਥਾ' ਦੇ ਸਰਵਰਕ ਬਾਰੇ ਲਿਖੇ ਲੇਖ ਵਿਚ ਖੱਤਰੀ ਜਾਤੀ ਦੀ ਉਚਤਾ ਬਾਰੇ ਕਾਫੀ ਦਿਲਚਸਪ ਵਿਚਾਰ ਪੇਸ਼ ਕੀਤੇ ਹਨ:


ਪੰਜਾਬ ਵਿਚ ਖੱਤਰੀ ਦੀ ਜਾਤੀਗਤ ਪਰੰਪਰਾ 'ਚ ਲਾਲ ਰੰਗ ਸੁਹਜ ਦੀਆਂ ਅਨਿਕ ਦਿਸ਼ਾਵਾਂ 'ਚ ਛੁਪਿਆ ਹੋਇਆ ਹੈ। ਖੱਤਰੀ ਪਰੰਪਰਾ ਦੀ ਸਭ ਤੋਂ ਅਨਮੋਲ ਪ੍ਰਾਪਤੀ ਇਹ ਹੈ ਕਿ ਇਸ ਨੇ ਜਿਸਮ ਤੇ ਮਨ ਦੇ ਸੁਹਜ ਭਰਪੂਰ ਕੋਮਲ ਅਨੁਭਵ ਜਗਾ ਉਨ੍ਹਾਂ ਨੂੰ ਪਰਾ-ਜਗਤ ਦੇ ਜ਼ੋਰਾਵਰ ਉਛਾਲੇ ਦੇ ਹਵਾਲੇ ਬਾਕੀ ਜਾਤੀਆਂ ਤੋਂ ਵੱਧ ਕਰਵਾਇਆ ਹੈ। ਆਪਣੇ ਨਸਲੀ ਸੰਬੰਧਾਂ ਦੀ ਲੜੀ 'ਚ ਇਰਾਨੀ ਰਹੱਸਵਾਦ, ਜਰਮਨ ਫਲਸਫਾ ਤੇ ਬ੍ਰਾਹਮਣੀ ਕਰਮਕਾਂਡ 'ਤੇ ਫਤਹ ਪਾਉਂਦੀ ਉਪਨਿਸ਼ਦ ਵਿਚਾਰਧਾਰਾ ਇਸ ਜਾਤੀ ਦੇ ਪਰਾ-ਭੌਤਿਕਤਾ ਦੇ ਰੁਝਾਨਾਂ ਦੀ ਸਪਸ਼ਟ ਗਵਾਹੀ ਹੈ। ਮਨ ਦੀ ਨਫਾਸਤ, ਅਹਿਸਾਸ ਦੀ ਕੋਮਲਤਾ, ਰਸਿਕਤਾ ਤੇ ਵੈਰਾਗ ਦਾ ਸੁਮੇਲ, ਤਿਆਗ ਦੇ ਉਚੇ ਰੂਪ, ਨਿੱਕੇ ਤੋਂ ਨਿੱਕੇ ਅਮਲ ਪਿੱਛੇ ਦਰਗਾਹ ਦੀ ਪਰਵਾਨਗੀ ਲੈਣ ਦਾ ਅਹਿਸਾਸ, ਪਿਆਰ ਦੀ ਸ਼ੁੱਧਤਾ ਤੇ ਦੁਨਿਆਵੀ ਗਰਜ਼ਾਂ ਤੋਂ ਮੁਕਤੀ ਅਤੇ ਚੀਜ਼ਾਂ, ਥਾਵਾਂ, ਵਿਅਕਤੀਆਂ ਨਾਲ ਆਤਮਿਕ ਇਕਮਿਕਤਾ ਵਾਲੀ ਇਸ ਚੇਤਨਾ ਨੇ ਸਾਹਿਤ, ਫਲਸਫਾ, ਇਤਿਹਾਸ ਤੇ ਜ਼ਿੰਦਗੀ ਵਿਚ ਆਪਣੀ ਹਾਜ਼ਰੀ ਲੁਆਈ ਹੈ। ਸੋ, ਇਸ ਜਾਤੀ ਦੇ ਸਿਰਜਣਾਤਮਕ ਸਫਰ ਵਿਚਲੀ ਆਤਮਕ ਮੇਲ ਵਾਲੀ ਸਾਂਝ ਚੋਂ ਉਪਜੇ ਲਾਲ ਰੰਗ ਨਾਲ ਹੋਏ ਸਫਰ ਨੂੰ ਗੁਰੂ ਸਾਹਿਬ ਨੇ ਰੂਹਾਨੀ ਅਰਥਾਂ ਵਿਚ ਸੁਹਾਗ ਦੇ ਰੰਗ ਵਜੋਂ ਪ੍ਰਵਾਨ ਕੀਤਾ ਹੈ। ('ਅਗਨ ਕਥਾ' ਦਾ ਸਰਵਰਕ)

ਜਗਦੀਸ਼ ਸਿੰਘ ਦੇ ਉਪਰੋਕਤ ਨਜ਼ਰੀਏ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਪਹਿਲੀ ਗੱਲ- "ਖੱਤਰੀ ਦੀ ਜਾਤੀਗਤ ਪਰੰਪਰਾ" ਦਾ ਖਿਆਲ ਹੀ ਬੇਹੂਦਾ ਹੈ। ਗੁਰਮਤਿ ਅਨੁਸਾਰ ਕਿਸੇ ਖਾਸ ਵਰਗ ਦੀ ਨਿਵੇਕਲੀ "ਜਾਤੀਗਤ ਪਰੰਪਰਾ" ਦਾ ਕੋਈ ਅਰਥ ਨਹੀਂ ਬਣਦਾ। ਮਨੁੱਖੀ ਸਮਰੱਥਾ ਬ੍ਰਾਹਮਣ ਦੀਆਂ ਬਣਾਈਆਂ ਮਸਨੂਈ ਜਾਤੀਗਤ ਵੰਡੀਆਂ ਵਿਚ ਕੈਦ ਨਹੀਂ ਹੁੰਦੀ। ਬ੍ਰਾਹਮਣਾਂ ਨੇ ਬਿਰਤਾਂਤ ਰਾਹੀਂ ਸੱਤਾ ਹਥਿਆਈ ਤੇ ਸੱਤਾ ਦੇ ਜ਼ੋਰ ਨਾਲ ਖਾਸ ਜਾਤੀਆਂ ਵਿਚ ਜਨਮੇ ਮਨੁੱਖਾਂ ਨੂੰ ਖਾਸ ਕਿਸਮ ਦੇ ਕਿੱਤਿਆਂ ਤੱਕ ਸੀਮਤ ਕਰ ਦਿੱਤਾ। ਗੁਰਮਤਿ ਅਨੁਸਾਰ ਤਾਂ ਹਰ ਜਿਊਂਤੇ ਵਿਚ ਅਕਾਲ ਪੁਰਖ ਦੀ ਜੋਤ ਹੈ। ਕਿਸੇ ਵੀ ਜਾਤ ਵਿਚ ਜਨਮੇ ਵਿਅਕਤੀ ਬ੍ਰਹਮ ਗਿਆਨੀ, ਸਿਆਸੀ ਆਗੂ, ਮੁਲਕਾਂ ਦੇ ਪ੍ਰਧਾਨ, ਕਵੀ, ਫਿਲਾਸਫਰ, ਇੰਜਨੀਅਰ, ਜਾਂ ਵਪਾਰੀ ਆਦਿਕ ਬਣ ਸਕਦੇ ਹਨ। ਇਸ ਲਈ ਜਗਦੀਸ਼ ਜਦੋਂ ਪੰਜਾਬ ਦੇ ਖੱਤਰੀਆਂ ਦੀ ਵੱਖਰੀ "ਜਾਤੀਗਤ ਪਰੰਪਰਾ" ਦੀ ਹੋਂਦ ਦਾ ਦਾਅਵਾ ਜਤਾਉਂਦਾ ਹੈ ਤਾਂ ਉਹ ਬੁਨਿਆਦੀ ਤੌਰ 'ਤੇ ਗੁਰਮਤਿ ਦੇ ਉਲਟ ਖੜ੍ਹਾ ਹੈ।

ਇਸ ਤੋਂ ਬਾਅਦ ਵਾਲੀਆਂ ਸਤਰਾਂ ਜਗਦੀਸ਼ ਦੇ ਵਿਚਾਰਾਂ ਦੇ ਨਸਲਵਾਦ ਨੂੰ ਹੋਰ ਚੰਗੀ ਤਰ੍ਹਾਂ ਬੇਨਕਾਬ ਕਰਦੀਆਂ ਹਨ:

ਖੱਤਰੀ ਪਰੰਪਰਾ ਦੀ ਸਭ ਤੋਂ ਅਨਮੋਲ ਪ੍ਰਾਪਤੀ ਇਹ ਹੈ ਕਿ ਇਸ ਨੇ ਜਿਸਮ ਤੇ ਮਨ ਦੇ ਸੁਹਜ ਭਰਪੂਰ ਕੋਮਲ ਅਨੁਭਵ ਜਗਾ ਉਨ੍ਹਾਂ ਨੂੰ ਪਰਾ-ਜਗਤ ਦੇ ਜ਼ੋਰਾਵਰ ਉਛਾਲੇ ਦੇ ਹਵਾਲੇ ਬਾਕੀ ਜਾਤੀਆਂ ਤੋਂ ਵੱਧ ਕਰਵਾਇਆ ਹੈ। ਆਪਣੇ ਨਸਲੀ ਸੰਬੰਧਾਂ ਦੀ ਲੜੀ 'ਚ ਇਰਾਨੀ ਰਹੱਸਵਾਦ, ਜਰਮਨ ਫਲਸਫਾ ਤੇ ਬ੍ਰਾਹਮਣੀ ਕਰਮਕਾਂਡ 'ਤੇ ਫਤਹ ਪਾਉਂਦੀ ਉਪਨਿਸ਼ਦ ਵਿਚਾਰਧਾਰਾ ਇਸ ਜਾਤੀ ਦੇ ਪਰਾ-ਭੌਤਿਕਤਾ ਦੇ ਰੁਝਾਨਾਂ ਦੀ ਸਪਸ਼ਟ ਗਵਾਹੀ ਹੈ।

ਪਹਿਲਾਂ ਤਾਂ ਜਗਦੀਸ਼ ਇਹ ਦਾਅਵਾ ਜਤਾ ਰਿਹਾ ਹੈ ਕਿ ਖੱਤਰੀ ਜਾਤੀ (ਉਸ ਦੀ ਆਪਣੀ ਜਾਤੀ) ਦੀਆਂ ਸੁਹਜਾਤਮਕ ਅਤੇ ਆਤਮਕ ਪ੍ਰਾਪਤੀਆਂ ਹੋਰ ਜਾਤੀਆਂ ਤੋਂ ਵੱਧ ਹਨ। ਇਸ ਦਾ ਅਰਥ ਹੈ ਕਿ ਖੱਤਰੀ ਜਾਤੀ ਨਾਲ ਸਬੰਧਤ ਸਾਰੇ ਵਿਅਕਤੀ ਬਾਕੀ ਜਾਤੀਆਂ ਦੇ ਮੁਕਾਬਲੇ ਕਿਸੇ ਵਿਲੱਖਣ ਸਮਰੱਥਾ ਦੇ ਮਾਲਕ ਹਨ। ਜਗਦੀਸ਼ ਦਾ ਇਹ ਵਿਚਾਰ ਸਥਾਪਤ ਕਰਦਾ ਹੈ ਕਿ ਉਹ ਬ੍ਰਾਹਮਣਵਾਦੀ ਬਿਰਤਾਂਤ ਦਾ ਅਨੁਸਾਰੀ ਹੈ। ਉਸ ਦਾ ਅਗਲਾ ਦਾਅਵਾ ਕਿ "ਆਪਣੇ ਨਸਲੀ ਸੰਬੰਧਾਂ ਦੀ ਲੜੀ 'ਚ ਇਰਾਨੀ ਰਹੱਸਵਾਦ, ਜਰਮਨ ਫਲਸਫਾ ਤੇ ਬ੍ਰਾਹਮਣੀ ਕਰਮਕਾਂਡ 'ਤੇ ਫਤਹ ਪਾਉਂਦੀ ਉਪਨਿਸ਼ਦ ਵਿਚਾਰਧਾਰਾ ਇਸ ਜਾਤੀ ਦੇ ਪਰਾ-ਭੌਤਿਕਤਾ ਦੇ ਰੁਝਾਨਾਂ ਦੀ ਸਪੱਸ਼ਟ ਗਵਾਹੀ ਹੈ", ਉਜਾਗਰ ਕਰਦਾ ਹੈ ਕਿ ਜਗਦੀਸ਼ ਬ੍ਰਾਹਮਣਵਾਦੀ ਹੋਣ ਦੇ ਨਾਲ-ਨਾਲ ਪੱਛਮੀ ਨਸਲਵਾਦੀ ਬਿਰਤਾਂਤ ਦੀ ਪੈਰਵਾਈ ਵੀ ਕਰ ਰਿਹਾ ਹੈ। ਦੂਜਾ, ਉਹ ਨਸਲੀ ਪਿਛੋਕੜ ਦੀ ਹੋਂਦ ਨੂੰ ਸਿਰਫ ਮਾਨਤਾ ਹੀ ਨਹੀਂ ਦਿੰਦਾ ਸਗੋਂ ਇੱਕ ਖਾਸ ਨਸਲੀ ਪਿਛੋਕੜ ਦੀ ਉਚਤਾ ਦਾ ਦਾਅਵਾ ਵੀ ਕਰਦਾ ਹੈ। ਇਸ ਦਾ ਭਾਵ ਹੈ ਕਿ ਜਗਦੀਸ਼ ਆਪਣੀ ਕੱਚੀ ਅਕਾਦਮਿਕ ਸਿਖਲਾਈ ਕਰਕੇ ਨਹੀਂ ਬਲਕਿ ਖੁਦ ਨਸਲਵਾਦੀ ਹੋਣ ਕਰਕੇ ਪੱਛਮੀ ਨਸਲਵਾਦੀ ਬਿਰਤਾਂਤ ਨੂੰ ਅਪਣਾਉਂਦਾ ਹੈ। ਤੀਜਾ, ਇਸ ਵਿਚਾਰ ਦਾ ਬਿਲਕੁਲ ਕੋਈ ਆਧਾਰ ਨਹੀਂ ਕਿ ਪੰਜਾਬੀ ਖੱਤਰੀ, ਭਾਰਤੀ ਕਸ਼ੱਤਰੀਅ, ਇਰਾਨੀ, ਅਤੇ ਜਰਮਨ ਇੱਕੋ ਜਾਤੀ ਨਾਲ ਸਬੰਧਤ ਹਨ।



ਬ੍ਰਾਹਮਣੀ ਜਾਤ-ਪਾਤੀ ਢਾਂਚੇ ਅਨੁਸਾਰ ਪੰਜਾਬੀ ਖੱਤਰੀ ਦੂਜੇ ਦਰਜੇ ਦੇ ਵਰਣ ਕਸ਼ੱਤਰੀ ਨਾਲ ਨਹੀਂ ਸਗੋਂ ਤੀਜੇ ਦਰਜੇ ਦੇ ਵਰਣ ਵੈਸ਼ ਨਾਲ ਸਬੰਧ ਰੱਖਦੇ ਹਨ। ਜਗਦੀਸ਼ ਦੀ ਖੱਤਰੀ "ਜਾਤੀਗਤ ਪਰੰਪਰਾ" ਦੇ "ਉਪਨਿਸ਼ਦ ਵਿਚਾਰਧਾਰਾ" ਨਾਲ ਜੁੜੇ ਹੋਣ ਦਾ ਦਾਅਵਾ ਤਾਂ ਇੱਥੇ ਹੀ ਠੁੱਸ ਹੋ ਜਾਂਦਾ ਹੈ, ਕਿਉਂਕਿ ਉਪਨਿਸ਼ਦਾਂ ਦੇ ਕਰਤਾ ਕਸ਼ੱਤਰੀ ਸਨ, ਜਗਦੀਸ਼ ਦੀ ਜਾਤੀ ਨਾਲ ਸਬੰਧਤ ਖੱਤਰੀ ਨਹੀਂ। ਰਹੀ ਗੱਲ ਇਰਾਨ ਦੀ, ਜਿਸ ਹਿਸਾਬ ਨਾਲ ਜਗਦੀਸ਼ ਇਰਾਨੀਆਂ ਨਾਲ ਆਪਣੀ ਖੱਤਰੀ ਜਾਤੀ ਦੇ ਨਸਲੀ ਗਾਂਢੇ-ਸਾਂਢੇ ਬਣਾ ਰਿਹਾ ਹੈ, ਉਸ ਤਰ੍ਹਾਂ ਦੀ ਇਕਸਾਰ ਇਰਾਨੀ ਪਛਾਣ ਤਾਂ ਕਦੇ ਵੀ ਹੋਂਦ ਨਹੀਂ ਸੀ ਰੱਖਦੀ। ਇਰਾਨ ਵਿਚ ਮੁੱਢ ਕਦੀਮ ਤੋਂ ਅੱਜ ਤੱਕ ਅਨੇਕ ਕਬੀਲੇ ਵਸੇ ਹੋਏ ਹਨ ਜਿਨ੍ਹਾਂ ਦੇ ਆਪਣੇ ਵੱਖੋ-ਵੱਖਰੇ ਪਿਛੋਕੜ ਵੀ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਕਬੀਲੇ ਤੁਰਕ ਅਤੇ ਕੁਰਦ ਪਿਛੋਕੜ ਵਾਲੇ ਵੀ ਹਨ। ਖੁਦ ਇਰਾਨੀ ਤੁਰਕਾਂ ਨੂੰ ਕਾਫੀ ਖਾਸ ਰੁਤਬਾ ਦਿੰਦੇ ਰਹੇ ਹਨ। ਇਰਾਨੀ ਰਹੱਸਵਾਦੀ ਕਵੀ ਹਾਫਿਜ਼ ਦਾ ਮਸ਼ਹੂਰ ਸ਼ਿਅਰ ਇਸ ਵਿਚਾਰ ਦੀ ਸ਼ਾਹਦੀ ਭਰਦਾ ਹੈ:

ਅਗਰ ਆਂ ਤੁਰਕ-ਇ-ਸ਼ੀਰਾਜ਼ੀ
ਬਦਸਤ ਆਰਦ ਦਿਲ-ਇ-ਮਾ ਰਾ।
ਬਖਾਲ-ਇ-ਹਿੰਦੂਇਸ਼
ਬਖਸ਼ਮ ਸਮਰਕੰਦ-ਓ-ਬੁਖਾਰਾ ਰਾ।

(ਜੇ ਉਹ ਸ਼ੀਰਾਜ਼ ਦੀ ਤੁਰਕ ਮੇਰਾ ਦਿਲ ਆਪਣੇ ਹੱਥਾਂ ਵਿਚ ਥੰਮ੍ਹ ਲਵੇ ਤਾਂ ਮੈਂ ਉਸ ਦੀ ਠੋਡੀ ਦੇ ਕਾਲੇ ਤਿਲ ਤੋਂ ਸਮਰਕੰਦ ਤੇ ਬੁਖਾਰਾ ਵਾਰ ਦਿਆਂ।)

ਜੇ ਜਗਦੀਸ਼ ਦੇ ਕਹੇ ਮੁਤਾਬਕ ਇਰਾਨੀ ਰਹੱਸਵਾਦੀ ਪਰੰਪਰਾ ਦੀ ਗੱਲ ਕਰਨੀ ਹੋਵੇ ਤਾਂ ਸੂਫੀ ਰਹੱਸਵਾਦ ਦੀ ਇਸ ਧਾਰਾ ਨੂੰ ਫਾਰਸੀ ਰਹੱਸਵਾਦ (Persian Mysticism) ਵਜੋਂ ਜਾਣਿਆਂ ਜਾਂਦਾ ਹੈ। ਫਾਰਸੀ ਰਹੱਸਵਾਦ ਦੇ ਘੇਰੇ ਵਿਚ ਮੌਲਾਨਾ ਜਲਾਲ-ਉਦ-ਦੀਨ ਰੂਮੀ ਵਰਗੇ ਅਫਗਾਨੀ ਮੂਲ ਦੇ ਫਾਰਸੀ ਸ਼ਾਇਰ ਵੀ ਆ ਜਾਂਦੇ ਹਨ। ਇਸ ਤਰ੍ਹਾਂ ਪੰਜਾਬੀ ਖੱਤਰੀਆਂ ਦੀ "ਜਾਤੀਗਤ ਪਰੰਪਰਾ" ਦਾ "ਇਰਾਨੀ ਰਹੱਸਵਾਦ" ਨਾਲ ਇੰਨਾ ਨਿੱਜੀ ਕਿਸਮ ਦਾ ਰਿਸ਼ਤਾ ਉਸ ਜਹਾਨ ਦੀ ਝਲਕ ਹੈ ਜੋ ਸਿਰਫ ਜਗਦੀਸ਼ ਦੀ ਕਲਪਨਾ ਵਿਚ ਹੀ ਵਸਦਾ ਹੈ।

ਇਸ ਤੋਂ ਅਗਲੀ ਸਤਰ ਵਿਚ ਜਗਦੀਸ਼ ਆਪਣੀ ਖੱਤਰੀ ਪਰੰਪਰਾ ਦੀਆਂ ਸਿਫਤਾਂ ਦੇ ਖਿਆਲੀ ਕਿਲ੍ਹੇ ਉਸਾਰਦਾ-ਉਸਾਰਦਾ ਇਸ ਨੂੰ ਚੇਤਨਾ ਦਾ ਨਾਮ ਦੇ ਦਿੰਦਾ ਹੈ:

ਮਨ ਦੀ ਨਫਾਸਤ, ਅਹਿਸਾਸ ਦੀ ਕੋਮਲਤਾ, ਰਸਿਕਤਾ ਤੇ ਵੈਰਾਗ ਦਾ ਸੁਮੇਲ, ਤਿਆਗ ਦੇ ਉਚੇ ਰੂਪ, ਨਿੱਕੇ ਤੋਂ ਨਿੱਕੇ ਅਮਲ ਪਿੱਛੇ ਦਰਗਾਹ ਦੀ ਪਰਵਾਨਗੀ ਲੈਣ ਦਾ ਅਹਿਸਾਸ, ਪਿਆਰ ਦੀ ਸ਼ੁੱਧਤਾ ਤੇ ਦੁਨਿਆਵੀ ਗਰਜ਼ਾਂ ਤੋਂ ਮੁਕਤੀ ਅਤੇ ਚੀਜ਼ਾਂ, ਥਾਵਾਂ, ਵਿਅਕਤੀਆਂ ਨਾਲ ਆਤਮਿਕ ਇਕਮਿਕਤਾ ਵਾਲੀ ਇਸ ਚੇਤਨਾ ਨੇ ਸਾਹਿਤ, ਫਲਸਫਾ, ਇਤਿਹਾਸ ਤੇ ਜ਼ਿੰਦਗੀ ਵਿਚ ਆਪਣੀ ਹਾਜ਼ਰੀ ਲੁਆਈ ਹੈ।

ਉਪਰੋਕਤ ਜੁਮਲੇ ਵਿਚ ਇਕੱਠੇ ਕੀਤੇ ਗੁਣਾਂ ਦੀ ਸੂਚੀ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਜਗਦੀਸ਼ ਦਾ ਅਜਿਹੇ ਗੁਣ ਕਿਸੇ ਖਾਸ ਜਾਤੀ ਨਾਲ ਜੋੜ ਕੇ ਵੇਖਣਾ ਇਹ ਸਾਬਤ ਕਰਦਾ ਹੈ ਕਿ ਉਸ ਨੇ ਬ੍ਰਾਹਮਣਵਾਦੀ ਤੇ ਪੱਛਮੀ ਨਸਲਵਾਦੀ ਬਿਰਤਾਂਤਾਂ ਨੂੰ ਬਹੁਤ ਡੂੰਘੇ ਤੌਰ 'ਤੇ ਆਤਮਸਾਤ ਕੀਤਾ ਹੋਇਆ ਹੈ। ਸਪਸ਼ਟ ਹੈ, ਜਗਦੀਸ਼ ਨਸਲਵਾਦ ਦਾ ਸ਼ਿਕਾਰ ਹੈ ਪਰ ਉਪਰੋਕਤ ਪੈਰੇ ਦਾ ਅੰਤਲਾ ਵਾਕ ਇਹ ਵੀ ਸਪਸ਼ਟ ਕਰਦਾ ਹੈ ਕਿ ਅਜਿਹਾ ਰੋਗੀ ਮਨ ਗੁਰੂ ਸਾਹਿਬਾਨ ਨੂੰ ਕਿਵੇਂ ਵੇਖਦਾ ਹੈ:

ਸੋ, ਇਸ ਜਾਤੀ ਦੇ ਸਿਰਜਣਾਤਮਕ ਸਫਰ ਵਿਚਲੀ ਆਤਮਕ ਮੇਲ ਵਾਲੀ ਸਾਂਝ ਚੋਂ ਉਪਜੇ ਲਾਲ ਰੰਗ ਨਾਲ ਹੋਏ ਸਫਰ ਨੂੰ ਗੁਰੂ ਸਾਹਿਬ ਨੇ ਰੂਹਾਨੀ ਅਰਥਾਂ ਵਿਚ ਸੁਹਾਗ ਦੇ ਰੰਗ ਵਜੋਂ ਪ੍ਰਵਾਨ ਕੀਤਾ ਹੈ।

ਜਗਦੀਸ਼ ਦੀ ਨਜ਼ਰ ਵਿਚ ਖੱਤਰੀ ਇੱਕ ਜਾਤੀ ਹੈ ਜਿਹੜੀ ਵੱਖੋ-ਵੱਖ ਮਹਾਂਦੀਪਾਂ ਦੇ ਕਈ ਮੁਲਕਾਂ ਵਿਚ ਵਸੀ ਹੋਈ ਹੈ। ਜਗਦੀਸ਼ ਅਨੁਸਾਰ ਜਰਮਨੀ, ਇਰਾਨ, ਪੰਜਾਬ, ਅਤੇ ਭਾਰਤ ਵਿਚ ਵਸੇ ਹੋਏ ਖੱਤਰੀ ਸਾਂਝੇ ਨਸਲੀ ਪਿਛੋਕੜ ਵਾਲੇ ਲੋਕ ਹਨ ਜੋ ਸਮੂਹਿਕ ਤੌਰ 'ਤੇ ਖਾਸ ਸਮਰੱਥਾ ਦੇ ਮਾਲਕ ਹਨ। ਜਗਦੀਸ਼ ਨੂੰ ਸ਼ਾਇਦ ਅੰਦਾਜ਼ਾ ਨਹੀਂ ਕਿ ਯੂਰਪ, ਮੱਧ-ਪੂਰਬ, ਅਤੇ ਇਰਾਨ ਤੇ ਕਿੰਨੀ ਇਤਿਹਾਸਕ ਤੇ ਪੁਰਾਲੇਖੀ ਖੋਜ ਹੋ ਚੁੱਕੀ ਹੈ। ਇਹੀ ਵਜ੍ਹਾ ਹੈ ਕਿ ਜਗਦੀਸ਼ ਪੰਜਾਬੀ ਖੱਤਰੀਆਂ ਦੇ ਨਸਲੀ ਸਬੰਧ ਟੋਲਦਾ-ਟੋਲਦਾ ਇੰਨੀਆਂ ਸਿੱਧੜ ਤੇ ਅਣਘੜਤ ਗੱਲਾਂ ਕਰ ਗਿਆ। ਨਸਲਵਾਦੀਆਂ ਤੋਂ ਬਿਨਾ ਸਾਰੀ ਦੁਨੀਆਂ ਇਹ ਸਮਝਦੀ ਹੈ ਕਿ ਕਿਸੇ ਵੀ ਇਕਹਿਰੀ ਨਸਲੀ ਪਛਾਣ ਦਾ ਦਾਅਵਾ ਕੋਈ ਆਧਾਰ ਨਹੀਂ ਰੱਖਦਾ। ਅਸੀਂ ਸਾਰੇ ਅਫਰੀਕੀ ਹਾਂ ਜਿਨ੍ਹਾਂ ਦੇ ਨੈਣ-ਨਕਸ਼ਾਂ ਵਿਚ ਸਮੇਂ-ਸਥਾਨ ਨਾਲ ਕਾਫੀ ਤਬਦੀਲੀਆਂ ਆ ਗਈਆਂ ਹਨ।

ਪਰ ਜਗਦੀਸ਼ ਦਾ ਇਹ ਬਿਰਤਾਂਤ ਦਾਅਵਾ ਜਤਾਉਂਦਾ ਹੈ ਕਿ ਇਸ ਕਥਿਤ "ਜਾਤੀਗਤ ਪਰੰਪਰਾ" ਦੇ "ਸਿਰਜਣਾਤਮਕ ਸਫਰ ਵਿਚਲੀ ਆਤਮਕ ਮੇਲ ਵਾਲੀ ਸਾਂਝ ਚੋਂ ਉਪਜੇ ਲਾਲ ਰੰਗ ਨਾਲ ਹੋਏ ਸਫਰ ਨੂੰ ਗੁਰੂ ਸਾਹਿਬ ਨੇ ਰੂਹਾਨੀ ਅਰਥਾਂ ਵਿਚ ਸੁਹਾਗ ਦੇ ਰੰਗ ਵਜੋਂ ਪ੍ਰਵਾਨ ਕੀਤਾ ਹੈ।" ਜਗਦੀਸ਼ ਦੀ ਲਿਖਤ ਕਹਿ ਰਹੀ ਹੈ ਕਿ ਗੁਰੂ ਨਾਨਕ ਜੀ ਨੇ ਖੱਤਰੀਆਂ ਦੀ ਪਹਿਲਾਂ ਤੋਂ ਤੁਰੀ ਆਉਂਦੀ ਪਰੰਪਰਾ ਦੀ ਆਤਮਕ ਅਤੇ ਸਿਰਜਣਾਤਮਕ ਅਮੀਰੀ ਵਿਚੋਂ ਲਾਲ ਰੰਗ ਦਾ ਸੁਹਜ ਹਾਸਲ ਕੀਤਾ। ਬ੍ਰਾਹਮਣਵਾਦ ਵਿਚ ਗਲਤਾਨ ਤੇ ਨਸਲਪ੍ਰਸਤੀ ਵਿਚ ਅੰਨ੍ਹਾ ਹੋਇਆ ਜਗਦੀਸ਼ ਇਹ ਦੇਖਣ ਜੋਗਾ ਵੀ ਨਹੀਂ ਰਿਹਾ ਕਿ ਗੁਰੂ ਨਾਨਕ ਜੀ ਦਾ ਸ਼ਬਦ ਹੀ ਸਿੱਖੀ ਦਾ ਮੂਲ ਹੈ। ਸਾਰੀ ਦੀ ਸਾਰੀ ਸਿੱਖ ਪਰੰਪਰਾ ਗੁਰੂ ਨਾਨਕ ਜੀ ਦੇ ਸ਼ਬਦ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਰੰਤਰ ਪ੍ਰਕਾਸ਼ ਦੇ ਸਿੱਟੇ ਵਜੋਂ ਹੋਂਦ ਵਿਚ ਆਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੇ ਜਾਣ ਤੋਂ ਬਾਅਦ ਗੁਰੂ ਨਾਨਕ ਜੀ ਦੇ ਸ਼ਬਦ ਦਾ ਵਿਗਾਸ ਗੁਰੂ ਦੇ ਜੁਗੋ-ਜੁਗ ਅਟੱਲ ਸਰੂਪ ਵਿਚੋਂ ਨਿਰੰਤਰ ਨਮੂਦਾਰ ਹੋ ਰਿਹਾ ਹੈ। ਗੁਰੂ ਨਾਨਕ ਜੀ ਦਾ ਸ਼ਬਦ ਮੁੱਢ ਹੈ। ਗੁਰੂ ਨਾਨਕ ਜੀ ਆਦਿ ਗੁਰੂ ਹਨ। ਉਨ੍ਹਾਂ ਨੂੰ ਕਿਸੇ ਜਾਤੀਗਤ ਪਰੰਪਰਾ ਤੋਂ ਕੁਝ ਵੀ ਹਾਸਲ ਕਰਨ ਦੀ ਲੋੜ ਨਹੀਂ ਸੀ। ਸ਼ਰਧਾਵਾਨ ਸਿੱਖਾਂ ਦੀ ਗੱਲ ਛੱਡੋ, ਕਿਸੇ ਨਿਰਪੱਖ ਅਕਾਦਮਿਕ ਖੋਜਾਰਥੀ ਲਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਵਿਚ ਬੇਸ਼ੁਮਾਰ ਗਵਾਹੀਆਂ ਪਈਆਂ ਹਨ ਕਿ ਜੀਵਨ ਦੇ ਸੱਚ ਦਾ ਜਿਹੜਾ ਰੂਪ ਗੁਰੂ ਨਾਨਕ ਜੀ ਨੇ ਉਜਾਗਰ ਕੀਤਾ ਉਹ ਪਹਿਲਾਂ ਕਿਸੇ ਪਰੰਪਰਾ ਕੋਲ ਵੀ ਨਹੀਂ ਸੀ, ਜਗਦੀਸ਼ ਦੀ ਖਾਮਖਿਆਲੀ ਤੱਕ ਸੀਮਤ ਅਣਹੋਈ ਖੱਤਰੀ "ਜਾਤੀਗਤ ਪਰੰਪਰਾ" ਕੋਲੇ ਤਾਂ ਹੋਣਾ ਹੀ ਕੀ ਸੀ। ਜਗਦੀਸ਼ ਦਾ ਮਨ ਜ਼ਿਆਦਾ ਹੀ ਗੰਭੀਰ ਸੰਕਟ ਦਾ ਸ਼ਿਕਾਰ ਹੋ ਗਿਆ ਹੈ, ਨਹੀਂ ਤਾਂ ਕਿਸੇ ਸਿੱਖ ਤੋਂ ਗੁਰੂ ਨਾਨਕ ਜੀ ਬਾਰੇ ਅਜਿਹੀ ਆਸ ਨਹੀਂ ਕੀਤੀ ਜਾ ਸਕਦੀ।

ਜਗਦੀਸ਼ ਦੀ ਉਪਰੋਕਤ ਲਿਖਤ ਜਿੰਨੇ ਸਪਸ਼ਟ ਰੂਪ ਵਿਚ ਉਸ ਦੀ ਬ੍ਰਾਹਮਣਵਾਦੀ ਤੇ ਨਸਲਪ੍ਰਸਤ ਮਾਨਸਿਕਤਾ ਦੀ ਗਵਾਹੀ ਭਰਦੀ ਹੈ ਉਸ ਨਾਲ ਸੁਆਲ ਪੈਦਾ ਹੁੰਦਾ ਹੈ ਕਿ ਅਜਿਹਾ ਸ਼ਖਸ ਅਗਾਂਹ ਹੋ ਕੇ ਜਾਤੀਵਾਦੀ ਵਿਰੋਧੀ ਨਾਅਰੇਬਾਜ਼ੀ ਕਿਸ ਮਨਸੂਬੇ ਤਹਿਤ ਕਰ ਰਿਹਾ ਹੈ। ਨਸਲਵਾਦੀਆਂ ਦਾ ਅਜਿਹਾ ਵਿਹਾਰ ਕੋਈ ਨਵੀਂ ਗੱਲ ਨਹੀਂ। ਗੁਨਾਹਗਾਰ ਮਾਨਸਿਕਤਾ ਵਾਲੇ ਅਜਿਹੇ ਲੋਕ ਸਦਾ ਹੀ ਆਪਣੇ ਗੁਨਾਹ ਕਿਸੇ ਹੋਰ ਸਿਰ ਮੜ੍ਹ ਕੇ ਸਮਾਜ 'ਤੇ ਆਪਣੀ ਇਜਾਰੇਦਾਰੀ ਸਥਾਪਤ ਕਰਨ ਦੇ ਮਨਸੂਬੇ ਘੜਦੇ ਰਹੇ ਹਨ। ਜਗਦੀਸ਼ ਖੱਤਰੀਆਂ ਨੂੰ ਸਿੱਖਾਂ ਦੇ ਬ੍ਰਾਹਮਣ ਬਣਾਉਣਾ ਚਾਹੁੰਦਾ ਹੈ। ਉਹ ਮਨੂਵਾਦ ਤੇ ਨਾਜ਼ੀਵਾਦ ਦਾ ਨੁਮਾਇੰਦਾ ਹੈ ਜਿਸ ਦਾ ਗੁਰਮਤਿ ਨਾਲ ਕੋਈ ਸਬੰਧ ਨਹੀਂ। ਸਿੱਖ ਸੰਗਤਾਂ ਨੂੰ ਅਜਿਹੇ ਅਨਸਰਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ।

ਅਖੀਰ ਵਿਚ ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਇਸ ਲੇਖ ਦਾ ਵਿਸ਼ਾ ਸਿਰਫ ਜਗਦੀਸ਼ ਦੀ ਮਾਨਸਿਕਤਾ ਹੈ, ਖੱਤਰੀ ਭਾਈਚਾਰਾ ਨਹੀਂ। ਸਿੱਖੀ ਵਿਚ ਜਾਤ ਦਾ ਕੋਈ ਮਹੱਤਵ ਨਹੀਂ। ਇਸ ਲਈ ਖੱਤਰੀ ਵੀ ਬਾਕੀ ਸਿੱਖਾਂ ਵਰਗੇ ਸਿੱਖ ਹਨ। ਮੈਂ ਖੁਦ ਬਹੁਤ ਸਾਰੇ ਕਮਾਲ ਦੇ ਗੁਰਸਿੱਖਾਂ ਨੂੰ ਜਾਣਦਾ ਹਾਂ ਜਿਨ੍ਹਾਂ ਦਾ ਪਰਿਵਾਰਕ ਪਿਛੋਕੜ ਖੱਤਰੀ ਹੈ। ਜਗਦੀਸ਼ ਵਰਗੇ ਨਸਲਪ੍ਰਸਤ ਦੁਨੀਆ ਦੇ ਸਾਰੇ ਹਿੱਸਿਆਂ ਵਿਚ ਹੁੰਦੇ ਹਨ। ਬਦਕਿਸਮਤੀ ਨੂੰ ਇਹ ਸਿੱਖਾਂ ਵਿਚ ਵੀ ਹਨ। ਨਫਰਤ ਦੇ ਅਜਿਹੇ ਵਪਾਰੀਆਂ ਨੂੰ ਆਪਣਾ ਸੌਦਾ ਵੇਚਣ ਦੀ ਆਗਿਆ ਨਹੀਂ ਦੇਣੀ ਚਾਹੀਦੀ। ਜਗਦੀਸ਼ ਦੇ ਇਸ ਨਸਲਵਾਦੀ ਮਨਸੂਬੇ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ ਤੇ ਇਸ ਦਾ ਬਹੁਤ ਸੰਜੀਦਗੀ ਤੇ ਜ਼ੋਰ ਨਾਲ ਵਿਰੋਧ ਕਰਨਾ ਚਾਹੀਦਾ ਹੈ।

## ਜਜ਼ਬਾਤ

ਤੜਪ ਜਜ਼ਬਾਤ ਪੁੱਛਦੇ ਨੇ ਕਿ ਇਹ ਕੀ ਕਰ ਰਿਹੈਂ ਸ਼ਾਇਰ?
ਆਪਣੀ ਹੀ ਕਲਮ ਕੋਲੋਂ ਕਿਉਂ ਹੁਣ ਡਰ ਰਿਹੈਂ ਸ਼ਾਇਰ?

ਹੋਰਾਂ ਨੂੰ ਤੂੰ ਦਸਦਾਂ ਏਂ ਇਹ ਜੀਵਨ ਜੀਣ ਦੇ ਨੁਸਖੇ,
ਆਪਣੀ ਵਾਰ ਜੀਵਨ ਬਾਝ ਹੀ ਕਿਉਂ ਮਰ ਰਿਹੈਂ ਸ਼ਾਇਰ?

ਤੇਰੀ ਕਲਮ ਲਿਖਤੀ ਫਲਸਫੇ ਦੀ ਬਾਤ ਪਾਉਂਦੀ ਏ,
ਕਿਉਂ ਵਿਹਾਰ ਵਿਚੋਂ ਖੁਦੀ ਪਾਸੇ ਧਰ ਰਿਹੈਂ ਸ਼ਾਇਰ?

ਵਰਾਉਣਾ ਜੱਗ ਨੂੰ ਕੀ ਸੀ, ਤੂੰ ਤੇ ਰੋ ਰਿਹੈਂ ਖੁਦ ਹੀ,
ਤਵੱਕੋ ਚਿਣਗ ਦੀ ਕਾਹਦੀ, ਤੂੰ ਆਪੇ ਠਰ ਰਿਹੈਂ ਸ਼ਾਇਰ!

ਜਿਹੜੀ ਜ਼ਿੰਦਗੀ ਗੁਲਾਮ ਵੀ ਸਵੀਕਾਰ ਨਹੀਂ ਕਰਦੇ,
ਆਜ਼ਾਦ ਜੀ ਰਹੇ, ਤੂੰ ਬੈਠ ਕੇ ਸਭ ਜਰ ਰਿਹੈਂ ਸ਼ਾਇਰ।

ਖੜ੍ਹਨਾ ਸੀ ਤੇਰੇ ਸ਼ਬਦਾਂ ਨੇ ਤਣ ਕੇ ਜਾਬਰਾਂ ਅੱਗੇ,
ਪਰ ਤੂੰ ਆਪ ਦਿਲ ਦੇ ਵਹਿਣ ਅੱਗੇ ਖਰ ਰਿਹੈਂ ਸ਼ਾਇਰ।

ਤੇਰੀ ਲਿਖਤ ਜੇਕਰ ਸਮੇਂ ਵਿਚ ਬਦਲਾਓ ਨਹੀਂ ਚਾਹੁੰਦੀ,
ਕਾਲੇ ਕਰ ਰਿਹੈਂ ਤੇ ਕਾਗਜ਼ਾਂ ਨੂੰ ਭਰ ਰਿਹੈਂ ਸ਼ਾਇਰ।

ਨਾ ਕੁਝ ਦੇਖਣਾ, ਸੁਣਨਾ ਤੇ ਨਾ ਹੀ ਹੱਕ ਲਈ ਕਹਿਣਾ
ਗਾਂਧੀ ਦੇ ਬਾਂਦਰਾਂ ਵਾਂਗਰ ਬਹਾਨੇ ਘੜ ਰਿਹੈਂ ਸ਼ਾਇਰ।

***-ਗੁਰਮੀਤ ਸਿੰਘ ਬਰਸਾਲ***

# ਜਸਵੰਤ ਸਿੰਘ ਕੰਵਲ ਦਾ ਖੇਡ ਪ੍ਰੇਮ

ਪੰਜਾਬੀ ਖੇਡ ਸਾਹਿਤ 14



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਜਸਵੰਤ ਸਿੰਘ ਕੰਵਲ ਨੂੰ ਵਾਰਸ ਦੀ ਹੀਰ ਸੁਣਨ ਵਾਂਗ ਖੇਡਾਂ ਵੇਖਣ ਦਾ ਵੀ ਸ਼ੌਕ ਸੀ। ਉਹ ਖ਼ੁਦ ਵਾਲੀਵਾਲ ਖੇਡਿਆ, ਕਬੱਡੀ ਦੇ ਅੰਗ-ਸੰਗ ਰਿਹਾ ਅਤੇ ਢੁੱਡੀਕੇ ਤੋਂ ਸਾਊਥਾਲ ਤਕ ਕਬੱਡੀ ਮੈਚਾਂ ਦਾ ਰੈਫਰੀ ਬਣਿਆ। ਢੁੱਡੀਕੇ ਦੇ ਖੇਡ ਮੇਲੇ ਵਿਚ ਅਸੀਂ 'ਕੱਠੇ ਕੁਮੈਂਟਰੀ ਕਰਦੇ ਤੇ ਕਬੱਡੀ ਦੇ ਮੈਚ ਖਿਡਾਉਂਦੇ। ਕੁਮੈਂਟਰੀ ਕਰਦਿਆਂ ਉਸ ਨੂੰ ਖਿਡਾਰੀਆਂ ਦੇ ਨਾਂ ਯਾਦ ਨਾ ਰਹਿੰਦੇ। ਉਹਦੇ ਲਈ ਖਿਡਾਰੀ ਦੇ ਕੱਛੇ ਦਾ ਰੰਗ ਹੀ ਖਿਡਾਰੀ ਦਾ ਨਾਂ ਹੁੰਦਾ। ਉਹ ਚਿੱਟੇ ਰੰਗ ਦੇ ਕੱਛੇ ਵਾਲੇ ਨੂੰ ਅਮਨ ਦਾ ਦੂਤ ਆਖਦਾ ਤੇ ਲਾਲ ਰੰਗ ਦੇ ਕੱਛੇ ਵਾਲੇ ਨੂੰ ਇਨਕਲਾਬੀ ਜੋਧਾ। ਫਿਰ ਕਦੇ ਬੱਗਿਆਂ ਨੂੰ ਭੰਡਦਾ, ਕਦੇ ਨੀਲਿਆਂ ਨੂੰ ਤੇ ਕਦੇ ਲਾਲਾਂ ਨੂੰ ਵੀ ਨਾ ਬਖ਼ਸ਼ਦਾ। ਇਕ ਵਾਰ ਅਸੀਂ ਵਿਸਲਾਂ ਫੜੀ ਕਬੱਡੀ ਮੈਚ ਖਿਡਾ ਰਹੇ ਸਾਂ। ਕੁਦਰਤੀ ਕੰਵਲ, ਕੁਇੰਟਲ ਦੇ ਧੱਕੜ ਧਾਵੀ ਦੀ ਫੇਟ ਵਿਚ ਆ ਗਿਆ, ਜਿਸ ਨਾਲ ਸੱਠ ਪੈਂਹਠ ਕਿੱਲੋ ਦੇ ਕੰਵਲ ਦੀਆਂ ਲੋਟ ਪੋਟਣੀਆਂ ਲੱਗ ਗਈਆਂ। ਉਹਦੀ ਪੱਗ ਲਹਿ ਗਈ, ਗੁਲੂਬੰਦ ਖੁੱਲ੍ਹ ਗਿਆ, ਘੜੀ ਡਿੱਗ ਪਈ ਪਰ ਅਸ਼ਕੇ ਕੰਵਲ ਦੇ ਕਿ ਵਿਸਲ ਉਹਦੇ ਮੂੰਹ ਵਿਚ ਹੀ ਰਹੀ। ਉਸ ਨੇ ਵਿਸਲ ਵਜਾ ਕੇ ਪੁਆਇੰਟ ਦਿੱਤਾ ਅਤੇ ਪੱਗ ਲੱਕ ਦੁਆਲੇ ਲਪੇਟ ਕੇ ਅਗਲੀ ਕੌਡੀ ਪੁਆਉਣ ਲੱਗਾ। ਕਬੱਡੀ ਨਾਲ ਅਜਿਹਾ ਇਸ਼ਕ ਸੀ ਬਾਈ ਕੰਵਲ ਦਾ!

ਕੰਵਲ ਦੀ ਕਪਤਾਨੀ ਵਿਚ ਢੁੱਡੀਕੇ ਦੀ ਵਾਲੀਬਾਲ ਟੀਮ ਟੂਰਨਾਮੈਂਟਾਂ ਦੇ ਕੱਪ ਜਿੱਤਦੀ ਰਹੀ। ਕੱਦ ਦਾ ਲੰਮਾ ਹੋਣ ਕਰਕੇ ਉਹ ਸਭ ਤੋਂ ਉੱਚਾ ਬੁੜ੍ਹਕ ਕੇ ਵਾਲੀ ਮਾਰਦਾ। ਕਬੱਡੀ ਨੂੰ ਤਾਂ ਉਹ ਜਨੂੰਨ ਦੀ ਹੱਦ ਤਕ ਪਿਆਰ ਕਰਦਾ ਸੀ। ਉਸ ਨੇ ਲਿਖਿਆ, "ਪੰਜਾਬ ਵਿਚ ਮਾਂ ਖੇਡ ਕਬੱਡੀ ਦਾ ਕੋਈ ਮੁਕਾਬਲਾ ਨਹੀਂ। ਖੇਡਾਂ ਪ੍ਰਤੀ ਪੰਜਾਬ ਦੀ ਭੁੱਖੀ ਰੂਹ ਖੇਡ ਮੇਲਿਆਂ ਨਾਲ ਹੀ ਤ੍ਰਿਪਤ ਹੋ ਸਕਦੀ ਹੈ। ਮੇਰੇ ਪਿੰਡ ਢੁੱਡੀਕੇ ਲੜਾਈਆਂ ਝਗੜੇ ਤੇ ਕਤਲ ਹੋਏ ਰਹਿੰਦੇ ਸਨ। ਲੋਕ ਖੂੰਢਾਂ ਉਤੇ ਵੈਲੀਆਂ, ਕਾਤਲਾਂ ਤੇ ਡਕੈਤਾਂ ਦੀਆਂ ਗੱਲਾਂ ਕਰਿਆ ਕਰਦੇ ਸਨ। ਮੈਂ ਸੋਚਿਆ, ਸਾਡੇ ਪਿੰਡ ਨੇ ਗਦਰ ਪਾਰਟੀ ਦੇ ਸ਼ਹੀਦ ਪੈਦਾ ਕੀਤੇ। ਅਕਾਲੀ ਸ਼ਹੀਦ ਅਤੇ ਲਾਲਾ ਲਾਜਪਤ ਰਾਏ ਆਦਿ ਨੇ ਆਜ਼ਾਦੀ ਦੀ ਜੰਗ ਵਿਚ ਅਨਮੋਲ ਹਿੱਸਾ ਪਾਇਆ ਹੈ। ਇਸ ਪਿਛੋਕੜ ਵਾਲੇ ਪਿੰਡ ਦੇ ਲੋਕਾਂ ਦੀ ਸੋਚ ਨੂੰ ਕਿਵੇਂ ਬਦਲਿਆ ਜਾਵੇ?

"ਮੈਂ ਆਪਣੇ ਪਿੰਡਾਂ ਦੇ ਪੰਦਰਾਂ ਵੀਹ ਨੌਜੁਆਨਾਂ ਨੂੰ ਜੋੜ ਕੇ ਸਕੂਲ ਦਿੱਤਾ ਕਿ ਅਸੀਂ ਆਪਣੇ ਪਿੰਡ ਦੀ ਸੋਚ ਤੇ ਨੁਹਾਰ ਬਦਲਣੀ ਹੈ। ਮੈਂ ਸੁਝਾਅ ਦਿੱਤਾ, ਪਿੰਡ ਦੇ ਸ਼ਹੀਦਾਂ ਦੇ ਨਾਂ 'ਤੇ ਖੇਡ ਮੇਲਾ ਲਾਇਆ ਜਾਵੇ। ਉਸ ਖੇਡ ਮੇਲੇ ਵਿਚ ਕਬੱਡੀ ਪਹਿਲੇ ਨੰਬਰ 'ਤੇ ਰੱਖੀ ਜਾਵੇ। ਫਿਰ ਕੀ ਸੀ, ਖੇਡ ਮੇਲਾ ਵੇਖਣ ਵਾਲੇ ਹਜ਼ਾਰਾਂ ਖੇਡ ਪ੍ਰੇਮੀਆਂ ਦਾ ਇਕੱਠ ਸਾਂਭਣਾ ਔਖਾ ਹੋ ਗਿਆ। ਪਿੰਡ ਦੇ ਲੋਕਾਂ ਦੀ ਰੌਅ ਉਸਾਰੂ ਪਾਸੇ ਤੋਰਨ ਵਿਚ ਅਸੀਂ ਕਾਮਯਾਬ ਹੋ ਗਏ। ਕੁਝ ਸਾਲਾਂ ਵਿਚ ਹੀ ਪ੍ਰਾਇਮਰੀ ਸਕੂਲ ਤੋਂ ਕਾਲਜ, ਸੜਕਾਂ, ਪੱਕੀਆਂ ਬੀਹੀਆਂ, ਵਾਟਰ ਵਰਕਸ, ਹੈਲਥ ਸੈਂਟਰ, ਡਾਕ ਘਰ, ਤਾਰ ਤੇ ਟੈਲੀਫੋਨ ਆਦਿ ਦੀਆਂ ਸਹੂਲਤਾਂ ਖੜ੍ਹੀਆਂ ਕਰ ਲਈਆਂ। ਇਹ ਸਭ ਕੁਝ ਕਬੱਡੀ ਮੈਚਾਂ ਦੇ ਇਕੱਠ ਨਾਲ ਲੋਕਾਂ ਦਾ ਧਿਆਨ ਉਸਾਰੂ ਪਾਸੇ ਲਾਉਣ ਨਾਲ ਹੋਇਆ। ਖੇਡ ਮੇਲੇ ਦੇ ਬਹਾਨੇ ਰਾਜਸੀ ਨੇਤਾ ਸੱਦੇ ਜਾਣ ਲੱਗੇ, ਜਿਨ੍ਹਾਂ ਦੇ ਸਹਿਯੋਗ ਨਾਲ ਪੰਚਾਇਤ ਨੇ ਪਿੰਡ ਦੀ ਕਾਇਆ ਪਲਟ ਕੇ ਰੱਖ ਦਿੱਤੀ। ਇਹ ਫਾਰਮੂਲਾ ਕੌਮੀ ਪੱਧਰ 'ਤੇ ਵੀ ਲਾਗੂ ਕੀਤਾ ਜਾ ਸਕਦਾ ਹੈ।"

ਕੰਵਲ ਨੇ ਆਪਣੇ ਨਾਵਲ 'ਪੂਰਨਮਾਸ਼ੀ' ਵਿਚ ਕਪੂਰਿਆਂ ਦੇ ਮੇਲੇ 'ਚ ਪੰਜਾਬ ਦੀ ਦੇਸੀ ਖੇਡ ਬੋਰੀ ਚੁੱਕਣ ਦੇ ਮੁਕਾਬਲੇ ਦਾ ਵਰਣਨ ਇੰਜ ਕੀਤਾ, "ਰੂਪ ਹੋਰਾਂ ਦੀ ਢਾਣੀ ਵਿਖਰ ਕੇ ਫਿਰ ਜੁੜ ਗਈ। ਉਨ੍ਹਾਂ ਮੇਲੇ ਦੇ ਦੂਜੇ ਪਾਸੇ ਬੋਰੀ ਅਤੇ ਮੁਗਧਰ ਚੁੱਕਣ ਵਾਲਿਆਂ ਦਾ ਖੁੱਲ੍ਹਾ ਖਾੜਾ ਬੰਨ੍ਹ ਲਿਆ। ਮੁਗਧਰ ਮੱਲਾਂ ਨੇ ਪਹਿਲੋਂ ਹੀ ਲਿਆਂਦੇ ਹੋਏ ਸਨ। ਸਾਢੇ ਚਾਰ ਮਣ ਪੱਕੇ ਦੀ ਬੋਰੀ ਵੀ ਠੋਕ ਠੋਕ ਕੇ ਭਰ ਲਈ ਗਈ। ਪੱਗਾਂ ਤੇ ਲੋਈਆਂ ਲਾਹ ਕੇ ਜਵਾਨ ਖਾੜੇ ਵਿਚ ਨਿਕਲ ਆਏ। ਮੁਗਧਰ ਚੁੱਕਣ ਵਾਲਿਆਂ ਨੇ ਲੱਕਾਂ ਨਾਲ ਚਾਦਰੇ ਕੱਸ ਕੇ ਬੰਨ੍ਹ ਲਏ। ਬੋਰੀ ਚੁੱਕਣ ਵਾਲਿਆਂ ਵਿਚ ਰੂਪ ਤੇ ਜਗੀਰ ਵੀ ਸਨ। ਰੂਪ ਦਾ ਭਰਿਆ, ਲੰਮਾ ਤੇ ਸੋਹਣਾ ਸਰੀਰ ਵੇਖ ਕੇ ਭੁੱਖ ਲਹਿੰਦੀ ਸੀ। ਖਾੜੇ ਦੀਆਂ ਨਜ਼ਰਾਂ ਉਹਦੇ ਪਿੱਛੇ ਹੀ ਭੌਂ ਰਹੀਆਂ ਸਨ। ਮੁਗਧਰ ਚੁੱਕੇ ਜਾਣ ਲੱਗੇ। ਜਗੀਰ ਤੇ ਰੂਪ ਦੇ ਮੁਕਾਬਲੇ ਵਿਚ ਬੋਰੀ ਚੁੱਕਣ ਵਾਲਿਆਂ ਦੀਆਂ ਦੋ ਜੋੜੀਆਂ ਸਨ। ਦੋ ਜੋੜੀਆਂ ਤੋਂ ਪਹਿਲੀ ਵਾਰੀ ਬਾਲਾ ਨਾ ਨਿਕਲਿਆ। ਫਿਰ ਜਗੀਰ ਤੇ ਰੂਪ ਦੀ ਵਾਰੀ ਆਈ। ਉਹ ਪਹਿਲੀ ਹੁਬਕਲੀ ਨਾਲ ਹੀ ਬੋਰੀ ਹਿੱਕ ਦੇ ਬਰਾਬਰ ਲੈ ਗਏ ਅਤੇ ਓਥੋਂ ਝੋਸਾ ਮਾਰ ਕੇ ਬਾਹਾਂ ਖੜ੍ਹੀਆਂ ਕਰ ਦਿੱਤੀਆਂ। ਇਕ ਵਾਰ ਸਾਰਾ ਖਾੜਾ 'ਵਾਹ ਬਈ ਵਾਹ' ਕਰ ਉਠਿਆ।"

ਕੰਵਲ ਦੇ ਨਾਵਲਾਂ ਵਿਚ ਖੇਡਾਂ ਦੇ ਦ੍ਰਿਸ਼ ਚਿਤਰਨ ਆਮ ਮਿਲਦੇ ਹਨ। 'ਰੂਪ ਧਾਰਾ' ਵਿਚ



ਜਸਵੰਤ ਸਿੰਘ ਕੰਵਲ

ਹਾਕੀ ਦੇ ਮੈਚ ਦਾ ਕਮਾਲ ਦਾ ਨਜ਼ਾਰਾ ਪੇਸ਼ ਕੀਤਾ ਹੈ। ਜੇ 'ਪੂਰਨਮਾਸ਼ੀ' ਦਾ ਰੂਪ, ਬੋਰੀ ਤੇ ਮੁਗਦਰ ਦਾ ਚੁਕਾਵਾ ਸੀ ਤਾਂ 'ਰਾਤ ਬਾਕੀ ਹੈ' ਦਾ ਚਰਨ, ਕਬੱਡੀ ਦਾ ਖਿਡਾਰੀ ਸੀ।

ਚਰਨ ਭਾਵੇਂ ਸਕੂਲ ਦੀਆਂ ਕਈ ਖੇਡਾਂ 'ਚ ਹਿੱਸਾ ਲੈਂਦਾ ਸੀ, ਪਰ ਕੌਡੀ ਦੀ ਖੇਲ ਉਹਦੇ ਹੀ ਸਿਰ 'ਤੇ ਸੀ। ਕੌਡੀ ਦਾ ਕੱਪ ਦੋ ਸਾਲ ਤੋਂ ਜੋਧਪੁਰ ਹਾਈ ਸਕੂਲ ਕੋਲ ਸੀ। ਪੜ੍ਹਾਈ ਬਹੁਤੀ ਕਰਨ ਕਰਕੇ ਚਰਨ ਦੀ ਸਿਹਤ ਕਮਜ਼ੋਰ ਪੈ ਗਈ ਸੀ। ਟੂਰਨਾਮੈਂਟ ਤੋਂ ਤਿੰਨ ਕੁ ਦਿਨ ਪਹਿਲਾਂ ਉਸ ਖੇਲ ਵਿਚ ਹੱਥ ਸਿੱਧੇ ਕੀਤੇ। ਸੈਮੀ ਫਾਈਨਲ ਵਿਚ ਖੇਲਦਿਆਂ ਲੋਕਾਂ ਜਾਣ ਲਿਆ ਕਿ ਚਰਨ ਦੀ ਖੇਲ ਅੱਗੇ ਨਾਲੋਂ ਬਹੁਤ ਢਿੱਲੀ ਪੈ ਗਈ ਹੈ। ਕਈਆਂ ਖਿਆਲ ਕੀਤਾ ਕਿ ਫਾਈਨਲ ਤਕੜੀ ਟੀਮ ਨਾਲ ਪੈਣਾ ਏ, ਚਰਨ ਆਪਣੀ ਖੇਲ ਲਕੋਅ ਰਿਹਾ ਏ। ਚਰਨ ਦੀ ਟੀਮ ਡਿੱਗਦੀ ਢਹਿੰਦੀ ਫਾਈਨਲ ਵਿਚ ਆ ਗਈ। ਹੁਣ ਸਾਰੇ ਸਕੂਲ ਦੀਆਂ ਆਸਾਂ ਚਰਨ 'ਤੇ ਹੀ ਸਨ...।

ਗਰਾਊਂਡ ਵਿਚ ਲੀਕਾਂ 'ਤੇ ਕਲੀ ਵਿਛਾਈ ਗਈ ਅਤੇ ਰੈਫਰੀ ਨੇ ਦੋਹਾਂ ਫਾਈਨਲ ਟੀਮਾਂ ਨੂੰ ਆਉਣ ਲਈ ਲੰਮੀ ਸੀਟੀ ਮਾਰੀ। ਖਿਲਾੜੀ ਪੱਟਾਂ 'ਤੇ ਥਾਪੀਆਂ ਮਾਰਦੇ ਮੈਦਾਨ ਵਿਚ ਆ ਗਏ। ਰੈਫਰੀ ਨੇ ਘੜੀ ਵੇਖ ਕੇ ਖੇਡ ਸ਼ੁਰੂ ਕਰਵਾ ਦਿੱਤੀ। ਪਹਿਲੇ ਪੰਜਾਂ ਮਿੰਟਾਂ ਵਿਚ ਹੀ ਪਤਾ ਲੱਗ ਗਿਆ ਕਿ ਐਤਕੀਂ ਚਰਨ ਕੌਡੀ ਨਹੀਂ ਜਿੱਤ ਸਕਦਾ। ਵਿਰੋਧੀ ਟੀਮ ਦੇ ਪੁਆਇੰਟ ਵਧ ਰਹੇ ਸਨ ਅਤੇ ਉਨ੍ਹਾਂ ਦੇ ਹਮਾਇਤੀ ਤਾੜੀਆਂ ਮਾਰ ਰਹੇ ਸਨ। ਹਾਫ ਟਾਈਮ ਵੇਲੇ ਪੁਆਇੰਟ ਸੁਣਾਏ ਗਏ, ਚਰਨ ਦੀ ਟੀਮ ਸੱਤ ਪੁਆਇੰਟਾਂ 'ਤੇ ਹਾਰ ਰਹੀ ਸੀ। ਹੈੱਡਮਾਸਟਰ ਕੁਰਸੀ ਛੱਡ ਕੇ ਭੱਜਾ ਆਇਆ, "ਚਰਨ? ਤੂੰ ਸਾਡੀ ਦੋ ਸਾਲ ਦੀ ਰੱਖੀ ਰਖਾਈ ਖੂਹ 'ਚ ਪਾ ਦੇਣੀ ਏਂ। ਅਸੀਂ ਹੈਰਾਨ ਹਾਂ ਤੈਨੂੰ ਹੋ ਕੀ ਗਿਆ?"

ਚਰਨ ਖਾਮੋਸ਼ ਸੀ। ਉਹ ਸੋਚ ਰਿਹਾ ਸੀ, "ਅੱਗੇ ਮੈਂ ਦੋ ਸਾਲ ਜਿੱਤਿਆ ਹਾਂ, ਜੇ ਐਤਕੀਂ ਹਾਰ ਗਿਆ ਤਾਂ ਕੀ ਹੋਇਆ?"

ਭਰਪੂਰ ਵੀ ਗਰਾਊਂਡ ਵਿਚ ਆ ਗਿਆ। ਉਸ ਚਰਨ ਨੂੰ ਹੌਂਸਲਾ ਦਿੰਦਿਆਂ ਆਖਿਆ, "ਤਕੜਾ ਹੋ, ਖੇਡ ਜਿੱਤਣੀ ਐਂ। ਹਾਰ ਇਕ ਵਾਰ ਦੀ ਵੀ ਬੁਰੀ ਹੁੰਦੀ ਐ।"

"ਹੱਛਾ! ਪਾਣੀ ਪਿਓਣ ਤੂੰ ਲੱਗ।"

ਭਰਪੂਰ ਨੇ ਮੁੰਡੇ ਦੇ ਹੱਥੋਂ ਬਾਲਟੀ ਫੜ ਲਈ। ਸੀਟੀ ਵੱਜ ਗਈ ਅਤੇ ਖੇਲ ਮੁੜ ਸ਼ੁਰੂ ਹੋ ਗਈ। ਮੁਖਾਲਫ ਟੀਮ ਦਾ ਇਕ ਖਿਲਾੜੀ ਚਰਨ ਦੇ ਇਕ ਕਮਜ਼ੋਰ ਸਾਥੀ ਨੂੰ ਸੁੱਟ ਗਿਆ। "ਪਾਣੀ ਦਾ ਘੁੱਟ।" ਚਰਨ ਪੁਕਾਰਿਆ।

ਭਰਪੂਰ ਨੇ ਪਾਣੀ ਦਾ ਗਲਾਸ ਫੜਾਉਂਦਿਆਂ ਆਖਿਆ, "ਚਰਨੇ ਖੇਡ ਗਈ। ਐਤਕੀਂ ਅਖਬਾਰਾਂ 'ਚ ਜਿੱਤਿਆ ਹੋਣ ਦੀ ਥਾਂ ਹਾਰਿਆ ਛਪੇਗਾ।" ਫਿਰ ਮੂੰਹ ਉਸ ਦੇ ਕੰਨ ਕੋਲ ਕਰ ਕੇ ਕਿਹਾ, "ਤੇ ਰਾਜ ਕਹੇਗੀ, ਮੇਰਾ ਚਰਨ ਹਾਰ ਗਿਆ! ਏਥੇ ਈ ਮਰ ਜਾਹ ਗਰਾਊਂਡ 'ਚ।"

ਚਰਨ ਦਾ ਰੋਹ ਜਾਗ ਪਿਆ ਅਤੇ ਉਸ ਦੇ ਮੂੰਹ 'ਤੇ ਗੁਸੈਲੀ ਲਾਲੀ ਚੜ੍ਹ ਗਈ। ਉਹ ਮੁੰਡਾ ਫਿਰ ਕੌਡੀ ਆਇਆ। ਉਸ ਧੌਲ ਮਾਰ ਕੇ ਦੂਜੇ ਹੱਥ ਨਾਲ ਗੁੱਟ ਫੜ ਲਿਆ ਅਤੇ ਫਟ ਨਿਆਣਾ ਠੋਕ ਦਿੱਤਾ। ਮੁੰਡਾ ਆਪਣੀ ਥਾਂ ਤੋਂ ਇਕ ਇੰਚ ਵੀ ਨਾ ਹਿੱਲ ਸਕਿਆ। ਦੂਜੀ ਵਾਰ ਵਿਰੋਧੀ ਟੀਮ ਦਾ ਕਪਤਾਨ ਕੌਡੀ ਪਾਉਣ ਆਇਆ। ਕਪਤਾਨ ਚਰਨ ਨੂੰ ਹੀ ਵੰਗਾਰ ਕੇ ਫੜੇ ਮੁੰਡੇ ਦੀ ਵਿਹੁ ਲਾਹੁਣਾ ਚਾਹੁੰਦਾ ਸੀ। ਚਰਨ ਉਹਦੇ ਆਉਂਦੇ ਦੇ ਲੱਤੀਂ ਪੈ ਗਿਆ ਤੇ ਕਪਤਾਨ ਦਮ ਤੋੜਨ ਲਈ ਮਜਬੂਰ ਹੋ ਗਿਆ। ਚਰਨ ਦੀ ਖੇਲ ਚੜ੍ਹ ਗਈ। ਲੋਕਾਂ ਦੀਆਂ ਮਰੀਆਂ ਆਸਾਂ ਜਿਊਂਦੀਆਂ ਹੋ ਗਈਆਂ...।

ਪੁਆਇੰਟ ਬਰਾਬਰ ਹੋ ਗਏ ਅਤੇ ਮੈਚ ਵੀ ਆਖਰੀ ਮਿੰਟ 'ਤੇ ਸੀ। ਸਾਰੇ ਸਮਝਦੇ ਸਨ ਕਿ ਆਹ ਆਖਰੀ ਕੌਡੀ ਹੈ। ਚਰਨ ਦਾ ਇਕ ਪੈਰ ਜ਼ਖਮੀ ਹੋ ਗਿਆ ਸੀ, ਜਿਸ 'ਚੋਂ ਲਹੂ ਵਗ ਰਿਹਾ ਸੀ। ਆਖਰੀ ਕੌਡੀ ਉਸ ਦੇ ਫਿਰ ਕਪਤਾਨ ਨਾਲ ਹੱਥ ਜੁੜ ਗਏ। ਇਕ ਤਰ੍ਹਾਂ ਸਾਨ੍ਹਾਂ ਦੇ ਭੇੜ ਹੋ ਰਹੇ ਸਨ ਅਤੇ ਜਿੱਤ-ਹਾਰ ਥਾਲੀ ਦੇ ਪਾਣੀ ਵਾਂਗ ਡੋਲ ਰਹੀ ਸੀ। ਕਪਤਾਨ ਨੇ ਜੋੜ ਕੇ ਦੁਹੱਥੜ ਚਰਨ ਦੀ ਹਿੱਕ ਵਿਚ ਮਾਰੀ ਅਤੇ ਉਸ ਦੇ ਪੈਰ ਉਖੇੜ ਦਿੱਤੇ। ਦੂਜੀ ਵਾਰ ਦੁਹੱਥੜ ਮਾਰਨ ਤੋਂ ਪਹਿਲਾਂ ਹੀ ਚਰਨ ਨੇ ਉਸ ਦੀਆਂ ਬਾਹਾਂ ਉਤਾਂਹ ਚੁੱਕ ਕੇ ਜੱਫਾ ਮਾਰ ਲਿਆ। ਲੋਕਾਂ ਉਦੋਂ ਹੀ ਤਾੜੀ ਮਾਰ ਦਿੱਤੀ, ਬੱਸ ਜਿੰਦੇ ਜੜੇ ਗਏ। ਕਪਤਾਨ ਦੇ ਸਾਹ ਟੁੱਟਣ 'ਤੇ ਸੀਟੀ ਵੱਜ ਗਈ ਤੇ ਚਰਨ ਗਰਾਊਂਡ ਵਿਚ ਹਫ ਕੇ ਡਿੱਗ ਪਿਆ...।

ਦਸਾਂ ਕੁ ਮਿੰਟਾਂ ਪਿੱਛੋਂ ਜਦੋਂ ਉਹ ਪੈਰੋਂ ਲੰਗਾਂਦਾ ਲੋਕਾਂ 'ਚ ਆਇਆ, ਸਾਰਿਆਂ ਨੇ ਉਸ ਨੂੰ ਸ਼ਾਬਾਸ਼ ਦਿੱਤੀ, "ਅਸ਼ਕੇ ਮਾਂ ਦਿਆ ਪੁੱਤਾ! ਰੱਖ ਵਿਖਾਈ।"

"ਆਫਰੀਨ ਓਏ ਤੇਰੀ ਜੰਮਣ ਵਾਲੀ ਦੇ!"

---

ਆਪਣੀ ਗੱਲ ਕਰਾਂ ਤਾਂ ਕੰਵਲ ਮੈਨੂੰ 'ਖੇਡਾਂ ਦਾ ਵਣਜਾਰਾ' ਕਿਹਾ ਕਰਦਾ ਸੀ। ਉਸ ਨੇ ਲਿਖਿਆ ਕਿ ਸਰਵਣ ਸਿੰਘ ਨੂੰ ਜਦੋਂ ਨਵੇਂ ਬਣੇ ਢੁੱਡੀਕੇ ਕਾਲਜ ਵਿਚ ਲਿਆਂਦਾ ਤਾਂ ਮੈਂ ਉਸ ਦੀ ਖੇਡ ਲਗਨ ਨੂੰ ਤਰਜੀਹ ਦਿੱਤੀ ਸੀ। ਉਨ੍ਹੀਂ ਦਿਨੀਂ ਉਸ ਨੇ ਟੀਮ ਨੇ ਪੰਜਾਬ ਯੂਨੀਵਰਸਿਟੀ ਦੀ ਗੁਰਜ ਜਿੱਤ ਲਈ। ਖਿਡਾਰੀਆਂ ਨਾਲ ਸਰਵਣ ਸਿੰਘ ਦਾ ਹੌਂਸਲਾ ਵੀ ਛਾਲਾਂ ਮਾਰ ਉੱਠਿਆ। ਉਹਦੀ ਅਧੂਰੀ ਕਹਾਣੀ, ਖੇਡਾਂ ਦੀ ਚੜ੍ਹਤ ਵਿਚ ਬੱਲੇ ਬੱਲੇ ਕਰ ਉੱਠੀ। ਉਹਦਾ ਹੌਂਸਲਾ ਪੰਜਾਬੀ ਦੇ ਸਾਹਿਤਕ ਪਰਚਿਆਂ ਤੇ ਅਖਬਾਰਾਂ ਵਿਚ ਚਮਕਣ ਲੱਗ ਪਿਆ। ਖੇਡਾਂ ਦੇ ਉਸਾਰੂ ਜੋਸ਼ ਨੇ ਕਾਲਜ ਦੇ ਚੱਜ ਨਾਲ ਪੈਰ ਲੱਗਦੇ ਕਰ ਦਿੱਤੇ। ਲੜਾਈਆਂ ਝਗੜਿਆਂ ਨੂੰ ਛੱਡ ਕੇ ਢੁੱਡੀਕੇ ਬੀ. ਏ./ਬੀ. ਐੱਸਸੀ. ਤਕ ਦੀ ਪੜ੍ਹਾਈ ਕਰਨ ਕਰਾਉਣ ਵਾਲਾ ਇਲਾਕੇ ਦਾ ਸਾਊ ਪਿੰਡ ਬਣ ਗਿਆ। ਸਾਡੀ ਇਸ ਬੱਲੇ ਬੱਲੇ ਵਿਚ ਸਰਵਣ ਸਿੰਘ ਦੀ ਖੇਲ੍ਹ ਸੀਟੀ, ਵੱਡੀ ਸ਼ਾਬਾਸ਼ ਨੂੰ ਪਹੁੰਚੀ। ਖੇਡਾਂ ਤੇ ਖਿਡਾਰੀਆਂ ਬਾਰੇ ਸਰਵਣ ਸਿੰਘ ਦੀਆਂ ਪੁਸਤਕਾਂ ਛਪਣੀਆਂ ਸ਼ੁਰੂ ਹੋ ਗਈਆਂ। ਉਸ ਨੂੰ ਆਲੇ ਦੁਆਲੇ ਦੇ ਕਾਲਜਾਂ ਤੇ ਖੇਡ ਮੇਲਿਆਂ ਦੇ ਸੱਦੇ ਆਉਣੇ ਸ਼ੁਰੂ ਹੋ ਗਏ। ਉਸ ਨਾਲ ਮੇਲੀਆਂ ਗੇਲੀਆਂ ਦੀ ਮਹਿਫਿਲ ਜੁੜੀ ਰਹਿੰਦੀ। ਪੜ੍ਹਾਈ ਕਰਾਉਣ ਵਿਚ ਵਿਦਿਆਰਥੀਆਂ ਨਾਲ ਹੇਲ ਮੇਲ ਤੇ ਪੁੱਜ ਕੇ ਹਰਮਨ ਪਿਆਰਾ ਹੋ ਗਿਆ। ਉਸ ਦੀ ਚੇਤੰਨ ਲਿਆਕਤ ਨੇ ਉਸ ਨੂੰ ਕਾਲਜ ਦਾ ਕਾਰਜਕਾਰੀ ਪ੍ਰਿੰਸੀਪਲ ਥਾਪ ਦਿੱਤਾ। ਉਹਦੀ ਚੁਸਤੀ ਤੇ ਫੁਰਤੀ, ਲਾਲ ਲੋਹੇ ਦਾ ਡੰਗ ਕੱਢਣ ਦੀ ਸਿਆਣੇ ਲੁਹਾਰ ਵਾਂਗ ਉਕਾਈ ਨਹੀਂ ਸੀ ਖਾਂਦੀ।

ਉਹਦੀ ਰੈਫਰ ਕਰਦੀ ਸੀਟੀ ਨੇ ਅਜਿਹੇ ਦਾਅ ਪੇਚ ਮਾਰੇ ਕਿ ਅਖਾੜੇ ਵਿਚ ਮੇਰੀ ਵੀ ਲੋਟ ਪੋਟਣੀ ਲੁਆ ਦਿੱਤੀ। ਲੋਕ ਉਸ ਦਾ ਜਨਮ ਪਿੰਡ ਚਕਰ ਭੁੱਲ ਕੇ ਉਸ ਨੂੰ ਢੁੱਡੀਕੇ ਦਾ ਸਮਝਣ ਲੱਗ ਪਏ। ਇਕ ਘਾਟਾ ਹਾਲਾਤ ਨੇ ਸਾਨੂੰ ਜ਼ਰੂਰ ਪਾਇਆ। ਸਾਡੀ ਕਾਲਜ ਕਮੇਟੀ ਤੋਂ ਕਾਲਜ ਦੇ ਵਧਦੇ ਖਰਚੇ ਪੂਰੇ ਨਹੀਂ ਸਨ ਹੋ ਰਹੇ। ਉਦੋਂ ਘਾਟੇ ਦੀ ਕੋਈ ਸਰਕਾਰੀ ਗਰਾਂਟ ਨਹੀਂ ਸੀ ਮਿਲਦੀ। ਸਾਨੂੰ ਮਜਬੂਰੀ ਵੱਸ ਕਾਲਜ ਸਰਕਾਰ ਨੂੰ ਸੌਂਪਣਾ ਪੈ ਗਿਆ। ਪਹਿਲਾਂ ਪੜ੍ਹਾਈ ਤੇ ਖੇਡਾਂ ਕਾਰਨ ਪ੍ਰਾਈਵੇਟ ਕਾਲਜ ਦੀ ਬੱਲੇ ਬੱਲੇ ਸੀ। ਸਰਕਾਰੀ ਕਾਲਜ ਹੋਣ 'ਤੇ ਥੱਲੇ ਥੱਲੇ ਹੋ ਗਈ। ਬਹੁਤੇ ਪ੍ਰੋਫੈਸਰ ਪਿੰਡ ਦੇ ਕਾਲਜ ਤੋਂ ਬਦਲੀਆਂ ਕਰਵਾ ਕੇ ਸ਼ਹਿਰੀਂ ਪਹੁੰਚ ਗਏ, ਪਰ ਸਰਵਣ ਸਿੰਘ



28 ਜਨਵਰੀ 2019 ਨੂੰ ਕੰਵਲ ਦੀ ਢੁੱਡੀਕੇ ਦੇ ਖੇਡ ਮੇਲੇ ਵਿਚ ਝੰਡੀ

'ਆਰਸੀ' ਵਿਚ ਖਿਡਾਰੀਆਂ ਬਾਰੇ ਲਿਖਣਾ ਸ਼ੁਰੂ ਕੀਤਾ ਸੀ। ਮੈਨੂੰ ਉਸ ਦੀ ਵਾਰਤਕ ਵਿਚ ਖਾਸੀ ਰਵਾਨੀ ਲੱਗੀ। ਮੈਂ ਸਾਹਿਤਕ ਤੇ ਕਲਚਰਲ ਖੇਤਰ ਵਿਚ ਕੁਝ ਪਲਾਨਾਂ ਬਣਾ ਚੁੱਕਾ ਸਾਂ, ਜਿਸ ਲਈ ਮੈਨੂੰ ਨਿੱਗਰ ਸਾਥੀਆਂ ਦੀ ਲੋੜ ਸੀ। ਉਸ ਨੇ ਮੇਰੇ ਆਖੇ ਹੀ ਦਿੱਲੀ ਦੀ ਪ੍ਰੋਫੈਸਰੀ ਤਿਆਗੀ। ਕਾਲਜ ਸਰਵਣ ਸਿੰਘ ਦੇ ਪਿੰਡ ਚਕਰ ਤੋਂ ਦਸ ਬਾਰਾਂ ਮੀਲ ਦੂਰ ਸੀ। ਉਸ ਨੇ ਨਿੱਤ ਆਉਣ-ਜਾਣ ਦਾ ਸਿੜ੍ਹੀ ਸਿਆਪਾ ਮੁਕਾ ਕੇ ਢੁੱਡੀਕੇ ਹੀ ਝੰਡੇ ਬੁੰਗੇ ਗੱਡ ਦਿੱਤੇ।

ਉਹਦੇ ਆਉਣ ਨਾਲ ਢੁੱਡੀਕੇ ਦੇ ਖੇਡ ਮੇਲੇ ਨੂੰ ਹੋਰ ਵਾਰ ਆਉਣੇ ਸ਼ੁਰੂ ਹੋ ਗਏ। ਉਸ ਵਿਚ ਜੁਆਨੀ ਦੇ ਜ਼ੋਰ ਨਾਲ ਜਜ਼ਬਿਆਂ ਦਾ ਜੋਸ਼ ਵੀ ਸੂਕ ਰਿਹਾ ਸੀ। ਉਹ ਕਹਾਣੀ ਲਿਖ ਕੇ, ਸੁਣਾਉਣ ਲਈ ਮੇਰੇ ਕੋਲ ਆਇਆ। ਮੈਂ 'ਹੂੰ ਹਾਂ' ਕਰਦਿਆਂ ਕਿਹਾ, "ਯਾਰ, ਤੂੰ ਖੇਡਾਂ 'ਚ ਬੱਲੇ ਬੱਲੇ ਐਂ। ਖੇਡਾਂ ਬਾਰੇ ਹੋਰ ਕੁਝ ਕਿਉਂ ਨਹੀਂ ਲਿਖਦਾ?" ਇਹ ਗੱਲ ਸਰਵਣ ਸਿੰਘ ਦੇ ਟਿਕਾਣੇ ਵੱਜ ਗਈ।

ਕਾਲਜ ਵਿਚ ਖੇਡਾਂ ਦਾ ਅਜਿਹਾ ਮਾਹੌਲ ਬਣਿਆ ਕਿ ਸਾਡੇ ਕਾਲਜ ਦੀ ਕਬੱਡੀ ਤੇ ਹਾਕੀ ਪੂਰੇ ਸਿਦਕ ਨਾਲ ਢੁੱਡੀਕੇ ਡਟਿਆ ਰਿਹਾ। ਉਸ ਨੇ ਸਾਰੀ ਜਵਾਨੀ ਢੁੱਡੀਕੇ ਬਿਤਾਈ ਤੇ ਢਲਦੀ ਉਮਰੇ ਢੁੱਡੀਕੇ ਛੱਡਿਆ। ਪਿੰਡ ਉਹਦੀਆਂ ਸੇਵਾਵਾਂ ਦਾ ਧੰਨਵਾਦੀ ਹੈ।

ਇਕ ਦਿਨ ਸਰਵਣ ਸਿੰਘ ਮੇਰੇ ਨਾਲ ਸਲਾਹ ਕਰਨ ਆਇਆ। ਡਾ. ਸਰਦਾਰਾ ਸਿੰਘ ਜੌਹਲ ਦੇ ਅਮਰਦੀਪ ਮੈਮੋਰੀਅਲ ਕਾਲਜ ਮੁਕੰਦਪੁਰ ਵਿਚ ਪ੍ਰਿੰਸੀਪਲ ਦੀ ਪੋਸਟ ਨਿਕਲੀ ਸੀ। ਉਸ ਨੇ ਕਿਹਾ ਕਿ ਢੁੱਡੀਕੇ ਕਾਲਜ ਦੀ ਸਰਕਾਰੀ ਨੌਕਰੀ ਮੁੱਕਣ ਵਾਲੀ ਹੈ। ਜੇ ਆਗਿਆ ਹੋਵੇ ਤਾਂ ਡਾ. ਜੌਹਲ ਨਾਲ ਗੱਲ ਕਰ ਵੇਖੀਏ। ਯਾਰੀ ਦੇ ਤਾਣ ਮੈਂ ਹਾਮੀ ਭਰ ਦਿੱਤੀ ਤੇ ਅਸੀਂ ਲੁਧਿਆਣੇ ਨੂੰ ਚਾਲੇ ਪਾ ਦਿੱਤੇ। ਮੈਂ ਸਰਵਣ ਸਿੰਘ ਨੂੰ ਪ੍ਰਿੰਸੀਪਲ ਦੀ ਜੌਬ ਲਈ ਪੇਸ਼ ਕਰ ਦਿੱਤਾ।...ਗੱਲ ਕੀ ਅਸਾਂ ਆਪਣਾ ਬੂਹਾ ਪੱਟ ਕੇ ਯਾਰ ਦਾ ਜਾ ਵਸਾਇਆ। ਮੁਕੰਦਪੁਰ ਪ੍ਰਿੰਸੀਪਲ ਲੱਗ ਕੇ ਜੋ ਭੱਲ ਸਰਵਣ ਸਿੰਘ ਨੇ ਖੱਟੀ, ਉਥੋਂ ਦਾ ਇਲਾਕਾ ਸਿਫਤਾਂ ਕਰਦਾ ਨਹੀਂ ਥਕਦਾ। ਚਾਰ ਸਾਲ ਵਾਹਵਾ ਖੱਟ ਕੇ ਜਦੋਂ ਪ੍ਰਿੰਸੀਪਲੀ ਤੋਂ ਰਿਟਾਇਰ ਹੋਇਆ ਤਾਂ ਉਸ ਨੇ ਅਜਿਹੀਆਂ ਤੇਗਾਂ ਮਾਰੀਆਂ ਕਿ ਅਮਰੀਕਾ/ਕੈਨੇਡਾ ਜਾ ਫਤਹਿ ਕੀਤਾ। ਹੁਣ ਉਹਦੀ ਸ਼ਾਨ ਵੇਖੋ, ਪੁਰਾਣਾ ਸਾਈਕਲ ਸੁੱਟ ਕੇ ਹਵਾਈ ਜਹਾਜਾਂ ਤੋਂ ਪੈਰ ਹੀ ਨਹੀਂ ਲਾਹੁੰਦਾ। ਢੁੱਡੀਕੇ ਤੇ ਸਰਵਣ ਸਿੰਘ ਨੇ ਇਕ ਦੂਜੇ ਤੋਂ ਬੜਾ ਕੁਝ ਲਿਆ ਤੇ ਇਕ ਦੂਜੇ ਨੂੰ ਬੜਾ ਕੁਝ ਦਿੱਤਾ। ਢੁੱਡੀਕੇ ਦਾ ਕੋਈ ਵੱਡਾ ਖੇਡ ਸਮਾਗਮ ਹੋਵੇ, ਉਹ ਪਰਦੇਸਾਂ ਵਿਚੋਂ ਵੀ ਉਡਾਰੀਆਂ ਭਰਦਾ ਢੁੱਡੀਕੇ ਦੇ ਅਖਾੜੇ ਵਿਚ ਆ ਸੀਟੀ ਮਾਰਦੈ। ਉਹਦੀ ਕੁਮੈਂਟਰੀ ਅਜੇ ਵੀ ਢੁੱਡੀਕੇ ਦੇ ਦੇਸ਼-ਭਗਤ ਸਟੇਡੀਅਮ ਵਿਚ ਗੂੰਜਦੀ ਹੈ। ਟਿਕ ਕੇ ਤਾਂ ਉਹ ਬਹਿ ਹੀ ਨਹੀਂ ਸਕਦਾ। ਹੱਥ ਵਿਚ ਕਲਮ ਤੇ ਮੂੰਹ ਅੱਗੇ ਮਾਈਕ, ਕਬੱਡੀ ਦੀਆਂ ਲੋਟ ਪੋਟਣੀਆਂ ਲਵਾਈ ਜਾ ਰਿਹੈ। ਅਜਿਹਾ ਕਿਰਦਾਰ, ਜਿਥੇ ਬਹਿ ਜਾਵੇ, ਉਦਾਸ ਮਹਿਫਿਲਾਂ ਵਿਚ ਵੀ ਰੰਗ ਭਰ ਦਿੰਦਾ ਹੈ। ਹੁਣ ਉਹਦਾ ਕਦੇ ਕਦਾਈਂ ਢੁੱਡੀਕੇ ਆਉਣਾ ਇਉਂ ਲੱਗਦੈ ਜਿਵੇਂ 'ਲੱਗੀਆਂ ਦੇ ਬੋਲ ਪੁਗਾਵਾਂ ਘਰ ਤੇਰਾ ਦੂਰ ਮਿੱਤਰਾ'।

ਉਸ ਨੇ ਕਬੱਡੀ ਦੀ ਦੁਹਾਈ ਸਾਰੇ ਸੰਸਾਰ ਵਿਚ ਪਾ ਛੱਡੀ ਏ। ਖੇਡਾਂ ਬਾਰੇ ਲਿਖ ਲਿਖ ਖਿਡਾਰੀਆਂ ਦਾ ਮੂੰਹ ਲਿਸ਼ਕਾ ਦਿੱਤਾ ਹੈ। ਵਾਰਤਕ ਐਨੀ ਰਵਾਂ ਤੇ ਹਾਸੇ ਖੇਡੇ ਭਰੀ ਕਿ ਚਾਹ ਰੋਟੀ ਦੀ ਭੁੱਖ ਭੁੱਲ ਜਾਂਦੀ ਹੈ। ਸਰਵਣ ਸਿੰਘ ਦੀ ਬੋਲੀ ਘੁਲ ਕੇ ਘਿਓ-ਗੱਚ ਚੂਰੀ ਬਣ ਗਈ ਹੈ। ਛੋਟੇ ਹੁੰਦਿਆਂ ਮੱਝਾਂ ਚਾਰੀਆਂ ਤੇ ਹਾਲੀਆਂ ਪਾਲੀਆਂ ਦੀਆਂ ਬੋਲੀਆਂ ਦੀ ਲੈਅ ਵਿਚ ਸਰਸ਼ਾਰਿਆ ਰਿਹਾ। ਉਸ ਨੂੰ ਪੜ੍ਹਨ ਲਈ ਕੁਝ ਸਾਲ ਫਾਜ਼ਿਲਕਾ ਰਹਿਣਾ ਪਿਆ ਸੀ ਜਿਥੇ ਮਲਵਈ, ਮਝੈਲ, ਦੁਆਬੀਏ, ਪੋਠੋਹਾਰੀਏ, ਮੁਲਤਾਨੀ, ਆਰ ਪਾਰ ਦੇ ਰਾਏ ਸਿੱਖ, ਰਠੌੜ, ਕੰਬੋਅ, ਬਾਗੜੀਏ ਤੇ ਬਾਰਾਂ ਦੇ ਰਿਫੂਜ਼ੀਆਂ ਨਾਲ ਸਾਰਾ ਪੰਜਾਬ ਇਕੱਠਾ ਹੋ ਗਿਆ ਸੀ। ਭਾਂਤ ਸੁਭਾਂਤੇ ਬੋਲਾਂ ਤੇ ਉਚਾਰਣਾਂ ਨੇ ਉਸ ਅੱਗੇ ਬੋਲੀ ਦੀਆਂ ਮਰੋੜੀਆਂ ਤੇ ਤੈਹਾਂ ਖੋਲ੍ਹ ਕੇ ਰੱਖ ਦਿੱਤੀਆਂ। ਜਿਵੇਂ ਵਾਰਸ ਸ਼ਾਹ ਆਪਣੇ ਆਖਰੀ ਬੈਂਤ ਵਿਚ ਮਿਣ-ਜੋਖ ਕੇ ਸਿੱਟਾ ਕੱਢਦਾ ਹੈ, ਉਸੇ ਤਰ੍ਹਾਂ ਸਰਵਣ ਸਿੰਘ ਮੁੱਢਲੇ ਅਤੇ ਅੰਤਲੇ ਵਾਕ ਨਾਲ ਪਾਠਕ ਉੱਤੇ ਆਪਣੀ ਪਕੜ ਦਾ ਪੰਜਾ ਪਾਉਂਦਾ ਹੈ। ਬੁਨਿਆਦੀ ਪੱਖੋਂ ਉਸ ਨੇ ਖੇਡ ਸਾਹਿਤ ਦਾ ਪਿੜ ਬੰਨ੍ਹ ਦਿੱਤਾ ਹੈ। ਖਿਡਾਰੀਆਂ ਦੇ ਉਤਸ਼ਾਹ ਨੂੰ ਜ਼ਰਬਾਂ ਦਿੱਤੀਆਂ ਹਨ। ਨਵੇਂ ਪੋਚ ਦੇ ਲਹੂ ਵਿਚ ਅੰਗੜਾਈਆਂ ਛੇੜੀਆਂ ਹਨ ਤੇ ਅਨੇਕਾਂ ਪਾਠਕਾਂ ਨੂੰ ਖੇਡਾਂ ਵੱਲ ਮੋੜਿਆ ਹੈ। ਲੇਖਕ ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਪੰਜਾਬ ਦੀ ਸਿਹਤ ਤੇ ਜਵਾਨੀ ਨੂੰ ਭੰਗੜੇ ਦੀ ਚੜ੍ਹਾਈ ਵਿਚ ਵੇਖਣ ਦਾ ਚਾਹਵਾਨ ਹੈ।

---

ਕੰਵਲ ਭਾਵੇਂ ਇੰਗਲੈਂਡ ਜਾਂਦਾ, ਭਾਵੇਂ ਅਮਰੀਕਾ ਜਾਂ ਕੈਨੇਡਾ, ਜੇ ਉਸ ਨੂੰ ਉਥੇ ਹੋ ਰਹੇ ਖੇਡ ਮੇਲੇ ਦਾ ਪਤਾ ਲੱਗ ਜਾਂਦਾ ਤਾਂ ਕਬੱਡੀ ਮੈਚ ਜ਼ਰੂਰ ਵੇਖਦਾ। ਢੁੱਡੀਕੇ ਦਾ ਖੇਡ ਮੇਲਾ ਤਾਂ ਉਹ ਸੌਵੇਂ ਸਾਲ ਦੀ ਉਮਰ ਤਕ ਵੇਖਦਾ ਰਿਹਾ ਤੇ ਵੇਖਦਾ ਵੀ ਕਬੱਡੀ ਦੇ ਦਾਇਰੇ ਦੁਆਲੇ ਗੇੜੇ ਕੱਢਦਾ ਹੋਇਆ। ਸੌਵੇਂ ਸਾਲ ਦੀ ਉਮਰ ਵਿਚ ਉਸ ਨੇ ਖੇਡ ਮੇਲੇ 'ਚ ਝੰਡੀ ਵੀ ਕੀਤੀ।

ਇਕੇਰਾਂ ਇੰਗਲੈਂਡ ਵਿਚ ਕੰਵਲ ਦਾ ਮੇਲ ਖੇਡ ਲੇਖਕ ਬਲਿਹਾਰ ਸਿੰਘ ਰੰਧਾਵੇ ਨਾਲ ਹੋਇਆ ਤਾਂ ਕੰਵਲ ਨੇ ਉਹਦੀ ਉਸਤਤ ਵਿਚ ਰੂਹ ਨਾਲ ਲਿਖਿਆ, "ਪੰਜਾਬ ਦੀ ਜਵਾਨੀ ਨਸ਼ਿਆਂ ਦੀ ਮਾਰ ਵਿਚ ਨਿੱਘਰਦੀ ਤੇ ਉਹਦੀ ਮਾਂਦੀ ਪੈਂਦੀ ਸਿਹਤ ਨੇ ਰੰਧਾਵੇ ਦਾ ਧਿਆਨ ਆਪਣੀ ਵੱਲ ਖਿੱਚਿਆ ਹੈ। ਉਸ ਨੇ ਸੋਚਿਆ ਜੇ ਪੰਜਾਬੀ ਗੱਭਰੂ ਸਿਹਤ ਹੀ ਗਵਾ ਬੈਠੇ, ਅਣਖੀਲੀ ਤੇ ਗੌਰਵਮਈ ਕੌਮ ਦੇ ਚੜ੍ਹਦੀ ਕਲਾ ਵਾਲੇ ਸੁਪਨੇ ਕੌਣ ਸਾਕਾਰ ਕਰੇਗਾ? ਕੌਮ ਤਾਂ ਹਾਲੇ ਮੰਝਧਾਰ ਵਿਚ ਡਿੱਕ ਡੋਲੇ ਖਾ ਰਹੀ ਹੈ, ਅਸੀਂ ਤਾਂ ਅਜੇ ਇਨਕਲਾਬੀ ਸ਼ਹੀਦ ਪੁਰਖਿਆਂ ਦਾ ਇਤਿਹਾਸਕ ਕਰਜ਼ਾ ਲਾਹੁਣਾ ਹੈ। ਜੇ ਪੰਜਾਬ ਸਿਹਤ ਵੱਲੋਂ ਹੀ ਹੱਥ ਧੋ ਬੈਠਾ, ਨਿਕੰਮਾ ਤੇ ਨਿਪੁੰਸਕ ਹੋ ਗਿਆ, ਸਾਡੀ ਕੌਮੀਅਤ ਦਾ ਕੀ ਬਣੇਗਾ?"

(ਬਾਕੀ ਸਫਾ 29 ਉਤੇ)

# ਜੰਗ-ਏ-ਆਜ਼ਾਦੀ ਹਿੰਦੋਸਤਾਨ 'ਚ ਨਵੰਬਰ ਮਹੀਨੇ ਦੇ ਸੰਗਰਾਮੀ ਤੇ ਸ਼ਹੀਦ ਯੋਧੇ

*ਹਿੰਦ ਲੁੱਟ ਫਰੰਗੀਆਂ ਚੌੜ ਕੀਤਾ, ਪੈਸਾ ਸੂਤ ਸਾਰਾ ਹਿੰਦ ਦੇਸ਼ ਵਾਲਾ, ਇੰਗਲੈਂਡ ਵਿਚ ਲਈ ਜਾਣ ਲੋਕੋ।*
*ਮਾਮਲਾ ਵਧਾਇਆ ਬੇਈਮਾਨ ਉੱਠ ਕੇ, ਲੁੱਟ ਲਈ ਜਾਂਦੇ ਦਿਨ ਰਾਤ ਡਾਕੂ, ਭੁੱਖੇ ਮਰਨ ਗਰੀਬ ਕਿਰਸਾਨ ਲੋਕੋ।*

***ਉਹ ਹਾਲਾਤ ਕਿੰਨੇ ਦੁੱਖਦਾਇਕ ਹੋਣਗੇ, ਜਿਸ ਕਾਰਨ ਖਾਂਦੇ-ਪੀਂਦੇ ਪਰਿਵਾਰਾਂ ਨੂੰ ਵੀ ਅਸਹਿ ਤੰਗੀਆਂ-ਤੁਰਸ਼ੀਆਂ ਵਿਚੋਂ ਲੰਘਣਾ ਪਿਆ। 22 ਜੁਲਾਈ 1853 'ਚ ਨਿਊ ਯਾਰਕ ਦੇ 'ਰੋਜ਼ਾਨਾ ਟ੍ਰਿਬਿਊਨ' 'ਚ ਕਾਰਲ ਮਾਰਕਸ ਦੀਆਂ ਛਪੀਆਂ ਚਿੱਠੀਆਂ ਵਿਚ ਲਿਖਿਆ ਸੀ, "ਅੰਗਰੇਜ਼ ਦਾ ਹਿੰਦ ਉੱਤੇ ਰਾਜ ਕਰਨ ਦਾ ਇਤਿਹਾਸ ਤਬਾਹੀ ਤੇ ਬਰਬਾਦੀ ਤੋਂ ਸਿਵਾਏ ਹੋਰ ਕੁਝ ਨਹੀਂ ਦੱਸਦਾ। ਤਬਾਹੀ ਢੇਰਾਂ ਦੇ ਢੇਰ ਸਨ, ਉਸਾਰੀ ਕਿਤੇ ਮੁਸ਼ਕਿਲ ਨਾਲ ਦਿੱਸਦੀ ਹੈ।" ਬਰਤਾਨਵੀ, ਹਿੰਦੋਸਤਾਨ ਅੰਦਰ ਰੁਜ਼ਗਾਰ ਦੇ ਸਾਧਨ ਖਤਮ ਕਰਕੇ ਦੌਲਤ ਨੂੰ ਲੁੱਟ ਕੇ ਆਪਣੇ ਦੇਸ਼ ਨੂੰ ਲਿਜਾ ਰਹੇ ਸਨ। ਜਮੀਨ ਉੱਪਰ ਮਾਮਲੇ (ਕਰ) ਇੰਨੇ ਵਧਾ ਦਿੱਤੇ ਸਨ ਕਿ ਕਿਸਾਨ ਸਾਰਾ ਸਾਲ ਕੰਮ ਕਰਕੇ ਵੀ ਭੁਗਤਾਨ ਨਹੀਂ ਸੀ ਕਰ ਸਕਦਾ, ਮਜ਼ਬੂਰੀ ਸੰਗ ਨਪੀੜਿਆ ਕਿਸਾਨ ਅਨਾਜ ਵੇਚ ਕੇ ਜਾਂ ਜਮੀਨ ਗਹਿਣੇ ਰੱਖ ਕੇ 'ਕਰ' ਤਾਰਦਾ ਸੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਜਮੀਨ ਨੂੰ ਬਚਾਉਣ ਲਈ ਅਤੇ ਘਰ ਦੇ ਗੁਜ਼ਾਰੇ ਲਈ ਕਿਸਾਨ ਤੇ ਮਜ਼ਦੂਰ ਰੁਜ਼ਗਾਰ ਲੱਭਣ ਲਈ ਘਰੋਂ ਬਾਹਰ ਹੀ ਨਹੀਂ ਨਿਕਲਿਆ, ਸਗੋਂ ਦੇਸ ਤੋਂ ਪਰਦੇਸੀ ਹੋ ਗਿਆ। ਚੀਨ, ਜਪਾਨ, ਬ੍ਰਾਜ਼ੀਲ, ਹਾਂਗਕਾਂਗ, ਮਲਾਇਆ, ਫਿਲੀਪੀਨ, ਪਨਾਮਾ, ਕੈਨੇਡਾ ਅਤੇ ਅਮਰੀਕਾ ਆਦਿ ਦੇਸ਼ਾਂ 'ਚ ਪਹੁੰਚਿਆ।***

***ਦੇਸ ਤੋਂ ਪਰਦੇਸ ਹੋਏ ਹਿੰਦੋਸਤਾਨੀਆਂ ਨੂੰ ਨੌਕਰੀਆਂ ਦਾ ਨਾ ਮਿਲਣਾ, ਨਸਲਵਾਦ ਦਾ ਸ਼ਿਕਾਰ ਹੋਣਾ, ਅੰਗਰੇਜ਼ ਰਾਜ ਦੀ ਗੁਲਾਮੀ ਦੇ ਮਿਹਣੇ ਸੁਣਨੇ, 'ਇੰਡੀਅਨ ਐਂਡ ਡੌਗਜ਼ ਨਾਟ ਅਲਾਊਡ' ਦੀ ਬੇਇੱਜਤੀ ਨਾਲ ਭਰੇ ਬੋਰਡ ਪੜ੍ਹਨੇ, ਕੁਲੀ ਕੁਲੀ ਅਤੇ ਇੰਡੀਅਨ ਸਲੇਵ ਦੇ ਸ਼ਬਦ ਆਦਿ ਸੁਣਨੇ-ਇਸ ਸਭ ਨੇ ਹਿੰਦੋਸਤਾਨ ਨੂੰ ਫਰੰਗੀ ਕੋਲੋਂ ਆਜ਼ਾਦ ਕਰਾਉਣ ਬਾਰੇ ਸੋਚਣ ਲਈ ਮਜ਼ਬੂਰ ਕਰ ਦਿੱਤਾ, ਜਿਸ ਨੇ ਗਦਰ ਪਾਰਟੀ ਨੂੰ ਜਨਮ ਦਿੱਤਾ ਅਤੇ ਇਸ ਤੋਂ ਪਹਿਲਾਂ ਅੰਗਰੇਜ਼ ਰਾਜ ਵਿਰੁਧ ਹੋਏ ਘੋਲ, ਮੁਹਿੰਮਾਂ ਅਤੇ ਲਹਿਰਾਂ ਬਾਰੇ ਜਾਣਨ ਲਈ ਪੜ੍ਹਨ ਦੀ ਮਹੱਤਤਾ ਨੂੰ ਸਮਝਿਆ। ਇਤਿਹਾਸ ਦੱਸਦਾ ਹੈ ਕਿ 'ਸਿਰਾਜ-ਉਦੀਨ-ਦੌਲਾ' ਹਿੰਦੋਸਤਾਨ ਦੀ ਧਰਤੀ ਉੱਪਰ ਬਰਤਾਨੀਆਂ ਦੇ ਰਾਜ ਨੂੰ ਚੁਣੌਤੀ ਦੇਣ ਵਾਲਾ ਪਹਿਲਾ ਯੋਧਾ ਸੀ। ਉਸ ਪਿੱਛੋਂ ਸੁਲਤਾਨ ਹੈਦਰ ਅਲੀ (ਮੈਸੂਰ ਰਿਆਸਤ ਦਾ ਸੁਲਤਾਨ), ਟੀਪੂ ਸੁਲਤਾਨ, ਅਸ਼ਰਫ ਅਹਿਮਦ ਬਰੇਲਵੀ, ਹਾਜ਼ੀ ਸ਼ਰੀਅਤ ਉੱਲ੍ਹਾ (ਫਰਜ਼ੀਆ ਲਹਿਰ ਦਾ ਬਾਨੀ), ਟੀਟੂ ਮੀਰ (ਬੰਗਾਲ ਵਿਚ ਜਿਮੀਂਦਾਰਾਂ ਅਤੇ ਬਸਤੀਵਾਦ ਨੂੰ ਲਲਕਾਰਨ ਵਾਲਾ ਯੋਧਾ), ਮੌਲਾਨਾ ਸ਼ਾਹ ਇਸਮਾਈਲ, ਬਹਾਦਰ ਸ਼ਾਹ ਜ਼ਫਰ, ਮਹਾਰਾਜ ਸਿੰਘ, ਸਤਿਗੁਰੂ ਰਾਮ ਸਿੰਘ ਆਦਿ ਨੇ ਅੰਗਰੇਜ਼ ਰਾਜ ਵਿਰੁੱਧ ਲਾਮਬੰਦੀ ਕੀਤੀ।***

***ਕੂਕਾ ਲਹਿਰ, ਗਦਰ ਲਹਿਰ, ਨੌਜਵਾਨ ਜਥੇਬੰਦੀਆਂ, ਵਿਦਿਆਰਥੀ ਜਥੇਬੰਦੀਆਂ, ਬੰਗਾਲ ਦੀਆਂ ਨੌਜਵਾਨ ਲਹਿਰਾਂ, ਗੁਰਦੁਆਰਾ ਸੁਧਾਰ ਲਹਿਰਾਂ, ਭੁਰਲੀ ਜਥੇ, ਬੱਬਰ ਅਕਾਲੀ ਲਹਿਰ, ਪਰਜਾ ਤੰਤਰ ਲਹਿਰ ਅਤੇ ਕਿਸਾਨ ਲਹਿਰਾਂ ਨੇ ਅੰਗਰੇਜ਼ ਰਾਜ ਨੂੰ ਢਾਹ ਲਾਈ। ਆਜ਼ਾਦੀ ਦੇ ਮਹੱਲ ਨੂੰ ਉਸਾਰਨ ਲਈ ਕਿੰਨਾ ਖੂਨ ਡੁੱਲ੍ਹਿਆ, ਹਜ਼ਾਰਾਂ ਆਜ਼ਾਦੀ ਦੇ ਪ੍ਰਵਾਨਿਆਂ ਨੇ ਫਾਂਸੀ ਦੇ ਰੱਸੇ ਚੁੰਮੇ, ਜਾਇਦਾਦਾਂ ਕੁਰਕ ਕਰਵਾਈਆਂ ਅਤੇ ਜਲਾਵਤਨ ਹੋਏ। 'ਸ਼ਹੀਦ ਅਤੇ ਸੰਗਰਾਮੀ ਯੋਧਿਓ ਤੁਹਾਡੀ ਸ਼ਾਨ ਅਤੇ ਯਾਦ ਚਿਰੰਜੀਵ ਰਹੇ।' ਸ਼ਹੀਦਾਂ ਨੂੰ ਯਾਦ ਕਰਨਾ ਮਾਨਵਤਾ ਹੈ। ਨਵੰਬਰ ਮਹੀਨੇ 'ਚ ਹੋਏ ਸ਼ਹੀਦਾਂ ਤੇ ਸੰਗਰਾਮੀਆਂ ਦੀ ਜਾਣਕਾਰੀ ਦਿੰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ:***

ਪਹਿਲੀ ਨਵੰਬਰ 1906 ਨੂੰ ਵੈਨਕੂਵਰ (ਕੈਨੇਡਾ) 'ਚ ਅਣਪਛਾਤੇ ਪੰਜਾਬੀ ਸਿੰਘ ਦਾ ਦਿਹਾਂਤ ਹੋ ਗਿਆ, ਜਿਸ ਨੂੰ ਖਾਲਸਾ ਦੀਵਾਨ ਸੁਸਾਇਟੀ ਦੀ ਰਿਪੋਰਟ ਡਾਇਰੀ 1906-1909 'ਚ ਬਿਨਾ ਨਾਮ ਤੋਂ ਦਰਜ ਦੇਖਿਆ ਜਾ ਸਕਦਾ ਹੈ। ਇਹ ਸਾਥੀ ਵੀ ਘਰ ਦੀ ਹਾਲਤ ਦੀ ਬਿਹਤਰੀ ਲਈ ਆਇਆ ਸੀ, ਜਿਸ ਦੇ ਸਸਕਾਰ ਕਰਨ 'ਚ ਵੀ ਰੰਗ ਭੇਦ ਦੀਆਂ ਔਕੜਾਂ ਦੇ ਸਾਹਮਣੇ ਕਰਨ ਦਾ ਇਤਿਹਾਸ ਹੈ।

ਪਹਿਲੀ ਨਵੰਬਰ 1947 ਨੂੰ ਗਹਿਲ ਸਿੰਘ ਛੱਜਲਵੱਢੀ ਪੁੱਤਰ ਹੁਕਮ ਸਿੰਘ ਤੇ ਮਾਤਾ ਮਾਲਾਂ, ਪਿੰਡ ਛੱਜਲਵੱਢੀ ਸਦੀਵੀ ਵਿਛੋੜਾ ਦੇ ਗਏ। ਉਹ ਮਨੁੱਖੀ ਬਰਾਬਰੀ ਦੇ ਝੰਡਾਬਰਦਾਰ ਸਨ। ਪਿੰਡ 'ਚ ਮੁਸਲਮਾਨਾਂ ਲਈ ਮਸਜਿਦ ਅਤੇ ਹਰੀਜਨਾਂ ਲਈ ਗੁਰੂਘਰ ਬਣਾ ਕੇ ਦਿੱਤੇ। ਫਿਰਕੂ ਸੋਚ ਵਾਲਿਆਂ ਦੀ ਅੱਖ 'ਚ ਇੱਕ ਰੋੜ ਵਾਂਗ ਰੜਕਦੇ ਸਨ। ਕਈ ਵਾਰ ਮਾਰਨ ਲਈ ਹਮਲਿਆਂ ਦਾ ਸ਼ਿਕਾਰ ਹੋਏ, ਪਰ ਬਚਾਓ ਹੁੰਦਾ ਰਿਹਾ। ਇੱਕ ਦਿਨ ਸ਼ਾਮ ਨੂੰ ਸਾਈਕਲ ਉੱਪਰ ਪਿੰਡ ਨੂੰ ਜਾਂਦਿਆਂ ਫਿਰਕੂਆਂ ਨੇ ਜੀਪ ਮਾਰ ਕੇ ਫੱਟੜ ਕਰਨ ਉਪਰੰਤ ਕਤਲ ਕਰ ਦਿੱਤਾ।

ਪਹਿਲੀ ਨਵੰਬਰ 1950 ਨੂੰ ਹਰਬੰਸ ਸਿੰਘ ਪੁੱਤਰ ਬੀਰ ਸਿੰਘ, ਪਿੰਡ ਤੇ ਡਾਕਖਾਨਾ ਹਰਸਾ ਛੀਨਾ, ਤਹਿਸੀਲ ਅਜਨਾਲਾ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਕੁਇਟ ਇੰਡੀਆ ਮੂਵਮੈਂਟ 'ਚ ਤਿੰਨ ਸਾਲ ਅਤੇ ਫਤਿਆਵਾਲ ਕਤਲ ਕੇਸ 'ਚ ਸਵਾ ਸਾਲ ਮੁਲਤਾਨ, ਅੰਮ੍ਰਿਤਸਰ, ਮੀਆਂਵਾਲੀ ਅਤੇ ਲਾਇਲਪੁਰ ਜੇਲ੍ਹਾਂ 'ਚ ਯਾਤਰਾ ਕੀਤੀ।

ਪਹਿਲੀ ਨਵੰਬਰ 1960 ਨੂੰ ਬਹਾਦਰ ਸਿੰਘ ਪੁੱਤਰ ਸੁੰਦਰ ਸਿੰਘ, ਪਿੰਡ ਬੁਟਾਲਾ ਤਹਿਸੀਲ ਤੇ ਜਿਲਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਅਨ ਆਰਮੀ ਦੇ ਫੌਜੀ ਸਨ। 1940 ਨੂੰ ਆਰਮੀ ਕਾਨੂੰਨ ਅਧੀਨ ਕੋਰਟ ਮਾਰਸ਼ਲ ਦੀ ਸਜ਼ਾ 'ਚ 10 ਸਾਲ ਸਖਤ ਜੇਲ੍ਹ ਹੋਈ। ਕਸੂਰ, ਅੰਗਰੇਜ਼ ਵਿਰੁੱਧ ਲੋਕਾਂ ਨੂੰ ਭੜਕਾਉਣਾ। ਉਹ ਯਰਵਦਾ, ਪੂਨਾ, ਅਲੀਪੁਰ, ਰਾਏਪੁਰ, ਇੰਦੌਰ ਅਤੇ ਅੰਡੇਮਾਨ ਜੇਲ੍ਹਾਂ 'ਚ ਕੈਦੀ ਰਹੇ।

ਪਹਿਲੀ ਨਵੰਬਰ 1973 ਨੂੰ ਧਰਮ ਸਿੰਘ 'ਫੱਕਰ' ਪੁੱਤਰ ਹੀਰਾ ਸਿੰਘ, ਪਿੰਡ ਦਲੇਲ ਸਿੰਘ ਵਾਲਾ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਪਿੰਡ ਪਹਿਲਾਂ ਪਟਿਆਲਾ ਰਿਆਸਤ 'ਚ ਸੀ, ਹੁਣ ਜਿਲਾ ਬਰਨਾਲਾ 'ਚ ਹੈ। ਉਨ੍ਹਾਂ ਪੈਪਸੂ ਦੀ ਮੁਜਾਰਾ ਮੂਵਮੈਂਟ ਦੀ ਅਗਵਾਈ ਕਰਕੇ 70,000 ਏਕੜ ਜਮੀਨ ਹੱਲ ਵਾਹਕ ਨੂੰ ਦਿਵਾਈ, ਢਾਈ ਸਾਲ ਫਰੀਦਕੋਟ ਅਤੇ ਪਟਿਆਲਾ ਜੇਲ੍ਹ ਦੀ ਯਾਤਰਾ ਕੀਤੀ। ਉਨ੍ਹਾਂ ਦੇ ਯੁੱਧ ਸਾਥੀ ਜਗੀਰ ਸਿੰਘ ਜੋਗਾ ਸਨ ਅਤੇ ਸੀ. ਪੀ. ਆਈ ਵੱਲੋਂ ਜੇਲ੍ਹ 'ਚੋਂ ਅਸੈਂਬਲੀ ਸੀਟ ਜਿੱਤੀ।

2 ਨਵੰਬਰ 1920 ਨੂੰ ਜੇਮਜ਼ ਡੈਲੀ ਨੂੰ ਜੇਲ੍ਹ 'ਚੋਂ ਕੱਢ ਕੇ ਗੋਲੀਆਂ ਮਾਰ ਸ਼ਹੀਦ ਕਰ ਦਿੱਤਾ। 22 ਸਾਲ ਦੇ ਨੌਜਵਾਨ ਅੰਗਰੇਜ਼ ਰਾਜ ਦੀ ਜਲੰਧਰ 'ਚ ਤਾਇਨਾਤ ਕਨਾਟ ਰੇਂਜਰਜ਼ ਫੌਜ ਦੇ ਅਫਸਰ ਅਤੇ ਪਿਛੋਕੜ ਆਇਰਲੈਂਡ ਤੋਂ ਸਨ। ਉਹ ਹਿੰਦੋਸਤਾਨ ਦੀ ਆਜ਼ਾਦੀ ਦੇ ਸਮਰਥਕ ਸਨ। 1970 ਵਿਚ ਆਇਰਲੈਂਡ ਦੀ ਆਜ਼ਾਦੀ ਸਮਰਥਕ ਤੇ ਪਰਿਵਾਰ ਮੈਂਬਰ ਟਰੇਸਾ ਮਾਇਅਰ ਸ਼ਹੀਦ ਯੋਧੇ ਦੀ ਅਸਥੀਆਂ ਇੰਗਲੈਂਡ ਲਿਜਾ ਕੇ ਸਨਮਾਨ ਕੀਤਾ।

3 ਨਵੰਬਰ 1958 ਨੂੰ ਲੱਖਾ ਸਿੰਘ ਪੁੱਤਰ ਸਰਮੁੱਖ ਸਿੰਘ, ਪਿੰਡ ਨਾਰਲੀ, ਤਹਿਸੀਲ ਪੱਟੀ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਗੁਰੂ ਕੇ ਬਾਗ ਮੋਰਚੇ 'ਚ ਸ਼ਮੂਲੀਅਤ ਕੀਤੀ ਅਤੇ ਨੌਂ ਮਹੀਨੇ ਅਟਕ, ਲਾਹੌਰ ਅਤੇ ਮੁਲਤਾਨ ਜੇਲ੍ਹ ਦੀ ਯਾਤਰਾ ਕੀਤੀ।

5 ਨਵੰਬਰ 1944 ਨੂੰ ਜਵਾਹਰ ਸਿੰਘ ਪੁੱਤਰ ਰੂੜ ਸਿੰਘ, ਪਿੰਡ ਬਿਲਾਸਪੁਰ ਤਹਿਸੀਲ ਮੋਗਾ, ਜਿਲਾ ਫਿਰੋਜ਼ਪੁਰ ਸਦੀਵੀ ਵਿਛੋੜਾ ਦੇ ਗਏ। ਉਹ ਸਿੱਖ ਰੈਜੀਮੈਂਟ ਦੇ ਫੌਜੀ ਸਨ। ਪਹਿਲੀ ਸਤੰਬਰ 1942 ਨੂੰ ਇੰਡੀਅਨ ਨੈਸ਼ਨਲ ਆਰਮੀ 'ਚ ਭਰਤੀ ਹੋਏ ਅਤੇ ਬਰਮਾ ਫਰੰਟ ਦੇ ਐਕਸ਼ਨ 'ਚ ਸ਼ਹੀਦ ਹੋਏ।

6 ਨਵੰਬਰ 2009 ਨੂੰ ਬਲਦੇਵ ਸਿੰਘ ਪੋਤਾ ਕਿਸਾਨਾਂ ਮਜ਼ਦੂਰਾਂ ਦੇ ਹੱਕਾਂ ਲਈ ਜੂਝਦੇ ਬੀਮਾਰੀ ਕਾਰਨ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੂੰ ਛੋਟੀ ਉਮਰ 'ਚ ਹੀ ਬਸਤੀਵਾਦੀ ਸਰਕਾਰ ਵਿਰੁੱਧ ਕੁੜੱਤਣ ਸੀ। ਵੱਡੇ ਹੋ ਕੇ ਕਿਸਾਨ ਦੇ ਹੱਕਾਂ ਲਈ ਲੜੇ ਅਤੇ ਕਈ ਵਾਰ ਜੇਲ੍ਹ ਯਾਤਰਾ ਕੀਤੀ।

7 ਨਵੰਬਰ 1968 ਨੂੰ ਸ਼ੱਤਬ ਸਿੰਘ ਪੁੱਤਰ ਬੱਧਨ ਸਿੰਘ, ਪਿੰਡ ਸੁਧਾਰ, ਤਹਿਸੀਲ ਜਗਰਾਉਂ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕਰਕੇ ਸੱਤ ਮਹੀਨੇ ਨਾਭਾ ਬੀੜ ਜੇਲ੍ਹ ਯਾਤਰਾ ਕੀਤੀ।

10 ਨਵੰਬਰ 1945 ਨੂੰ ਅਰੂੜ ਸਿੰਘ ਪੁੱਤਰ ਨਿਹਾਲ ਸਿੰਘ ਤੇ ਮਾਤਾ ਹੁਕਮ ਕੌਰ, ਪਿੰਡ ਮੁਗਲਵਾਲਾ, ਤਹਿਸੀਲ ਪੱਟੀ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਨਾ-ਮਿਲਵਰਤਣ ਲਹਿਰ ਅਤੇ ਅਕਾਲੀ ਮੂਵਮੈਂਟ 1922 'ਚ ਸ਼ਮੂਲੀਅਤ ਕੀਤੀ। ਸਾਰੀ ਜਾਇਦਾਦ ਕੁਰਕ ਕਰਾ ਕੇ ਮੁਲਤਾਨ, ਅਟਕ ਅਤੇ ਲਾਹੌਰ ਜੇਲ੍ਹ ਗਏ।



ਕਰਤਾਰ ਸਿੰਘ ਝੱਬਰ



ਮਾਸਟਰ ਤਾਰਾ ਸਿੰਘ

11 ਨਵੰਬਰ 1881 ਨੂੰ ਅਹਿਮਦਉੱਲਾ ਅੰਡੇਮਾਨ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਹ ਡਿਪਟੀ ਕੁਲੈਕਟਰ, ਆਮਦਨ ਕਰ ਬੋਰਡ ਦੇ ਆਹਲਾ ਅਫਸਰ ਅਤੇ ਵਹਾਬੀ ਲਹਿਰ ਦੇ ਆਗੂ ਸਨ, ਜੋ ਈਸਟ ਇੰਡੀਆ ਕੰਪਨੀ ਵਿਰੁੱਧ ਲਾਮਬੰਦ ਹੋਈ। ਇਨ੍ਹਾਂ ਨੇ ਕੰਪਨੀ ਨੂੰ ਵਿਆਜ ਅਤੇ ਜਮੀਨੀ ਲਗਾਨ ਦੇਣ ਤੋਂ ਨਾਂਹ ਕੀਤੀ। ਉਨ੍ਹਾਂ ਨੂੰ 27 ਫਰਵਰੀ 1865 'ਚ ਸਜ਼ਾ-ਏ-ਮੌਤ ਦਿੱਤੀ ਸੀ, ਪਰ ਸਜ਼ਾ ਘਟਾ ਕੇ ਅੰਡੇਮਾਨ ਜਲਾਵਤਨੀ ਅਤੇ ਉਮਰ ਕੈਦ ਕੀਤੀ ਗਈ।

11 ਨਵੰਬਰ 1933 ਨੂੰ ਮਹਾਨ ਸਿੰਘ ਪੁੱਤਰ ਕਿਸ਼ਨ ਸਿੰਘ ਤੇ ਮਾਤਾ ਹਰ ਕੌਰ, ਪਿੰਡ ਕਮਾਲਪੁਰ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਉਹ ਆਜ਼ਾਦੀ ਘੁਲਾਟੀਏ ਸਨ, ਆਜ਼ਾਦੀ ਲਈ ਕਈ ਮੂਵਮੈਂਟਾਂ 'ਚ ਹਿੱਸਾ ਲਿਆ, ਛੇ ਮਹੀਨੇ ਜੇਲ੍ਹ ਯਾਤਰਾ ਕੀਤੀ, ਕਵੀ ਪ੍ਰੈਸ 'ਚ ਕੰਮ ਕੀਤਾ ਅਤੇ ਮੁਨਸ਼ਾ ਸਿੰਘ ਦੁੱਕੀ ਦੇ ਯੁੱਧ ਸਾਥੀ ਸਨ।

11 ਨਵੰਬਰ 1942 ਨੂੰ ਨਰੈਣ ਸਿੰਘ ਉਰਫ ਰਤਨ ਸਿੰਘ ਪੁੱਤਰ ਕੇਸਰ ਸਿੰਘ, ਪਿੰਡ ਕਾਲੇ, ਤਹਿਸੀਲ ਪੱਟੀ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਦੇ ਮੋਰਚੇ 'ਚ ਸ਼ਾਮਲ ਸਨ ਤੇ ਇੱਕ ਸਾਲ ਨਾਭਾ ਬੀੜ ਜੇਲ੍ਹ ਦੀ ਯਾਤਰਾ ਕੀਤੀ।

13 ਨਵੰਬਰ 1925 ਨੂੰ ਭਾਈ ਸੰਤਾ ਸਿੰਘ ਪੁੱਤਰ ਬੁੱਢਾ ਸਿੰਘ, ਪਿੰਡ ਮਜੀਠਾ, ਜਿਲਾ ਅੰਮ੍ਰਿਤਸਰ (ਜੋ ਬਾਅਦ ਵਿਚ ਚੱਕ ਜਨੂਬੀ 133 ਜਿਲਾ ਸਰਗੋਧਾ 'ਚ ਵਸੇਵਾ ਕਰ ਗਏ ਸਨ) ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਅਨ ਆਰਮੀ 'ਚ ਹੌਲਦਾਰ ਸਨ। ਪਹਿਲੇ ਗੁਰੂ ਕੇ ਬਾਗ ਦੇ ਮੋਰਚੇ, ਜੈਤੋਂ ਦੇ ਬਾਗ ਮੋਰਚੇ ਅਤੇ ਖਡੂਰ ਸਾਹਿਬ ਮੋਰਚੇ 'ਚ ਸ਼ਮੂਲੀਅਤ ਕੀਤੀ।

13 ਨਵੰਬਰ 1925 ਨੂੰ ਸੰਤਾ ਸਿੰਘ ਪੁੱਤਰ ਬੁੱਢਾ ਸਿੰਘ, ਪਿੰਡ ਬੇਗੋਵਾਲ ਨਾਭਾ ਜੇਲ੍ਹ 'ਚ ਸ਼ਹੀਦੀ ਜਾਮ ਪੀ ਗਏ। ਉਨ੍ਹਾਂ 1922 'ਚ ਗੁਰੂ ਕੇ ਬਾਗ ਮੋਰਚੇ 'ਚ ਸ਼ਿਰਕਤ ਕੀਤੀ।

13 ਨਵੰਬਰ 1949 ਨੂੰ ਲਾਭ ਸਿੰਘ ਪੁੱਤਰ ਕਾਹਨ ਸਿੰਘ, ਪਿੰਡ ਘੁੰਗਰਾਲੀ, ਜਿਲਾ ਲੁਧਿਆਣਾ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਇੰਡੀਅਨ ਆਰਮੀ ਅਤੇ ਇੰਡੀਅਨ ਨੈਸ਼ਨਲ ਆਰਮੀ 'ਚ ਸੇਵਾ ਕੀਤੀ।


13 ਨਵੰਬਰ 2019 ਨੂੰ ਕਾਬਲ ਸਿੰਘ ਕਲੋਆ ਪੁੱਤਰ ਸੂਬੇਦਾਰ ਹਰਨਾਮ ਸਿੰਘ, ਪਿੰਡ ਕਲੋਆ, ਜਿਲਾ ਹੁਸ਼ਿਆਰਪੁਰ ਬੀਮਾਰੀ ਕਾਰਨ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਅੰਗਰੇਜ਼ ਵਿਰੁੱਧ ਆਜ਼ਾਦੀ ਦੀ ਲੜਾਈ 'ਚ ਹਿੱਸਾ ਪਾਇਆ ਅਤੇ ਆਜ਼ਾਦੀ ਤੋਂ ਬਾਅਦ ਕਿਸਾਨ ਮਜ਼ਦੂਰਾਂ ਦੇ ਹੱਕਾਂ ਲਈ ਅੰਤਿਮ ਸਾਹਾਂ ਤੱਕ ਅਗਵਾਈ ਕਰਦੇ ਰਹੇ।

14 ਨਵੰਬਰ 1916 ਨੂੰ ਬਾਬੂ ਹਰਨਾਮ ਸਿੰਘ ਸਾਹਰੀ, ਪਿੰਡ ਕਾਹਰੀ ਸਾਹਰੀ, ਜਿਲਾ ਹੁਸ਼ਿਆਰਪੁਰ ਨੂੰ ਮਾਂਡਲੇ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਉਹ ਗਦਰ ਪਾਰਟੀ ਦੇ ਆਗੂ ਸਨ। ਕਾਮਾਗਾਟਾਮਾਰੂ ਜਹਾਜ ਦੇ ਵੈਨਕੂਵਰ ਪਹੁੰਚਣ ਸਮੇਂ ਪਹਿਲੀ ਕਤਾਰ ਦੇ ਮਦਦਗਾਰਾਂ 'ਚੋਂ ਇੱਕ ਸਨ। ਅੰਗਰੇਜ਼ ਰਾਜ ਵਿਰੁੱਧ ਅਤੇ ਹਿੰਦੋਸਤਾਨ ਦੀ ਆਜ਼ਾਦੀ ਲਈ ਆਪਣਾ ਆਪ ਸਮਰਪਿਤ ਕੀਤਾ।

16 ਨਵੰਬਰ 1915 ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਸੱਤ ਸੂਰਵੀਰਾਂ-ਕਰਤਾਰ ਸਿੰਘ ਸਰਾਭਾ ਪੁੱਤਰ ਮੰਗਲ ਸਿੰਘ, ਪਿੰਡ ਸਰਾਭਾ (ਲੁਧਿਆਣਾ); ਵਿਸ਼ਨੂੰ ਗਣੇਸ਼ ਪਿੰਗਲੇ ਪੁੱਤਰ ਗਣੇਸ਼ ਪਿੰਗਲੇ, ਪਿੰਡ ਟੱਲੇਗੁਆਲ ਧਮਧੇਰਾ, ਜਿਲਾ ਪੂਨਾ (ਮਹਾਂਰਾਸ਼ਟਰ); ਸੁਰੈਣ ਸਿੰਘ (1) ਪੁੱਤਰ ਬੂੜ ਸਿੰਘ, ਪਿੰਡ ਗਿੱਲਵਾਲੀ (ਅੰਮ੍ਰਿਤਸਰ); ਸੁਰੈਣ ਸਿੰਘ (2) ਪੁੱਤਰ ਈਸ਼ਰ ਸਿੰਘ ਪਿੰਡ ਗਿੱਲਵਾਲੀ (ਅੰਮ੍ਰਿਤਸਰ); ਜਗਤ ਸਿੰਘ ਪੁੱਤਰ ਅਰੂੜਾ ਸਿੰਘ, ਪਿੰਡ ਸੁਰਸਿੰਘ ਜਿਲਾ ਲਾਹੌਰ; ਹਰਨਾਮ ਸਿੰਘ ਪੁੱਤਰ ਅਰੂੜਾ, ਪਿੰਡ ਭੱਟੀ ਗੁਰਾਇਆ, ਜਿਲਾ ਸਿਆਲਕੋਟ ਅਤੇ ਬਖਸ਼ੀਸ਼ ਸਿੰਘ ਪੁੱਤਰ ਸੰਤਾ ਸਿੰਘ, ਪਿੰਡ ਗਿੱਲਵਾਲੀ (ਅੰਮ੍ਰਿਤਸਰ) ਨੂੰ ਲਾਹੌਰ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਇਨ੍ਹਾਂ ਸਭ ਦਾ ਕਸੂਰ ਸੀ ਕਿ ਇਹ ਆਪਣੇ ਦੇਸ਼ ਦੀ ਆਜ਼ਾਦੀ ਲਈ ਬਸਤੀਵਾਦ ਵਿਰੁੱਧ ਲੜਦੇ ਸਨ।

15 ਨਵੰਬਰ 1945 ਨੂੰ ਸ੍ਰੀਰਾਮ ਪੁੱਤਰ ਜੀਸੁੱਖ ਤੇ ਮਾਤਾ ਮਨਬੀਰ, ਪਿੰਡ ਰਾਮਪੁਰਾ ਡਾਕਖਾਨਾ ਸ਼ੀਖੋਹਪੁਰ, ਜਿਲਾ ਗੁੜਗਾਉਂ ਸ਼ਹੀਦੀ ਪਾ ਗਏ। ਉਹ ਇੰਡੀਅਨ ਆਰਮੀ ਅਤੇ ਇੰਡੀਅਨ ਨੈਸ਼ਨਲ ਆਰਮੀ ਦੇ ਫੌਜੀ ਸਨ।

16 ਨਵੰਬਰ 1916 ਨੂੰ ਛੇ ਗਦਰੀਆਂ ਨੂੰ ਬਰਮਾ ਸਾਜ਼ਿਸ਼ ਕੇਸ ਦੇ ਦੋਸ਼ੀ ਮਾਂਡਲੇ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ: 1. ਵਸਾਵਾ ਸਿੰਘ ਪੁੱਤਰ ਝੰਡਾ ਸਿੰਘ (ਵਾੜਾ ਹੁਸ਼ਿਆਰਪੁਰ), ਉਹ ਗਦਰ ਪਾਰਟੀ ਸਿਆਮ ਦੇ ਆਗੂ ਅਤੇ ਚਿਆਂਗਮਈ ਗੁਰੂਘਰ ਦੇ ਗ੍ਰੰਥੀ ਸਨ; 2. ਨਰੈਣ ਸਿੰਘ ਪੁੱਤਰ ਅਬੱਲ ਸਿੰਘ, ਪਿੰਡ ਬੱਲੋਂ (ਪਟਿਆਲਾ); 3. ਨਿਰੰਜਣ ਸਿੰਘ ਪੁੱਤਰ ਜੁਆਲਾ ਸਿੰਘ, ਪਿੰਡ ਸੰਗਤਪੁਰ (ਲੁਧਿਆਣਾ); 4. ਪਾਲਾ ਸਿੰਘ ਪੁੱਤਰ ਜੈਮਲ ਸਿੰਘ ਪਿੰਡ ਸ਼ੇਰ ਪੁਰ (ਲੁਧਿਆਣਾ); 5. ਚਾਹਲੀਆ ਰਾਮ ਪੁੱਤਰ ਸ਼ੰਕਰ ਦਾਸ ਪਿੰਡ ਸਾਹਨੇਵਾਲ (ਲੁਧਿਆਣਾ) ਅਤੇ ਛੇਵੇਂ ਬਾਬੂ ਹਰਨਾਮ ਸਿੰਘ ਸਾਹਰੀ ਸਨ, ਪਰ ਉਨ੍ਹਾਂ ਨੂੰ (ਡਾ. ਜਸਵੰਤ ਰਾਏ ਅਤੇ ਡਾ. ਸੋਹਨ ਸਿੰਘ ਪੂਨੀ ਖੋਜਕਾਰਾਂ) ਦੇ ਤੱਥਾਂ ਅਨੁਸਾਰ 14 ਨਵੰਬਰ 1916 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ।) ਦੋਸ਼ ਸੀ, ਆਪਣੇ ਦੇਸ਼ ਹਿੰਦੋਸਤਾਨ ਨੂੰ ਬਰਤਾਨੀਆਂ ਰਾਜ ਤੋਂ ਆਜ਼ਾਦ ਕਰਾਉਣਾ।



ਬਾਬੂ ਹਰਨਾਮ ਸਿੰਘ ਸਾਹਰੀ

16 ਨਵੰਬਰ 1981 ਨੂੰ ਭਾਈ ਸੱਜਣ ਸਿੰਘ ਨਾਰੰਗਵਾਲ ਪੁੱਤਰ ਮੀਂਹਾਂ ਸਿੰਘ, ਪਿੰਡ ਨਾਰੰਗਵਾਲ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੂੰ ਅੰਗਰੇਜ਼ ਵਿਰੋਧੀ ਸਰਗਰਮੀਆਂ 'ਚ ਉਮਰ ਕੈਦ ਹੋਈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਸੰਗਤ ਕਰਦੇ ਸਨ, ਰਾਸ ਬਿਹਾਰੀ ਬੋਸ ਅਤੇ ਮਾਸਟਰ ਮੋਤਾ ਸਿੰਘ ਸੰਘ ਵੀ ਰਹੇ।

16 ਨਵੰਬਰ 2000 ਨੂੰ ਚੰਨਣ ਸਿੰਘ ਵਰੋਲ੍ਹਾ ਪੁੱਤਰ ਨਿੱਕਾ ਸਿੰਘ ਤੇ ਮਾਤਾ ਭਾਗਵੰਤੀ, ਪਿੰਡ ਪੰਧੇਰ ਖੇੜੀ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਉਹ ਲੋਕ ਤੇ ਦੇਸ਼ ਹਿਤੈਸ਼ੀ ਸਨ। ਅੰਗਰੇਜ਼ ਵਿਰੁੱਧ ਲੜੇ ਅਤੇ ਆਜ਼ਾਦੀ ਬਾਅਦ ਵੀ ਹੱਕ ਸੱਚ ਇਨਸਾਫ ਲਈ ਆਗੂ ਰਹੇ। ਭਾਰਤ ਛੱਡੋ ਅੰਦੋਲਨ 'ਚ ਸਾਢੇ ਤਿੰਨ ਸਾਲ ਜੇਲ੍ਹ ਯਾਤਰਾ ਕੀਤੀ, ਸੰਗਰਾਮੀ ਪਰਿਵਾਰ ਦੇ ਪੁੱਤਰ ਗੁਰਮੇਲ ਸਿੰਘ ਹੂੰਝਣ ਨੂੰ 1989 'ਚ ਲੋਕ ਵਿਰੋਧੀ ਦੇਸ਼ ਧਰੋਹੀਆਂ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਵਰੋਲ੍ਹਾ ਪੰਜ ਵਾਰ ਪਿੰਡ ਦੇ ਸਰਪੰਚ ਰਹੇ।

17 ਨਵੰਬਰ 1915 ਨੂੰ ਈਸ਼ਰ ਸਿੰਘ ਰੱਕਬਾ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਸ਼ਹੀਦ 12ਵੇਂ ਰਸਾਲੇ ਦੇ ਫੌਜੀ ਤੇ ਗਦਰ ਲਹਿਰ ਦੇ ਮੈਂਬਰ ਸਨ। ਮੇਰਠ ਵਿਚ ਕੋਰਟ ਮਾਰਸ਼ਲ ਹੋਇਆ ਤੇ ਫਾਂਸੀ ਲੱਗੇ।

17 ਨਵੰਬਰ 1928 ਨੂੰ ਲਾਲਾ ਲਾਜਪਤ ਰਾਏ ਪਿੰਡ ਢੁੱਡੀਕੇ ਗੋਰੀ ਪੁਲਿਸ ਦੀਆਂ ਲਾਠੀਆਂ ਦੀ ਤਾਬ ਨਾ ਝੱਲਦਿਆਂ ਸ਼ਹੀਦੀ ਪਾ ਗਏ। ਆਜ਼ਾਦੀ ਸੰਗਰਾਮ ਦੇ ਮੋਢੀਆਂ 'ਚ ਸਨ, 1907 ਦੀ ਕਿਸਾਨੀ ਲਹਿਰ ਦੇ ਆਗੂ ਵਜੋਂ ਗ੍ਰਿਫਤਾਰ ਕਰਕੇ ਮਾਂਡਲੇ ਜੇਲ੍ਹ 'ਚ ਭੇਜੇ ਗਏ ਅਤੇ ਬਤੌਰ ਕਾਂਗਰਸੀ ਸਾਈਮਨ ਕਮਿਸ਼ਨ ਦੇ ਵਿਰੁੱਧ ਇਕੱਠ ਦੀ ਅਗਵਾਈ ਕੀਤੀ।

17 ਨਵੰਬਰ 1961 ਨੂੰ ਮੇਲਾ ਸਿੰਘ ਪੁੱਤਰ ਬੇਲੀ ਰਾਮ ਤੇ ਮਾਤਾ ਹਰ ਕੌਰ, ਪਿੰਡ ਕਾਮੋਕੇ, ਜਿਲਾ ਗੁਜ਼ਰਾਂ ਵਾਲਾ ਸਦੀਵੀ ਵਿਛੋੜਾ ਦੇ ਗਏ। ਉਹ ਕਾਂਗਰਸ ਸੈਸ਼ਨ 1929, ਲਾਹੌਰ ਸੈਸ਼ਸ਼ ਦੀ ਸਵਾਗਤੀ ਕਮੇਟੀ ਦੇ ਮੈਂਬਰ ਸਨ ਅਤੇ ਕੈਦ ਹੋਏ।

18 ਨਵੰਬਰ 1943 ਨੂੰ ਮਾਨ ਸਿੰਘ ਪੁੱਤਰ ਰਾਮ ਸਿੰਘ ਤੇ ਮਾਤਾ ਸ਼ਾਮ ਕੌਰ, ਪਿੰਡ ਬਾਗੇਵਾਲੀ ਤਹਿਸੀਲ, ਨਾਭਾ (ਪਟਿਆਲਾ) ਨੇ ਮੁਲਤਾਨ ਜੇਲ੍ਹ 'ਚ ਭੁੱਖ ਹੜਤਾਲ ਕਰਕੇ ਸ਼ਹੀਦੀ ਪਾਈ ਅਤੇ ਅੰਗਰੇਜ਼ ਰਾਜ ਵਿਰੋਧੀ ਕਾਰਵਾਈਆਂ 'ਚ ਨੌਂ ਮਹੀਨੇ ਸਖਤ ਜੇਲ੍ਹ ਤੇ ਢਾਈ ਸਾਲ ਡੀ. ਆਈ. ਆਰ. ਕਾਨੂੰਨ ਹੇਠ ਗੁਜਰਾਤ ਜੇਲ੍ਹ ਯਾਤਰਾ ਕੀਤੀ।

18 ਨਵੰਬਰ 1947 ਨੂੰ ਸ਼ੇਰ ਸਿੰਘ ਪੁੱਤਰ ਸ਼ਾਮ ਸਿੰਘ ਤੇ ਮਾਤਾ ਭਾਗ ਕੌਰ, ਪਿੰਡ ਚੱਕ ਨੰ. 286, ਤਹਿਸੀਲ ਟੋਬਾ ਟੇਕ ਸਿੰਘ (ਲਾਇਲਪੁਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚੇ, ਗੁਰੂ ਕੇ ਬਾਗ ਮੋਰਚੇ, ਫੇਰੂ ਦੇ ਮੋਰਚੇ ਅਤੇ ਕੁਇੱਟ ਇੰਡੀਆ ਮੂਵਮੈਂਟ ਤੇ ਅਕਾਲੀ ਮੂਵਮੈਂਟ 'ਚ ਹਿੱਸਾ ਪਾਇਆ। ਉਨ੍ਹਾਂ ਦੀ ਪਤਨੀ ਬੀਬੀ ਹੇਮ ਕੌਰ ਨੇ ਵੀ ਅਕਾਲੀ ਮੂਵਮੈਂਟ ਸ਼ਮੂਲੀਅਤ ਕੀਤੀ।

18 ਨਵੰਬਰ 2000 ਨੂੰ ਕਰਤਾਰ ਸਿੰਘ ਕਾਂਜਲਾ ਪੁੱਤਰ ਅਮਰ ਸਿੰਘ ਕਲੇਰ ਤੇ ਮਾਤਾ ਸ਼ਾਮ ਕੌਰ, ਪਿੰਡ ਕਾਂਜਲਾ, ਜਿਲਾ ਸੰਗਰੂਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਕਲਕੱਤਾ 'ਚ ਰਹਿ ਕੇ ਆਜ਼ਾਦੀ 'ਚ ਹਿੱਸਾ ਪਾਇਆ। ਉਹ ਬੜੇ ਠਰੰਮੇ ਵਾਲੇ ਦੂਰ ਅੰਦੇਸ਼ੀ ਗਦਰੀ ਸਨ। 'ਮੇਰੀ ਛੁਪੇ ਰਹਿਣ ਦੀ ਚਾਹ ਤੇ ਛੁਪ ਕੇ ਤੁਰ ਜਾਣ ਦੀ' ਨੀਤੀ ਦੇ ਮੁੱਦਈ ਸਨ।

20 ਨਵੰਬਰ 1923 ਨੂੰ ਮਲੂਕ ਸਿੰਘ ਪੁੱਤਰ ਨੰਦ ਸਿੰਘ, ਪਿੰਡ ਕਲੋਧਰਵਾਲ, ਜਿਲਾ ਹੁਸ਼ਿਆਰਪੁਰ ਨਾਭਾ ਬੀੜ ਜੇਲ੍ਹ 'ਚ 18 ਸਾਲ ਦੀ ਉਮਰ ਵਿਚ ਸ਼ਹੀਦੀ ਜਾਮ ਪੀ ਗਏ। ਉਹ ਜੈਤੋਂ

(ਬਾਕੀ ਅਗਲੇ ਸਫੇ 'ਤੇ)

# ਜੰਗ-ਏ-ਆਜ਼ਾਦੀ ਹਿੰਦੋਸਤਾਨ

(ਪਿਛਲੇ ਸਫੇ ਦੀ ਬਾਕੀ)

ਮੋਰਚਾ-4 ਵਿਚ ਸਨ।

20 ਨਵੰਬਰ 1962 ਨੂੰ ਕਰਤਾਰ ਸਿੰਘ ਝੱਬਰ ਪੁੱਤਰ ਤੇਜਾ ਸਿੰਘ ਵਿਰਕ, ਪਿੰਡ ਝਾਂਬੀਆਂ, ਜਿਲਾ ਸ਼ੇਖੂਪੁਰਾ (ਲਹਿੰਦਾ ਪੰਜਾਬ) ਸਦੀਵੀ ਵਿਛੋੜਾ ਦੇ ਗਏ। ਜਲ੍ਹਿਆਂਵਾਲਾ ਬਾਗ ਦੇ ਸਾਕੇ ਦਾ ਅਸਰ ਅੰਗਰੇਜ਼ ਵਿਰੋਧੀ ਬਣ ਗਿਆ। ਉਨ੍ਹਾਂ ਅੰਗਰੇਜ਼ ਦੇ ਬਣਾਏ ਕਾਲੇ ਕਾਨੂੰਨਾਂ ਵਿਰੁੱਧ ਲਾਮਬੰਦੀ ਕੀਤੀ, ਸਜ਼ਾ-ਏ-ਮੌਤ ਹੋਈ, ਜੋ ਉਮਰ ਕੈਦ ਜਲਾਵਤਨੀ 'ਚ ਤਬਦੀਲ ਹੋਈ। ਫਿਰ ਚੰਗੇ ਵਿਹਾਰ ਨੇ ਰਹਿੰਦੀ ਸਜ਼ਾ ਵੀ ਮੁਆਫ ਕਰਵਾਈ। 'ਲੰਗੀ ਵਾਲਿਆਂ ਨੂੰ ਅਰਾਮ ਕਦੋਂ?' ਗੁਰਦੁਆਰਾ ਸੁਧਾਰ ਲਹਿਰ 'ਚ ਸ਼ਮੂਲੀਅਤ, ਕਈ ਵਾਰ ਜੇਲ੍ਹ ਯਾਤਰਾ। ਆਖਿਰ ਤੱਕ ਕੁਰੀਤੀਆਂ ਵਿਰੁੱਧ ਲੜਦੇ ਲੜਦੇ ਹੈਬਰੀ (ਕਰਨਾਲ) 'ਚ ਦਮ ਤੋੜ ਗਏ।

21 ਨਵੰਬਰ 1959 ਨੂੰ ਈਸ਼ਰ ਸਿੰਘ ਪੁੱਤਰ ਭਗਵਾਨ ਸਿੰਘ ਤੇ ਮਾਤਾ ਹਰੀਓ, ਪਿੰਡ ਰੁੜਕੀ, ਤਹਿਸੀਲ ਗੜ੍ਹਸ਼ੰਕਰ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਅੰਗਰੇਜ਼ ਰਾਜ ਵਿਰੋਧੀ ਤਕਰੀਰਾਂ ਕਰਦੇ ਸਨ, ਬੱਬਰ ਰਤਨ ਸਿੰਘ ਕੇਸ 'ਚ ਕਸੂਰਵਾਰ ਅਤੇ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ। 4 ਸਾਲ ਮੀਆਂਵਾਲਾ, ਮਿੰਟਗੁੰਮਰੀ, ਹੁਸ਼ਿਆਰਪੁਰ ਤੇ ਜਲੰਧਰ ਜੇਲ੍ਹਾਂ ਦੀ ਯਾਤਰਾ ਕੀਤੀ।

22 ਨਵੰਬਰ 1915 ਨੂੰ ਮਨੋਰੰਜਨ ਅਤੇ ਨਾਰੇਨ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਉਹ ਬੰਗਾਲ ਦੇ ਦੇਸ਼ ਹਿਤੈਸ਼ੀ ਅੰਗਰੇਜ਼ ਰਾਜ ਵਿਰੁੱਧ ਹਰ ਜੋਖਮ ਲੈ ਕੇ ਪ੍ਰਚਾਰ ਕਰਦੇ ਤੇ ਜੂਝਦੇ ਰਹੇ।

24 ਨਵੰਬਰ 1924 ਨੂੰ ਬਿਸ਼ਨ ਸਿੰਘ ਪਿੰਡ ਰੂਮੀ, ਤਹਿਸੀਲ ਜਗਰਾਉਂ (ਲੁਧਿਆਣਾ) ਜੈਤੋਂ ਦੇ ਮੋਰਚਾ-11 'ਚ ਸ਼ਾਮਲ ਸਨ ਤੇ ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ।

24 ਨਵੰਬਰ 1924 ਨੂੰ ਹਰਨਾਮ ਸਿੰਘ, ਪਿੰਡ ਢੁੱਡੀਕੇ, ਜਿਲਾ ਫਿਰੋਜ਼ਪੁਰ ਜੈਤੋਂ ਦੇ ਮੋਰਚੇ ਨੰਬਰ ਗਿਆਰਾਂ 'ਚ ਸ਼ਹੀਦੀ ਜਾਮ ਪਾ ਗਏ।

24 ਨਵੰਬਰ 1953 ਨੂੰ ਸੁੱਚਾ ਸਿੰਘ ਪੁੱਤਰ ਗੁਰਦਿੱਤ ਸਿੰਘ ਤੇ ਮਾਤਾ ਇੰਦਰ ਕੌਰ, ਪਿੰਡ ਚੋਹਲਾ ਸਾਹਿਬ, ਪੱਤੀ ਦੌਲੀਕੇ ਸਦੀਵੀ ਵਿਛੋੜਾ ਦੇ ਗਏ। ਉਹ ਨੰਬਰ-23 ਦੇ ਘੋੜ ਰਸਾਲੇ ਦੇ ਫੌਜੀ ਤੇ ਰੀਜ਼ਰਵ ਪੈਨਸ਼ਰੀ ਸਨ। ਕਾਮਾਗਾਟਾਮਾਰੂ ਜਹਾਜ 'ਚ ਹਿੰਦੋਸਤਾਨੀਆਂ ਦੇ ਨਾਲ ਹੋਏ ਮਾੜੇ ਵਿਹਾਰ ਕਾਰਨ ਉਹ ਅੰਗਰੇਜ਼ ਰਾਜ ਵਿਰੁੱਧ ਆਜ਼ਾਦੀ ਦੇ ਮੈਦਾਨ-ਏ-ਜੰਗ 'ਚ ਕੁੱਦ ਪਏ। ਜੇਲ੍ਹ ਗਏ, ਪਰ ਜੇਲ੍ਹ ਤੋੜ ਕੇ ਫਰਾਰ ਹੋਣ ਪਿਛੋਂ 1918 ਤੋਂ 1937 ਤੱਕ ਰੂਪੋਸ਼ ਰਹੇ। 1937 ਵਿਚ ਖੁਦ ਹੀ ਪੇਸ਼ ਹੋ ਗਏ ਤੇ ਦੇਸ਼ ਆਜ਼ਾਦੀ ਤੋਂ ਬਾਅਦ ਰਿਹਾਈ ਹੋਈ। ਉਨ੍ਹਾਂ ਦੀ ਯਾਦ 'ਚ ਦੇਸ਼ ਭਗਤ ਯਾਦਗਰ ਹਾਲ 'ਚ ਲਾਇਬਰੇਰੀ ਬਣੀ।

25 ਨਵੰਬਰ 1924 ਨੂੰ ਭਾਈ ਲਾਭ ਸਿੰਘ ਪਿੰਡ ਧਨੋਆ ਖੁਰਦ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚਾ-9 'ਚ ਸ਼ਮੂਲੀਅਤ ਕੀਤੀ।

26 ਨਵੰਬਰ 1871 ਨੂੰ ਸੂਬਾ ਸੰਤ ਰਤਨ ਸਿੰਘ ਉਰਫ ਗਿਆਨਾ ਸਿੰਘ (ਉਮਰ 35 ਸਾਲ) ਪੁੱਤਰ ਰਾਮ ਕ੍ਰਿਸ਼ਨ, ਪਿੰਡ ਮੰਡੀ ਕਲਾਂ, ਜਿਲਾ ਬਠਿੰਡਾ ਅਤੇ ਨਾਇਬ ਸੂਬਾ ਸੰਤ ਰਤਨ ਸਿੰਘ (ਉਮਰ 28) ਪੁੱਤਰ ਬੁੱਧ ਸਿੰਘ ਪਿੰਡ ਨਾਈਵਾਲਾ ਤਹਿਸੀਲ ਤੇ ਜਿਲਾ ਬਰਨਾਲਾ (ਪਹਿਲਾ ਜਿਲਾ ਸੰਗਰੂਰ) ਦੋਵੇਂ ਲੁਧਿਆਣਾ ਦੀ ਸੈਂਟਰਲ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤੇ ਗਏ। ਉਨ੍ਹਾਂ ਦੋਵਾਂ ਉੱਪਰ ਅੰਗਰੇਜ਼ ਰਾਜ ਵਿਰੋਧੀ ਗਤੀਵਿਧੀਆਂ ਤੇ ਬੁੱਚੜਾਂ ਨੂੰ ਮਾਰਨ ਦੇ ਦੋਸ਼ ਸਨ।

27 ਨਵੰਬਰ 1914 ਨੂੰ ਧਿਆਨ ਸਿੰਘ, ਪਿੰਡ ਬੰਗਸੀਪੁਰਾ, ਜਿਲਾ ਸੰਗਰੂਰ ਫੇਰੂ ਸ਼ਹਿਰ ਦੇ ਪੁਲਿਸ ਮੁਕਾਬਲੇ ਵਿਚ ਸ਼ਹੀਦੀ ਜਾਮ ਪੀ ਗਏ।

27 ਨਵੰਬਰ 1914 ਨੂੰ ਚੰਦਾ ਸਿੰਘ ਪਿੰਡ ਵੜੈਚ (ਲੁਧਿਆਣਾ) ਫੇਰੂ ਸ਼ਹਿਰ ਦੀ ਝਿੜੀ 'ਚ ਪੁਲਿਸ ਵਲੋਂ ਛੁਪੇ ਹੋਏ ਗਦਰੀਆਂ ਉੱਪਰ ਅੰਨ੍ਹੇਵਾਹ ਕੀਤੀ ਫਾਇਰਿੰਗ 'ਚ ਗੋਲੀ ਲੱਗਣ ਨਾਲ ਸ਼ਹਾਦਤ ਦੇ ਗਏ।

28 ਨਵੰਬਰ 1924 ਨੂੰ ਹਰਨਾਮ ਸਿੰਘ ਪੁੱਤਰ ਰਾਧਾ ਤੇ ਮਾਤਾ ਮਾਲਾਂ, ਪਿੰਡ ਬਾਗਪੁਰ, ਜਿਲਾ ਹੁਸ਼ਿਆਰਪੁਰ ਨਾਭਾ ਬੀੜ ਜੇਲ੍ਹ 'ਚ ਨਿਮੋਨੀਆ ਹੋਣ ਕਾਰਨ 29 ਸਾਲ ਦੀ ਉਮਰ 'ਚ ਸਦੀਵੀ ਵਿਛੋੜਾ ਦੇ ਗਏ। ਫੌਜ ਨੂੰ ਅਲਵਿਦਾ ਕਹਿ ਅਕਾਲੀ ਮੂਵਮੈਂਟ 'ਚ ਸ਼ਾਮਲ ਹੋਏ ਤੇ ਜੈਤੋਂ ਦੇ ਮੋਰਚਾ-7 'ਚ ਸ਼ਮੂਲੀਅਤ ਕੀਤੀ।

28 ਨਵੰਬਰ 1955 ਨੂੰ ਮੁਨਸ਼ੀ ਰਾਮ ਪੁੱਤਰ ਸੂਰਤ ਸਿੰਘ, ਪਿੰਡ ਬੁਟਾਨਾ ਕੁੰਡੂ, ਤਹਿਸੀਲ ਗੋਹਾਨਾ, ਜਿਲਾ ਰੋਹਤਕ ਬੀਮਾਰੀ ਕਾਰਨ ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਅਨ ਆਰਮੀ ਅਤੇ ਇੰਡੀਅਨ ਨੈਸ਼ਨਲ ਆਰਮੀ ਦੇ ਫੌਜੀ ਸਨ।

29 ਨਵੰਬਰ 1882 ਨੂੰ ਕੂਕਾ ਲਹਿਰ ਦੇ ਆਗੂ ਸੰਤ ਸੂਬਾ ਜਵਾਹਰ ਸਿੰਘ ਪੁੱਤਰ ਦਲ ਸਿੰਘ, ਪਿੰਡ ਡਰੋਲੀ ਭਾਈ ਕੀ, ਤਹਿਸੀਲ ਮੋਗਾ, ਜਿਲਾ ਫਿਰੋਜ਼ਪੁਰ ਮੌਲਮੀਨ ਦੀ ਜੇਲ੍ਹ 'ਚ ਸ਼ਹੀਦ ਹੋ ਗਏ। (ਕਈ ਜਗ੍ਹਾ ਸਦੀਵੀ ਵਿਛੋੜੇ ਦੀ ਤਾਰੀਖ 27 ਨਵੰਬਰ 1882 ਹੈ)। ਅੰਗਰੇਜ਼ ਵਲੋਂ ਕੀਤੇ ਤਸ਼ੱਦਦ ਵਿਚ ਪੁੱਛੇ ਸਵਾਲਾਂ ਬਾਰੇ ਕੁਝ ਵੀ ਨਾ ਦੱਸਣ ਕਾਰਨ ਕਾਲੇ ਪਾਣੀ ਦੀ ਸਜ਼ਾ ਹੋਈ। ਉਨ੍ਹਾਂ ਨੂੰ 1865 'ਚ ਸਤਿਗੁਰੂ ਰਾਮ ਸਿੰਘ ਨੇ ਸੂਬਾ ਥਾਪਿਆ ਸੀ।

29 ਨਵੰਬਰ 1922 ਨੂੰ ਹਰਦਿੱਤ ਸਿੰਘ, ਪਿੰਡ ਅਦੇਵਾਲ, ਜਿਲਾ ਜਲੰਧਰ ਸਦੀਵੀ ਵਿਛੋੜਾ ਦੇ ਗਏ। ਉਹ ਗੁਰੂ ਕੇ ਬਾਗ ਦੇ ਮੋਰਚੇ 'ਚ ਬੋਰਸਟਲ ਜੇਲ੍ਹ 'ਚ ਸ਼ਹੀਦ ਹੋਏ।

29 ਨਵੰਬਰ 1955 ਨੂੰ ਭਗਤ ਰਾਮ ਪੁੱਤਰ ਸਿੱਧੂ ਰਾਮ, ਪਿੰਡ ਸੁਜਾਨਪੁਰ ਤੀਰਾ, ਜਿਲਾ ਕਾਂਗੜਾ ਸਦੀਵੀ ਵਿਛੋੜਾ ਦੇ ਗਏ। ਉਹ ਸਿਵਲ ਨਾ-ਫੁਰਮਾਨੀ ਮੂਵਮੈਂਟ 'ਚ ਸ਼ਾਮਲ ਹੋਣ ਦੇ ਦੋਸ਼ 'ਚ ਛੇ ਮਹੀਨੇ ਸਖਤ ਸਜ਼ਾ ਨਾਲ ਧਰਮਸਾਲਾ, ਮੁਲਤਾਨ ਅਤੇ ਗੁਰਦਾਸਪੁਰ ਜੇਲ੍ਹ ਗਏ।

29 ਨਵੰਬਰ 1989 ਨੂੰ ਨੈਣਾ ਸਿੰਘ ਧੂਤ, ਪਿੰਡ ਧੂਤ ਕਲਾਂ, ਜਿਲਾ ਹੁਸ਼ਿਆਰਪੁਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਮੁਜ਼ਾਰਿਆਂ ਦੇ ਹੱਕਾਂ ਦੀ ਲੜਾਈ ਜਿੱਤੀ ਤੇ ਹਲ ਵਾਹਕਾਂ ਨੂੰ ਜ਼ਮੀਨ ਦੇ ਮਾਲਕ ਬਣਾਇਆ। ਹਿੰਦੋਸਤਾਨ ਦੀ ਜਨਤਾ ਨੂੰ ਆਜ਼ਾਦੀ ਦੀ ਲੜਾਈ ਲਈ ਤਿਆਰ ਕਰਨ 'ਚ ਆਗੂ ਰੋਲ ਕੀਤਾ। ਉਨ੍ਹਾਂ ਬਾਬਾ ਜਵਾਲਾ ਸਿੰਘ ਠੱਠੀਆਂ ਦੀ ਬੇਵਕਤ ਹੋਈ ਮੌਤ ਤੋਂ ਬਾਅਦ ਨੀਲੀ ਬਾਰ 'ਚ ਮੁਜ਼ਾਰਿਆਂ ਦੀ ਲੜਾਈ ਅਤੇ ਪੰਜਾਬ ਕਿਸਾਨ ਸਭਾ ਦੀ ਅਗਵਾਈ ਕੀਤੀ।

30 ਨਵੰਬਰ 1948 ਨੂੰ ਟੇਕ ਚੰਦ ਪੁੱਤਰ ਮੋਲੂ ਰਾਮ, ਪਿੰਡ ਦੀਘਾਣਾ, ਜਿਲਾ ਸੰਗਰੂਰ ਇੰਡੀਅਨ ਨੈਸ਼ਨਲ ਆਰਮੀ ਦੇ ਐਕਸ਼ਨ 'ਚ ਸ਼ਹੀਦ ਹੋਏ।

30 ਨਵੰਬਰ 1959 ਨੂੰ ਮੇਲਾ ਰਾਮ ਪੁੱਤਰ ਬੂਟਾ ਮੱਲ ਤੇ ਮਾਤਾ ਜਵਾਲਾ ਦੇਵੀ, ਖਾਨਗੜ੍ਹ ਡੋਗਰਾਂ, ਜਿਲਾ ਗੁਜਰਾਂਵਾਲਾ ਸਦੀਵੀ ਵਿਛੋੜਾ ਦੇ ਗਏ। ਉਹ ਰੇਲਵੇ ਕਰਮਚਾਰੀ ਸਨ ਅਤੇ ਨਾ-ਮਿਲਵਰਤਣ ਲਹਿਰ 'ਚ ਸ਼ਮੂਲੀਅਤ ਕੀਤੀ ਤੇ ਲਾਹੌਰ, ਸਿਆਲਕੋਟ ਔਰੰਗਾਬਾਦ ਜੇਲ੍ਹਾਂ ਦੀ ਇਕ ਸਾਲ ਯਾਤਰਾ ਕੀਤੀ।

## ਨਵੰਬਰ ਮਹੀਨੇ ਦੇ ਹੋਰ ਸ਼ਹੀਦ ਅਤੇ ਸੰਗਰਾਮੀ

ਹਾਸ਼ਮ ਫਤਿਹ ਨਸੀਬ ਤਿਨ੍ਹਾਂ ਨੂੰ
ਜਿਨ੍ਹਾਂ ਹਿੰਮਤ ਯਾਰ ਬਣਾਈ।

ਨਵੰਬਰ 1884 ਦੀ ਆਖਰੀ ਸਪਤਾਹ ਨੂੰ ਸੂਬਾ ਸੰਤ ਰੂੜ ਸਿੰਘ ਪੁੱਤਰ ਸੰਤ ਦਿਆਲ ਸਿੰਘ, ਪਿੰਡ ਬਨਵਾਲੀਪੁਰ (ਬੰਗਾਲੀਪੁਰ) ਬਲਾਕ ਨੌਸ਼ਹਿਰਾ ਪੰਨੂਆਂ, ਤਹਿਸੀਲ ਤੇ ਜਿਲਾ ਤਰਨਤਾਰਨ ਕਿਲ੍ਹਾ ਅਸੀਰਗੜ੍ਹ ਵਿਚ ਸਖਤ ਕੈਦ ਕਰਕੇ ਸ਼ਹੀਦੀ ਪਾ ਗਏ। ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਨੇ ਸੂਬਾ ਥਾਪਿਆ ਅਤੇ ਪ੍ਰਸਿੱਧ ਸੂਬਾ ਸੰਤ ਸਾਹਿਬ ਸਿੰਘ ਦੇ ਵੱਡੇ ਭਾਈ ਸਨ।

ਨਵੰਬਰ 1927 'ਚ ਸੰਤਾ ਸਿੰਘ ਪੁੱਤਰ ਹੀਰਾ ਸਿੰਘ, ਪਿੰਡ ਚੱਕ ਨੰ. 277, ਸੀਤਲਾ, ਜਿਲਾ ਲਾਇਲਪੁਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਗੁਰੂ ਕੇ ਬਾਗ, ਜੈਤੋਂ ਦੇ ਮੋਰਚੇ ਅਤੇ ਫੇਰੂ ਦੇ ਮੋਰਚੇ 'ਚ ਸ਼ਮੂਲੀਅਤ ਕਾਰਨ 2 ਸਾਲ 9 ਮਹੀਨੇ ਮੁਲਤਾਨ ਜੇਲ੍ਹ ਦੀ ਯਾਤਰਾ ਕੀਤੀ।

ਨਵੰਬਰ 1937 'ਚ ਅਮਰ ਸਿੰਘ ਪੁੱਤਰ ਬਸੰਤ ਸਿੰਘ ਪਿੰਡ ਰਾਜੋਵਾਲ ਡਾਕਖਾਨਾ ਸ਼ਾਮ ਚੌਰਾਸੀ ਜਿਲਾ ਹੁਸ਼ਿਆਰਪੁਰ ਸਦੀਵੀ ਵਿਛੋੜਾ ਦੇ ਗਏ। ਆਪ ਬੱਬਰ ਅਕਾਲੀ ਮੂਵਮੈਂਟ ਦੇ ਆਗੂ ਸਨ 7 ਮਹੀਨੇ ਸਿਆਲਕੋਟ ਜੇਲ੍ਹ ਦੀ ਯਾਤਰਾ ਕੀਤੀ।

ਨਵੰਬਰ 1944 'ਚ ਨੰਦ ਸਿੰਘ ਪੁੱਤਰ ਪ੍ਰੇਮ ਸਿੰਘ ਤੇ ਮਾਤਾ ਇੰਦ ਕੌਰ, ਪਿੰਡ ਬਿਲਾਸਪੁਰ, ਤਹਿਸੀਲ ਮੋਗਾ, ਜਿਲਾ ਫਿਰੋਜ਼ਪੁਰ ਇਮਫਾਲ ਫਰੰਟ 'ਚ ਸ਼ਹੀਦ ਹੋ ਗਏ। ਉਹ ਇੰਡੀਅਨ ਨੈਸ਼ਨਲ ਆਰਮੀ ਦੇ ਫੌਜੀ ਸਨ।

ਨਵੰਬਰ 1944 'ਚ ਨੂਰ ਹੁਸੈਨ, ਪਿੰਡ ਕਾਨੀ, ਜਿਲਾ ਕੈਂਪਲਵੈੱਲ ਸ਼ਹੀਦੀ ਪਾ ਗਏ। ਉਹ ਇੰਡੀਅਨ ਨੈਸ਼ਨਲ ਆਰਮੀ ਸਿੰਘਾਪੁਰ ਦੇ ਫੌਜੀ ਸਨ।

ਨਵੰਬਰ 1945 'ਚ ਗੁਰਦਿਆਲ ਸਿੰਘ ਪਿੰਡ ਤੇ ਡਾਕਖਾਨਾ ਥਵਾਲੀ, ਜਿਲਾ ਲੁਧਿਆਣਾ ਇੰਡੀਅਨ ਨੈਸ਼ਨਲ ਆਰਮੀ ਦੇ ਐਕਸ਼ਨ ਵਿਚ ਸ਼ਹੀਦ ਹੋ ਗਏ।

ਨਵੰਬਰ 1946 'ਚ ਮਾਘੀ ਸਿੰਘ ਪੁੱਤਰ ਸਾਉਣ ਸਿੰਘ, ਪਿੰਡ ਘੱਲ ਕਲਾਂ, ਤਹਿਸੀਲ ਮੋਗਾ, ਜਿਲਾ ਫਿਰੋਜ਼ਪੁਰ ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਅਨ ਨੈਸ਼ਨਲ ਆਰਮੀ ਦੀ ਗੁਰੀਲਾ ਰੈਜੀਮੈਂਟ-7 ਦੇ ਫੌਜੀ ਸਨ।

ਨਵੰਬਰ 1955 'ਚ ਮਲੂਕ ਸਿੰਘ ਪੁੱਤਰ ਭਗਵਾਨ ਸਿੰਘ ਤੇ ਮਾਤਾ ਉੱਤਮ ਕੌਰ, ਪਿੰਡ ਮਹਿੰਗਰੋਵਾਲ, ਤਹਿਸੀਲ ਗੜ੍ਹਸ਼ੰਕਰ, ਜਿਲਾ ਹੁਸ਼ਿਆਰਪੁਰ ਸਦੀਵੀ ਵਿਛੋੜਾ ਦੇ ਗਏ। ਉਹ ਬੇਲਾ ਸਿੰਘ ਕਤਲ ਕੇਸ ਦੇ ਸ਼ੱਕੀ ਸਨ ਅਤੇ ਜੈਤੋਂ ਦੇ ਮੋਰਚਾ-7 'ਚ ਸ਼ਮੂਲੀਅਤ ਕੀਤੀ ਤੇ ਨਾਭਾ ਬੀੜ ਜੇਲ੍ਹ ਦੀ ਡੇਢ ਸਾਲ ਯਾਤਰਾ ਕੀਤੀ।

ਨਵੰਬਰ 1957 'ਚ ਬਾਬਾ ਇੰਦਰ ਸਿੰਘ ਪੁੱਤਰ ਸੰਤ ਸਿੰਘ, ਪਿੰਡ ਵੇਰਕਾ ਸਦੀਵੀ ਵਿਛੋੜਾ ਦੇ ਗਏ। ਉਹ ਕਿਸਾਨ ਕਮੇਟੀ ਦੇ 1938 'ਚ ਪ੍ਰਧਾਨ ਬਣੇ। ਘੋੜ ਰਸਾਲੇ 'ਚ ਭਰਤੀ ਹੋਏ ਤੇ ਬੀਮਾਰੀ ਦੀ ਵਜ੍ਹਾ ਕਰਕੇ ਦਫੇਦਾਰੀ ਦੀ ਪੈਨਸ਼ਨ ਆਏ। ਗੁਰੂ ਕੇ ਬਾਗ ਦੇ ਮੋਰਚੇ 'ਚ ਪੈਨਸ਼ਨੀਆਂ ਨਾਲ ਸ਼ਮੂਲੀਅਤ ਕੀਤੀ ਅਤੇ ਇੱਕ ਸਾਲ ਰਾਵਲਪਿੰਡੀ ਦੀ ਜੇਲ੍ਹ ਯਾਤਰਾ ਕੀਤੀ।

ਨਵੰਬਰ 1960 ਦੇ ਪਹਿਲੇ ਹਫਤੇ ਬੀਬੀ ਈਸ਼ਰ ਕੌਰ ਪਤਨੀ ਯੋਗ ਰਾਜ, ਪਿੰਡ ਗੰਭੋਵਾਲ, ਤਹਿਸੀਲ ਦਸੂਹਾ, ਜਿਲਾ ਹੁਸ਼ਿਆਰਪੁਰ ਅੰਗਰੇਜ਼ ਰਾਜ ਦੀ ਪੁਲਿਸ ਵਲੋਂ ਕੀਤੇ ਲਾਠੀਚਾਰਜ ਕਰਕੇ ਸਦੀਵੀ ਵਿਛੋੜਾ ਦੇ ਗਏ। ਉਹ ਕਿਸਾਨ ਮੋਰਚੇ 'ਚ 40 ਬੀਬੀਆਂ, ਇੱਕ ਸਾਲ ਦੇ ਪੁੱਤਰ ਗੁਰਮੀਤ ਅਤੇ ਬੇਟੀ ਵਿਦਿਆ ਸਮੇਤ ਸ਼ਾਮਲ ਹੋਏ। ਬੇਟਾ ਗੁਰਮੀਤ ਜੇਲ੍ਹ 'ਚ ਬੀਮਾਰ ਹੋਣ ਕਾਰਨ ਸ਼ਹੀਦੀ ਪਾ ਗਿਆ।

ਨਵੰਬਰ 1963 'ਚ ਠਾਕਰ ਸਿੰਘ ਪੁੱਤਰ ਸੁੰਦਰ ਸਿੰਘ, ਪਿੰਡ ਸਰਾਇਚ, ਡਾਕਖਾਨਾ ਲਾਹੌਰ ਸਦੀਵੀ ਵਿਛੋੜਾ ਦੇ ਗਏ। ਉਹ ਕਿਸਾਨ ਮੋਰਚੇ, ਸਿਵਲ ਨਾ-ਫੁਰਮਾਨੀ ਲਹਿਰ, ਗੁਰੂ ਕੇ ਬਾਗ ਤੇ ਫੇਰੂ ਦੇ ਮੋਰਚੇ 'ਚ ਸ਼ਾਮਲ ਹੋਏ। ਚਾਰ ਸਾਲ ਅੰਮ੍ਰਿਤਸਰ, ਲਾਹੌਰ, ਮੁਲਤਾਨ ਅਤੇ ਮੀਆਂਵਾਲੀ ਜੇਲ੍ਹਾਂ ਦੀ ਯਾਤਰਾ ਕੀਤੀ।

ਨਵੰਬਰ 1967 'ਚ ਮਾਸਟਰ ਤਾਰਾ ਸਿੰਘ (ਅਸਲੀ ਨਾਂ ਨਾਨਕ ਚੰਦ) ਪੁੱਤਰ ਗੋਪੀ ਚੰਦ ਪਟਵਾਰੀ, ਪਿੰਡ ਹਰਿਆਲ, ਜਿਲਾ ਰਾਵਲ ਪਿੰਡੀ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ 1921 'ਚ ਅਕਾਲੀ ਮੂਵਮੈਂਟ ਵਿਚ ਸ਼ਮੂਲੀਅਤ ਕੀਤੀ, ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੁਣੇ ਹੋਏ ਮੈਂਬਰ ਸਨ, ਗੁਰਦੁਆਰਾ ਸੁਧਾਰ ਲਹਿਰ ਹਰੇਕ ਮੋਰਚੇ 'ਚ ਸ਼ਾਮਲ ਹੋਏ। ਸਾਈਮਨ ਕਮਿਸ਼ਨ ਦੇ ਬਾਈਕਾਟ 'ਚ ਸ਼ਿਰਕਤ, ਸਦਾ ਹੀ ਅੰਗਰੇਜ਼ ਰਾਜ ਵਿਰੁੱਧ ਲੜੇ, ਆਜ਼ਾਦੀ ਪਿਛੋਂ ਵੀ ਲੋਕਾਂ ਦੇ ਹੱਕ ਹਕੂਕ ਲਈ ਲੜਦੇ ਰਹੇ ਅਤੇ ਉਨ੍ਹਾਂ ਦੀ ਇਮਾਨਦਾਰੀ ਦੀ ਵਿਰੋਧੀ ਧਿਰਾਂ ਵੀ ਹਾਮੀ ਭਰਦੀਆਂ ਸਨ।

ਨਵੰਬਰ 1975 'ਚ ਸੋਭਾ ਸਿੰਘ ਪੁੱਤਰ ਧਿਆਨ ਸਿੰਘ, ਪਿੰਡ ਗੁਰੂਸਰ ਜਲਾਲ 119 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਅਨ ਆਰਮੀ ਦੇ ਫੌਜੀ ਸਨ। ਗੁਰਦੁਆਰਾ ਸੁਧਾਰ ਲਹਿਰ ਦੇ ਮੋਰਚਿਆਂ ਲਈ ਲੰਗਰ ਦੀ ਸੇਵਾ ਕਰਦੇ ਸਨ। ਅੰਗਰੇਜ਼ ਰਾਜ ਅਜਿਹੇ ਪ੍ਰੋਗਰਾਮਾਂ ਤੋਂ ਖਫਾ ਹੋ ਕੇ ਲਾਠੀਚਾਰਜ ਕਰਦੀ, ਪਰ ਲੰਗਰ ਪ੍ਰਥਾ ਬੰਦ ਨਹੀਂ ਕਰ ਸਕੀ। ਮੋਰਚਿਆਂ 'ਚ ਸ਼ਮੂਲੀਅਤ ਹੋਣ ਕਰਕੇ ਉਨ੍ਹਾਂ ਨੂੰ ਇੱਕ ਸਾਲ ਜੇਲ੍ਹ ਅਤੇ ਜਲਾਵਤਨੀ ਹੋਈ।

ਨਵੰਬਰ 1984 ਨੂੰ ਨਰੈਣ ਸਿੰਘ ਪੰਚ ਪੁੱਤਰ ਲਾਭ ਸਿੰਘ, ਪਿੰਡ ਨੈਣਾ ਦੀ ਸਵਾਦੀ, ਜਿਲਾ ਲੁਧਿਆਣਾ ਸਦੀਵੀ ਵਿਛੋੜਾ ਦੇ ਗਏ। ਉਹ ਕਲਕੱਤਾ ਦੀ ਟੈਕਸੀ ਯੂਨੀਅਨ ਦੇ ਸਕੱਤਰ ਸਨ। ਗਦਰੀ ਬਾਬਾ ਮੁਨਸ਼ਾ ਸਿੰਘ ਦੁੱਕੀ ਦੇ ਨਜ਼ਦੀਕੀ ਸਾਥੀ ਸਨ ਅਤੇ ਆਜ਼ਾਦੀ ਘੁਲਾਟੀਏ ਸਨ।

2013 ਨੂੰ ਗੁਰਦਿਆਲ ਸਿੰਘ ਪੁੱਤਰ ਕਿਸ਼ਨ ਸਿੰਘ ਤੇ ਮਾਤਾ ਹਰ ਕੌਰ, ਪਿੰਡ ਕਮਾਲਪੁਰ, ਜਿਲਾ ਲੁਧਿਆਣਾ, ਕੈਨੇਡਾ 'ਚ ਸਦੀਵੀ ਵਿਛੋੜਾ ਦੇ ਗਏ। ਉਹ ਕਲਕੱਤਾ ਰਹਿੰਦਿਆਂ ਕਵੀ ਕੁਟੀਆ ਤੇ ਕਵੀ ਪ੍ਰੈਸ ਦੇ ਨੇੜੇ ਸਨ। ਹੱਕਾਂ ਲਈ ਟਰਾਂਸਪੋਰਟ ਕਾਮਿਆਂ ਦੀ ਲਾਮਬੰਦੀ ਕਰਦੇ ਸਮੇਂ ਜੇਲ੍ਹ ਯਾਤਰਾ ਕੀਤੀ ਅਤੇ 1990 ਵਿਚ ਆਪਣੇ ਪਰਿਵਾਰ ਕੋਲ ਕੈਨੇਡਾ ਪਹੁੰਚ ਗਏ, ਜਿਥੇ ਉਨ੍ਹਾਂ ਜ਼ਿੰਦਗੀ ਦਾ ਅੰਤਿਮ ਸਫਰ ਪੂਰਾ ਕੀਤਾ।

ਪਹਿਲੀ ਨਵੰਬਰ 1925 ਨੂੰ ਬੰਗਾਲ 'ਚ ਕਿਰਤੀ ਕਿਸਾਨ ਪਾਰਟੀ ਦਾ ਅਰੰਭ ਹੋਇਆ। ਇਸ ਦਾ ਪਹਿਲਾ ਨਾਂ ਲੇਬਰ ਸਵਰਾਜ ਪਾਰਟੀ ਆਫ ਇੰਡੀਅਨ ਕਾਂਗਰਸ ਸੀ। ਮੋਢੀ ਮੈਂਬਰ ਸਨ-ਹੇਮੰਤ ਕੁਮਾਰ ਸਰਕਾਰ, ਕਾਜ਼ੀ ਨਜ਼ਰੁੱਲ ਇਸਲਾਮ, ਕੁਤਬਦੀਨ ਅਹਿਮਦ ਅਤੇ ਸ਼ਮਸੂਦੀਨ ਹੁਸੈਨ।

ਏਕਤਾ, ਏਕਤਾ ਅਤੇ ਵਿਸ਼ਾਲ ਏਕਤਾ।
ਜਿੱਤ, ਜਿੱਤ ਅਤੇ ਵਡੇਰੀ ਜਿੱਤ।
(ਹੋਚੀ ਮਿੰਨ )

ਹਿੰਦੋਸਤਾਨ ਦੀ ਆਜ਼ਾਦੀ ਲਈ ਸ਼ਹੀਦ ਅਤੇ ਸੰਗਰਾਮੀ ਯੋਧਿਆਂ ਦਾ ਦ੍ਰਿਸ਼ਟੀਕੋਣ ਸੀ ਕਿ ਬਸਤੀਵਾਦੀਆਂ ਨੂੰ ਬਾਹਰ ਕੱਢ ਕੇ ਸੰਪੂਰਨ ਆਜ਼ਾਦੀ ਹਾਸਿਲ ਕਰਨਾ, ਜੋ ਅਜੇ ਬਾਕੀ ਹੈ। ਸਾਡੇ ਸਭ ਦੇ ਫਰਜ਼ ਹਨ ਕਿ ਗਦਰੀ ਬਾਬਿਆਂ ਦੇ ਬਣਾਏ ਸੰਵਿਧਾਨ ਨੂੰ ਯਾਦ ਰੱਖ ਕੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸੋਚੀਏ, ਵਿਚਾਰੀਏ ਅਤੇ ਸੰਪੂਰਨ ਆਜ਼ਾਦੀ ਲਈ ਬਣਦਾ ਯੋਗਦਾਨ ਪਾਈਏ।

ਮਰਨ ਭਲਾ ਉਸ ਕਾ ਜੋ ਅਪਨੇ ਲੀਏ ਜੀਏ
ਜੀਤਾ ਹੈ ਵੋਹ ਮਰ ਚੁਕਾ ਹੈ ਇੰਨਸਾਨ ਕੇ ਲੀਏ। (ਸੁਦੇਸ਼ ਸੇਵਕ ਪਰਚਾ)

ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਵਲੋਂ ਹਮੇਸ਼ਾ ਦੀ ਤਰ੍ਹਾਂ ਉਨ੍ਹਾਂ ਸਾਰੇ ਭੈਣਾਂ-ਭਰਾਵਾਂ ਅਤੇ ਦੋਸਤਾਂ ਦਾ ਧੰਨਵਾਦ ਹੈ, ਜਿਨ੍ਹਾਂ ਨਵੰਬਰ ਮਹੀਨੇ ਦੇ ਲੇਖ ਨੂੰ ਜਾਣਕਾਰੀ ਭਰਪੂਰ ਬਣਾਉਣ 'ਚ ਯੋਗਦਾਨ ਪਾਇਆ। ਡਾ. ਗੁਰੁਮੇਲ ਸਿੱਧੂ, ਪ੍ਰੋਫੈਸਰ ਕੇ. ਕਲੋਟੀ, ਸਵਰਨ ਸਿੰਘ ਵਿਰਕ, ਸੰਤ ਹਰਪਾਲ ਸਿੰਘ ਸੇਵਕ, ਡਾ. ਕਰਮਜੀਤ ਸਿੰਘ, ਡਾ. ਜਸਵੰਤ ਰਾਏ, ਪ੍ਰੋ. ਪਰਮਜੀਤ ਕੌਰ, ਬੀਬੀ ਸੁਰਿੰਦਰ ਕੌਰ ਪੱਖੋਕੇ, ਸਵਰਨ ਸਿੰਘ ਸਲੈਚ, ਸੁਖਦੇਵ ਸਿੰਘ ਸੇਵਕ, ਮਾਸਟਰ ਮੋਹਨ ਸਿੰਘ ਭੰਵਰਾ, ਬਲਵੀਰ ਡੁਮੇਲੀ, ਭਾਗ ਸਿੰਘ ਮੰਡਾਹੜ, ਹਰਜਿੰਦਰ ਸਿੰਘ ਮੰਡਾਹੜ, ਬਾਈ ਸ਼ਮਸ਼ੇਰ ਸਿੰਘ, ਦਵਿੰਦਰ ਝਾਵਰ, ਸਤਨਾਮ ਬੰਡਾਲਾ, ਜੱਸੀ ਢਿੱਲੋਂ, ਬਲਵਿੰਦਰ ਜੰਡਿਆਲਾ, ਡਾ. ਜੀਤ ਚੰਦਨ, ਸੀਤਾ ਰਾਮ ਬਾਂਸਲ, ਪ੍ਰਿਥੀਪਾਲ ਮਾੜੀ ਮੇਘਾ ਅਤੇ ਭੈਣ ਸਰਿਤਾ ਵਲੋਂ ਜਾਣਕਾਰੀ ਦੇਣ ਤੇ ਉਤਸ਼ਾਹਿਤ ਕਰਨ ਲਈ ਧੰਨਵਾਦੀ ਹਾਂ ਅਤੇ ਅੱਗੇ ਤੋਂ ਵੀ ਸਾਥ ਲਈ ਆਸਵੰਦ ਹਾਂ।

ਦੇਸ਼ ਭਗਤਾਂ, ਸੰਗਰਾਮੀਆਂ ਅਤੇ ਸ਼ਹੀਦਾਂ ਦੇ ਜੀਵਨ ਦਰਸ਼ਨ ਕਰਾਉਣ ਦੇ ਯਤਨ ਜਾਰੀ ਹਨ। ਅਸੀਂ ਹਮੇਸ਼ਾ ਵਾਂਗ ਬੇਨਤੀ ਕਰਦੇ ਹਾਂ ਕਿ ਆਜ਼ਾਦੀ ਦੇ ਇਤਿਹਾਸ ਦਾ ਵੇਰਵਾ ਕਦੀ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਜੇ ਕਿਸੇ ਕੋਲ ਭੁੱਲੇ ਵਿਸਰੇ ਸ਼ਹੀਦਾਂ ਜਾਂ ਸੰਗਰਾਮੀ ਯੋਧਿਆਂ ਦੀ ਜਾਣਕਾਰੀ ਹੋਵੇ ਤਾਂ ਸਾਡੇ ਨਾਲ ਫੋਨ: 1-347-753-5940 ਰਾਹੀਂ ਸਾਂਝੀ ਕੀਤੀ ਜਾ ਸਕਦੀ ਹੈ ਤਾਂ ਜੋ ਉਨ੍ਹਾਂ ਨੂੰ ਇਤਿਹਾਸ ਨਾਲ ਜੋੜ ਕੇ ਕੁਰਬਾਨੀਆਂ ਦਾ ਰਿਣ ਚੁਕਾਇਆ ਜਾ ਸਕੇ। (ਨੋਟ: ਫੋਨ ਨਾ ਚੁੱਕ ਹੋਣ ਕਰਕੇ ਮੈਸੇਜ ਛੱਡ ਦੇਵੋ ਤਾਂ ਕਿ ਤੁਹਾਡੇ ਨਾਲ ਰਾਬਤਾ ਹੋ ਸਕੇ।)



ਕਰਤਾਰ ਸਿੰਘ ਸਰਾਭਾ



ਵਿਸ਼ਨੂੰ ਗਣੇਸ਼ ਪਿੰਗਲੇ



ਲਾਲਾ ਲਾਜਪਤ ਰਾਏ

# ਜਸਵੰਤ ਸਿੰਘ ਕੰਵਲ ਦਾ ਖੇਡ ਪ੍ਰੇਮ

(ਸਫਾ 27 ਦੀ ਬਾਕੀ)

"ਬਲਿਹਾਰ ਸਿੰਘ ਰੰਧਾਵਾ ਕਲਮ ਨੂੰ ਹਥਿਆਰ ਬਣਾ ਕੇ ਖੇਡ ਮੈਦਾਨ ਵਿਚ ਕੁੱਦ ਪਿਆ। ਉਹ ਸਮਝਦਾ ਸੀ, ਜੇ ਸਿਹਤ ਨਾ ਰਹੀ ਤਾਂ ਮਿਹਨਤ ਮਰ ਜਾਵੇਗੀ। ਮਿਹਨਤ ਹੱਥੋਂ ਨਿਕਲੀ ਤਾਂ ਉਤਸ਼ਾਹ ਨਿਗਰ ਜਾਵੇਗਾ। ਇਉਂ ਸਮੁੱਚੀ ਕੌਮ ਬੇਗਾਨੇ ਹੱਥਾਂ ਵੱਲ ਝਾਕਦੀ, ਅਸਲੋਂ ਨਿਸਾਤਲੀ ਗੁਲਾਮ ਹੋ ਕੇ ਰਹਿ ਜਾਵੇਗੀ। ਗੈਰਤ ਵੀ ਲਹੂ ਵਿਚ ਹੀ ਹੁੰਦੀ ਹੈ। ਲਹੂ ਨਾ ਰਿਹਾ, ਅਣਖ ਖਤਮ। ਅਣਖ ਮੁੱਕੀ ਤਾਂ ਸ਼ਾਨਾਂ ਮੱਤਾ ਕੌਮੀ ਇਤਿਹਾਸ ਕਬਰੀਂ ਪੈ ਜਾਵੇਗਾ। ਕੌਮੀ ਬੁਨਿਆਦ ਨੂੰ ਮਜ਼ਬੂਤ ਕਰਨ ਲਈ ਉਹਦਾ ਖੇਡ ਮੈਦਾਨ ਵਿਚ ਉੱਤਰਨਾ ਮੈਂ ਯੋਗ ਕਦਮ ਸਮਝਿਆ।"

"ਉਸ ਕੋਲ ਵਧੀਆ ਵਿਚਾਰ ਹੀ ਨਹੀਂ, ਖਿੱਚ ਪਾਊ ਸ਼ਬਦਾਵਲੀ ਵੀ ਹੈ ਤੇ ਤਾਕਤਵਰ ਜਜ਼ਬਾ ਵੀ। ਜਜ਼ਬਾ ਸਾਹਿਤ ਵਿਚ ਬੁਨਿਆਦੀ ਰੀੜ੍ਹ ਹੁੰਦਾ ਏ। ਗਿਆਨ ਤਾਂ ਉਧਾਰਾ ਵੀ ਮਿਲ ਜਾਂਦਾ ਹੈ, ਪਰ ਜਜ਼ਬਾ ਹਰ ਕਲਾਕਾਰ ਲਈ ਕੁਦਰਤ ਵੱਲੋਂ ਵਰਦਾਨ ਹੁੰਦਾ ਏ। ਜਜ਼ਬੇ ਦੀ ਅਪਾਰ ਸ਼ਕਤੀ ਨੂੰ ਸਿਧਾਅ ਕੇ ਲੇਖਕ ਸਾਹਿਤ ਵਿਚ ਉਸਾਰੂ ਰੋਲ ਖੜ੍ਹਾ ਕਰਦੇ ਹਨ। ਜਜ਼ਬਾਤੀ ਨਦੀ ਉਛਾਲਾ ਖਾ ਕੇ ਪਹਿਲੋਂ ਆਪਣੇ ਕਿਨਾਰੇ ਤੋੜਦੀ ਹੈ, ਮੁੜ ਆਪਣੀ ਸਾਰਥਕ ਰਵਾਨੀ ਫੜ ਲੈਂਦੀ ਐ। ਪੰਜਾਬ ਵਿਚ ਉਠੀਆਂ ਸੋਚ ਵਿਹੂਣੀਆਂ ਲਹਿਰਾਂ ਦਾ ਇਹੋ ਹਸ਼ਰ ਹੋਇਆ। ਕਲਾ ਮੁਰਦਿਆਂ ਵਿਚ ਰੂਹ ਫੂਕਣ ਵਾਲੀ ਚਮਤਕਾਰੀ ਪ੍ਰੇਰਨਾ ਹੈ।"

"ਕਬੱਡੀ ਦੀ ਖੇਡ ਪਿੰਡਾਂ ਵਿਚ ਹੀ ਨਹੀਂ ਹੁਣ ਤਾਂ ਸ਼ਹਿਰਾਂ ਵਿਚ ਵੀ ਬੇਹੱਦ ਪਿਆਰੀ ਹੋ ਗਈ ਹੈ। ਇਹ ਏਸ਼ੀਆ ਤੋਂ ਚੱਲ ਕੇ ਯੂਰਪ, ਅਮਰੀਕਾ, ਅਫਰੀਕਾ ਤੇ ਆਸਟ੍ਰੇਲੀਆ ਤਕ ਪਹੁੰਚ ਗਈ ਹੈ। ਯੂਰਪ ਦੀਆਂ ਖੇਡਾਂ ਹਾਕੀ, ਫੁੱਟਬਾਲ ਤੇ ਕ੍ਰਿਕਟ ਆਦਿ ਧੱਕਾ ਦੇ ਕੇ ਪੰਜਾਬ ਆ ਵੜੀਆਂ ਹਨ, ਪਰ ਪੰਜਾਬ ਵਿਚ ਮਾਂ ਖੇਡ ਕਬੱਡੀ ਦਾ ਕੋਈ ਮੁਕਾਬਲਾ ਨਹੀਂ।"

"ਬਲਿਹਾਰ ਸਿੰਘ ਰੰਧਾਵੇ ਨੇ ਕਬੱਡੀ ਖਿਡਾਰੀਆਂ ਦੇ ਰੇਖਾ ਚਿੱਤਰ ਵਾਹ ਕੇ ਖੇਡ ਜਗਤ ਦੀ ਭਾਵਨਾ ਨੂੰ ਤ੍ਰਿਪਤ ਕੀਤਾ ਹੈ। ਉਹ ਹਰ ਖਿਡਾਰੀ ਨੂੰ ਉਸ ਬਾਰੇ ਲਿਖਣ ਤੋਂ ਪਹਿਲਾਂ ਮਿਲਿਆ। ਉਸ ਦੀ ਮਨੋਭਾਵਨਾ ਤਕ ਪੁੱਜਣ ਲਈ ਖੁੱਲ੍ਹੇ ਸਵਾਲ-ਜਵਾਬ ਕੀਤੇ। ਖੇਡ ਮੇਲੇ ਵੇਖਦਿਆਂ ਉਨ੍ਹਾਂ ਖਿਡਾਰੀਆਂ ਦੀ ਚੁਸਤੀ ਫੁਰਤੀ ਨੂੰ ਜਾਣਿਆ। ਮੈਂ ਖੁਦ ਤੱਕਿਆ, ਝੋਰੜਾਂ ਦੇ ਖੇਡ ਮੇਲੇ, ਜਿਸ ਨੂੰ ਗੁਰਪਾਲ ਸਿੰਘ ਇੰਗਲੈਂਡ ਨਿਵਾਸੀ ਲੱਖਾਂ ਰੁਪਏ ਆਪਣੀ ਜੇਬ ਵਿਚੋਂ ਖਰਚ ਕੇ ਬੜੀ ਸ਼ਾਨ ਨਾਲ ਮਨਾਉਂਦੇ ਹਨ, ਉਥੇ ਬਲਿਹਾਰ ਸਿੰਘ ਰੰਧਾਵਾ ਖਿਡਾਰੀਆਂ ਦੇ ਦਾਅ ਪੇਚਾਂ ਨੂੰ ਨੀਝ ਨਾਲ ਵੇਖ ਰਿਹਾ ਸੀ। ਸਾਧਾਰਨ ਦਿੱਖ ਤੇ ਵਿਸ਼ੇਸ਼ ਦ੍ਰਿਸ਼ ਨੂੰ ਪ੍ਰੇਰਨਾ ਦੇਣ ਵਾਲੀ ਸਾਹਿਤਕ ਲੜੀ ਵਿਚ ਉਹੀ ਲੇਖਕ ਪਰੋ ਸਕਦਾ ਹੈ, ਜਿਹੜਾ ਉਸ ਮਾਹੌਲ ਵਿਚ ਗਲ-ਗਲ ਤਕ ਆਪ ਲੱਥਾ ਹੋਵੇ। ਸੱਚੀ ਤੇ ਸੁੱਚੀ ਤਸਵੀਰ ਪੇਸ਼ ਕਰਨਾ ਹੀ ਲੇਖਕ ਦੀ ਈਮਾਨਦਾਰੀ ਹੁੰਦੀ ਹੈ। ਮੈਂ ਸਰਦਾਰ ਰੰਧਾਵਾ ਨੂੰ ਬੱਲੇ ਬੱਲੇ ਦਾ ਥਾਪੜਾ ਦਿੰਦਾ ਆਂ ਤੇ ਆਸ ਕਰਦਾ ਆਂ ਉਹ ਸਾਹਿਤਕ ਪੰਧ ਨੂੰ ਹੋਰ ਤਨਦੇਹੀ ਅਤੇ ਈਮਾਨਦਾਰੀ ਨਾਲ ਜਾਰੀ ਰੱਖੇਗਾ।"

ਇੰਜ ਕੰਵਲ ਆਪਣੀਆਂ ਲਿਖਤਾਂ ਵਿਚ ਸੁੱਤੇ ਸਿੱਧ ਖੇਡ ਸਾਹਿਤ ਦਾ ਛੱਟਾ ਦਿੰਦਾ ਰਿਹਾ।

# ਵਸਤੂ ਤੇ ਭਾਵ ਸਿਰਜਣ ਦੇ ਸੁਮੇਲ ਦੀ ਪੇਸ਼ਕਾਰੀ 'ਧੁੱਪ ਦੀਆਂ ਕਣੀਆਂ'

**ਪੁਸਤਕ: ਧੁੱਪ ਦੀਆਂ ਕਣੀਆਂ**
**ਲੇਖਕ: ਡਾ. ਗੁਰਬਖਸ਼ ਸਿੰਘ ਭੰਡਾਲ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**
**ਪੰਨੇ: 209, ਮੁੱਲ: 300 ਰੁਪਏ**

ਡਾ. ਗੁਰਬਖਸ਼ ਸਿੰਘ ਭੰਡਾਲ ਪੰਜਾਬੀ ਸਾਹਿਤ ਦੇ ਬਹੁ-ਭਾਂਤੀ ਰੂਪਕਾਰਾਂ ਵਿਚ ਰਚਨਾ ਕਰਨ ਵਾਲਾ ਲੇਖਕ ਹੈ। ਮੈਂ ਉਸ ਦੇ ਕਾਵਿ-ਜਗਤ ਵਿਚ ਵਿਚਰਿਆ ਹਾਂ। ਸਫਰਨਾਮੇ ਵਿਚ ਪ੍ਰਗਟਾਏ ਉਸ ਦੇ ਦੀਰਘ ਅਨੁਭਵ ਦੇ ਬਿਰਤਾਂਤ/ਵਿਖਿਆਨ ਨੂੰ ਪੜ੍ਹਿਆ, ਸਮਝਿਆ ਅਤੇ ਮਾਣਿਆ ਹੈ। ਨਿਬੰਧ ਰਚਨਾ ਕਰਦਿਆਂ ਉਹ ਅਤਿਅੰਤ ਸੂਖਮ, ਅਣਛੋਹੇ, ਵੱਖਰੇ ਅਤੇ ਅਦੁੱਤੀ ਵਿਸ਼ਿਆਂ ਉਪਰ ਕਲਮ ਅਜ਼ਮਾਈ ਕਰਦਾ ਹੈ। ਕਿਸੇ




**ਡਾ. ਪ੍ਰਿਤਪਾਲ ਸਿੰਘ ਮਹਿਰੋਕ**
**ਫੋਨ: 91-98885-10185**

ਨਿੱਕੇ ਤੋਂ ਨਿੱਕੇ ਤੇ ਆਮ ਨਜ਼ਰ ਆਉਣ ਵਾਲੇ ਮਜ਼ਮੂਨ ਦੇ ਵਡੇਰੇ ਮਹੱਤਵ ਨੂੰ ਉਜਾਗਰ ਕਰਨ ਦੀ ਜੁਗਤੀ ਉਸ ਨੂੰ ਆਉਂਦੀ ਹੈ। ਇਸ ਪੁਸਤਕ ਵਿਚ ਡਾ. ਭੰਡਾਲ ਨੇ 26 ਨਿਬੰਧ ਸ਼ਾਮਲ ਕੀਤੇ ਹਨ। ਬਹੁਤੇ ਨਿਬੰਧਾਂ ਵਿਚ ਉਹ ਅਦਭੁੱਤ ਅਤੇ ਵਿਸ਼ਾਲ ਬ੍ਰਹਿਮੰਡੀ ਪਸਾਰੇ ਦੀ ਥਾਹ ਪਾਉਣ ਦੇ ਯਤਨ ਵਿਚ ਰਹਿੰਦਾ ਹੈ। ਧਰਤੀ 'ਤੇ ਪਏ ਇਕ ਕਣ ਤੋਂ ਲੈ ਕੇ ਚੰਦ, ਸੂਰਜ, ਤਾਰਿਆਂ, ਗਗਨ-ਮੰਡਲ ਤੇ ਪਤਾਲ ਤੱਕ ਗਾਹ ਆਉਣ ਤੇ ਸਬੰਧਤ ਹਾਲ-ਹਵਾਲ ਨੂੰ ਨਿਬੰਧਾਂ ਰਾਹੀਂ ਪੇਸ਼ ਕਰਨ ਵਿਚ ਉਹ ਵਿਸ਼ੇਸ਼ ਦਿਲਚਸਪੀ ਰੱਖਦਾ ਹੈ ਤੇ ਇਸ ਵਿਚ ਉਸ ਨੂੰ ਮੁਹਾਰਤ ਵੀ ਹਾਸਲ ਹੈ। ਕੁਦਰਤ ਦੇ ਅਸੀਸ ਤੇ ਅਗੰਮੀ ਪਸਾਰੇ ਅਤੇ ਕੁਦਰਤ ਦੀਆਂ ਬੇਅੰਤ ਨਿਆਮਤਾਂ ਦਾ ਜ਼ਿਕਰ ਛੇੜਦਿਆਂ ਡਾ. ਭੰਡਾਲ ਆਪਣੇ-ਆਪ ਨੂੰ ਜਿਵੇਂ ਕੁਦਰਤ ਨਾਲ ਇਕ-ਸੁਰ ਕਰ ਲੈਂਦਾ ਹੈ ਤੇ ਪ੍ਰਕਿਰਤੀ ਦੀਆਂ ਲੰਮੀਆਂ ਬਾਤਾਂ ਸੁਣਾਉਣੀਆਂ ਪ੍ਰਾਰੰਭ ਕਰ ਦਿੰਦਾ ਹੈ।

ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਚਾਨਣੀ ਰਾਤ ਵਿਚ ਤਾਰਿਆਂ ਦੀ ਛਾਂਵੇਂ ਬੈਠਾ ਉਹ ਪ੍ਰਕਿਰਤੀ ਦੇ ਡੂੰਘੇ ਪਸਾਰੇ ਦੇ ਰਹੱਸ ਸਮਝਾ ਰਿਹਾ ਹੋਵੇ। ਧੁੱਪ, ਦਿਨ, ਰਾਤ, ਧਰਤੀ, ਪੌਣ, ਬੱਦਲ, ਬਾਰਸ਼, ਦਰਿਆ, ਸਮੁੰਦਰ, ਪਰਬਤ, ਬਿਰਖ, ਫੁੱਲਾਂ ਦੇ ਖੇੜੇ/ਸੁਗੰਧੀਆਂ/ਰੰਗਾਂ, ਬਨਸਪਤੀ ਦੇ ਖੇੜੇ, ਕੁਦਰਤ ਦੇ ਸੁਹੱਪਣ, ਅੱਗ, ਚਾਨਣੀ ਆਦਿ ਬਾਰੇ ਲੇਖਕ ਭਰਪੂਰ ਜਾਣਕਾਰੀ ਪ੍ਰਸਤੁਤ ਕਰਦਾ ਹੈ। ਧਰਤੀ, ਚੰਦ, ਸੂਰਜ, ਤਾਰਿਆਂ, ਪਰਬਤਾਂ, ਦਰਿਆਵਾਂ, ਸਮੁੰਦਰ, ਬਿਰਖਾਂ ਆਦਿ ਬਾਰੇ ਕਈ ਕਥਾਵਾਂ ਪ੍ਰਚੱਲਤ ਹਨ ਤੇ ਉਨ੍ਹਾਂ ਦਾ ਪਿਛੋਕੜ ਵੀ ਬਹੁਤ ਪਿੱਛੇ ਦੂਰ ਤੱਕ ਜਾਂਦਾ ਹੈ। ਉਹ ਕਥਾਵਾਂ ਇਤਿਹਾਸ-ਮਿਥਿਹਾਸ ਦਾ ਹਿੱਸਾ ਵੀ ਬਣ ਚੁਕੀਆਂ ਹਨ, ਪਰ ਵਿਦਵਾਨ ਲੇਖਕ ਇਨ੍ਹਾਂ ਸਭਨਾਂ ਬਾਰੇ ਗਿਆਨ-ਵਿਗਿਆਨ ਤੇ ਖੋਜਾਂ ਦੇ ਆਧਾਰ 'ਤੇ ਜਾਣਕਾਰੀ ਪ੍ਰਦਾਨ ਕਰਦਾ ਹੈ। ਕੁਦਰਤ ਦੀਆਂ ਇਨ੍ਹਾਂ ਬਹੁਮੁੱਲੀਆਂ ਦਾਤਾਂ ਬਾਰੇ ਹਰੇਕ ਗੱਲ ਉਹ ਮਨੁੱਖ ਦੇ ਸੰਦਰਭ ਵਿਚ ਕਰਦਾ ਹੈ। ਪ੍ਰਕਿਰਤੀ ਬਹੁਤ ਵਿਸ਼ਾਲ ਹੈ। ਮਨੁੱਖ ਪ੍ਰਕਿਰਤੀ ਦਾ ਛੋਟਾ ਜਿਹਾ ਅਣੂ ਹੈ। ਲੇਖਕ ਮਨੁੱਖ ਨੂੰ ਕੁਦਰਤ ਨਾਲ ਜੋੜ ਕੇ ਵੇਖਣ ਦੀ ਕੋਸ਼ਿਸ਼ ਕਰਦਾ ਹੈ।

ਲੇਖਕ ਨੂੰ ਇਸ ਗੱਲ ਦਾ ਮਲਾਲ ਬਣਿਆ ਰਹਿੰਦਾ ਹੈ ਕਿ ਮਨੁੱਖ ਬਹੁਤ ਨਾਸ਼ੁਕਰਾ ਹੈ। ਉਹ ਕੁਦਰਤ ਦੀਆਂ ਇਨ੍ਹਾਂ ਅਮੋਲਵੀਆਂ ਦਾਤਾਂ ਲਈ ਉਸ ਦਾ ਸ਼ੁਕਰਗੁਜ਼ਾਰ ਹੋਣ ਦੀ ਥਾਂਵੇਂ ਉਨ੍ਹਾਂ 'ਤੇ ਕਰੋਪੀਆਂ ਢਾਹੁੰਦਾ ਰਹਿੰਦਾ ਹੈ, ਉਨ੍ਹਾਂ ਨਾਲ ਖਿਲਵਾੜ ਕਰਦਾ ਰਹਿੰਦਾ ਹੈ। ਮਨੁੱਖ ਦੇ ਚਿਹਰੇ ਦੀ ਮੁਸਕਰਾਹਟ, ਜ਼ਿੰਦਗੀ ਦੀ ਸ਼ਾਲੀਨਤਾ ਵਾਲੇ ਪਹਿਲੂ, ਨੀਂਦ, ਭੁੱਖ, ਚੁੱਪ, ਜ਼ਿੰਦਗੀ ਦੀ ਖੂਬਸੂਰਤੀ, ਮਾਪਿਆਂ ਤੇ ਬੱਚਿਆਂ ਦੀਆਂ ਬਹੁਤ ਗੂੜ੍ਹੇ ਤੇ ਹੰਢਣਯੋਗ ਪਿਆਰ ਦੀਆਂ ਭਾਵਨਾਵਾਂ, ਮਾਪਿਆਂ ਦੀਆਂ ਰੱਬ ਵਰਗੀਆਂ ਮਿਹਰਾਂ, ਮਾਪਿਆਂ ਨਾਲ ਜੀਵਨ ਦੀਆਂ ਬਰਕਤਾਂ, ਬੱਚਿਆਂ ਪ੍ਰਤੀ ਮਾਪਿਆਂ ਦੇ ਲਾਡ-ਪਿਆਰ, ਮਨੁੱਖ ਦੇ ਦੁੱਖ-ਦਰਦ, ਮਨੁੱਖ ਦੇ ਰੋਣੇ ਆਦਿ ਬਾਰੇ ਲੇਖਕ ਬਹੁਮੁੱਲੀ ਜਾਣਕਾਰੀ ਦਿੰਦਾ ਹੈ। ਇਹ ਜਾਣਕਾਰੀ ਤੱਥਾਤਮਿਕ ਵੀ ਹੈ ਤੇ ਲੋੜ ਅਨੁਸਾਰ ਕਿਧਰੇ ਕਿਧਰੇ ਭਾਵ-ਸੂਤਰ ਵਿਚ ਵੀ ਬੱਝਦੀ ਹੈ।

ਡਾ. ਗੁਰਬਖਸ਼ ਸਿੰਘ ਭੰਡਾਲ ਪੰਜਾਬੀ ਦੇ ਪ੍ਰਮੁੱਖ ਪੱਤਰ-ਪੱਤ੍ਰਿਕਾਵਾਂ ਵਿਚ ਅਕਸਰ ਛਪਦਾ ਰਹਿਣ ਵਾਲਾ ਲੇਖਕ ਹੈ। ਹਫਤਾਵਾਰੀ ਕਾਲਮ ਲਿਖਦਿਆਂ ਨਿਬੰਧਾਂ ਦੀ ਲਗਾਤਾਰ ਰਚਨਾ ਕਰਦੇ ਰਹਿਣ ਦੇ ਅਭਿਆਸ ਨੇ ਉਸ ਦੇ ਨਿਬੰਧਾਂ ਦੇ ਥੀਮਕ ਸਰੋਕਾਰਾਂ ਦੇ ਘੇਰੇ ਨੂੰ ਵਿਸ਼ਾਲ ਵੀ ਕੀਤਾ ਹੈ, ਇਸ ਨਾਲ ਉਸ ਦੀ ਵਾਰਤਕ ਕਲਾ ਵਿਚ ਨਿਖਾਰ ਵੀ ਆਇਆ ਹੈ ਤੇ ਪਰਪੱਕਤਾ ਵੀ ਆਈ ਹੈ। ਮੈਂ ਸਮਝਦਾ ਹਾਂ 'ਧੁੱਪ ਦੀਆਂ ਕਣੀਆਂ' ਵਿਚ ਸ਼ਾਮਲ ਕੀਤੇ ਗਏ ਨਿਬੰਧਾਂ ਦੇ ਸੁਭਾਅ ਨਾਲ ਰਲਦੇ-ਮਿਲਦੇ ਵਿਸ਼ਿਆਂ ਜਿਵੇਂ ਛਾਂ/ਛਾਂਵਾਂ, ਪਰਛਾਵੇਂ, ਪਾਣੀ ਆਦਿ ਬਾਰੇ ਵੀ ਨਿਬੰਧ ਸ਼ਾਮਲ ਕੀਤੇ ਜਾਣੇ ਚਾਹੀਦੇ ਸਨ। ਬੇਸ਼ੱਕ ਇਨ੍ਹਾਂ ਅਤੇ ਅਜਿਹੇ ਹੋਰ ਵਿਸ਼ਿਆਂ 'ਤੇ ਵੀ ਲੇਖਕ ਨੇ ਨਿਬੰਧ ਰਚਨਾ ਕੀਤੀ ਹੈ, ਪਰ ਇਸ ਪੁਸਤਕ ਵਿਚ ਸ਼ਾਮਲ ਹੋਣ ਨਾਲ ਉਨ੍ਹਾਂ ਦਾ ਮਹੱਤਵ ਵਧੇਰੇ ਪ੍ਰਸੰਗਿਕ ਹੋਣਾ ਸੀ।




ਡਾ. ਭੰਡਾਲ ਮਨੁੱਖੀ ਰਿਸ਼ਤਿਆਂ ਦੀ ਕਦਰ ਕਰਨ ਅਤੇ ਸਮੇਂ ਦਾ ਸਦਉਪਯੋਗ ਉਠਾਉਣ ਦਾ ਸੱਦਾ ਦਿੰਦਾ ਹੈ। ਮਾਪਿਆਂ ਦੀਆਂ ਅਸੀਸਾਂ ਦਾ ਕੋਈ ਮੁੱਲ ਨਹੀਂ ਪਾਇਆ ਜਾ ਸਕਦਾ, ਨਾ ਹੀ ਉਨ੍ਹਾਂ ਦੀ ਆਸ਼ੀਰਵਾਦ ਤੇ ਪਿਆਰ ਦਾ ਕੋਈ ਬਦਲ ਲੱਭਿਆ ਜਾ ਸਕਦਾ ਹੈ। ਬੱਚਿਆਂ ਉਪਰ 'ਮਾਪਿਆਂ ਦੀਆਂ ਮਿਹਰਾਂ' ਇਸ ਹੱਦ ਤੱਕ ਹੁੰਦੀਆਂ ਹਨ ਕਿ ਉਹ ਸਾਰੀ ਉਮਰ ਪੂਰਾ ਤਾਣ ਲਾ ਕੇ ਵੀ ਉਨ੍ਹਾਂ ਦਾ ਰਿਣ ਨਹੀਂ ਉਤਾਰ ਸਕਦੇ। ਇਕ ਗੱਲ ਨਿਸ਼ਚਿਤ ਹੈ ਕਿ ਮਨੁੱਖ ਦੀ ਜ਼ਿੰਦਗੀ ਬਹੁਤ ਕੀਮਤੀ ਹੈ। ਸਵੈ-ਸਿਰਜਕ, ਮਨੁੱਖੀ ਕਦਰਾਂ-ਕੀਮਤਾਂ ਨਾਲ ਪ੍ਰਣਾਏ ਤੇ ਕਾਮਯਾਬ ਮਨੁੱਖ ਦਾ ਜੀਵਨ-ਚਰਿੱਤਰ ਤੇ ਜੀਵਨ ਜਾਚ ਹੋਰਨਾਂ ਲਈ ਰੋਲ ਮਾਡਲ ਬਣ ਕੇ ਯਾਦ ਰੱਖਣ ਯੋਗ ਮਿਸਾਲ ਬਣ ਸਕਦੇ ਹਨ।

'ਦਰਦ-ਵੰਝਲੀ ਦੀ ਹੂਕ' ਨਿਬੰਧ ਵਿਚ ਲੇਖਕ ਪਰਦੇਸ ਜਾ ਵੱਸਣ ਜਾਂ ਪਰਦੇਸ ਜਾ ਕੇ ਰਹਿਣ ਦੇ ਵਰ੍ਹਿਆਂ ਦੀ ਅਸਹਿ ਪੀੜ ਦਾ ਜ਼ਿਕਰ ਬੜੀ ਸ਼ਿੱਦਤ ਤੇ ਨਿਸੰਗਤਾ ਨਾਲ ਕਰਦਾ ਹੈ। ਸਾਰੀ ਉਮਰ ਖੂਨ-ਪਸੀਨਾ ਵਹਾ ਕੇ ਮਿਹਨਤ ਮੁਸ਼ੱਕਤ ਕਰਦੇ ਰਹੇ ਲੇਖਕ ਦੇ ਪਿਤਾ ਦੇ ਅੰਤਲੇ ਦਿਨਾਂ ਦੀ ਦਾਸਤਾਨ ਦਿਲ ਨੂੰ ਧੂਹ ਪਾਉਣ ਵਾਲੀ ਹੈ। ਲੇਖਕ ਜਦੋਂ 'ਜ਼ਿੰਦਗੀ ਦੇ ਸ਼ਾਹ-ਅਸਵਾਰ' ਆਪਣੇ ਪਿਤਾ ਦੇ ਅੰਤਿਮ ਦਿਨਾਂ ਦੇ ਦਰਦ ਦੀ ਗਾਥਾ ਬਿਆਨ ਕਰਦਾ ਹੈ ਤਾਂ ਉਸ ਲਈ ਆਪਣੀਆਂ ਮਨੋ-ਵੇਦਨਾਵਾਂ ਨੂੰ ਜ਼ਬਾਨ ਦੇਣਾ ਕਠਿਨ ਹੋ ਜਾਂਦਾ ਹੈ ਤੇ ਉਨ੍ਹਾਂ ਭਾਵਾਂ ਦੀ ਤਰਜਮਾਨੀ ਕਰਦਿਆਂ ਉਹ ਬਹੁਤ ਭਾਵੁਕ ਹੋ ਜਾਂਦਾ ਹੈ। ਅਜਿਹਾ ਹੋਣਾ ਸੁਭਾਵਿਕ ਹੈ। 'ਦਰਦ-ਵੰਝਲੀ ਦੀ ਹੂਕ' ਵਿਚ ਲੇਖਕ ਜ਼ਿੰਦਗੀ ਦਾ ਮਣਾਂ ਮੂੰਹੀਂ ਬੋਝ ਚੁੱਕੀ ਫਿਰਦੇ ਰਹੇ ਆਪਣੇ ਪਿਤਾ ਦਾ ਵਿਅਕਤੀ ਚਿੱਤਰ ਪੇਸ਼ ਕਰਦਾ ਜਾਂਦਾ ਹੈ ਤੇ ਨਾਲ-ਨਾਲ ਜ਼ਿੰਦਗੀ ਦੇ ਅਮੁੱਕ ਦੁੱਖਾਂ ਦੀਆਂ ਲੰਮੀਆਂ ਕਹਾਣੀਆਂ ਦੀਆਂ ਪਰਤਾਂ ਵੀ ਫਰੋਲਦਾ ਜਾਂਦਾ ਹੈ। ਅਮਰੀਕਾ ਤੋਂ ਉਡਾਣ ਭਰ ਕੇ, ਜਲੰਧਰ ਦੇ ਇਕ ਹਸਪਤਾਲ ਵਿਚ ਕੌਮਾ ਦੀ ਬਦਤਰ ਹਾਲਤ ਵਿਚ ਬੇਸੁੱਧ ਪਏ ਪਿਤਾ ਕੋਲ ਪਹੁੰਚਣ ਦੀ ਅਸਹਿ ਪੀੜ ਝੱਲਣੀ ਕਥਨੋਂ-ਬਾਹਰੀ ਘਟਨਾ ਬਣ ਕੇ ਰਹਿ ਜਾਂਦੀ ਹੈ। ਪੁਸਤਕ ਦੇ 33 ਪੰਨਿਆਂ 'ਤੇ ਫੈਲੇ ਨਿਬੰਧ 'ਦਰਦ-ਵੰਝਲੀ ਦੀ ਹੂਕ' ਵਿਚ ਮਨੁੱਖ ਦਾ ਦਰਦ ਹੈ, ਜੋ ਸਭ ਨੂੰ ਟੁੰਬਦਾ ਹੈ। ਦਰਦ ਦੀ ਇਹ ਹੂਕ ਸਮੇਂ-ਸਥਾਨ ਦੀਆਂ ਅਨੇਕ ਸੀਮਾਵਾਂ ਨੂੰ ਉਲੰਘ ਕੇ ਦੇਸਾਂ-ਦੇਸਾਂਤਰਾਂ ਤੱਕ ਸੁਣਾਈ ਦਿੰਦੀ ਪ੍ਰਤੀਤ ਹੁੰਦੀ ਹੈ।

ਮਜ਼ਮੂਨ ਵਿਚ ਖੁਭ ਕੇ ਲਿਖਣ ਦੀ ਸਿਰਜਣਾਤਮਕ ਸੂਝ, ਪ੍ਰਤਿਭਾ, ਸਮਰੱਥਾ ਤੇ ਕਲਾ ਉਸ ਦੀ ਰਚਨਾਕਾਰੀ ਦਾ ਸੁਭਾਵਿਕ ਹਿੱਸਾ ਬਣਨ ਵਾਲੇ ਲੱਛਣ ਬਣ ਕੇ ਉਘੜਦੇ ਹਨ। ਉਸ ਅੰਦਰ ਵਿਚਾਰਾਂ ਦਾ ਅਨੰਤ ਤੇ ਅਸੀਮ ਸੋਮਾ ਹੈ। ਉਹ ਲਿਖਦਾ ਜਾਂਦਾ ਹੈ। ਉਸ ਦੀ ਲਿਖਤ ਪਾਠਕ ਨੂੰ ਆਪਣੇ ਪ੍ਰਵਾਹ ਦੇ ਨਾਲ-ਨਾਲ ਵਹਾਉਂਦੀ ਚਲੀ ਜਾਂਦੀ ਹੈ। ਤਰਲ ਵਾਂਗ ਵਹਿੰਦੇ ਉਸ ਦੇ ਵਿਚਾਰ, ਗਿਆਨ ਦੀ ਉਤਪਤੀ/ਸਿਰਜਣਾ ਕਰਦੇ ਚਲੇ ਜਾਂਦੇ ਹਨ। ਜਿਉਂ ਜਿਉਂ ਉਹ ਨਵੀਂ ਘਾੜਤ ਘੜਦਾ ਹੈ, ਨਵੇਂ ਨਿਵੇਲੇ ਅਰਥ ਸਿਰਜਦਾ ਚਲਿਆ ਜਾਂਦਾ ਹੈ। ਵਿਚਾਰ ਭਾਵੇਂ ਸਿਧਾਂਤਕ ਹਨ ਜਾਂ ਤਾਰਕਿਕ, ਉਹ ਉਨ੍ਹਾਂ ਨੂੰ ਭਾਵਯੁਕਤ ਬਣਾਉਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਉਸ ਦੇ ਨਿਬੰਧਾਂ ਵਿਚੋਂ ਵਿਚਾਰ ਵਸਤੂ ਤੇ ਭਾਵ ਵਸਤੂ ਦਾ ਸੁਮੇਲ ਵੇਖਿਆ ਜਾ ਸਕਦਾ ਹੈ। ਜਿਸ ਸ਼ਾਇਸਤਗੀ, ਸ਼ਾਲੀਨਤਾ, ਰੱਖ-ਰਖਾਓ ਤੇ ਰਵਾਦਾਰੀ ਦੀ ਗੱਲ ਡਾ. ਭੰਡਾਲ ਆਪਣੇ ਇਕ ਨਿਬੰਧ 'ਸ਼ਾਇਸਤਗੀ ਦੀ ਸੁਰ' ਵਿਚ ਕਰਦਾ ਹੈ, ਉਹ ਸ਼ਾਇਸਤਗੀ ਉਸ ਦੇ ਵਿਅਕਤਿਤਵ, ਆਚਾਰ-ਵਿਹਾਰ, ਵਿਚਾਰਾਂ ਤੇ ਲਿਖਤਾਂ ਦਾ ਅਨਿੱਖੜਵਾਂ ਅੰਗ ਬਣ ਕੇ ਪ੍ਰਗਟ ਹੋਣ ਵਾਲਾ ਪਹਿਲੂ ਵੀ ਬਣਦੀ ਹੈ। ਉਸ ਦੇ ਨਿਬੰਧਾਂ ਵਿਚੋਂ ਵਿਚਾਰਾਂ ਦੇ ਲਚਕੀਲੇਪਣ ਦੀ ਟੋਹ ਵੀ ਮਹਿਸੂਸ ਕੀਤੀ ਜਾ ਸਕਦੀ ਹੈ। ਨਿਬੰਧ ਦੇ ਵਿਸ਼ੇ ਅਨੁਸਾਰ ਉਹ ਨਿਸ਼ਚਿਤ ਵਾਤਾਵਰਣ ਸਿਰਜਣ ਅਤੇ ਲੋੜੀਂਦਾ ਪ੍ਰਭਾਵ ਉਤਪਨ ਕਰਨ ਵਿਚ ਕਾਮਯਾਬ ਹੁੰਦਾ ਹੈ।

ਡਾ. ਭੰਡਾਲ ਦੀ ਨਿਬੰਧ ਰਚਨਾ ਦਾ ਵਿਸ਼ੇਸ਼ ਹਾਸਲ ਇਹ ਹੈ ਕਿ ਉਹ ਪ੍ਰਕਿਰਤੀ ਦੇ ਸੁਹੱਪਣ ਅਤੇ ਉਸ ਦੀਆਂ ਅਨਮੋਲ ਨਿਆਮਤਾਂ/ਸੌਗਾਤਾਂ ਦੀ ਬਾਤ ਪਾਉਂਦਾ ਹੈ। ਇਹ ਸੌਗਾਤਾਂ ਮਨੁੱਖ ਲਈ ਉੱਤਮ ਸਰਮਾਇਆ ਬਣਦੀਆਂ ਹਨ। ਉਸ ਦੇ ਵਿਚਾਰਾਂ ਦੀ ਲੈਅ ਉਸ ਦੀ ਲਿਖਤ ਦੀ ਲੈਅ ਬਣਦੀ ਹੈ। ਉਹ ਅੰਤਰਮਨ ਦੀਆਂ ਬਾਤਾਂ ਵੀ ਪਾਉਂਦਾ ਹੈ, ਮਨੁੱਖ ਦੇ ਅੰਦਰ ਵੱਸਦੀ ਦੁਨੀਆਂ ਨੂੰ ਸਮਝਣ ਦੇ ਆਹਰ ਵਿਚ ਵੀ ਰਹਿੰਦਾ ਹੈ ਤੇ ਬਾਹਰੀ ਜਗਤ ਨੂੰ ਟਟੋਲਣਾ/ਫਰੋਲਣਾ ਵੀ ਉਸ ਦੀਆਂ ਲਿਖਤਾਂ ਦੇ ਕਾਰਜ-ਖੇਤਰ ਦਾ ਹਿੱਸਾ ਬਣਦਾ ਹੈ। ਗੰਭੀਰ ਵਿਸ਼ਿਆਂ ਉਪਰ ਲਿਖਦਿਆਂ ਵੀ, ਉਹ ਛੋਟੇ-ਛੋਟੇ ਵਾਕਾਂ ਰਾਹੀਂ ਬਹੁਤ ਵੱਡੀਆਂ ਤੇ ਟੁੰਬਣ ਵਾਲੀਆਂ ਗੱਲਾਂ ਕਹਿ ਜਾਂਦਾ ਹੈ। ਉਸ ਦੀਆਂ ਇਨ੍ਹਾਂ ਲਿਖਤਾਂ ਨੂੰ ਪੜ੍ਹਦਿਆਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਰਸ, ਲੈਅ, ਸੁਰ, ਤਾਲ, ਰਾਗ, ਸੰਗੀਤ ਵਿਚ ਪਰੁੰਨੀ ਕੋਈ ਕਾਵਿ-ਕਿਰਤ ਪੜ੍ਹ ਰਹੇ ਹੋਈਏ! ਅਮੂਰਤ ਨੂੰ ਸਮੂਰਤ ਬਣਾਉਣ ਵਿਚ ਉਸ ਦੀਆਂ ਲਿਖਤਾਂ ਦੀ ਕਲਾਤਮਿਕਤਾ ਵੇਖਣ/ਸਮਝਣ ਵਾਲੀ ਹੁੰਦੀ ਹੈ। ਉਸ ਦੇ ਵਿਚਾਰ ਤੇ ਉਸ ਦਾ ਪ੍ਰਗਟਾਅ ਢੰਗ ਪਾਠਕ ਨੂੰ ਉਤੇਜਿਤ ਕਰਦਾ ਹੈ।

ਨਿਬੰਧਾਂ ਵਿਚ ਛੋਹੇ ਗਏ ਵਿਸ਼ਿਆਂ ਬਾਰੇ ਵਿਚਾਰਾਂ ਦਾ ਉਸ ਕੋਲ ਅਸੀਮ ਭੰਡਾਰ ਹੈ। ਜਿਸ ਗੱਲ ਨੂੰ ਨਿਬੰਧਕਾਰ ਭੰਡਾਲ ਪਰਤ ਦਰ ਪਰਤ ਲਿਖਦਾ ਜਾਂਦਾ ਹੈ, ਸਮਝਾਉਂਦਾ ਜਾਂਦਾ ਹੈ, ਮਿਸਾਲਾਂ, ਦਲੀਲਾਂ ਦਿੰਦਾ ਜਾਂਦਾ ਹੈ ਤੇ ਅੱਖਰਾਂ ਦੀ ਬੁਣਤੀ ਕਰਦਿਆਂ ਕਰਦਿਆਂ ਨਿਬੰਧ ਦੀ ਉਸਾਰੀ ਕਰਦਾ ਜਾਂਦਾ ਹੈ; ਉਸੇ ਗੱਲ/ਵਿਚਾਰ ਦੀ ਪੁਸ਼ਟੀ ਲਈ ਕਵੀ ਭੰਡਾਲ ਵਿਚ ਵਿਚ ਕਾਵਿ ਰਚਨਾ ਵੀ ਕਰਦਾ ਜਾਂਦਾ ਹੈ ਤੇ ਇਕ ਸਮਰੱਥ ਕਵੀ ਦੀ ਬਣੀ ਆਪਣੀ ਛਵੀ ਨੂੰ ਵੀ ਬਣਾਈ ਰੱਖਦਾ ਹੈ। ਗੱਲ ਕੀ, ਉਸ ਕੋਲ ਕਵਿਤਾ ਤੇ ਵਾਰਤਕ-ਦੋਹਾਂ ਸਾਹਿਤ ਰੂਪਾਂ ਦੇ ਮਾਧਿਅਮ ਰਾਹੀਂ ਗੱਲ ਕਹਿਣ ਦੀ ਬਰਾਬਰ ਦੀ ਸਮਰੱਥਾ ਤੇ ਯੋਗਤਾ ਹੈ। ਲੇਖਕ ਨੇ ਪੁਸਤਕ ਵਿਚ ਬਹੁਤ ਕੁਝ ਕਹਿ ਦਿੱਤਾ ਹੈ, ਅਜੇ ਵੀ ਇਸ ਵਿਚ ਬਹੁਤ ਕੁਝ ਅਣਕਿਹਾ ਰਹਿ ਗਿਆ ਹੋਵੇਗਾ।

ਡਾ. ਗੁਰਬਖਸ਼ ਸਿੰਘ ਭੰਡਾਲ ਦਿਮਾਗ ਉਤੇ ਬੋਝ ਪਾ ਕੇ ਨਹੀਂ ਲਿਖਦਾ, ਸਗੋਂ ਵਿਚਾਰ ਉਸ ਨੂੰ ਆਪ-ਮੁਹਾਰੇ ਅਹੁੜਦੇ ਹਨ। ਉਸ ਦੇ ਵਿਚਾਰਾਂ ਵਿਚ ਤੱਥ ਹਨ, ਭਾਵੁਕਤਾ ਹੈ। ਲਫਜ਼ੀ ਵੰਨ-ਸੁਵੰਨਤਾ ਨਾਲ ਲਬਰੇਜ਼ ਉਸ ਦੀ ਨਿਬੰਧ ਕਲਾ ਪਾਠਕ ਦੀ ਰੂਹ ਤੱਕ ਅਸਰ ਕਰਦੀ ਹੈ। ਜਦੋਂ ਉਹ ਅੱਖਰਾਂ ਦੀ ਜੜਤ ਕਰਦਾ ਹੈ ਤਾਂ ਕਦੇ ਕਦੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਰੰਗਾਂ ਤੇ ਬੁਰਸ਼ ਨਾਲ ਚਿੱਤਰਕਾਰੀ ਕਰ ਰਿਹਾ ਹੋਵੇ। ਉਸ ਦੀ ਲਿਖੀ ਹਰ ਸਤਰ ਵਿਚ ਵਲਵਲਾ ਹੈ, ਬੁੱਧੀ ਹੈ, ਮਿਠਾਸ ਹੈ, ਸਲੀਕਾ ਹੈ, ਸਹਿਜਤਾ ਹੈ, ਸੂਖਮਤਾ ਹੈ, ਸ਼ਿੰਗਾਰ ਹੈ, ਜਜ਼ਬਾ ਹੈ ਅਤੇ ਹੋਰ ਵੀ ਬਹੁਤ ਕੁਝ ਹੈ। ਉਹ ਹਮੇਸ਼ਾ ਕੁਝ ਨਵਾਂ ਤੇ ਵੱਖਰੀ/ਹੱਟਵੀਂ ਕਿਸਮ ਦਾ ਲਿਖਣ ਦੀ ਤਾਂਘ ਰੱਖਦਾ ਹੈ। ਡਾ. ਭੰਡਾਲ ਆਪਣੀ ਰਚਨਾ ਦੇ ਸਥਾਪਤ ਮਿਆਰ ਨੂੰ ਬਣਾਈ ਰੱਖਦਾ ਹੈ। ਇਹ ਗੱਲ ਗਿਣਾਤਮਕ ਤੇ ਗੁਣਾਤਮਕ-ਦੋਹਾਂ ਪੱਖਾਂ ਤੋਂ ਭਰਪੂਰ ਰਚਨਾ ਕਰਨ ਵਾਲੇ ਇਸ ਲੇਖਕ ਦੇ ਪੱਖ ਵਿਚ ਭੁਗਤਦੀ ਹੈ। ਕੁਝ ਨਵਾਂ ਲਿਖਣ ਦੀ ਤਾਂਘ ਅਤੇ ਲਿਖਣ ਦੇ ਮਨੋਰਥ/ਆਦਰਸ਼ ਦੀ ਤੀਬਰਤਾ ਉਸ ਦੀ ਕਲਮ ਨੂੰ ਗਤੀ ਤੇ ਰਵਾਨੀ ਪ੍ਰਦਾਨ ਕਰਦੀ ਚਲੀ ਜਾਂਦੀ ਹੈ।

ਡਾ. ਗੁਰਬਖਸ਼ ਸਿੰਘ ਭੰਡਾਲ ਦੀ ਪੁਸਤਕ 'ਧੁੱਪ ਦੀਆਂ ਕਣੀਆਂ' ਵਿਚਲੀਆਂ ਰਚਨਾਵਾਂ ਮਨੁੱਖ ਨੂੰ ਜੀਵਨ ਦੇ ਉਦਾਸ ਤੇ ਨਿਰਾਸ਼ ਪਲਾਂ ਵਿਚੋਂ ਖੁਸ਼ੀਆਂ, ਖੇੜਿਆਂ, ਉਮੀਦਾਂ, ਆਸ਼ਾਵਾਂ ਅਤੇ ਅਕਾਂਖਿਆਵਾਂ ਦੇ ਰਸਤੇ ਭਾਲਣ ਦੀ ਜਾਚ ਦੱਸਦੀਆਂ ਹਨ। ਹੁਣ ਤੱਕ ਅਣਛੋਹੇ ਰਹੇ, ਅਸਲੋਂ ਨਵੇਂ ਤੇ ਮੌਲਿਕ ਵਿਚਾਰਾਂ ਨਾਲ ਸੰਜੋਏ ਗਏ ਇਹ ਨਿਬੰਧ ਰਾਹ-ਦਸੇਰੇ ਬਣ ਕੇ ਪਾਠਕ ਦੀ ਅਗਵਾਈ ਕਰਦੇ ਹਨ। ਆਪਣੇ ਅੰਦਰ ਮਹੱਤਵਪੂਰਨ ਸੁਨੇਹੇ ਸਮੋਈ ਬੈਠੇ ਹਨ। ਅੰਬਰੀਂ ਉਡਦੀਆਂ ਬਦਲੋਟੀਆਂ ਵਾਂਗ ਡਾ. ਭੰਡਾਲ ਖਿਆਲ ਉਡਾਰੀਆਂ ਲਗਾਉਣ ਵਿਚ ਮਸਤ ਰਹਿੰਦਾ ਹੈ ਤੇ ਉਸ ਦੇ ਜ਼ਿਹਨ ਵਿਚ ਕੋਈ ਨਾ ਕੋਈ ਨਵਾਂ ਵਿਚਾਰ ਅਹੁੜਦਾ ਰਹਿੰਦਾ ਹੈ। ਉਨ੍ਹਾਂ ਖੂਬਸੂਰਤ, ਮੁੱਲਵਾਨ, ਨਵੇਂ-ਨਵੇਲੇ ਅਤੇ ਸਾਂਭਣਯੋਗ ਵਿਚਾਰਾਂ ਦੇ ਨਿਰੰਤਰ ਤੇ ਰਵਾਂ-ਰਵੀਂ ਚੱਲਦੇ ਪ੍ਰਵਾਹ ਨੂੰ ਸ਼ਬਦਾਂ ਦੀ ਜਾਦੂਗਰੀ ਦੀ ਪੁੱਠ ਚਾੜ੍ਹ ਕੇ ਉਹ ਨਵੀਂ ਰਚਨਾ ਕਰਨ ਦੇ ਆਹਰ ਵਿਚ ਜੁਟ ਜਾਂਦਾ ਹੈ। ਉਹ ਹਮੇਸ਼ਾ ਨਵੇਂ, ਅਣਛੋਹੇ ਤੇ ਹਟਵੀਂ ਪ੍ਰਕਿਰਤੀ ਦੇ ਸੂਖਮ ਵਿਚਾਰਾਂ ਤੇ ਸ਼ਬਦਾਂ ਦੀ ਜਾਦੂਗਰੀ ਸੰਗ ਮੁਖਾਤਬ ਹੋਣ ਦਾ ਯਤਨ ਕਰਦਾ ਹੈ। ਕੁਝ ਨਵਾਂ ਤੇ ਅਲੱਗ ਲਿਖਦੇ ਰਹਿਣ ਦੀ ਲਿਲਕ ਹੀ ਡਾ. ਭੰਡਾਲ ਨੂੰ ਲਿਖਣ ਲਈ ਊਰਜਾ ਪ੍ਰਦਾਨ ਕਰਦੀ ਹੈ। ਉਹ ਆਪਣੀ ਰਚਨਾਕਾਰੀ ਦੀ ਜ਼ਰਖੇਜ਼ ਜ਼ਮੀਨ ਉਤੇ ਸੂਖਮ ਵਿਸ਼ਿਆਂ ਦੇ ਰੰਗ-ਬਰੰਗੇ ਫੁੱਲਾਂ ਦੀ ਭਰਪੂਰ ਫਸਲ ਪੈਦਾ ਕਰਦਾ ਹੈ ਅਤੇ ਖੇੜੇ 'ਤੇ ਆਈ ਫਲੀ-ਫੁਲੀ ਉਸ ਦੀ ਸਾਹਿਤਵਾੜੀ ਤਾਜ਼ਗੀ, ਸੁੰਦਰਤਾ ਤੇ ਖੁਸ਼ਬੂ ਬਿਖੇਰਦੀ ਰਹਿੰਦੀ ਹੈ।

ਡਾ. ਗੁਰਬਖਸ਼ ਸਿੰਘ ਭੰਡਾਲ ਪੰਜਾਬੀ ਵਾਰਤਕ ਦੀ ਸਥਾਪਿਤ ਪਰਿਭਾਸ਼ਾ ਨੂੰ ਉਲੰਘ ਕੇ ਨਵੀਆਂ ਲੀਹਾਂ 'ਤੇ ਰਚਨਾ ਕਰਦਾ ਹੈ। ਉਸ ਨੇ ਪੰਜਾਬੀ ਵਾਰਤਕ ਨੂੰ ਨਵੇਂ ਚੌਖਟੇ ਵਿਚ ਫਿੱਟ ਕਰਕੇ ਉਸ ਦੀ ਪ੍ਰਕਿਰਤੀ ਨੂੰ ਪਰਿਵਰਤਿਤ ਕਰ ਦਿਤਾ ਹੈ। ਉਸ ਨੇ ਪੰਜਾਬੀ ਵਾਰਤਕ ਲਈ ਨਵੇਂ ਸੁਭਾਅ ਦੀ ਸਿਰਜਣਾ ਕੀਤੀ ਹੈ। ਉਸ ਨੂੰ ਨਵਾਂ ਮੁਹਾਵਰਾ ਪ੍ਰਦਾਨ ਕੀਤਾ ਹੈ। ਇਸ ਨਾਲ ਮੇਰਾ ਇਹ ਵਿਸ਼ਵਾਸ ਪਕੇਰਾ ਹੋ ਜਾਂਦਾ ਹੈ ਕਿ 'ਧੁੱਪ ਦੀਆਂ ਕਣੀਆਂ' ਦੀ ਰਚਨਾ ਕਰਨ ਨਾਲ ਡਾ. ਗੁਰਬਖਸ਼ ਸਿੰਘ ਭੰਡਾਲ ਦੀ ਸਿਰਜਣਾ ਨੂੰ ਰਚਨਾਤਮਕ ਉਛਾਲ ਮਿਲੇਗਾ ਤੇ ਉਸ ਦੀਆਂ ਲਿਖਤਾਂ ਨਵੇਂ ਦਿਸਹੱਦਿਆਂ ਦੀ ਤਲਾਸ਼ ਕਰਨ ਦੇ ਰਾਹੇ ਚੱਲਦੀਆਂ ਰਹਿਣਗੀਆਂ। ਜ਼ਿੰਦਗੀ ਦੇ ਹੁਲਾਸ ਨੂੰ ਆਪਣੇ ਪੰਨਿਆਂ ਵਿਚ ਸੰਜੋਈ ਬੈਠੀ ਤੇ ਖੁਸ਼ਬੂ ਬਿਖੇਰਦੀ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਦਿਆਂ ਮੈਂ ਖੁਸ਼ੀ ਅਨੁਭਵ ਕਰ ਰਿਹਾ ਹਾਂ।

# ਬਲਵਿੰਦਰ ਸਿੰਘ ਚਾਹਲ ਦੀ ਪੁਸਤਕ 'ਇਟਲੀ ਵਿਚ ਸਿੱਖ ਫੌਜੀ'

ਬਲਵਿੰਦਰ ਸਿੰਘ ਚਾਹਲ ਨੇ ਦੂਜੇ ਵਿਸ਼ਵ ਯੁੱਧ ਵਿਚ 'ਇਟਲੀ ਵਿਚ ਸਿੱਖ ਫੌਜੀ' ਪੁਸਤਕ ਲਿਖ ਕੇ ਆਪਣੀ ਵਿਰਾਸਤ ਦੀ ਸਫਲਤਾ ਦੀ ਕਹਾਣੀ ਲਿਖੀ ਹੈ। ਦੂਜੇ ਵਿਸ਼ਵ ਯੁੱਧ ਸਮੇਂ ਇਟਲੀ ਵਿਚ ਸਿੱਖ ਫੌਜੀਆਂ ਨੇ ਆਪਣੀ ਬਹਾਦਰੀ, ਦਲੇਰੀ, ਲਗਨ ਅਤੇ ਦ੍ਰਿੜਤਾ ਦੇ ਸਬੂਤ ਦਿੱਤੇ। ਇਹ ਖੋਜ ਭਰਪੂਰ ਜਾਣਕਾਰੀ 16 ਸਾਲ ਇਟਲੀ ਵਿਚ ਰਹੇ

**ਅਰਵਿੰਦਰ ਸੰਧੂ, ਸਿਰਸਾ**

ਅਤੇ ਹੁਣ ਇੰਗਲੈਂਡ ਵਿਚ ਰਹਿ ਰਹੇ ਪੰਜਾਬੀ ਸਾਹਿਤਕਾਰ ਬਲਵਿੰਦਰ ਸਿੰਘ ਚਾਹਲ ਨੇ ਆਪਣੀ 'ਇਟਲੀ ਵਿਚ ਸਿੱਖ ਫੌਜੀ' ਦੂਜੇ ਵਿਸ਼ਵ ਯੁੱਧ ਬਾਰੇ ਲਿਖੀ ਪੁਸਤਕ ਵਿਚ ਦਿੱਤੀ ਹੈ। ਇਹ ਪੁਸਤਕ ਛੇ ਭਾਗਾਂ ਵਿਚ ਹੈ।

ਭਾਗ ਪਹਿਲੇ ਵਿਚ ਦੂਜੀ ਸੰਸਾਰ ਜੰਗ ਦੇ ਮੁੱਖ ਕਾਰਨ, ਪਹਿਲੇ ਵਿਸ਼ਵ ਯੁੱਧ ਦਾ ਹੋਣਾ ਅਤੇ ਦੂਸਰੇ ਵਿਸ਼ਵ ਯੁੱਧ ਦਾ ਮੁੱਢ ਬੱਝਣਾ; ਜਰਮਨ ਤੇ ਇਟਲੀ ਵਿਚ ਫਾਸ਼ੀ ਤੇ ਨਾਜ਼ੀਵਾਦੀ ਤਾਕਤਾਂ ਦਾ ਵਧਣਾ ਆਦਿ ਨੂੰ ਵਿਸਥਾਰ ਨਾਲ ਦਰਸਾਇਆ ਗਿਆ ਹੈ।


ਭਾਗ ਦੂਜੇ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਸਿੱਖ ਰਾਜ ਦੇ ਜਰਨੈਲਾਂ ਦੀ ਗੱਦਾਰੀ ਕਾਰਨ ਸਿੱਖਾਂ ਦੀ ਹਾਰ ਤੋਂ ਬਾਅਦ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰਨਾ।

ਭਾਗ ਤੀਜੇ ਵਿਚ ਇਟਲੀ ਦੀ ਜੰਗ, ਇਟਲੀ ਦੇ ਤਾਨਾਸ਼ਾਹ ਮੁਸੋਲਿਨੀ ਦਾ ਹਿਟਲਰ ਨਾਲ ਮਿਲ ਜਾਣਾ, ਫਿਰ ਇਟਲੀ ਦੇ ਲੋਕਾਂ ਦਾ ਫਰਵਰੀ 1943 ਨੂੰ ਇੰਗਲੈਂਡ ਤੇ ਫਰਾਂਸ ਨਾਲ ਮਿਲਣਾ।

ਭਾਗ ਚੌਥੇ ਵਿਚ ਸਿੱਖਾਂ ਅਤੇ ਭਾਰਤੀਆਂ ਦੇ ਇਟਲੀ ਵਿਚ ਪਾਏ ਯੋਗਦਾਨ ਬਾਰੇ ਜਾਣਕਾਰੀ ਹੈ।

ਭਾਗ ਪੰਜਵੇਂ ਵਿਚ ਬਹੁਤ ਸਾਰੀਆਂ ਮੁਲਾਕਾਤਾਂ ਹਨ।

ਭਾਗ ਛੇਵੇਂ ਵਿਚ ਅਵਾਰਡ ਅਤੇ ਤਮਗੇ, ਇੰਡੀਅਨ ਆਰਡਰ ਆਫ ਮੈਰਿਟ ਰਤਨ ਸਿੰਘ ਦੀ ਕਸੀਨੋ ਦੀ ਲੜਾਈ ਵਿਚ ਮੌਤ; ਦਰਸ਼ਨ ਸਿੰਘ ਨੂੰ ਵਿਲਾ ਗਰਾਂਦੇ ਅਤੇ ਕੁਲਦੀਪ ਸਿੰਘ ਨੂੰ ਔਰਸੋਨੀਆ ਦੀ ਲੜਾਈ ਵਿਚ ਇੰਡੀਅਨ ਆਰਡਰ ਆਫ ਮੈਰਿਟ ਮਿਲਿਆ, ਆਦਿ ਦਾ ਵੇਰਵਾ ਹੈ।




ਉਸ ਜੰਗ ਵੇਲੇ ਫੌਜ ਵਿਚ ਰਹਿ ਚੁਕੇ ਉਨ੍ਹਾਂ ਫੌਜੀਆਂ ਨਾਲ ਕੀਤੀ ਗੱਲਬਾਤ ਤੋਂ ਇਲਾਵਾ ਕੁਝ ਉਨ੍ਹਾਂ ਇਟਲੀ ਵਾਸੀਆਂ ਨਾਲ ਗੱਲਬਾਤ ਵੀ ਸ਼ਾਮਲ ਹੈ, ਜੋ ਆਪਣੇ ਤੋਂ ਇਸ ਜੰਗ ਵਿਚ ਸ਼ਾਮਲ ਸਿੱਖਾਂ ਦੀ ਦਲੇਰੀ ਦੀਆਂ ਕਹਾਣੀਆਂ ਅਕਸਰ ਸੁਣਦੇ ਰਹੇ ਹਨ ਅਤੇ ਅੱਜ ਵੀ ਸਿੱਖਾਂ ਦਾ ਨਾਮ ਬਹੁਤ ਆਦਰ ਸਤਿਕਾਰ ਨਾਲ ਲੈਂਦੇ ਹਨ। ਇਸ ਕਾਰਜ ਨੂੰ ਕਈ ਸਾਲਾਂ ਦੀ ਕੜੀ ਮਿਹਨਤ ਨਾਲ ਬਲਵਿੰਦਰ ਸਿੰਘ ਚਾਹਲ ਨੇ ਤਿਆਰ ਕੀਤਾ ਹੈ।

ਸਿੱਖ ਫੌਜੀਆਂ ਦੀ ਦਲੇਰੀ ਨੇ ਇਟਲੀ ਨਿਵਾਸੀਆਂ ਦਾ ਦਿਲ ਵੀ ਜਿੱਤਿਆ, ਜਿਸ ਦਾ ਜ਼ਿਕਰ ਬਲਵਿੰਦਰ ਸਿੰਘ ਚਾਹਲ ਨੇ ਇਸ ਪੁਸਤਕ 'ਚ ਕੀਤਾ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਲੇਖਕ ਦੇ ਦਾਦੇ ਅਤੇ ਨਾਨੇ ਦੀ ਵਿਸ਼ੇਸ਼ ਭੂਮਿਕਾ ਕਹੀ ਜਾ ਸਕਦੀ ਹੈ, ਉਸ ਨੂੰ ਇਸ ਗੱਲ ਦਾ ਵੀ ਲਾਭ ਮਿਲਿਆ ਹੈ। ਇਟਲੀ ਵੱਸਦੇ ਸਿੱਖਾਂ ਲਈ ਇਹ ਪੁਸਤਕ ਅਮੁੱਲ ਖਜਾਨਾ ਅਤੇ ਤੋਹਫਾ ਹੋਵੇਗੀ।

# ਨਾਬਰੀ ਦੀ ਨਵੀਂ ਜ਼ੁਬਾਨ 'ਬਾਈਸਾਈਕਲ ਥੀਵਜ਼'

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਟਲੀ ਦੇ ਸਰਕਰਦਾ ਫਿਲਮਸਾਜ਼ ਵਿਤੋਰੀਓ ਦਿ ਸੀਕਾ ਦੀ ਫਿਲਮ ਚਰਚਿਤ 'ਬਾਈਸਾਈਕਲ ਥੀਵਜ਼' ਬਾਰੇ ਚਰਚਾ ਕੀਤੀ ਗਈ ਹੈ। ਇਹ ਫਿਲਮ ਮਾੜੇ ਹਾਲਾਤ ਨਾਲ ਜੂਝਦੇ ਜਿਊੜਿਆਂ ਦਾ ਅਨੂਠਾ ਬਿਆਨ ਹੈ। -ਸੰਪਾਦਕ***

ਸੰਸਾਰ ਸਿਨੇਮਾ ਦੇ ਇਤਿਹਾਸ ਵਿਚ ਯਥਾਰਥਵਾਦ ਅਤੇ 'ਸਿਨੇਮਾ ਲੋਕਾਂ ਦਾ, ਲੋਕਾਂ ਲਈ' ਦੀਆਂ ਦੋਵੇ ਧਾਰਾਵਾਂ ਨੂੰ ਸਮਝਣਾ ਹੋਵੇ ਤਾਂ ਇਸ ਵਿਚ ਇਟਲੀ ਦੇ ਫਿਲਮਸਾਜ਼ ਵਿਤੋਰੀਓ ਦਿ ਸੀਕਾ ਦੀ ਫਿਲਮ 'ਬਾਈਸਾਈਕਲ ਥੀਵਜ਼' ਮੀਲ-ਪੱਥਰ ਵਾਂਗ ਹੈ। ਇਸ ਫਿਲਮ ਤੋਂ ਪਹਿਲਾਂ ਸਿਨੇਮਾ ਯੂਰਪ ਅਤੇ ਬਾਕੀ ਦੁਨੀਆ ਵਿਚ ਜਨ-ਸੰਚਾਰ ਅਤੇ ਲੋਕਾਈ ਦੀ ਕਲਾ ਤੇ ਸੁਹਜ ਦੀ ਭੁੱਖ ਨੂੰ ਪੂਰਾ ਤਾਂ ਕਰ ਰਿਹਾ ਸੀ ਪਰ ਇਸ ਵਿਚੋਂ ਜਿਊਂਦੇ-ਜਾਗਦੇ ਹੱਡ-ਮਾਸ ਦੇ ਜੀਅ ਨਾਦਾਰਦ ਸਨ। ਆਖਿਰ ਕੀ ਬਦਲ ਦਿੱਤਾ ਇਸ ਫਿਲਮ ਨੇ?

ਇਸ ਫਿਲਮ ਦੇ ਕੌਮਾਂਤਰੀ ਪੱਧਰ 'ਤੇ ਚਰਚਾ ਵਿਚ ਆਉਣ ਤੋਂ ਪਹਿਲਾਂ ਬਹੁਤੀਆਂ ਫਿਲਮਾਂ ਦੀਆਂ ਕਹਾਣੀਆਂ ਉਚ ਕਾਲੀਨ ਤੇ ਉਚ ਵਰਗੀ ਘਰਾਂ ਦੀਆਂ ਬਾਲਕੋਨੀਆਂ ਅਤੇ ਡਰਾਇੰਗ-ਰੂਮਾਂ ਵਿਚ ਬੈਠ ਕੇ ਲਿਖੀਆਂ ਜਾਂਦੀਆਂ ਸਨ। ਕਹਾਣੀਆਂ ਵਿਚ ਮੱਧ ਵਰਗੀ ਤੇ ਉਚ ਵਰਗੀ ਘਰਾਂ ਦੇ ਮੁੰਡੇ-ਕੁੜੀਆਂ ਰੋਮਾਂਸ ਅਤੇ ਨਾਚ-ਗਾਣਾ ਕਰਦੇ ਨਜ਼ਰ ਆਉਂਦੇ ਸਨ। ਇਨ੍ਹਾਂ ਵਿਚ ਦੌਲਤਾਂ ਵਾਲਿਆਂ ਦੀ ਜ਼ਿੰਦਗੀ ਦੀਆਂ ਰਹੱਸ ਤੇ ਹਾਸੇ-ਠੱਠੇ ਨਾਲ ਭਰੀਆਂ ਗੱਲਾਂ ਨੂੰ ਹੀ ਵਾਰ-ਵਾਰ ਤੜਕਾ ਲਾ ਕੇ ਦਰਸ਼ਕਾਂ ਅੱਗੇ ਪਰੋਸਿਆ ਜਾਂਦਾ ਸੀ। ਫਿਲਮਾਂ ਵਿਚ ਵੱਖ-ਵੱਖ ਕਿਰਦਾਰ ਨਿਭਾਉਣ ਵਾਲਿਆਂ ਅਤੇ ਥੀਏਟਰ ਦੀਆਂ ਅਦਾਕਾਰੀ ਦੀਆਂ ਪਰੰਪਰਾਵਾਂ ਤੇ ਬਣਾ-ਸੰਵਾਰ ਕੇ ਅਦਾਕਾਰੀ ਕਰਨ ਦਾ ਰੁਝਾਨ ਭਾਰੂ ਸੀ। ਕੱਪੜਿਆਂ ਤੋਂ ਲੈ ਕੇ ਸ਼ੂਟਿੰਗ ਵਾਲੀਆਂ ਥਾਂਵਾਂ ਤੱਕ ਸਾਰਾ ਕੁਝ ਗਿਣੇ-ਮਿਥੇ ਢੰਗ ਨਾਲ ਵਿਉਂਤਿਆਂ ਤੇ ਫਿਲਮਾਇਆ ਜਾਂਦਾ ਸੀ। ਅਦਾਕਾਰਾਂ ਵਿਚ 'ਸਟਾਰ' ਬਣਨ ਦੀ ਹੋੜ ਲੱਗੀ ਰਹਿੰਦੀ ਸੀ। ਸਟੂਡੀਓ ਸਿਸਟਮ ਅਤੇ ਫਿਲਮ ਕੰਪਨੀਆਂ ਦਾ ਫਿਲਮਸਾਜ਼ਾਂ ਦੀ ਹਦਾਇਤਕਾਰੀ 'ਤੇ ਕੰਟਰੋਲ ਜੱਗ-ਜ਼ਾਹਿਰ ਸੀ। ਨਿਰਮਾਤਾ ਆਪਣੀਆਂ ਸ਼ਰਤਾਂ 'ਤੇ ਫਿਲਮਾਂ ਦੇ ਬਿਰਤਾਂਤ, ਅਦਾਕਾਰਾਂ ਤੇ ਕਹਾਣੀਆਂ ਨੂੰ ਛਾਂਟਦੇ ਤੇ ਫਿਰ ਉਨ੍ਹਾਂ ਵਿਚੋਂ ਦਰਸ਼ਕਾਂ ਨੂੰ ਜ਼ਿੰਦਗੀ ਦੀ ਸੱਚਾਈਆਂ ਤੋਂ ਕੋਹਾਂ ਦੂਰ ਪਰੀ-ਕਹਾਣੀਆਂ ਤੇ ਅਸਲੀਅਤ ਤੋਂ ਵਿਰਵੇ ਦ੍ਰਿਸ਼ਾਂ ਵਿਚ ਲੈ ਜਾਂਦੇ। ਸਿਨੇਮਾ ਦਾ ਕੰਮ ਲੋਕਾਂ ਦੀ ਥਕਾਵਟ ਲਾਹੁਣਾ ਹੋ ਗਿਆ ਸੀ। ਇਸ ਤੋਂ ਵੀ ਵੱਧ ਪ੍ਰੇਸ਼ਾਨ ਕਰਨ ਵਾਲਾ ਮੁੱਦਾ ਇਹ ਸੀ ਕਿ ਇਨ੍ਹਾਂ ਫਿਲਮਾਂ ਰਾਹੀਂ ਲੋਕਾਂ ਦੀ ਜ਼ਿੰਦਗੀ ਦਾ ਹੀਜ-ਪਿਆਜ਼ ਫਰੋਲਣ ਦੀ ਥਾਂ ਉਪਰੋਂ-ਉਪਰੋਂ ਲਿਪਾ-ਪੋਚੀ ਕਰਨਾ ਹੀ ਸਿਨੇਮਾ ਦਾ ਕਾਰਜ ਮੰਨਿਆ ਜਾਣ ਲੱਗਿਆ। ਇਨ੍ਹਾਂ ਸਾਰੇ ਹਾਲਾਤ ਵਿਚ ਹੀ ਫਿਲਮਾਂ ਬਣ ਰਹੀਆਂ ਸਨ।



*ਫਿਲਮ 'ਬਾਈਸਾਈਕਲ ਥੀਵਜ਼' ਦਾ ਇਕ ਭਾਵੁਕ ਦ੍ਰਿਸ਼।*


ਦੂਜੀ ਸੰਸਾਰ ਜੰਗ ਬਹੁਤੇ ਮੁਲਕਾਂ ਲਈ ਤਬਾਹੀ ਦੇ ਨਾਲ-ਨਾਲ ਸਿਆਸੀ ਅਤੇ ਸਮਾਜਿਕ ਚੇਤਨਾ ਵੀ ਲੈ ਕੇ ਆਈ। ਜਰਮਨੀ, ਫਰਾਂਸ, ਸੋਵੀਅਤ ਯੂਨੀਅਨ, ਜਪਾਨ ਤੇ ਇਟਲੀ ਸਮੇਤ ਵਿਕਸਿਤ ਤੇ ਪਿਛੜੇ, ਸਾਰੇ ਤਰ੍ਹਾਂ ਦੇ ਮੁਲਕਾਂ ਵਿਚ ਜ਼ਿੰਦਗੀ ਨੂੰ ਦੁਬਾਰਾ ਲੀਹ 'ਤੇ ਲਿਆਉਣ ਦੀ ਜੱਦੋਜਹਿਦ ਸ਼ੁਰੂ ਹੋ ਚੁੱਕੀ ਸੀ। ਇਸ ਨਾਲ ਸਿਆਸਤ, ਸਮਾਜ, ਆਰਥਿਕਤਾ ਦੇ ਨਾਲ-ਨਾਲ ਸਭਿਆਚਾਰਕ ਚੇਤਨਾ ਦਾ ਮੁੱਦਾ ਵੀ ਫੋਕਸ ਵਿਚ ਆ ਗਿਆ। ਸਾਹਿਤ ਤੇ ਕਲਾ ਦੇ ਖੇਤਰਾਂ ਵਿਚ ਅਨੇਕਾਂ ਅਜਿਹੇ ਗਰੁੱਪਾਂ ਤੇ ਲੇਖਕਾਂ, ਕਲਾਕਾਰਾਂ, ਫਿਲਮਸਾਜ਼ਾਂ ਤੇ ਪੱਤਰਕਾਰਾਂ ਦੀ ਆਮਦ ਹੋਈ ਜਿਨ੍ਹਾਂ ਨੇ ਸਾਹਿਤ ਤੇ ਕਲਾ ਨੂੰ ਲੋਕਾਂ ਨੂੰ ਸਮਰਪਿਤ ਹੋਣ ਦਾ ਸੱਦਾ ਦਿੱਤਾ।

ਇਟਲੀ ਵਿਚ ਤਾਨਾਸ਼ਾਹ ਮੁਸੋਲਿਨੀ ਦੇ ਮੁੰਡੇ ਦੇ ਹੱਥ ਵਿਚ ਫਿਲਮਾਂ ਦਾ ਸਾਰਾ ਕਾਰੋਬਾਰ ਸਿਮਟ ਗਿਆ ਸੀ ਜਿਸ ਕਾਰਨ ਬੌਧਿਕ ਹਲਕਿਆਂ ਅਤੇ ਕਲਾਕਾਰਾਂ ਵਿਚ ਬੇਹੱਦ ਰੰਜ਼ ਅਤੇ ਗੁੱਸਾ ਸੀ। 1924 ਤੋਂ ਤਾਨਾਸ਼ਾਹੀ ਵਿਚ ਜਿਉਂ ਰਹੇ ਲੋਕਾਂ ਦਾ ਸਬਰ ਖੁਰਨਾ ਸ਼ੁਰੂ ਹੋ ਗਿਆ ਸੀ। ਉਸ ਦੌਰ ਦਾ ਮਹਤੱਵਪੂਰਨ ਫਿਲਮਸਾਜ਼ ਫੈਲਿਨੀ ਇਸ ਦੌਰ ਵਿਚ ਫਿਲਮਾਂ ਦੀ ਹਾਲਤ 'ਤੇ ਟਿੱਪਣੀ ਕਰਦਿਆਂ ਆਖਦਾ ਹੈ, "ਮੇਰੀ ਪੀੜ੍ਹੀ ਲਈ ਫਿਲਮਾਂ ਦਾ ਅਰਥ ਅਮਰੀਕੀ ਫਿਲਮਾਂ ਹੀ ਸਨ। ਇਨ੍ਹਾਂ ਵਿਚ ਅਮਰੀਕਾ ਸਵਰਗ ਸੀ ਪਰ ਇਨ੍ਹਾਂ ਵਿਚ ਮੇਰਾ ਇਟਲੀ ਕਿੱਥੇ ਸੀ?"

ਅਜਿਹੇ ਹਾਲਾਤ ਵਿਚ ਮੁਲਕ ਵਿਚ ਵੱਡੀ ਪੱਧਰ 'ਤੇ ਫੈਲੀ ਗਰੀਬੀ, ਬੇਰੁਜ਼ਗਾਰੀ ਤੇ ਅਰਾਜਕਤਾ ਕਾਰਨ ਲੋਕਾਂ ਦਾ ਜੀਣਾ ਮੁਸ਼ਕਿਲ ਹੋ ਰਿਹਾ ਸੀ; ਲੋਕ ਨੂੰ ਰੋਟੀ ਚਾਹੀਦੀ ਸੀ; ਕੰਮ ਚਾਹੀਦਾ ਸੀ; ਤੇ ਇਸ ਦੇ ਨਾਲ-ਨਾਲ ਇਸ ਲਗਾਤਾਰ ਚੱਲ ਰਹੀ ਅਨਿਸ਼ਚਿਤਤਾ ਤੇ ਬੇਵਿਸਾਹੀ ਤੋਂ ਛੁਟਕਾਰਾ ਚਾਹੀਦਾ ਸੀ।

ਇਨ੍ਹਾਂ ਫਿਲਮਾਂ ਦੀ ਬਣਤਰ ਅਤੇ ਜ਼ਰੂਰਤ ਬਾਰੇ ਪ੍ਰਸਿੱਧ ਫਿਲਮ ਚਿੰਤਕ ਆਂਦਰੇ ਬੈਜ਼ਿਨ ਦਾ ਕਹਿਣਾ ਸੀ ਕਿ ਇਹ ਸਿਨੇਮਾ 'ਤੱਥਾਂ' ਦਾ ਸਿਨੇਮਾ ਹੈ। ਇਸ ਵਿਚ ਗੁੰਝਲਦਾਰ ਸਮਾਜਿਕ ਹਾਲਾਤ ਅਤੇ ਸੰਘਰਸ਼ਾਂ ਨੂੰ ਉਨ੍ਹਾਂ ਵਿਚਲੀ ਮੁਕੰਮਲ ਕਰੂਰਤਾ ਅਤੇ ਬੇਵਸੀ ਸਹਿਤ ਪੇਸ਼ ਕੀਤਾ ਜਾਂਦਾ ਸੀ। ਇਸ ਵਿਚ ਥਾਂਵਾਂ ਅਸਲ ਵਾਲੀਆਂ ਸਨ, ਅਦਾਕਾਰ ਅਸਲ ਜ਼ਿੰਦਗੀ ਵਿਚ ਤੁਰਦੇ-ਫਿਰਦੇ ਸਾਧਾਰਨ ਬੰਦੇ ਸਨ। ਕੋਈ ਉਚੇਚ ਨਹੀਂ ਸੀ। ਕੈਮਰੇ ਅਤੇ ਅਦਾਕਾਰੀ ਦੀਆਂ ਬੰਦਿਸ਼ਾਂ ਗਾਇਬ ਸਨ। ਸੱਚ ਆਪਣੇ ਨੰਗੇ-ਚਿੱਟੇ ਰੂਪ ਵਿਚ ਦਰਸ਼ਕਾਂ ਸਾਹਮਣੇ ਹਾਜ਼ਿਰ ਸੀ। ਅਦਾਕਾਰਾਂ ਦਾ ਦੁੱਖ-ਸੁੱਖ ਅਸਲੀ ਸੀ ਅਤੇ ਉਨ੍ਹਾਂ ਦੇ ਹੰਝੂਆਂ ਦੀ ਨਮੀ ਮਹਿਸੂਸ ਕੀਤੀ ਜਾ ਸਕਦੀ ਸੀ। ਇਹ ਫਿਲਮਸਾਜ਼ਾਂ ਦਾ ਹੌਸਲਾ ਅਤੇ ਆਮ ਲੋਕਾਂ ਦੀ ਸਿੱਧੀ-ਸਾਧਾਰਨ ਜ਼ਿੰਦਗੀ ਦਾ ਚਿਤਰਨ ਸੀ ਜਿਸ ਕਾਰਨ ਇਟਲੀ ਦਾ ਇਹ ਸਿਨੇਮਾ ਹੁਣ ਤੱਕ ਨਵੀਆਂ ਨਸਲਾਂ ਨੂੰ ਲਗਾਤਾਰ ਪ੍ਰੇਰਦਾ ਆ ਰਿਹਾ ਹੈ।

ਫਿਲਮ 'ਬਾਈਸਾਈਕਲ ਥੀਵਜ਼' ਦਾ ਗਰੀਬ ਨਾਇਕ ਅੰਤੋਨੀਓ (ਲਾਮਬੈਰਤੋ ਮੈਜੀਓਰਾਨੀ) ਕੰਮ ਦੀ ਤਲਾਸ਼ ਵਿਚ ਹੈ। ਉਸ ਨੂੰ ਸ਼ਹਿਰ ਦੀਆਂ ਕੰਧਾਂ 'ਤੇ ਪੋਸਟਰ ਲਗਾਉਣ ਦਾ ਕੰਮ ਮਿਲਦਾ ਤਾਂ ਹੈ ਪਰ ਇਸ ਸ਼ਰਤ 'ਤੇ ਕਿ ਉਸ ਕੋਲ ਆਪਣਾ ਸਾਈਕਲ ਹੋਣਾ ਚਾਹੀਦਾ ਹੈ। ਉਸ ਦੀ ਪਤਨੀ ਮਾਰੀਆ ਉਸ ਦੀ ਮਦਦ ਲਈ ਘਰ ਦਾ ਸਾਰਾ ਕੱਪੜਾ-ਲੱਤਾ ਗਹਿਣੇ ਪਾ ਦਿੰਦੀ ਹੈ। ਅੰਤੋਨੀਓ ਪਹਿਲੇ ਹੀ ਦਿਨ ਜਦੋਂ ਆਪਣੇ ਮੁੰਡੇ ਨਾਲ ਕੰਮ 'ਤੇ ਜਾਂਦਾ ਹੈ ਤਾਂ ਜਿੰਦਰਾ ਨਾ ਵੱਜਿਆ ਹੋਣ ਕਾਰਨ ਉਸ ਦਾ ਸਾਈਕਲ ਚੋਰੀ ਹੋ ਜਾਂਦਾ ਹੈ। ਉਹ ਦੋਵੇਂ ਸਾਈਕਲ ਦੀ ਤਲਾਸ਼ ਵਿਚ ਜਿੱਥੇ ਵੀ ਜਾਂਦੇ ਹਨ, ਉਥੇ ਹੀ ਗਰੀਬੀ, ਨਿਰਾਸ਼ਾ ਤੇ ਭੁੱਖਮਰੀ ਵਾਲੇ ਹਾਲਾਤ ਉਨ੍ਹਾਂ ਦਾ ਸਵਾਗਤ ਕਰਦੇ ਹਨ। ਉਨ੍ਹਾਂ ਦੀ ਗੱਲ ਸੁਣਨ ਅਤੇ ਸਮਝਣ ਵਾਲੇ ਖੁਦ ਹੀ ਇੰਨੀ ਨਿਰਾਸ਼ਾ ਤੇ ਨਾਉਮੀਦੀ ਵਿਚ ਘਿਰੇ ਹੋਏ ਹਨ ਕਿ ਉਨ੍ਹਾਂ ਲਈ ਇਨ੍ਹਾਂ ਪਿਉ-ਪੁੱਤ ਦੀ ਹੋਂਦ ਕੋਈ ਮਾਇਨੇ ਨਹੀਂ ਰੱਖਦੀ। ਪਿਉ ਪੁੱਤ ਤੋਂ ਅੱਖਾਂ ਲੁਕਾਉਂਦਾ ਫਿਰਦਾ ਹੈ ਤੇ ਪੁੱਤ ਸਾਰਾ ਕੁਝ ਸਮਝਣ ਦੇ ਬਾਵਜੂਦ ਪਿਉ ਦੀ ਕਿਸੇ ਵੀ ਤਰ੍ਹਾਂ ਸਹਾਇਤਾ ਕਰਨ ਤੋਂ ਅਸਮਰੱਥ ਹੈ। ਪਿਉ ਦਾ ਪੁੱਤ ਸਾਹਮਣੇ ਕੁੱਟ ਖਾਣਾ ਮਨੁੱਖਤਾ ਲਈ ਸ਼ਰਮਸਾਰ ਕਰਨ ਵਾਲਾ ਪਲ ਹੈ। ਇਸ ਦ੍ਰਿਸ਼ ਦੁਆਰਾ ਫਿਲਮਸਾਜ਼ ਗਰੀਬੀ ਹੱਥੋਂ ਅਣਖ ਤੇ ਇੱਜ਼ਤ ਦੀ ਮੌਤ ਦਾ ਸੀਨ ਸਿਰਜਦਾ ਹੈ। ਉਹ ਇਨ੍ਹਾਂ ਹਾਲਾਤ ਨੂੰ ਸਿਰਜਦੀ ਸਿਆਸਤ ਤੇ ਲਾਹਨਤ ਪਾਉਂਦਾ ਹੈ।






*ਫਿਲਮ 'ਬਾਈਸਾਈਕਲ ਥੀਵਜ਼' ਦਾ ਪੋਸਟਰ (ਖੱਬੇ) ਅਤੇ ਫਿਲਮ ਦਾ ਇਕ ਦ੍ਰਿਸ਼।*

# ਦੀਪਾ ਮਹਿਤਾ ਦਾ 'ਫਨੀ ਬੁਆਏ'

ਉਘੀ ਫਿਲਮਸਾਜ਼ ਦੀਪਾ ਮਹਿਤਾ ਦੀ ਅਗਲੀ ਫੀਚਰ ਫਿਲਮ 'ਫਨੀ ਬੁਆਏ' ਸਰਵੋਤਮ ਕੌਮਾਂਤਰੀ ਫਿਲਮ ਸ਼੍ਰੇਣੀ ਅਧੀਨ 93ਵੇਂ ਅਕੈਡਮੀ ਅਵਾਰਡਾਂ ਵਿਚ ਕੈਨੇਡਾ ਦੀ ਨੁਮਾਇੰਦਗੀ ਕਰੇਗੀ। ਇਹ ਦੂਜੀ ਵਾਰ ਹੈ ਜਦੋਂ ਦੀਪਾ ਮਹਿਤਾ ਦੀ ਫਿਲਮ ਨੇ ਇਸ ਸ਼੍ਰੇਣੀ ਵਿਚ ਲਿਆ ਗਿਆ ਹੈ। ਮਹਿਤਾ ਦੀ ਫਿਲਮ 'ਵਾਟਰ' ਨੂੰ 2007 ਵਿਚ ਕੌਮਾਂਤਰੀ ਫੀਚਰ ਫਿਲਮ ਸ਼੍ਰੇਣੀ ਵਿਚ ਆਸਕਰ ਲਈ ਨਾਮਜ਼ਦ ਕੀਤਾ ਗਿਆ ਸੀ। ਫਿਲਮ 'ਫਨੀ ਬੁਆਏ' ਇਸੇ ਨਾਮ ਨਾਲ 1994 ਵਿਚ ਲਿਖੇ ਸ਼ਿਆਮ ਸੇਲਵਦੁਰਾਈ ਦੇ ਨਾਵਲ 'ਤੇ ਆਧਾਰਤ ਹੈ। ਇਹ ਨਾਵਲ 70 ਅਤੇ 80 ਦੇ ਦਹਾਕੇ ਦੌਰਾਨ ਸ੍ਰੀਲੰਕਾ ਵਿਚ ਤਾਮਿਲਾਂ ਅਤੇ ਸਿਨਹਾਲੀ ਟਕਰਾਅ ਵਿਚਕਾਰ ਇਕ ਨੌਜਵਾਨ ਦੀ ਕਹਾਣੀ ਹੈ।

'ਫਨੀ ਬੁਆਏ' ਦੀ ਬਹੁਤੀ ਸ਼ੂਟਿੰਗ ਸ੍ਰੀਲੰਕਾ ਦੀ ਰਾਜਧਾਨੀ ਕੋਲੰਬੋ ਵਿਚ ਹੋਈ ਹੈ। ਫਿਲਮ ਵਿਚ ਅਰੂਸ਼ ਨੰਦ, ਬ੍ਰੈਂਡਨ ਇੰਗਰੈਮ, ਨਿਮੀ ਹਰਸਗਾਮਾ, ਅਲੀ ਕਾਜ਼ਮੀ, ਅਗਮ ਦਰਸ਼ੀ, ਸੀਮਾ ਬਿਸਵਾਸ, ਸ਼ਿਵਾਂਤਾ ਵਿਜੈਸਿਨ੍ਹਾ ਨੇ ਅਦਾਕਾਰੀ ਕੀਤੀ ਹੈ। ਇਹ ਫਿਲਮ 4 ਦਸੰਬਰ 2020 ਨੂੰ ਸੀ.ਬੀ.ਸੀ. ਟੈਲੀਵਿਜ਼ਨ 'ਤੇ ਵੀ ਦਿਖਾਈ ਜਾ ਰਹੀ ਹੈ।








*ਖੱਬਿਓਂ: ਫਿਲਮ 'ਫਨੀ ਬੁਆਏ' ਦਾ ਪੋਸਟਰ, ਫਿਲਮਸਾਜ਼ ਦੀਪਾ ਮਹਿਤਾ ਅਤੇ ਲੇਖਕ ਸ਼ਿਆਮ ਸੇਲਵਦੁਰਾਈ।*

ਪਹਿਲੀ ਜਨਵਰੀ 1950 ਨੂੰ ਜਨਮੀ ਦੀਪਾ ਮਹਿਤਾ ਇਸ ਤੋਂ ਪਹਿਲਾਂ 'ਫਾਇਰ', 'ਅਰਥ', 'ਵਾਟਰ', 'ਕੁਕਿੰਗ ਵਿਦ ਸਟੈਲਾ', 'ਮਿਡ ਨਾਈਟ'ਸ ਚਿਲਡਰਨ', 'ਬੀਬਾ ਬੁਆਇਜ਼', 'ਐਨਾਟਮੀ ਆਫ ਵਾਇਲੈਂਸ' ਵਰਗੀਆਂ ਚਰਚਿਤ ਫਿਲਮਾਂ ਬਣਾ ਚੁੱਕੀ ਹੈ। ਦੀਪਾ ਮਹਿਤਾ ਦਾ ਜਨਮ ਅੰਮ੍ਰਿਤਸਰ ਵਿਚ ਹੋਇਆ ਅਤੇ ਫਿਰ ਉਸ ਦਾ ਪਰਿਵਾਰ ਦਿੱਲੀ ਚਲਾ ਗਿਆ। ਉਸ ਦੇ ਪਿਤਾ ਦਾ ਫਿਲਮ ਵਿਤਰਨ ਦਾ ਕੰਮ ਸੀ। ਮਗਰੋਂ ਦੀਪਾ ਮਹਿਤਾ ਨੇ ਦਿੱਲੀ ਯੂਨੀਵਰਸਿਟੀ ਅਧੀਨ ਆਉਂਦੇ ਲੇਡੀ ਸ੍ਰੀ ਰਾਮ ਕਾਲਜ ਤੋਂ ਫਲਸਫੇ ਦੀ ਡਿਗਰੀ ਹਾਸਲ ਕੀਤੀ।

ਗਰੈਜੂਏਸ਼ਨ ਤੋਂ ਬਾਅਦ ਦੀਪਾ ਨੇ ਇਕ ਪ੍ਰੋਡਕਸ਼ਨ ਕੰਪਨੀ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਹ ਕੰਪਨੀ ਸਰਕਾਰ ਲਈ ਦਸਤਾਵੇਜ਼ੀ ਅਤੇ ਸਿੱਖਿਆ ਨਾਲ ਸਬੰਧਤ ਫਿਲਮਾਂ ਬਣਾਉਂਦੀ ਸੀ। ਇਸ ਦੌਰਾਨ ਉਸ ਦਾ ਮੇਲ-ਮਿਲਾਪ ਕੈਨੇਡਾ ਦੇ ਦਸਤਾਵੇਜ਼ੀ ਫਿਲਮਸਾਜ਼ ਪੌਲ ਸੁਲਜ਼ਮੈਨ ਨਾਲ ਹੋਇਆ ਅਤੇ 1973 ਵਿਚ ਪੌਲ ਨਾਲ ਵਿਆਹ ਕਰਵਾ ਕੇ ਦੀਪਾ ਮਹਿਤਾ ਕੈਨੇਡਾ ਪੁੱਜ ਗਈ। ਕੈਨੇਡਾ ਵਿਚ ਦੀਪਾ ਮਹਿਤਾ, ਪੌਲ ਅਤੇ ਦੀਪਾ ਦੇ ਭਰਾ ਦਿਲੀਪ ਨੇ ਰਲ ਕੇ 'ਸਨਰਾਈਜ਼ ਫਿਲਮਜ਼' ਨਾਂ ਦੀ ਕੰਪਨੀ ਸ਼ੁਰੂ ਕੀਤੀ। ਇਸ ਕੰਪਨੀ ਨੇ ਪਹਿਲਾਂ-ਪਹਿਲ ਤਾਂ ਦਸਾਤਵੇਜ਼ੀ ਫਿਲਮਾਂ ਬਣਾਈਆਂ ਪਰ ਬਆਦ ਵਿਚ ਟੈਲੀਵਿਜ਼ਨ ਲਈ ਪ੍ਰੋਡਕਸ਼ਨ ਵੀ ਆਰੰਭ ਕਰ ਲਈ। ਇਨ੍ਹਾਂ ਦੀ ਟੈਲੀਵਿਜ਼ਨ ਸੀਰੀਜ਼ 'ਸਪਰੈੱਡ ਯੂਅਰ ਵਿੰਗਜ਼' ਨੇ ਬੜਾ ਨਾਮਣਾ ਖੱਟਿਆ। ਇਹ ਸੀਰੀਜ਼ ਸੰਸਾਰ ਭਰ ਦੇ ਨੌਜਵਾਨ ਕਲਾਕਾਰਾਂ ਦੀਆਂ ਕਿਰਤਾਂ ਬਾਰੇ ਸੀ। ਫਿਰ ਤਾਂ ਚੱਲ ਸੋ ਚੱਲ। ਦੀਪਾ ਮਹਿਤਾ ਨੇ ਮੁੜ ਕੇ ਪਿਛੇ ਨਹੀਂ ਦੇਖਿਆ ਅਤੇ ਹੁਣ ਇਸ ਮੁਕਾਮ 'ਤੇ ਹੈ।

**-ਆਮਨਾ ਕੌਰ**

**Tel.: 317-426-5410**
Ext. 2001 & 2403

# XPressCargo

100% ਓਨਰ ਆਪਰੇਟਰ ਕੰਪਨੀ

**Pay Every Week**

Pay Single 48 Cent + Team 58 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




**ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ**

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

**ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ**

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**